TAJ INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available
Gurdawar S. Mann
Lic#0F34231

Hardeep S. Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 35, August 28, 2010 20451 N Plum Grove Rd. Palatine, IL 60074 Ph:847-359-0746, Fax:847-705-9388

## ਪ੍ਰਮਾਣੂ ਜ਼ਿੰਮੇਵਾਰੀ ਬਿੱਲ ਬਾਰੇ ਕਾਂਗਰਸ ਤੇ ਭਾਜਪਾ ਸਹਿਮਤ?

**ਪੰਜਾਬ ਟਾਈਮਜ਼ ਬਿਊਰੋ**


ਕੇਂਦਰ ਦੀ ਯੂ ਪੀ ਏ-2 ਦੀ ਸਰਕਾਰ ਪ੍ਰਮਾਣੂ ਮੁੱਦੇ 'ਤੇ ਤਰ੍ਹਾਂ-ਤਰ੍ਹਾਂ ਦੀ ਪੈਂਤੜੇਬਾਜ਼ੀ ਲਈ ਪ੍ਰਸਿੱਧ ਹੈ। ਜਦੋਂ ਸਰਕਾਰ ਨੇ ਵੇਖਿਆ ਕਿ ਪ੍ਰਮਾਣੂ ਜ਼ਿੰਮੇਵਾਰੀ ਬਿੱਲ ਸੰਸਦ 'ਚ ਪਾਸ ਨਹੀਂ ਹੋ ਸਕਦਾ ਤਾਂ ਉਸ ਨੇ ਭਾਜਪਾ ਨਾਲ ਸਹਿਮਤੀ ਬਣਾਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ। ਇਸ ਤੋਂ ਮਗਰੋਂ ਗੁਪਤ ਗੱਲਾਂ-ਬਾਤਾਂ ਦੇ ਫਲਸਰੂਪ ਯੂ ਪੀ ਏ ਸਰਕਾਰ ਭਾਜਪਾ ਨਾਲ 'ਸੌਦਾ ਤੈਅ' ਕਰਨ 'ਚ ਕਾਮਯਾਬ ਹੋ ਗਈ। ਹੁਣ ਜੋ ਤਾਜ਼ਾ ਤੱਥ ਸਾਹਮਣੇ ਆਏ ਹਨ, ਉਨ੍ਹਾਂ ਅਨੁਸਾਰ ਜੇਕਰ ਕੋਈ ਪ੍ਰਮਾਣੂ ਹਾਦਸਾ ਵਾਪਰ ਜਾਂਦਾ ਹੈ ਤਾਂ ਸਰਕਾਰ ਵਧ ਤੋਂ ਵੱਧ ਮੁਆਵਜ਼ਾ 1500 ਕਰੋੜ ਰੁਪਏ ਦੇਵੇਗੀ। ਇਹ ਸੀਮਾ ਪਹਿਲਾਂ ਪੰਜ ਸੌ ਕਰੋੜ ਰੁਪਏ ਤੱਕ ਹੀ ਸੀ। ਮੁਆਵਜ਼ੇ ਦਾ ਦਾਅਵਾ ਕਰਨ ਦਾ ਸਮਾਂ, ਜੋ ਪਹਿਲਾਂ ਦਸ ਸਾਲ ਸੀ, ਵਧਾ ਕੇ ਵੀਹ ਸਾਲ ਕਰ ਦਿੱਤਾ ਜਾਵੇਗਾ। ਪ੍ਰਮਾਣੂ ਪਲਾਂਟਾਂ ਨੂੰ ਚਲਾਉਣ ਦਾ ਕੰਮ ਜਨਤਕ ਖੇਤਰ ਦੇ ਅਦਾਰੇ ਕਰਨਗੇ, ਇਸ ਲਈ ਹਾਲ ਦੀ ਘੜੀ ਇਹ ਖੇਤਰ ਨਿੱਜੀ ਖਿਡਾਰੀਆਂ ਲਈ ਨਹੀਂ ਖੋਲ੍ਹਿਆ ਜਾਵੇਗਾ। ਪ੍ਰਮਾਣੂ ਜ਼ਿੰਮੇਵਾਰੀ ਬਿੱਲ ਦੀਆਂ ਮਦਾਂ ਨੂੰ ਸਪੱਸ਼ਟਤਾ ਨਾਲ ਵਿਚਾਰਨ ਲਈ ਭਾਰਤੀ ਸੰਸਦ ਦੀ ਇਕ ਸਟੈਂਡਿੰਗ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਦੇ ਯੂ ਪੀ ਏ ਤੇ ਭਾਜਪਾ ਮੈਂਬਰਾਂ ਨੇ ਇਹ ਸੁਝਾਅ ਦਿੱਤਾ ਹੈ ਕਿ ਜੇਕਰ ਪ੍ਰਮਾਣੂ ਹਾਦਸਾ ਵਾਪਰ ਜਾਂਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਵਿਦੇਸ਼ੀ ਕੰਪਨੀ 'ਤੇ ਤਾਂ ਹੀ ਆਇਦ ਕੀਤੀ ਜਾ ਸਕਦੀ ਹੈ ਜੇਕਰ ਉਸ ਕੰਪਨੀ ਨੇ ਇਸ ਬਾਰੇ ਲਿਖਤੀ ਸਮਝੌਤਾ ਕੀਤਾ ਹੋਵੇ। ਆਮ ਤੌਰ 'ਤੇ ਵਿਦੇਸ਼ੀ ਕੰਪਨੀਆਂ ਹਾਦਸੇ ਦੀ ਸੂਰਤ ਵਿਚ ਕੋਈ ਜ਼ਿੰਮੇਵਾਰੀ ਲੈਣ ਤੋਂ ਟਾਲਾ ਵੱਟਦੀਆਂ ਹਨ। ਅਜੇ ਭਾਰਤ ਭੂਪਾਲ ਦੀ ਯੂਨੀਅਨ ਕਾਰਬਾਈਡ ਵਲੋਂ ਵਿਖਾਈ ਗਈ ਅਣਗਹਿਲੀ ਤੋਂ ਤਾਬ ਨਹੀਂ

*(ਬਾਕੀ ਸਫਾ 8 'ਤੇ)*

## ਡਾ. ਮਨਮੋਹਨ ਸਿੰਘ ਦੁਨੀਆ ਦੇ ਸਰਬੋਤਮ ਆਗੂ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਭਾਵੇਂ ਭਾਰਤ ਦੇ ਅੰਦਰੂਨੀ ਹਾਲਾਤ ਵਿਚ ਕੋਈ ਸਿਫ਼ਤੀ ਤਬਦੀਲੀ ਨਹੀਂ ਆਈ ਪਰ ਦੇਸ਼ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦੁਨੀਆਂ ਸਲਾਮਾਂ ਕਰਦੀ ਹੈ। ਜਿਥੇ ਅਮਰੀਕਾ ਵੀ ਉਨ੍ਹਾਂ ਦੀ ਵਿੱਦਵਤਾ ਦਾ ਲੋਹਾ ਮੰਨ ਚੁੱਕਾ ਹੈ ਉਥੇ ਕੌਮਾਂਤਰੀ ਨਿਊਜ਼ਵੀਕ ਰਸਾਲੇ ਨੇ ਡਾ. ਮਨਮੋਹਨ ਸਿੰਘ ਨੂੰ ਦੁਨੀਆਂ ਦੇ 10 ਚੋਟੀ ਦੇ ਆਗੂਆਂ ਵਿਚ ਸ਼ੁਮਾਰ ਕੀਤਾ ਹੈ।

ਨਿਊਜ਼ਵੀਕ ਰਸਾਲੇ ਨੇ ਬਿਹਤਰੀਨ ਮੁਲਕਾਂ ਦੀ ਸੂਚੀ ਵਿਚ ਭਾਵੇਂ ਭਾਰਤ ਨੂੰ 78ਵੇਂ ਨੰਬਰ 'ਤੇ ਰੱਖਿਆ ਹੈ ਪਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਾਰੀਫ਼ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਰਸਾਲੇ ਨੇ ਡਾ. ਮਨਮੋਹਨ ਸਿੰਘ ਨੂੰ ਦੁਨੀਆਂ ਦੇ ਉਨ੍ਹਾਂ 10 ਆਗੂਆਂ ਦੀ ਸੂਚੀ 'ਚ ਪਹਿਲੇ ਨੰਬਰ 'ਤੇ ਰੱਖਿਆ ਹੈ ਜਿਨ੍ਹਾਂ ਨੂੰ ਕਾਫੀ ਸਨਮਾਨ ਮਿਲਿਆ ਹੈ। ਰਸਾਲੇ ਨੇ ਤਾਜ਼ਾ ਅੰਕ ਵਿਚ ਲਿਖਿਆ ਹੈ ਕਿ ਇਕ ਅਰਥ ਸ਼ਾਸਤਰੀ ਤੋਂ ਰਾਜਸੀ ਆਗੂ ਬਣੇ ਡਾ. ਮਨਮੋਹਨ ਸਿੰਘ ਇੱਕ ਅਜਿਹੇ ਆਗੂ ਹਨ ਜਿਨ੍ਹਾਂ ਨੂੰ ਦੂਸਰੇ ਆਗੂ ਬਹੁਤ ਜ਼ਿਆਦਾ ਚਾਹੁੰਦੇ ਹਨ। 21ਵੀਂ ਸਦੀ



'ਚ ਭਾਰਤ ਨੂੰ ਇੱਕ ਵੱਡੀ ਤਾਕਤ ਦੇ ਰੂਪ ਵਿਚ ਉਭਾਰਨ ਵਿਚ ਪ੍ਰਧਾਨ ਮੰਤਰੀ ਦੀ ਬਹੁਤ ਵੱਡੀ ਭੂਮਿਕਾ ਹੈ।

ਰਸਾਲੇ ਨੇ 77 ਸਾਲਾਂ ਦੇ ਡਾ. ਮਨਮੋਹਨ ਸਿੰਘ ਦੀ ਤਾਰੀਫ਼ 'ਚ ਲਿਖਿਆ ਹੈ ਕਿ ਉਹ ਅਜਿਹੀ ਸ਼ਖਸੀਅਤ ਹਨ ਜਿਨ੍ਹਾਂ ਦੀ ਨਿਮਰਤਾ ਤੇ ਸਾਦਗੀ ਜਿਹੇ ਗੁਣਾਂ ਤੋਂ ਹੋਰਨਾਂ ਮੁਲਕਾਂ ਦੇ ਆਗੂ ਪ੍ਰੇਰਣਾ ਲੈਂਦੇ ਹਨ। ਰਸਾਲੇ ਨੇ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਦੇ ਸਾਬਕਾ ਨਿਰਦੇਸ਼ਕ ਮੁਹੰਮਦ ਅਲਬਰਦੇਈ ਦੇ ਹਵਾਲੇ ਨਾਲ ਲਿਖਿਆ ਹੈ ਕਿ ਮਿੱਠਬੋਲੜੇ ਮਨਮੋਹਨ ਸਿੰਘ ਦੁਨੀਆਂ ਦੇ ਸਾਰੇ ਆਗੂਆਂ ਲਈ ਇੱਕ ਉਚ ਆਦਰਸ਼ ਹਨ।

ਡਾ. ਮਨਮੋਹਨ ਸਿੰਘ ਤੋਂ ਬਾਅਦ ਰਸਾਲੇ ਦੀ ਸੂਚੀ ਵਿਚ ਸਭ ਤੋਂ ਸਨਮਾਨਿਤ ਆਗੂ ਦੇ ਤੌਰ 'ਤੇ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੂੰ ਰੱਖਿਆ ਗਿਆ ਹੈ। ਕੈਮਰੂਨ ਨੂੰ ਉਤਸ਼ਾਹੀ ਨਵੇਂ ਆਗੂ ਦੇ ਤੌਰ 'ਤੇ ਰੱਖਿਆ ਗਿਆ ਹੈ ਜਦਕਿ ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਨਸ਼ਾਦ ਨੂੰ ਗ੍ਰੀਨ ਗੁਰੂ ਦੇ ਤੌਰ 'ਤੇ ਤੀਸਰੇ ਸਥਾਨ 'ਤੇ ਰੱਖਿਆ ਗਿਆ ਹੈ। ਰੋਮਾਂਟਿਕ ਨੇਤਾ ਫਰਾਂਸੀਸੀ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਨੂੰ ਚੌਥਾ ਸਥਾਨ ਮਿਲਿਆ ਹੈ। ਚੀਨ ਦੇ ਪ੍ਰਧਾਨ ਮੰਤਰੀ ਵੇਨ ਜ਼ਿਆਬਾਓ ਇਸ ਸੂਚੀ 'ਚ ਪੰਜਵੇਂ ਨੰਬਰ 'ਤੇ ਹਨ।

## ਕਸ਼ਮੀਰੀ ਸਿੱਖਾਂ ਨੂੰ ਧਮਕੀਆਂ ਦਾ ਮਾਮਲਾ ਭਖਿਆ

**ਬਿੰਦਰ ਬਸਰਾ**

ਕਸ਼ਮੀਰ ਘਾਟੀ ਵਿਚ ਕਰਫਿਊ, ਹੜਤਾਲਾਂ ਅਤੇ ਪਥਰਾਓ ਦੀਆਂ ਘਟਨਾਵਾਂ ਦਾ ਸਿਲਸਿਲਾ ਥੰਮਿਆ ਨਹੀਂ ਕਿ ਅਤਿਵਾਦੀ ਜਥੇਬੰਦੀਆਂ ਵਲੋਂ ਸ੍ਰੀਨਗਰ 'ਚ ਵਸਦੇ 60 ਹਜ਼ਾਰ ਸਿੱਖਾਂ ਨੂੰ ਇਸਲਾਮ ਧਰਮ ਅਪਨਾਉਣ ਜਾਂ ਘਾਟੀ ਛੱਡਣ ਦੀ ਧਮਕੀ ਨੇ ਹਾਲਾਤ ਹੋਰ ਗੰਭੀਰ ਅਤੇ ਚੁਣੌਤੀਪੂਰਨ ਬਣਾ ਦਿੱਤੇ ਹਨ। ਕੇਂਦਰ ਅਤੇ ਜੰਮੂ ਕਸ਼ਮੀਰ ਸਰਕਾਰ ਵਲੋਂ ਭਾਵੇਂ ਸਿੱਖ ਭਾਈਚਾਰੇ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ ਗਿਆ ਹੈ ਪਰ ਉਥੇ ਰਹਿ ਰਹੇ ਸਿੱਖਾਂ ਵਿਚ ਡਰ ਅਤੇ ਸਹਿਮ ਛਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ

**ਮਾਨ ਤੇ ਦਲ ਖਾਲਸਾ ਨੇ ਧਮਕੀਆਂ ਨੂੰ ਏਜੰਸੀਆਂ ਦੀ ਸਾਜ਼ਿਸ਼ ਕਿਹਾ**

ਵਲੋਂ ਸਦਨ 'ਚ ਇਹ ਮਾਮਲਾ ਉਠਾਉਣ ਪਿੱਛੋਂ ਸ਼੍ਰੋਮਣੀ ਕਮੇਟੀ ਦਾ ਇਕ ਉਚ ਪੱਧਰੀ ਵਫਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਿਆ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਪਾਸੋਂ ਕਸ਼ਮੀਰ ਵਿਚ ਵਸੇ ਸਿੱਖਾਂ ਦੀ ਹਿਫਾਜ਼ਤ ਲਈ ਜ਼ਰੂਰੀ ਕਦਮ ਚੁੱਕੇ ਜਾਣ ਦੀ ਮੰਗ ਕੀਤੀ ਹੈ। ਯਾਦ ਰਹੇ ਪਿਛਲੇ ਦਿਨੀਂ ਭਾਰਤੀ ਪਾਰਲੀਮੈਂਟ ਵਿਚ ਵੀ ਸਿੱਖਾਂ ਨੂੰ ਧਮਕੀਆਂ ਦਾ ਮਾਮਲਾ ਉਠਿਆ ਸੀ, ਜਿਸ ਦਰਮਿਆਨ ਅਕਾਲੀ ਪਾਰਲੀਮੈਂਟ ਮੈਂਬਰ ਰਤਨ ਸਿੰਘ ਅਜਨਾਲਾ ਨੇ ਕਿਹਾ ਸੀ ਕਿ ਸਿੱਖ ਮਰ ਸਕਦੇ ਹਨ ਪਰ ਇਸਲਾਮ ਕਬੂਲ ਨਹੀਂ ਕਰ ਸਕਦੇ।

ਉਧਰ ਦੂਜੇ ਪਾਸੇ ਹੁਰੀਅਤ ਕਾਨਫਰੰਸ ਦੇ ਗਰਮਖਿਆਲੀ ਧੜੇ ਦੇ ਆਗੂ ਸਈਅਦ ਅਲੀ ਸ਼ਾਹ ਗਿਲਾਨੀ ਨੇ ਸਿੱਖ ਭਾਈਚਾਰੇ ਨੂੰ ਵਿਸ਼ਵਾਸ ਦਿਵਾਇਆ ਕਿ ਅਜਿਹੇ ਧਮਕੀ ਭਰੇ ਪੱਤਰ ਅਖੌਤੀ ਹਨ ਅਤੇ ਕਿਸੇ ਵੀ ਜਥੇਬੰਦੀ ਵਲੋਂ ਨਹੀਂ ਭੇਜੇ ਗਏ। ਇਸ ਮਸਲੇ ਪ੍ਰਤੀ ਆਪਣਾ ਵੱਖਰਾ

*(ਬਾਕੀ ਸਫਾ 9 'ਤੇ)*

## ਹਰਿਆਣਾ ਫਿਰ ਹੜ੍ਹਾਂ ਦੀ ਮਾਰ ਹੇਠ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਿਮਾਚਲ ਸਣੇ ਉਤਰੀ ਖਿਤੇ ਵਿਚ ਹੋ ਰਹੀ ਭਾਰੀ ਬਾਰਿਸ਼ ਤੇ ਡੈਮਾਂ ਤੋਂ ਛੱਡੇ ਗਏ ਪਾਣੀ ਕਾਰਨ ਪੰਜਾਬ ਤੇ ਹਰਿਆਣਾ ਦੇ ਕਈ ਇਲਾਕਿਆਂ ਵਿਚ ਫਿਰ ਹੜ੍ਹ ਆ ਗਿਆ ਹੈ। ਪੰਜਾਬ ਦੇ ਰੋਪੜ, ਜਲੰਧਰ, ਮੋਗਾ, ਲੁਧਿਆਣਾ, ਫਿਰੋਜ਼ਪੁਰ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਦੇ ਕਈ ਪਿੰਡਾਂ ਵਿਚ ਪਾਣੀ ਦਾਖ਼ਲ ਹੋ ਗਿਆ ਹੈ ਤੇ ਫ਼ਸਲਾਂ ਤਬਾਹ ਹੋ ਗਈਆਂ ਹਨ। ਉਧਰ ਹਰਿਆਣਾ ਦੇ

*(ਬਾਕੀ ਸਫਾ 8 'ਤੇ)*

ਇੰਡੀਆ ਕਾਲ ਕਰੋ
$100 125 ਘੰਟੇ
ਬਿਨਾ ਪਿਨ ਤੋਂ ਗੱਲ ਕਰੋ। ਵਧੀਆ ਸਾਫ ਆਵਾਜ਼
Great Rates for :- UK, Canada & other Countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ।
1-800-914-1013
WWW.1EZPIN.COM

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja
TOLL FREE 1-866 FOR RAJA
SWEETS & INDIAN CUISINE
• LUNCH BUFFET • DINNER • TAKE OUT • CATERING • BANQUETS
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
Raja Indian Cuisine & Bar
Ph.: 510-264-9300
1275 W Winton Ave, Hayward, CA 94545
WHOLESALE AND RETAIL
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Ph.: 510-489-9100, Fax: 510-489-9111
31853 Alvrado Blvd, Union City, CA 94587
Call Makhan Bains or Ravinder Singh for your next party
Or visit us: www. rajasweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com


THE PUNJABI PACK JUST GOT
BIGGER
OUR PUNJABI PACK NOW INCLUDES GPUNJAB! 24/7 news from Punjab including local news from North America.
Enjoy watching features like "Sidhu Show," "North America News" and "Entertainment News."
Punjabi Pack $19.99/
+
Local Channels $9.99/mo.
where available
for only $29.98/mo.
• No startup cost (with Agreement)
• No equipment to buy
• Free Standard Professional Installation
• Free DVR Upgrade ($6.00/mo. DVR Service fee applies)
• No Additional Service Access fee
DVR UNLIMITED
Call:1-800-780-0032
www.dvrunlimited.com
dish NETWORK
AUTHORIZED RETAILER
Digital Home Advantage offer requires 24-month commitment and credit qualification. If service is terminated before the end of commitment, a cancellation fee of $17.50/month remaining will apply. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees will apply for select receivers; monthly fees may apply based on type and number of receivers. HD programing requires HD television. All prices, packages and programming subject to changes without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 09/28/2010.


Grand Opening
GILL EXPRESS
OPEN 24 HOURS EVERYDAY
Fast & Friendly Service
WASH, TIRE & REPAIR
TRUCK OR TRAILER WASH
ਪੰਜਾਬੀ ਢਾਬਾ
19.99
Owner Manager
Expire 9-1-10
Hwy 70 Exit 123 Spiceland IN
Call Jassi : 765-987-7000

# ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ

3636 Murillo Ave. San Jose 95148 Ph: 408-274-9373 ਗੁਰੂ ਘਰ ਦੀ ਵੈਬ ਸਾਈਟ: sikhgurudwarasj.org

# ਨਵੀਂ ਬਣ ਰਹੀ ਖੂਬਸੂਰਤ ਬਿਲਡਿੰਗ

## ਪੰਜਾਬ ਤੋਂ ਬਾਹਰ ਦੁਨੀਆਂ ਭਰ 'ਚ ਸੱਭ ਤੋਂ ਵੱਡੇ ਆਕਾਰ ਵਾਲੀ ਬਣ ਰਹੀ ਸੈਨ ਹੋਜ਼ੇ ਗੁਰੂ ਘਰ ਦੀ ਇਮਾਰਤ ਦਾ ਦੂਜਾ ਪੜਾਅ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਅਸੀ ਤਿੰਨ ਸਾਲ ਪਹਿਲਾਂ ਫੇਸ 2 ਸ਼ੁਰੂ ਕੀਤਾ ਸੀ ਜੋ ਹੁਣ ਜਲਦ ਹੀ ਮੁਕੰਮਲ ਹੋਣ ਵਾਲਾ ਹੈ। ਇਸ ਵਿਚ ਦੀਵਾਨ ਹਾਲ (140 X 150 ਫੁੱਟ) ਅਤੇ ਬਾਲਕੋਨੀ, ਲੰਗਰ ਹਾਲ (150 X 110 ਫੁੱਟ), ਦੋ ਤਿੰਨ ਤਿੰਨ ਬੈਡਰੂਮ ਦੇ ਘਰ (ਗ੍ਰੰਥੀ ਪਰਿਵਾਰਾਂ ਲਈ), 12 ਕਮਰੇ (ਕੀਰਤਨੀ ਜਥਿਆਂ ਲਈ), ਖਾਲਸਾ ਸਕੂਲ ਦੇ 11 ਕਮਰੇ, ਲਾਇਬ੍ਰੇਰੀ, ਮੀਟਿੰਗ ਰੂਮ ਵਗੈਰਾ ਸ਼ਾਮਲ ਹਨ।

ਗਰੂ ਘਰ 'ਚ ਇਕ ਬਹੁਤ ਵੱਡਾ ਸੋਲਰ ਸਿਸਟਮ ਵੀ ਲਗ ਰਿਹਾ ਹੈ ਜਿਸ ਨਾਲ ਗੁਰੂ ਘਰ ਨੂੰ ਸਸਤੇ ਰੇਟ 'ਤੇ ਬਿਜਲੀ ਮਿਲੇਗੀ। ਸੈਨ ਹੋਜ਼ੇ ਗੁਰੂ ਘਰ ਦੀ ਸੰਗਤ ਨਾਲ ਅਸੀਂ ਵਾਅਦਾ ਕੀਤਾ ਸੀ ਅਤੇ ਸਾਡਾ ਇਹ ਦਿਭ ਦ੍ਰਿਸ਼ਟੀ ਸੀ ਕਿ ਇਸ ਪ੍ਰੋਜੈਕਟ ਨੂੰ ਕੋਈ 18 ਮਿਲੀਅਨ ਡਾਲਰ 'ਚ ਮੁਕੰਮਲ ਕਰਾਵਾਂਗੇ। ਬਾਹਰ ਵਾਲੀਆਂ ਕੰਪਨੀਆਂ ਇਸੇ ਪ੍ਰੋਜੈਕਟ ਦਾ 30 ਮਿਲੀਅਨ ਡਾਲਰ ਤੋਂ ਵਧੇਰੇ ਦਾ ਐਸਟੀਮੇਟ ਦਿੰਦੀਆਂ ਸਨ ਜੋ ਕਿ ਗੁਰੂ ਘਰ ਦੀ ਸੰਗਤ ਦੇ ਵਿਤੋਂ ਬਾਹਰ ਵਾਲੀ ਗੱਲ ਸੀ। ਬੱਜਟ ਬਹੁਤ ਵੱਡਾ ਹੋਣ ਕਾਰਨ ਸਾਬਕਾ ਕਮੇਟੀ ਨੇ ਇਸ ਵਿਚ ਕਈ ਚੀਜ਼ਾਂ ਨਹੀ ਪਾਈਆ ਸਨ ਜਿਵੇਂ ਕਿ ਕਾਰਪੈਟ, ਪੇਂਟ, ਲੈਂਡ ਸਕੇਪਿੰਗ, ਸਾਊਂਡ ਸਿਸਟਮ ਆਦਿ, ਪਰ ਹੁਣ ਸੰਗਤ ਦੀ ਪੁਰਜੋਰ ਮੰਗ ਤੇ ਇਹ ਸਾਰੀਆਂ ਚੀਜਾਂ ਨੂੰ ਵੀ ਲਾਉਣ ਦਾ ਇੰਤਜ਼ਾਮ ਕੀਤਾ ਗਿਆ ਹੈ ਜਿਸ ਨਾਲ ਕੁੱਲ ਖਰਚਾ ਹੋਰ ਵੱਧ ਜਾਵੇਗਾ।


ਪ੍ਰੋਜੈਕਟ ਸ਼ੁਰੂ ਕਰਨ ਲੱਗਿਆਂ ਬੈਂਕ ਨਾਲ ਵੀ ਵਾਅਦਾ ਕੀਤਾ ਸੀ ਕਿ ਇਸ ਬਿਲਡਿੰਗ ਦੇ ਮੁਕੰਮਲ ਹੋਣ ਦੇ ਦੌਰਾਨ ਸੈਨ ਹੋਜ਼ੇ ਗੁਰੂ ਘਰ ਦੀ ਸੰਗਤ 5 ਮਿਲੀਅਨ ਡਾਲਰ ਇਕੱਠਾ ਕਰ ਲਵੇਗੀ। ਕੁਝ ਕੁ ਨਾਰਾਜ਼ ਹੋਏ ਸੰਗਤ ਮੈਂਬਰਾਂ ਨੇ ਕਾਫੀ ਯਤਨ ਕੀਤੇ ਕਿ ਸੰਗਤ ਢਾਲ ਨਾ ਦੇਵੇ, ਗੁਰਦੁਆਰਾ ਸਾਹਿਬ ਦੀ ਬਿਲਡਿੰਗ ਅੱਧ ਵਿਚਾਲੇ ਹੀ ਰਹਿ ਜਾਵੇ, ਪਰ ਸੰਗਤ ਨੇ ਬਹੁਤ ਹੰਭਲਾ ਮਾਰਿਆ ਅਤੇ ਹੁਣ ਸਿਰਫ ਕੋਈ ਡੇਢ ਮਿਲੀਅਨ ਡਾਲਰ ਹੀ ਘਟਦਾ ਹੈ।

ਗੁਰੂ ਘਰ ਦੇ ਪ੍ਰਬੰਧਕ ਸੇਵਾਦਾਰ ਹਰ ਰੋਜ਼ ਢਾਲ ਇਕੱਠੀ ਕਰਨ ਜਾਂਦੇ ਹਨ, ਸੰਗਤ ਅੱਗੇ ਬੇਨਤੀ ਹੈ ਕਿ ਉਨ੍ਹਾਂ ਦੀ ਵੱਧ ਤੋਂ ਵੱਧ ਸਹਾਇਤਾ ਕਰੋ। ਸਾਡੀ ਇਹ ਸੋਚ ਹੈ ਕਿ ਇਸ ਨਵੇਂ ਗੁਰੂ ਦਰਬਾਰ ਵਿਚ ਹਰ ਇੱਕ ਪਰਿਵਾਰ ਦਾ ਯੋਗਦਾਨ ਪੈਣਾ ਚਾਹੀਦਾ ਹੈ। ਅਸੀ ਸੰਗਤ ਨੂੰ ਫੇਰ ਬੇਨਤੀ ਕਰਦੇ ਹਾਂ ਕਿ ਗੁਰੂ ਦੇ ਇਸ ਮਹਾਨ ਕਾਰਜ਼ ਲਈ ਅਲੱਗ ਅਲੱਗ ਟੀਮਾਂ ਬਣਾ ਕੇ ਘਰ ਘਰ ਪਹੁੰਚਿਆ ਜਾਵੇ। ਪਿਛਲੇ ਹਫਤੇ ਸੈਂਟਾ ਕਲਾਰਾ ਕਾਉਂਟੀ ਦੀਆਂ ਬੱਸਾਂ (VTA) ਦੇ ਡਰਾਈਵਰ ਕਰਮਚਾਰੀਆਂ ਨੇ 5100 ਡਾਲਰ ਤੋਂ ਵੱਧ ਮਾਇਆ ਇਕੱਠੀ ਕਰਕੇ ਗੁਰੂ ਘਰ ਨੂੰ ਭੇਂਟ ਕੀਤੀ।

ਆਓ, ਸਾਰੇ ਰਲ ਮਿਲ ਕੇ ਇਕ ਵਾਰੀ ਹੋਰ ਅਖੀਰਲਾ ਹੰਭਲਾ ਮਾਰੀਏ ਤਾਂ ਕਿ ਪੱਕਾ ਲੋਨ ਸਮੇਂ ਸਿਰ ਮਿਲ ਜਾਵੇ ਅਤੇ ਸੰਗਤਾਂ ਨਵੀਂ ਖੂਬਸੂਰਤ ਬਿਲਡਿੰਗ ਦਾ ਅਨੰਦ ਮਾਣ ਸਕਣ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰ ਸਕਣ। ਦੂਰ ਦੁਰਾਡੇ ਰਹਿੰਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਦੀ ਵੈਬ ਸਾਈਟ ਤੇ ਜਾ ਕੇ ਕਰੈਡਿਟ ਕਾਰਡ ਦੁਆਰਾ ਮਾਇਆ ਭੇਟ ਕਰੋ ਜੀ।

ਗੁਰੂ ਘਰ ਦੀ ਵੈਬ ਸਾਈਟ: **www.sikhgurudwarasj.org**






















**Gurdwara Sahib San Jose, California**

# ਗੁਰਦੁਆਰਾ ਸੈਨ ਹੋਜੇ ਵਿਚ ਨੌਜਵਾਨਾਂ ਦਾ ਗੁਰਮਤਿ ਕੈਂਪ

**ਸੈਨ ਹੋਜੇ:** ਗੁਰਦੁਆਰਾ ਸੈਨ ਹੋਜੇ ਵਿਖੇ ਲੰਘੀ 18 ਅਗਸਤ ਨੂੰ ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤਕ ਇਕ





ਗੁਰਮਤਿ ਕੈਂਪ (ਖੋਜ) ਲਾਇਆ ਗਿਆ। ਪ੍ਰੋਗਰਾਮ ਸਵੇਰੇ ਨਿਤਨੇਮ ਨਾਲ ਆਰੰਭ ਹੁੰਦਾ ਅਤੇ ਉਸ ਉਪਰੰਤ 'ਫੈਸਲੇ ਅਤੇ ਨਤੀਜੇ' ਵਿਸ਼ੇ ਉਪਰ ਗੁਰਮਤਿ ਵਿਚਾਰ ਕੀਤੀ ਜਾਂਦੀ। ਇਸ ਕੈਂਪ ਵਿਚ ਮੁਖ ਬੁਲਾਰੇ ਸਨ-ਡਾ ਗੁਰਤੇਜ ਸਿੰਘ ਚੀਮਾ ਅਤੇ ਹਾਰਵਰਡ ਯੂਨੀਵਰਸਿਟੀ ਦਾ ਵਿਦਿਆਰਥੀ ਤੌਰਨ ਸਿੰਘ।

ਇਸ ਗੁਰਮਤਿ ਕੈਂਪ ਵਿਚ ਕਰੀਬ 70 ਨੌਜਵਾਨ ਸਿੱਖ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਇਸ ਦਾ ਮਨੋਰਥ 16 ਤੋਂ 30 ਸਾਲ ਉਮਰ ਦੇ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਨਿਰਦੇਸ਼ ਦੇਣਾ ਸੀ। ਲੰਗਰ ਦੀ ਸੇਵਾ ਜੀ ਐਨ ਟੈਂਟ ਵਾਲਿਆਂ ਅਤੇ ਸ. ਰਾਜਿੰਦਰ ਸਿੰਘ ਮੰਘਰ ਵਲੋਂ ਕੀਤੀ ਗਈ। ਸ. ਸੁਖਦੇਵ ਸਿੰਘ ਬੈਣੀਵਾਲ ਨੇ ਗੁਰਦੁਆਰਾ ਸੈਨ ਹੋਜੇ ਦੀ ਤਰਫੋਂ ਆਯੋਜਕਾਂ ਦਾ ਧੰਨਵਾਦ ਕੀਤਾ। ਗੁਰੂਘਰ ਦੀ ਤਰਫੋਂ ਬੁਲਾਰਿਆਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

## ਬੇਕਰਸਫੀਲਡ ਵਿਚ ਨਵਾਂ ਸੈਲੂਨ ਖੁਲ੍ਹਿਆ

**ਬੇਕਰਸਫੀਲਡ (ਮਨਦੀਪ ਮਾਨ):** ਬੇਕਰਸਫੀਲਡ ਵਿਚ ਪੰਜਾਬੀਆਂ ਦਾ ਪਹਿਲਾ ਬਿਊਟੀ ਪਾਰਲਰ ਅਤੇ ਸੈਲੂਨ ਖੁਲ੍ਹਿਆ ਹੈ। ਸਟਾਰ ਬਿਊਟੀ ਸੈਲੂਨ ਮਿੰਗ ਅਤੇ ਰੀਅਲ ਰੋਡ ਉਪਰ ਗਿਲਸਨ ਜਿਊਲਰਜ਼ ਦੇ ਨਜਦੀਕ ਖੋਲ੍ਹਿਆ ਗਿਆ ਹੈ।

ਸੈਲੂਨ ਦੇ ਇਹ ਮਾਲਕ ਰਵਿੰਦਰ ਗਿੱਲ ਅਤੇ ਪਰਮਿੰਦਰ ਗਿੱਲ ਨੇ ਦੱਸਿਆ ਕਿ ਉਹ ਹੇਅਰ ਕੱਟ, ਹੇਅਰ ਕਲਰ, ਵੈਕਸਿੰਗ ਥਰੈਡਿੰਗ ਆਦਿ ਸੇਵਾਵਾਂ ਤੋਂ ਇਲਾਵਾ ਦੁਲਹਨ ਦੇ ਸ਼ਿੰਗਾਰ ਦਾ ਪ੍ਰਬੰਧ ਵੀ ਹੋਵੇਗਾ। ਹੋਰ ਜਾਣਕਾਰੀ ਫੋਨ 661-831-0086 ਤੋਂ ਲਈ ਜਾ ਸਕਦੀ ਹੈ।

# ਹੇਵਰਡ ਵਿਚ ਪੰਜਾਬ ਮੇਲਾ 28 ਨੂੰ

**ਫਰੀਮਾਂਟ:** ਆਪਣਾ ਪੰਜਾਬ ਐਸੋਸੀਏਸ਼ਨ, ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਅਤੇ ਨਾਰਥ ਕੈਲੀਫੋਰਨੀਆ ਸਪੋਰਟਸ ਕਲੱਬ ਵਲੋਂ ਇਕ ਸਾਂਝਾ ਖੇਡ ਮੇਲਾ "ਪੰਜਾਬ ਮੇਲਾ" ਦੇ ਨਾਂ 'ਤੇ ਆਉਂਦੀ 28 ਅਗਸਤ ਨੂੰ ਕੈਲਸਟੇਟ ਯੂਨੀਵਰਸਿਟੀ (25800 ਕਾਰਲੋਸ ਬੀ ਬੁਲੇਵਾਰਡ, ਹੇਵਰਡ) ਵਿਚ ਸਵੇਰੇ 8 ਵਜੇ ਤੋਂ ਸ਼ਾਮ 7 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਓਪਨ ਕਬੱਡੀ ਅਤੇ ਅੰਡਰ 21 ਕਬੱਡੀ ਤੋਂ ਇਲਾਵਾ ਵਾਲੀਬਾਲ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਕਬੱਡੀ ਦਾ ਪਹਿਲਾ ਇਨਾਮ ਧੁੱਗਾ ਪਰਿਵਾਰ ਵਲੋਂ ਸਵਰਗੀ ਸ. ਬਖ਼ਸ਼ੀਸ਼ ਸਿੰਘ ਦੀ ਯਾਦ ਵਿਚ ਦਿੱਤਾ ਜਾਵੇਗਾ।

ਇਸ ਤੋਂ ਬਿਨਾਂ ਸਭਿਆਚਾਰਕ ਪ੍ਰੋਗਰਾਮ ਵੀ ਹੋਵੇਗਾ ਜਿਸ ਵਿਚ ਸਰਬਜੀਤ ਚੀਮਾ ਤੋਂ ਇਲਾਵਾ ਲੋਕਲ ਕਲਾਕਾਰ ਸੁਲਤਾਨ ਅਖਤਰ, ਦਰਸ਼ਨ ਔਜਲਾ, ਮਾਣੀ ਢਿੱਲੋ, ਸੱਤੀ ਸਤਵਿੰਦਰ, ਲਾਲੀ ਸੰਧੂ ਅਤੇ ਰਾਜ ਬਰਾੜ ਅਤੇ ਹੋਰ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਭੰਗੜਾ ਅਤੇ ਗਿੱਧਾ ਵੀ ਹੋਵੇਗਾ। ਇਸ ਤੋਂ ਇਲਾਵਾ ਆਜ਼ਾਦੀ ਦੇ ਘੁਲਾਟੀਆਂ ਬਾਰੇ ਇਕ ਨੁਮਾਇਸ਼ ਵੀ ਹੋਵੇਗੀ। ਮੇਲੇ ਦੀ ਕੋਈ ਟਿਕਟ ਨਹੀਂ ਹੈ ਅਤੇ ਸਕਿਓਰਿਟੀ ਦਾ ਸਖਤ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਮਨਜੀਤ ਗਿੱਲ ਫੋਨ 510-415-2368 ਜਾਂ ਕਸ਼ਮੀਰ ਧੁੱਗਾ ਫੋਨ 510-816-9044 ਤੋਂ ਲਈ ਜਾ ਸਕਦੀ ਹੈ।

## ਪਟਿਆਲਾ ਪੁਲੀਸ ਨੇ 10 ਕਰੋੜ ਰੁਪਏ ਦੀ ਹੈਰੋਇਨ ਫੜੀ

**ਪਟਿਆਲਾ :** ਪਟਿਆਲਾ ਪੁਲੀਸ ਨੇ ਇਕ ਵਿਅਕਤੀ ਨੂੰ 10 ਕਰੋੜ ਰੁਪਏ ਦੀ ਦੋ ਕਿਲੋ ਹੈਰੋਇਨ ਸਮੇਤ ਕਾਬੂ ਕਰ ਲਿਆ। ਫੜੇ ਗਏ ਵਿਅਕਤੀ ਦੀ ਪਛਾਣ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਰਿਹਾਣਾ ਜੱਟਾਂ ਦੇ ਗੁਰਨਾਮ ਸਿੰਘ ਵਜੋਂ ਹੋਈ ਹੈ। ਉਸ ਨੂੰ ਸੀ.ਆਈ.ਏ. ਸਟਾਫ ਦੇ ਇੰਚਾਰਜ ਜੱਸਾ ਸਿੰਘ ਸੰਧੂ ਦੀ ਅਗਵਾਈ ਹੇਠ ਪੁਲੀਸ ਪਾਰਟੀ ਵਲੋਂ ਮੰਗਲਵਾਰ ਸਵੇਰੇ ਇਕ ਨਾਕਾਬੰਦੀ ਦੌਰਾਨ ਅਚਾਨਕ ਕੀਤੀ ਚੈਕਿੰਗ ਮੌਕੇ ਕਾਬੂ ਕੀਤਾ ਗਿਆ।




# ਪੰਜਾਬ ਦਾ ਮਾਣ-ਗੁਰਦਾਸ ਮਾਨ



## 28 ਅਗਸਤ ਨੂੰ ਫਰਿਜ਼ਨੋ ਦੇ ਸੈਰਇਨ ਥੀਏਟਰ ਵਿਚ ਤੁਹਾਡੀ ਆਮਦ ਨੂੰ ਸਿਜਦਾ ਕਰਨਗੇ

ਕਦੇ ਸਲਮਾ ਆਗਾ ਨੇ "ਆਪ ਜੈਸਾ ਕੋਈ ਮੇਰੀ ਜ਼ਿੰਦਗੀ ਮੇ ਆਏ" ਨਾਲ ਤਹਿਲਕਾ ਮਚਾਇਆ ਸੀ,
ਕਦੇ ਕੁਲਦੀਪ ਮਾਣਕ ਦੀਆਂ ਕਲੀਆਂ ਨੇ ਅਤੇ ਕਦੇ ਚਮਕੀਲੇ ਦੇ ਦੋਗਾਣਿਆਂ ਨੇ
ਪਰ ਮਿਆਰੀ ਗੀਤਾਂ ਤੇ ਸਦਾਬਹਾਰ ਗਾਇਕੀ ਨਾਲ ਗੁਰਦਾਸ ਮਾਨ ਨੇ ਹਮੇਸ਼ਾ ਪੰਜਾਬ ਤੇ ਪੰਜਾਬੀਆਂ ਦਾ
ਸਿਰ ਉਚਾ ਕੀਤਾ ਹੈ।

ਜਿਵੇਂ ਸ਼ਿਵ ਦੀ ਸ਼ਾਇਰੀ 'ਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਹੈ ਇਵੇਂ ਗੁਰਦਾਸ ਮਾਨ ਦੇ ਗੀਤਾਂ ਨਾਲ ਇਸ ਮਿੱਟੀ ਨੂੰ ਸੁਗੰਧ ਮਿਲਦੀ ਰਹੀ ਹੈ।

ਫੇਰ

**ਸਬ ਫਾਊਂਡੇਸ਼ਨ ਅਤੇ ਡਾ. ਹਰਮੇਸ਼ ਕੁਮਾਰ ਵਲੋਂ ਤਾਜ ਰੰਧਾਵਾ ਅਤੇ ਵਿਨੇ ਵੋਹਰਾ ਦੇ ਯਤਨਾਂ ਨਾਲ ਗੁਰਦਾਸ ਮਾਨ ਨਾਲ ਇਕ ਸ਼ਾਮ ਮਨਾਉਣੀ ਪੰਜਾਬੀ ਮਾਂ ਬੋਲੀ ਦਾ ਮਾਣ ਹੋਵੇਗਾ।**



ਡਾ. ਹਰਮੇਸ਼ ਕੁਮਾਰ
ਜਿਥੇ ਆਪਾਂ ਪੈਰ ਧਰੇ ਨੇ ਅੱਜ ਕੱਲ੍ਹ
ਉਹ ਥਾਂ ਸ਼ਹਿਰ ਬਣੇ ਨੇ



ਤਾਜ ਰੰਧਾਵਾ
ਪਾ' ਤੀਆਂ ਨੇ ਪੈੜਾਂ ਜਿਨ੍ਹਾਂ ਰਾਹਾਂ
ਵਿਚੋਂ ਲੰਘੇ ਆਂ



ਵਿਨੇ ਵੋਹਰਾ
ਕਿਤੇ ਭੁੱਲ ਨਾ ਜਾਣਾ ਮਿਤਰੋ
ਇਸ ਗੀਤਾਂ ਵਾਲੀ ਸ਼ਾਮ ਨੂੰ

# ਫਰਿਜ਼ਨੋ ਦੇ ਗਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ:** ਇੰਡੋ-ਯੂ-ਐਸ ਹੈਰੀਟੇਜ ਐਸੋਸੀਏਸ਼ਨ ਵੱਲੋਂ 29 ਅਗਸਤ ਐਤਵਾਰ ਨੂੰ ਇਥੇ ਫੇਅਰ ਗਰਾਊਂਡ ਵਿਚ ਕਰਵਾਏ ਜਾ ਰਹੇ ਮੇਲੇ ਸੰਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਸੰਸਥਾ ਦੀ ਇਕ ਵਿਸ਼ੇਸ਼ ਮੀਟਿੰਗ ਪ੍ਰਿੰ. ਪ੍ਰੀਤਮ ਨਾਹਲ ਦੀ ਪ੍ਰਧਾਨਗੀ ਹੇਠ ਅਸ਼ੋਕਾ ਰੈਸਟੋਰੈਂਟ ਸਿਲਮਾ ਵਿਖੇ ਹੋਈ ਜਿਸ ਵਿਚ ਪ੍ਰੋਗਰਾਮ ਨੂੰ ਅੰਤਮ ਰੂਪ ਦਿਤਾ ਗਿਆ।

ਇਸ ਮੇਲੇ ਵਿਚ ਨਾਟਕ, ਸਕਿੱਟ, ਉਪੇਰਾ, ਕੋਰਿਉਗਰਾਫੀ ਤੋਂ ਇਲਾਵਾ ਕਵੀਸ਼ਰੀ, ਗਿੱਧਾ ਅਤੇ ਭੰਗੜਾ ਆਦਿ ਆਈਟਮਾਂ ਨਵੇਂ ਰੂਪ ਵਿਚ ਪੇਸ਼ ਕੀਤੀਆਂ ਜਾਣਗੀਆਂ। ਲੋਕ ਗਾਇਕ ਮੁਹੰਮਦ ਸਦੀਕ, ਸੁਖਜੀਤ ਕੌਰ, ਧਰਮਵੀਰ ਥਾਂਦੀ, ਪ੍ਰੀਤਮ ਸੋਹੀ ਤੇ ਰਾਜ ਬਰਾੜ ਆਪਣੇ ਦੇਸ ਭਗਤੀ ਤੇ ਉਸਾਰੂ ਸੋਚ ਵਾਲੇ ਗੀਤ ਪੇਸ਼ ਕਰਨਗੇ। ਸੁਰਿੰਦਰ ਗੋਂਦਾਰਾ ਵਹਿਮ ਭਰਮ ਤੇ ਅੰਧ-ਵਿਸ਼ਵਾਸ ਤੇ ਆਪਣੇ ਵਿਚਾਰ ਪੇਸ਼ ਕਰਨਗੇ। 4.0 ਗਰੇਡ ਵਾਲੇ ਬੱਚਿਆਂ ਨੂੰ ਨਕਦ ਇਨਾਮ ਦੇ ਕੇ ਪੜ੍ਹਾਈ ਲਈ ਹੋਰ ਉਤਸ਼ਾਹਿਤ ਕੀਤਾ ਜਾਵੇਗਾ, ਫੋਟੋ ਪ੍ਰਦਰਸ਼ਨੀ, ਮੁਫਤ ਡਾਕਟਰੀ ਕੈਂਪ ਤੇ ਲੰਗਰ ਦਾ ਪ੍ਰਬੰਧ ਹੋਵੇਗਾ। ਸੰਸਥਾ ਵੱਲੋਂ ਤਿਆਰ ਕੀਤਾ ਰੰਗਦਾਰ ਸੋਵੀਨਰ ਸਿੱਧੂ ਦਮਦਮੀ ਸੀ. ਈ.ਓ. ਸਾਡਾ ਚੈਨਲ ਤੇ ਸਾਬਕਾ ਐਡੀਟਰ ਪੰਜਾਬੀ ਟ੍ਰਿਬਿਊਨ ਰੀਲੀਜ਼ ਕਰਨਗੇ। ਉਹ ਮੇਲੇ ਦੇ ਮੁੱਖ ਮਹਿਮਾਨ ਤੇ ਮੁੱਖ ਵਕਤਾ ਵੀ ਹੋਣਗੇ ।

ਸੰਸਥਾ ਦੇ ਸੱਦੇ ਤੇ ਵਿਸ਼ੇਸ਼ ਤੌਰ ਤੇ ਮੇਲੇ ਲਈ ਇੰਡੀਆ ਤੋਂ ਪਹੁੰਚੇ ਸਿੱਧੂ ਦਮਦਮੀ ਦਾ ਸੰਸਥਾ ਦੇ ਮੈਂਬਰਾਂ ਵੱਲੋਂ ਭਰਪੂਰ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਦੇ ਮਾਣ ਵਿਚ ਇੱਕ ਵਿਸ਼ੇਸ਼ ਮਿੱਤਰ ਬੈਠਕ ਦਾ ਪ੍ਰਬੰਧ ਕੀਤਾ ਗਿਆ। ਇਸ ਬੈਠਕ ਵਿਚ ਪ੍ਰਿੰ: ਪ੍ਰਤੀਮ ਸਿੰਘ ਨਾਹਲ, ਸਾਧੂ ਸਿੰਘ ਸੰਘਾ, ਨਿਰਮਲ ਗਿੱਲ ਧਨੌਲਾ, ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਗੁਰਨੇਕ ਸਿੰਘ ਰਾਏ, ਰਾਜ ਬਰਾੜ, ਹਾਕਮ ਸਿੰਘ ਢਿਲੋਂ, ਰਣਜੀਤ ਗਿੱਲ, ਸੁਲੱਖਣ ਸਿੰਘ ਗਿੱਲ, ਸਤਵੰਤ ਸਿੰਘ ਵਿਰਕ, ਬਿਕਰਮਜੀਤ ਕਾਹਲੋਂ, ਅਜੀਤ ਪਾਲ ਢਿਲੋਂ, ਪੁਸ਼ਪਿੰਦਰ ਕੁਮਾਰ ਤੇ ਸੰਸਥਾ ਦੇ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਭਾਗ ਲਿਆ।



## ਹਰੀ ਸ਼ੰਕਰ ਚੋਣ ਕਮਿਸ਼ਨਰ ਬਣੇ

**ਨਵੀਂ ਦਿੱਲੀ :** ਆਂਧਰਾ ਪ੍ਰਦੇਸ਼ ਕੇਡਰ ਦੇ 1975 ਬੈਚ ਦੇ ਆਈ.ਏ.ਐਸ. ਅਫਸਰ ਹਰੀ ਸ਼ੰਕਰ ਬ੍ਰਹਮਾ ਨੂੰ ਬੀਤੀ 24 ਅਗਸਤ ਨੂੰ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਗਿਆ। ਉਹ ਪਹਿਲਾਂ ਕੇਂਦਰੀ ਬਿਜਲੀ ਸਕੱਤਰ ਦੇ ਅਹੁਦੇ 'ਤੇ ਵੀ ਰਹਿ ਚੁੱਕੇ ਹਨ।

# ਭਾਈਚਾਰਕ ਏਕੇ ਦੇ ਮੁਦਈ ਰਹਾਂਗੇ-ਗਾਖਲ

**ਫਰੀਮਾਂਟ:** ਅਮਰੀਕਾ ਵਿਚ ਪਹਿਲੀ ਕਬੱਡੀ ਫੈਡਰੇਸ਼ਨ ਦੇ ਗਠਨ ਤੋਂ ਬਾਅਦ ਇਕ ਹੋਰ ਫੈਡਰੇਸ਼ਨ ਬਣਨ ਉਤੇ ਪ੍ਰਤੀਕਰਮ ਪ੍ਰਗਟ ਕਰਦੇ ਹੋਏ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਹੈ ਕਿ ਸਿਰਫ ਨਿਜੀ ਮੁਫਾਦ ਨੂੰ ਮੁਖ ਰਖ ਕੇ ਵਖਰੀ ਫੈਡਰੇਸ਼ਨ ਬਣਾਉਣਾ ਕਿਸੇ ਵੀ ਤਰ੍ਹਾਂ ਨਾਲ ਕਬੱਡੀ ਦੇ ਹਿੱਤ ਵਿਚ ਨਹੀਂ ਹੈ। ਜੇ ਕੋਈ ਮਤਭੇਦ ਸਨ ਤਾਂ ਮਿਲ-ਬਹਿ ਕੇ ਵਿਚਾਰੇ ਜਾ ਸਕਦੇ ਸਨ। ਅਸੀਂ ਸਦਾ ਹੀ ਏਕੇ ਦੇ ਮੁਦੱਈ ਹਾਂ ਤੇ ਰਹਾਂਗੇ ਵੀ। ਕਬੱਡੀ ਨਾਲ ਜੁੜੀਆਂ ਸਾਰੀਆਂ ਹੀ ਸਖਸ਼ੀਅਤਾਂ ਬੜੀਆਂ ਹੀ ਸਨਮਾਨਯੋਗ ਹਨ। ਅਸੀਂ ਹਮੇਸ਼ਾਂ ਨਿਰਪੱਖ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਪਿੰਡ ਗਾਖਲਾਂ ਦੇ ਕਬੱਡੀ ਕੱਪ ਹੋਣ ਜਾਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ 2003, 2005 ਤੇ 2009 ਦੇ ਕਬੱਡੀ ਕੱਪ ਹੋਣ, ਤੁਸੀਂ ਸਭਨਾਂ ਨੇ ਬਿਨਾਂ ਸ਼ਰਤ ਸ਼ਮੂਲੀਅਤ ਕੀਤੀ ਜਿਸਦੀ ਪਿਛਲੇ ਲੰਮੇ ਸਮੇਂ ਵਿਚ ਕਿਧਰੇ ਮਿਸਾਲ ਨਹੀਂ ਮਿਲਦੀ।



ਅਮੋਲਕ ਸਿੰਘ ਗਾਖਲ

ਆਪਣਾ ਬਿਆਨ ਜਾਰੀ ਰਖਦਿਆਂ ਸ੍ਰੀ ਗਾਖਲ ਨੇ ਕਿਹਾ ਕਿ ਹੋਰ ਤਾਂ ਹੋਰ ਕੈਲੀਫੋਰਨੀਆ ਦੇ ਮੇਲਿਆਂ ਦੀ ਗੱਲ ਕਰੀਏ ਤਾਂ ਕਿਤੇ ਕਿਸੇ ਕਲੱਬ ਨੂੰ ਰੋਕਿਆ ਜਾਂਦਾ ਹੈ ਤੇ ਕਿਤੇ ਕਿਸੇ ਕਲੱਬ ਵਲੋਂ ਜਾਣ ਤੋਂ ਨਾਂਹ ਹੁੰਦੀ ਹੈ। ਕਿਤੇ ਕਿਸੇ ਖਿਡਾਰੀ 'ਤੇ ਰੋਕ ਅਤੇ ਕਿਤੇ ਕਿਸੇ ਖਿਡਾਰੀ ਦੀ ਭੰਨ-ਤੋੜ। ਕਦੇ ਕਿਸੇ ਕਲੱਬ ਨੂੰ ਬਾਹਰੋਂ ਸੱਦਾ ਪੱਤਰ ਤੇ ਕਿਤੇ ਦੂਸਰਾ ਧੜਾ ਆਪਣਾ ਰਸੂਖ ਵਰਤ ਕੇ ਸੱਦਾ ਪੱਤਰ ਰੁਕਵਾਉਣ ਦਾ ਯਤਨ ਕਰਦਾ ਹੈ। ਜਿਸ ਨਾਲ ਮੇਲੇ ਦੇ ਪ੍ਰਬੰਧਕਾਂ ਦਾ ਜਿਉਣਾ ਦੁੱਭਰ ਹੁੰਦਾ ਹੈ ਤੇ ਨਹੁੰ-ਮਾਸ ਦੇ ਰਿਸ਼ਤੇ ਵਾਲੇ ਪ੍ਰਬੰਧਕ ਧੜੇਬੰਦੀ ਦਾ ਸ਼ਿਕਾਰ ਹੋ ਜਾਂਦੇ ਹਨ। ਕਬੱਡੀ ਫੈਡਰੇਸ਼ਨ ਬਣਾਉਣ ਦਾ ਮਕਸਦ ਇਹੋ ਸੀ ਕਿ ਕਲੱਬਾਂ ਵਿਚ ਧੜੇਬੰਦੀ ਨੂੰ ਠੱਲ ਪਾਈ ਜਾ ਸਕੇ।

ਸ੍ਰੀ ਗਾਖਲ ਨੇ ਆਖਿਆ ਕਿ ਮਾਂ ਖੇਡ ਕਬੱਡੀ ਦੀ ਬੇਹਤਰੀ ਵਾਸਤੇ ਹੀ ਬਤੌਰ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਮੈਂ ਕਲੱਬ ਵਲੋਂ ਸਾਰਿਆਂ ਨੂੰ ਅਖਬਾਰਾਂ ਰਾਹੀਂ ਖੁੱਲ੍ਹਾ ਸੱਦਾ ਦਿੱਤਾ ਸੀ ਕਿ 11 ਜੁਲਾਈ ਨੂੰ ਰਾਜਾ ਸਵੀਟਸ ਯੂਨੀਅਨ ਸਿਟੀ ਵਿਖੇ ਫੈਡਰੇਸ਼ਨ ਬਣਾਉਣ ਲਈ ਪਹੁੰਚੋ, ਜਿਸ ਨੂੰ ਲਾਮਿਸਾਲ ਹੁੰਗਾਰਾ ਮਿਲਿਆ।

ਯੂਨਾਈਟਿਡ ਸਪੋਰਟਸ ਕਲੱਬ ਵਲੋਂ ਇਕ ਸਾਂਝਾ ਪਲੇਟਫਾਰਮ ਪ੍ਰਦਾਨ ਕਰਕੇ ਸਾਰੇ ਅਧਿਕਾਰ ਕਬੱਡੀ ਪ੍ਰੇਮੀਆਂ ਨੂੰ ਸੌਂਪ ਦਿੱਤੇ ਕਿ ਤੁਸੀਂ ਜਿਸ ਤਰ੍ਹਾਂ ਦੀ ਫੈਡਰੇਸ਼ਨ ਚਾਹੋ ਬਣਾ ਲਈ ਜਾਵੇ। 350 ਤੋਂ ਵੱਧ ਕਬੱਡੀ ਪ੍ਰੇਮੀਆਂ ਨੇ ਲੰਬੀ ਵਿਚਾਰ ਤੋਂ ਬਾਅਦ ਇਕ 10 ਮੈਂਬਰੀ ਕਮੇਟੀ ਬਣਾਈ ਜਿਸ ਦਾ ਤੁਹਾਡੀ ਹਾਜ਼ਰੀ ਵਿਚ ਸਟੇਜ ਤੋਂ ਐਲਾਨ ਕੀਤਾ ਗਿਆ ਜਿਸਨੂੰ ਸਾਰਿਆਂ ਨੇ ਪ੍ਰਵਾਨਗੀ ਦਿੱਤੀ।

ਯੂਨਾਈਟਿਡ ਸਪੋਰਸਟ ਕਲੱਬ ਦੇ ਜਨਰਲ ਸਕੱਤਰ ਸ. ਗੁਰਦਾਵਰ ਸਿੰਘ ਮਹੇੜੂ ਨੇ ਅਗਲੇ ਪੜਾਅ ਦੀ ਗੱਲਬਾਤ ਕਰਦਿਆਂ ਦੱਸਿਆ, "ਨਵੇਂ ਬਣੇ ਮੈਂਬਰਾਂ ਦੀ ਮੀਟਿੰਗ 18 ਜੁਲਾਈ ਨੂੰ ਟਰੇਸੀ ਵਿਖੇ ਹੋਈ ਜਿਸ ਵਿਚ ਮੁੱਖ ਤੌਰ 'ਤੇ ਇਹ ਮਤੇ ਪਾਸ ਕੀਤੇ ਗਏ, ਫੈਡਰੇਸ਼ਨ ਦੇ ਬਾਈਲਾਜ ਵਾਸਤੇ ਸਾਰਿਆਂ ਨੂੰ ਆਪੋ-ਆਪਣੇ ਸੁਝਾਅ 18 ਅਗਸਤ ਨੂੰ ਰੱਖੀ ਮੀਟਿੰਗ ਤੋਂ ਪਹਿਲਾਂ-ਪਹਿਲਾਂ ਭੇਜਣ ਲਈ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ, ਫੈਡਰੇਸ਼ਨ ਦਾ ਕਾਰਜ ਕਾਲ ਜਨਵਰੀ ਪਹਿਲੀ ਤੋਂ ਦਸੰਬਰ 21 ਨੀਯਤ ਕੀਤਾ ਗਿਆ, ਨਵੇਂ ਅਹੁਦੇਦਾਰਾਂ ਦੀ ਚੋਣ ਲਈ ਪਰਚੀ ਸਿਸਟਮ ਨੂੰ ਅਪਣਾਇਆ ਗਿਆ, ਇਸ ਸਾਲ ਬਾਹਰੋਂ ਕਿਸੇ ਵੀ ਸੱਦਾ ਪੱਤਰ ਖਾਸ ਕਰ ਟੋਰਾਂਟੋ ਵਰਲਡ ਕੱਪ ਵਿਚ ਸ਼ਮੂਲੀਅਤ ਤੋਂ ਫੈਡਰੇਸ਼ਨ ਨੂੰ ਬਿਲਕੁੱਲ ਪਾਸੇ ਰੱਖਿਆ। ਜਾਤੀ ਤੌਰ ਤੇ ਕਿਸੇ 'ਤੇ ਕੋਈ ਪਾਬੰਦੀ ਨਹੀਂ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ।

ਉਪਰੋਕਤ ਮਤਿਆਂ ਤੋਂ ਬਾਅਦ 18 ਅਗਸਤ ਦੀ ਮੀਟਿੰਗ ਲਈ ਸਭ ਕੁਝ ਮਿੱਥੇ ਸਮੇਂ ਅਨੁਸਾਰ ਸਹੀ ਚੱਲ ਰਿਹਾ ਸੀ ਕਿ ਪਤਾ ਨਹੀਂ ਟੋਰਾਂਟੋ ਕੱਪ ਨੂੰ ਲੈ ਕੇ ਜਾਂ ਫਿਰ ਕਿਸੇ ਮੁੱਦੇ ਨੂੰ ਲੈ ਕੇ ਫਿਰ ਤਰੇੜ ਪੈ ਗਈ। ਅਖ਼ਬਾਰ ਵਿਚ ਖਬਰ ਛਪਣ ਤੋਂ ਬਾਅਦ ਪਤਾ ਲੱਗਾ ਕਿ ਨਾਤਾ ਤੋੜ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਯੂਨਾਈਟਿਡ ਸਪੋਰਟਸ ਕਲੱਬ ਤਾਂ ਹਾਲੇ ਨਾਤਾ ਜੋੜ ਕੇ ਸੁਰਖਰੂ ਵੀ ਨਹੀਂ ਸੀ ਹੋਇਆ ਕਿ ਇਸ ਮਾੜੀ ਖਬਰ ਨੇ ਫਿਰ ਹਜ਼ਾਰਾਂ ਖੇਡ ਪ੍ਰੇਮੀਆਂ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਹਨ। ਉਨ੍ਹਾਂ ਬਿਆਨ ਜਾਰੀ ਰਖਦਿਆਂ ਕਿਹਾ ਕਿ ਅਸੀਂ ਇਕ ਵਧੀਆ ਸਰਬ ਪ੍ਰਵਾਨਿਤ ਸਿਸਟਮ ਬਣਾਉਣ ਤੋਂ ਵਾਂਝੇ ਰਹਿ ਗਏ ਹਾਂ ਤੇ ਵੱਡੀ ਗਿਣਤੀ ਵਿਚ ਖੇਡ ਪ੍ਰੇਮੀਆਂ ਵਲੋਂ ਪ੍ਰਗਟਾਏ ਭਰੋਸੇ ਤੇ ਪੂਰਾ ਉਤਰਨ ਵਿਚ ਅਸਮਰੱਥ ਰਹੇ ਹਾਂ। ਯੂਨਾਈਟਿਡ ਸਪੋਰਟਸ ਕਲੱਬ ਦੇ ਦੋਹਾਂ ਆਗੂਆਂ ਨੇ ਕਿਹਾ ਕਿ ਸਿਰਫ ਆਪਸੀ ਮੁਫਾਦਾਂ ਤੋਂ ਉਪਰ ਉਠ ਕੇ ਕਮਿਊਨਿਟੀ ਦੇ ਪੱਧਰ ਦੀ ਸੋਚ ਬਣਾਉਣ ਦੀ ਲੋੜ ਹੈ ਜਿਸ ਨਾਲ ਸਰਬੱਤ ਦਾ ਭਲਾ ਹੋਵੇ।


ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੀ ਪੰਜਾਬ 'ਚ ਤੁਹਾਡੀ ਕੋਈ ਜ਼ਮੀਨ ਜਾਇਦਾਦ ਹੈ?
ਤੁਹਾਨੂੰ ਇਸ ਦੀ ਚਿੰਤਾ ਸਤਾਉਂਦੀ ਹੈ?

ਮੇਰੇ ਪਿਆਰੇ ਵੀਰੋ ਤੇ ਭੈਣੋ,

ਜੋ ਮੇਰੇ ਵੀਰ, ਭੈਣ-ਭਰਾ ਅਤੇ ਬਜ਼ੁਰਗ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਪਿਛੇ ਪੰਜਾਬ ਜਾਂ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਆਪਣੀ ਜ਼ਮੀਨ-ਜਾਇਦਾਦ ਦਾ ਫਿਕਰ ਹੈ। ਉਸ ਦੀ ਦੇਖ-ਭਾਲ ਨਹੀਂ ਕਰ ਸਕਦੇ, ਵੇਚ ਨਹੀਂ ਸਕਦੇ ਜਾਂ ਆਪਣੇ ਨਾਂ ਤਬਦੀਲ ਨਹੀਂ ਕਰਵਾ ਸਕਦੇ ਅਸੀਂ ਉਨ੍ਹਾਂ ਨੂੰ ਪਰਦੇਸ ਵਿਚ ਬੈਠਿਆਂ ਹੀ ਜ਼ਮੀਨ ਜਾਇਦਾਦ ਸਬੰਧੀ ਹਰ ਤਰ੍ਹਾਂ ਦੇ ਕਾਗਜ਼ਾਤ ਜਿਵੇਂ ਫਰਦਾਂ ਅਤੇ ਗਵਾਚੀਆਂ ਹੋਈਆਂ ਰਜਿਸਟਰੀਆਂ ਦੀਆਂ ਨਕਲਾਂ, ਇੰਤਕਾਲਾਂ ਆਦਿ ਦਾ ਪ੍ਰਬੰਧ ਕਰਕੇ ਪਹੁੰਚਾ ਸਕਦੇ ਹਾਂ। ਅਸੀਂ ਉਨ੍ਹਾਂ ਦੀ ਜ਼ਮੀਨ-ਜਾਇਦਾਦ ਅੱਗੋਂ ਵੇਚਣ ਵਿਚ ਵੀ ਮਦਦ ਕਰ ਸਕਦੇ ਹਾਂ।

ਪੰਜਾਬ, ਚੰਡੀਗੜ੍ਹ ਜਾਂ ਹਰਿਆਣਾ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਜਿਵੇਂ ਮਕਾਨ, ਦੁਕਾਨ, ਕੋਠੀ, ਪਲਾਟ, ਫਲੈਟ ਜਾਂ ਵਾਹੀਯੋਗ ਜ਼ਮੀਨ ਖਰੀਦਣੀ ਹੋਵੇ ਜਾਂ ਵੇਚਣੀ, ਸਾਨੂੰ ਸੇਵਾ ਦਾ ਮੌਕਾ ਦਿਓ। ਅਸੀਂ ਪੂਰੀ ਇਮਾਨਦਾਰੀ ਨਾਲ ਕਾਨੂੰਨੀ ਤੌਰ 'ਤੇ ਕਾਗਜ਼ਾਤ ਤਿਆਰ ਕਰਕੇ ਸੌਦੇ ਕਰਵਾਉਂਦੇ ਹਾਂ। ਕਿਸੇ ਵੀ ਦਲਾਲ ਨੂੰ ਵਿਚ ਨਹੀਂ ਪਾਉਂਦੇ ਅਤੇ ਪਾਰਟੀ ਨਾਲ ਸਿੱਧੀ ਗੱਲ ਕਰਾਉਂਦੇ ਹਾਂ। ਸਾਡਾ ਦਫਤਰ ਪੰਜਾਬ ਵਿਚ ਅਤੇ ਇੰਗਲੈਂਡ ਵਿਚ ਦੋਹੀਂ ਥਾਂਈਂ ਹੈ। ਤੁਸੀਂ ਸਾਡੇ ਨਾਲ ਫੋਨ 'ਤੇ ਸੰਪਰਕ ਕਰ ਸਕਦੇ ਹੋ ਜਾਂ ਸਾਡੇ ਫੋਨ 'ਤੇ ਆਪਣਾ ਨਾਂ, ਪਤਾ, ਫੋਨ ਅਤੇ ਸੁਨੇਹਾ ਛੱਡ ਸਕਦੇ ਹੋ। ਅਸੀਂ ਖੁਦ ਤੁਹਾਡੇ ਨਾਲ ਸੰਪਰਕ ਕਰਾਂਗੇ। ਅਸੀਂ ਹਰ ਕੰਮ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ। ਇਕ ਵਾਰ ਜ਼ਰੂਰ ਸੇਵਾ ਦਾ ਮੌਕਾ ਦਿਓ।

ਇਮਾਨਦਾਰੀ ਪ੍ਰਾਪਰਟੀ ਐਡਵਾਈਜ਼ਰ

Address: Imandari, P.O.Box 695, Hayes, Middlesex UB3 9PD, UK
Tel/Fax:0044-2087970259, Mobile:0044-7403071308
Tarsem: 91-94643-31245, Fax:91-182-4220156
e-mail: imandari@hotmail.co.uk



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ

SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368

ਸਸਤੀ ਅਤੇ ਵਧੀਆ ਇੰਸ਼ੋਰੈਂਸ

GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM


ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com

# ਸ਼੍ਰੋਮਣੀ ਕਮੇਟੀ ਲਈ ਜਾਅਲੀ ਵੋਟਾਂ ਬਣਾਏ ਜਾਣ ਦਾ ਮਸਲਾ ਭਖਿਆ

–ਕੰਵਰਜੀਤ ਸਿੰਘ

**ਜਲੰਧਰ :** ਬੇਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਲਈ ਫਾਰਮ ਭਰਨ ਦਾ ਕੰਮ ਭਾਵੇਂ ਨਿੱਬੜ ਗਿਆ ਹੈ ਪਰ ਅਜੇ ਮੰਜ਼ਿਲ ਬਹੁਤ ਦੂਰ ਹੈ। ਕਿਉਂਕਿ ਵੋਟਾਂ ਲਈ ਬੇਸ਼ੱਕ 55 ਲੱਖ ਦੇ ਕਰੀਬ ਕੇਸਧਾਰੀ ਸਿੱਖਾਂ ਦੇ ਫਾਰਮ ਪ੍ਰਾਪਤ ਹੋਏ ਹਨ ਪਰ ਬਾਦਲ ਵਿਰੋਧੀ ਸਾਰੀਆਂ ਛੋਟੀਆਂ-ਵੱਡੀਆਂ ਧਿਰਾਂ ਵਲੋਂ ਇਸ ਪ੍ਰਕਿਰਿਆ ਦੇ ਪਾਕ-ਸਾਫ ਹੋਣ 'ਤੇ ਸ਼ੰਕੇ ਪ੍ਰਗਟਾਏ ਜਾ ਰਹੇ ਹਨ ਅਤੇ ਸ. ਮਨਜੀਤ ਸਿੰਘ ਕਲਕੱਤਾ ਵਲੋਂ ਇਸ ਦੀ ਜਾਂਚ ਲਈ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਪੱਤਰ ਲਿਖਿਆ ਗਿਆ ਹੈ। ਇਹ ਸ਼ੰਕੇ ਐਂਵੇ ਹੀ ਸੁੱਟ ਪਾਉਣ ਵਾਲੇ ਵੀ ਨਹੀਂ ਹਨ ਭਾਵੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਕਹਿ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਤਿਆਰ ਕਰਨ ਵਿਚ ਕਿਸੇ ਵੀ ਕਿਸਮ ਦੀ ਧਾਂਦਲੀ ਨਹੀਂ ਹੋਈ ਅਤੇ ਗੁਰਦੁਆਰਾ ਚੋਣ ਕਮਿਸ਼ਨ ਵਲੋਂ ਜਾਰੀ ਹਦਾਇਤਾਂ ਅਨੁਸਾਰ ਹੀ ਵੋਟਾਂ ਬਣਾਈਆਂ ਗਈਆਂ ਹਨ।

ਗੁਰਦਵਾਰਾ ਚੋਣ ਕਮਿਸ਼ਨ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਤੋਂ ਮਿਲੀ ਜਾਣਕਾਰੀ ਮੁਤਾਬਕ ਵੋਟਰ ਫ਼ਾਰਮ ਭਰਨ ਦੀ ਵਧਾਈ ਗਈ ਤਾਰੀਖ 14 ਅਗਸਤ ਨੂੰ ਹੀ ਪਟਵਾਰੀਆਂ ਅਤੇ ਮਿਉਂਸਪਲ ਮੁਲਾਜ਼ਮਾਂ ਕੋਲ ਲੱਖਾਂ ਦੀ ਗਿਣਤੀ ਵਿਚ ਫਾਰਮ ਪ੍ਰਾਪਤ ਹੋਏ ਸਨ। ਸੂਤਰਾਂ ਨੇ ਦੱਸਿਆ ਕਿ ਗੁਰਦਵਾਰਾ ਚੋਣ ਕਮਿਸ਼ਨ ਵਲੋਂ ਜਾਰੀ ਉਸ ਹਦਾਇਤ ਦੀ ਸ਼ਰੇਆਮ ਉਲੰਘਣਾ ਹੋਈ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਸੰਭਾਵੀ ਸਿੱਖ ਵੋਟਰ ਜਾਂ ਅਰਜ਼ੀ ਦੇਣ ਵਾਲੇ ਸਿੱਖ ਮਰਦ ਜਾਂ ਬੀਬੀ ਨੂੰ ਅਪਣਾ ਫ਼ਾਰਮ ਖ਼ੁਦ ਜਾ ਕੇ ਦਫ਼ਤਰ 'ਚ ਜਮ੍ਹਾਂ ਕਰਾਉਣਾ ਪਵੇਗਾ। ਅੰਕੜਿਆਂ ਮੁਤਾਬਕ ਪੰਜਾਬ 'ਚ 6 ਅਗਸਤ ਤਕ ਸਿਰਫ਼ 16,71,570 ਫ਼ਾਰਮ ਜਮ੍ਹਾਂ ਹੋਏ ਸਨ ਜੋ ਆਖ਼ਰੀ ਤਾਰੀਖ 14 ਅਗਸਤ ਨੂੰ ਇਕਦਮ 52,36,475 ਤਕ ਪਹੁੰਚ ਗਏ ਯਾਨੀ ਕਿ ਪੌਣੇ ਛੱਤੀ ਲੱਖ ਦੇ

**ਕੋਈ ਧਾਂਦਲੀ ਨਹੀਂ ਹੋਈ-ਮੱਕੜ ਕਲਕੱਤਾ ਨੇ ਕੀਤੀ ਜਾਂਚ ਦੀ ਮੰਗ**

ਕਰੀਬ ਫਾਰਮ ਬੰਡਲਾਂ 'ਚ ਜ਼ਿਲ੍ਹਾ ਦਫ਼ਤਰਾਂ ਵਿਚ ਜਮ੍ਹਾਂ ਕਰਵਾਏ ਗਏ।

4 ਹਫ਼ਤਿਆਂ ਦੇ ਵੇਰਵੇ ਮੁਤਾਬਕ 23 ਜੁਲਾਈ ਤੱਕ ਪੰਜਾਬ ਦੇ 20 ਜ਼ਿਲ੍ਹਿਆਂ ਤੋਂ ਸਿਰਫ਼ 9 ਲੱਖ 42 ਹਜ਼ਾਰ ਫ਼ਾਰਮ ਭਰੇ ਗਏ ਸਨ ਜੋ 30 ਜੁਲਾਈ ਤੱਕ 12 ਲੱਖ 78 ਹਜ਼ਾਰ ਹੋ ਗਏ। ਇਹ ਗਿਣਤੀ 6 ਅਗਸਤ ਨੂੰ 16,71,570 ਤੱਕ ਹੀ ਪੁੱਜੀ ਜਿਥੋਂ 14 ਅਗਸਤ ਨੂੰ 52 ਲੱਖ 36 ਹਜ਼ਾਰ 475 ਹੋ ਗਈ। ਇਹ ਫਰਕ ਕ੍ਰਮਵਾਰ 3 ਲੱਖ 36 ਹਜ਼ਾਰ, 3 ਲੱਖ 93 ਹਜ਼ਾਰ ਅਤੇ 35 ਲੱਖ 64 ਹਜ਼ਾਰ 905 ਦਾ ਸਾਹਮਣੇ ਆਇਆ ਹੈ। ਇਸ ਤਰ੍ਹਾਂ ਹਰਿਆਣਾ ਦੀਆਂ 8 ਸੀਟਾਂ ਤੋਂ ਸਿੱਖ ਵੋਟਰਾਂ ਦੇ ਫਾਰਮਾਂ ਦੀ ਗਿਣਤੀ 23 ਜੁਲਾਈ ਨੂੰ 1,58,536 ਸੀ ਜੋ 30 ਜੁਲਾਈ ਨੂੰ ਵਧ ਕੇ 1,79,646 ਹੋ ਗਈ। ਉਸ ਤੋਂ ਅਗਲੇ ਹਫ਼ਤੇ 2,23,557 ਹੋ ਗਈ ਅਤੇ ਆਖਰੀ ਦਿਨ 2,82,013 ਦਾ ਅੰਕੜਾ ਹੋ ਗਿਆ ਜਿਸ ਵਿਚ ਵਾਧਾ ਕੇਵਲ 58,456 ਦਾ ਬਣਦਾ ਹੈ, ਜੋ ਸੰਭਵ ਲਗਦਾ ਹੈ। ਕਈ ਥਾਵਾਂ 'ਤੇ ਮ੍ਰਿਤਕ ਵਿਅਕਤੀਆਂ ਦੀਆਂ ਵੀ ਵੋਟਾਂ ਬਣਾਉਣ ਦੇ ਚਰਚੇ ਚੱਲੇ ਹਨ।

ਇਸ ਬਾਰੇ ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੇ ਬੀਤੀ 22 ਅਗਸਤ ਨੂੰ ਪਟਿਆਲਾ ਵਿਚ ਕਿਹਾ ਕਿ ਵੋਟਾਂ ਬਣਾਉਣ ਦੇ ਆਖ਼ਰੀ ਦਿਨ ਜਿਸ ਤਰ੍ਹਾਂ ਸੱਤਾਧਾਰੀ ਧਿਰ ਨੇ ਥੱਬਿਆਂ ਦੇ ਥੱਬੇ ਫ਼ਾਰਮ ਭਰ ਕੇ ਅਪਣੀਆਂ ਵੋਟਾਂ ਬਣਵਾਈਆਂ, ਉਸ ਤੋਂ ਜ਼ਾਹਰ ਹੋ ਜਾਂਦਾ ਹੈ ਕਿ ਸਿੱਖ ਗੁਰਦਵਾਰਾ ਚੋਣ ਕਮਿਸ਼ਨ ਸਿਆਸਤ ਅੱਗੇ ਲਾਚਾਰ ਸਾਬਤ ਹੋਇਆ ਹੈ। ਉਨ੍ਹਾਂ ਆਖਿਆ ਕਿ ਜਸਟਿਸ ਹਰਫੂਲ ਸਿੰਘ ਬਰਾੜ ਨੇ ਸਿਆਸਤਦਾਨਾਂ ਸਾਹਮਣੇ ਗੋਡੇ ਟੇਕ ਦਿਤੇ ਹਨ। ਉਹ ਇਨ੍ਹਾਂ ਵੋਟਾਂ ਵਿਚ ਗ਼ਲਤ ਵਿਅਕਤੀਆਂ ਦੀਆਂ ਵੋਟਾਂ ਬਣਾਉਣ ਲਈ ਜ਼ੁੰਮੇਵਾਰ ਡਿਪਟੀ ਕਮਿਸ਼ਨਰਾਂ ਅਤੇ ਪਟਵਾਰੀਆਂ ਦੀ ਜਵਾਬਦੇਹੀ ਤੈਅ ਨਹੀਂ ਕਰ ਸਕੇ। ਉਨ੍ਹਾਂ ਮੰਗ ਕੀਤੀ ਕਿ ਫ਼ਰਜ਼ੀ ਸਿੱਖਾਂ ਦੀਆਂ ਅੰਤਲੇ ਦਿਨ ਬਣਾਈਆਂ ਗਈਆਂ ਵੋਟਾਂ ਰੱਦ ਹੋਣ ਅਤੇ ਇਸ ਦੀ ਪੜਤਾਲ ਵੀ ਹੋਣੀ ਚਾਹੀਦੀ ਹੈ।

ਇਸ ਦੌਰਾਨ ਸੀਨੀਅਰ ਅਕਾਲੀ ਨੇਤਾ ਮਨਜੀਤ ਸਿੰਘ ਕਲਕੱਤਾ ਨੇ ਬੀਤੀ 21 ਅਗਸਤ ਨੂੰ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਵਾਸਤੇ ਵੱਡੀ ਗਿਣਤੀ ਵਿਚ ਬਣੀਆਂ ਜਾਅਲੀ ਵੋਟਾਂ ਦੀ ਕਿਸੇ ਕੇਂਦਰੀ ਏਜੰਸੀ ਤੋਂ ਜਾਂਚ ਕਰਵਾਈ ਜਾਵੇ। ਸ. ਕਲਕੱਤਾ ਵਲੋਂ ਲਿਖੇ ਪੱਤਰ ਵਿਚ ਖਦਸ਼ਾ ਪ੍ਰਗਟ ਕੀਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਧੜੇ ਵਲੋਂ ਵੱਡੀ ਗਿਣਤੀ ਵਿਚ ਜਾਅਲੀ ਵੋਟਾਂ ਬਣਾਈਆਂ ਗਈਆਂ ਹਨ। ਵਰਨਣਯੋਗ ਹੈ ਕਿ ਸ. ਕਲਕੱਤਾ ਨੇ ਕੁਝ ਦਿਨ ਪਹਿਲਾਂ ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਦੇ ਕੰਮ ਢੰਗ ਬਾਰੇ ਵੀ ਗੰਭੀਰ ਇਤਰਾਜ਼ ਉਠਾਏ ਸਨ। ਉਨ੍ਹਾਂ ਆਪਣੇ ਪੱਤਰ ਵਿਚ ਕਿਹਾ ਹੈ ਕਿ ਗੈਰ ਸਿੱਖਾਂ ਦੀਆਂ ਵੋਟਾਂ ਵੱਡੀ ਗਿਣਤੀ ਵਿਚ ਬਣੀਆਂ ਹਨ ਕਿਉਂ ਜੋ ਵੋਟਰ ਦੀ ਪਹਿਚਾਣ ਹੀ ਕੋਈ ਨਹੀਂ ਹੈ। ਪੰਜਾਬ ਵਿਚ ਢਾਈ ਮਹੀਨਿਆਂ ਵਿਚ ਤਾਂ 16 ਲੱਖ ਵੋਟ ਬਣੀ ਹੈ ਪਰ ਆਖਰੀ ਹਫਤੇ ਵਿਚ ਆ ਕੇ ਵੋਟਾਂ ਦੁੱਗਣੀਆਂ ਤੋਂ ਵੀ ਵਧੇਰੇ ਬਣ ਗਈਆਂ। ਖਾਸ ਤੌਰ 'ਤੇ ਆਖਰੀ ਦਿਨ ਵਿਚ ਹੀ ਬਹੁਤ ਵੋਟਾਂ ਬਣੀਆਂ ਹਨ। ਉਨ੍ਹਾਂ ਨੇ ਭੁਲੱਥ ਅਤੇ ਕਈ ਹੋਰ ਹਲਕਿਆਂ ਦਾ ਜਾਅਲੀ ਵੋਟਾਂ ਦੇ ਸਿਲਸਲੇ ਵਿਚ ਜ਼ਿਕਰ ਵੀ ਕੀਤਾ ਹੈ। ਸ. ਕਲਕੱਤਾ ਨੇ ਕੇਂਦਰੀ ਗ੍ਰਹਿ ਮੰਤਰੀ ਤੋਂ ਮੰਗ ਕੀਤੀ ਹੈ ਕਿ ਇਸ ਸਾਰੇ ਮਾਮਲੇ ਦੀ ਕਿਸੇ ਕੇਂਦਰੀ ਏਜੰਸੀ ਤੋਂ ਜਾਂਚ ਕਰਵਾਈ ਜਾਵੇ। ਜਾਂਚ ਲਈ ਕੁਝ ਹਲਕੇ ਲੈ ਲਏ ਜਾਣ ਤਾਂ ਪਤਾ ਲੱਗ ਜਾਵੇਗਾ। ਜਦਕਿ ਫਤਹਿਗੜ੍ਹ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਉਤਸ਼ਾਹ ਕਾਰਨ 55 ਲੱਖ ਦੇ ਲਗਭਗ ਵੋਟਾਂ ਬਣੀਆਂ। ਵੋਟਾਂ ਚੋਣ ਕਮਿਸ਼ਨ ਦੀ ਹਦਾਇਤ ਅਨੁਸਾਰ ਹੀ ਬਣੀਆਂ ਹਨ।

ਅਗਲੇ ਸਾਲ ਫਰਵਰੀ ਮਹੀਨੇ ਚੋਣਾਂ ਹੋਣ ਦੀ ਸੰਭਾਵਨਾ ਨੂੰ ਵੇਖਦਿਆਂ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਤੋਂ ਸਿੱਖ ਵੋਟਰਾਂ ਵਲੋਂ ਪੰਜ ਸ਼ਰਤਾਂ ਵਾਲੇ ਭਰੇ ਗਏ 55,37,673 ਫਾਰਮਾਂ ਦੀ ਛਾਣਬੀਣ 20 ਅਗਸਤ ਤੋਂ ਸ਼ੁਰੂ ਹੋ ਗਈ ਹੈ ਅਤੇ ਗੁਰਦਵਾਰਾ ਚੋਣ ਕਮਿਸ਼ਨ ਦੀ ਹਦਾਇਤ ਅਨੁਸਾਰ ਵੋਟਰ ਲਿਸਟਾਂ 6 ਸਤੰਬਰ ਤਕ ਛਾਪਣ ਦਾ ਕੰਮ ਹੋਣ ਉਪਰੰਤ ਇਹ ਸੂਚੀਆਂ ਗੁਰਦਵਾਰਿਆਂ, ਪੰਚਾਇਤ ਘਰਾਂ ਤੇ ਜਨਤਕ ਥਾਵਾਂ 'ਤੇ ਲਾ ਕੇ ਇਨ੍ਹਾਂ ਸਬੰਧੀ ਦਾਅਵੇ ਤੇ ਇਤਰਾਜ਼ 30 ਸਤੰਬਰ ਤੱਕ ਕੀਤੇ ਜਾ ਸਕਣਗੇ।

ਇਸ ਦੇ ਨਾਲ ਹੀ ਸਾਰੇ ਸਿੱਖ ਹਲਕਿਆਂ ਵਿਚ ਸਰਗਰਮੀ ਆਏ ਦਿਨ ਵਧਦੀ ਜਾ ਰਹੀ ਹੈ। ਇਸ ਲਈ ਸੱਤਾਧਾਰੀ ਬਾਦਲ ਦਲ ਤੋਂ ਇਲਾਵਾ ਬਰਨਾਲਾ ਧੜੇ ਦੇ ਲੌਂਗੋਵਾਲ ਦਲ, ਮਾਨ ਦਲ, ਦਿੱਲੀ ਕਮੇਟੀ ਦੇ ਪ੍ਰਧਾਨ ਸ. ਸਰਨਾ, ਦਲ ਖਾਲਸਾ ਅਤੇ ਦਮਦਮੀ ਟਕਸਾਲ ਸਮੇਤ ਕਈ ਧਿਰਾਂ ਆਪੋ-ਆਪਣੀ ਰਣਨੀਤੀ ਅਨੁਸਾਰ ਸਰਗਰਮੀ ਕਰ ਰਹੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਹੋਣ ਦੀ ਗੱਲ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਸਿੱਖਾਂ ਦਾ ਧਾਰਮਿਕ ਮਾਮਲਾ ਹੈ ਤੇ ਅੰਤਿਮ ਫੈਸਲਾ ਪਾਰਟੀ ਹਾਈ ਕਮਾਂਡ ਲਵੇਗੀ। ਇਸ ਤੋਂ ਪਹਿਲਾਂ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਜਸਵੀਰ ਸਿੰਘ ਰੋਡੇ ਦੇ ਅਕਾਲੀ ਦਲ ਵਿਚ ਸ਼ਾਮਿਲ ਹੋਣ ਦੇ ਵੀ ਚਰਚੇ ਚਲਦੇ ਰਹੇ ਹਨ ਤੇ ਜਥੇਦਾਰ ਰੋਡੇ ਦੇ ਕਰੀਬੀ ਸਾਥੀ ਸ. ਗੁਰਦੀਪ ਸਿੰਘ ਬਠਿੰਡਾ ਨੂੰ ਪੰਜਾਬ ਸਰਕਾਰ ਵਲੋਂ ਇਕ ਮਹੱਤਵਪੂਰਨ ਅਹੁਦਾ ਵੀ ਦਿੱਤਾ ਗਿਆ ਹੈ। ਜਦਕਿ ਜਥੇਦਾਰ ਰੋਡੇ ਦਾ ਇਸ ਮਾਮਲੇ ਸਬੰਧੀ ਕਹਿਣਾ ਹੈ ਕਿ ਉਹ ਕਾਂਗਰਸ ਦਾ ਰਾਹ ਰੋਕਣ ਲਈ ਸ. ਬਾਦਲ ਦਾ ਸਾਥ ਦੇ ਰਹੇ ਹਨ।

ਇਸੇ ਦੌਰਾਨ ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੇ ਸੰਕੇਤ ਦਿੱਤੇ ਹਨ ਕਿ ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਟਕਸਾਲ ਵੀ ਜ਼ੋਰ-ਸ਼ੋਰ ਨਾਲ ਹਿੱਸਾ ਲੈ ਸਕਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸਿੱਖ ਕੌਮ ਨੂੰ ਜਾਗਰੂਕ ਹੋ ਕੇ ਭੂਮਿਕਾ ਨਿਭਾਉਣੀ ਚਾਹੀਦੀ ਹੈ। ਸਿੱਖ ਗੁਰਦਵਾਰਿਆਂ ਦਾ ਪ੍ਰਬੰਧ ਅਤੇ ਜਥੇਦਾਰਾਂ ਦੀ ਨਿਯੁਕਤੀ ਆਦਿ ਮਸਲੇ ਅਹਿਮ ਹਨ। ਉਨ੍ਹਾਂ ਭਾਵੇਂ ਸਪੱਸ਼ਟ ਨਹੀਂ ਕੀਤਾ ਕਿ ਦਮਦਮੀ ਟਕਸਾਲ ਸਿੱਧੇ ਤੌਰ 'ਤੇ ਇਨ੍ਹਾਂ ਚੋਣਾਂ ਵਿਚ ਹਿੱਸਾ ਲਵੇਗੀ ਪਰ ਕਿਹਾ ਕਿ ਸੰਤ ਜਰਨੈਲ ਸਿੰਘ ਨੇ ਵੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਅਪਣੇ ਉਮੀਦਵਾਰ ਖੜ੍ਹੇ ਕੀਤੇ ਸਨ। ਇਸ ਲਈ ਆਗਾਮੀ ਚੋਣਾਂ ਦੇ ਸਮੇਂ ਦਮਦਮੀ ਟਕਸਾਲ ਵੀ ਕੋਈ ਅਹਿਮ ਫ਼ੈਸਲਾ ਲਵੇਗੀ।

## ਪੰਜਾਬ ਵਿਚ ਵੋਟਾਂ ਬਣਨ ਦਾ ਚਾਰਟ

| | | |
|---|---|---|
| 23 ਜੁਲਾਈ ਤੱਕ | : | 9,42,605 |
| 30 ਜੁਲਾਈ ਤੱਕ | : | 12,78,357 |
| 6 ਅਗਸਤ ਤੱਕ | : | 16,71,570 |
| 14 ਅਗਸਤ ਤੱਕ | : | 52,36,475 |

ਭਾਵ ਦੋ ਮਹੀਨਿਆਂ ਵਿਚ 16 ਲੱਖ ਦੇ ਕਰੀਬ ਤੇ ਆਖ਼ਰੀ ਇਕ ਹਫ਼ਤੇ ਵਿਚ 36 ਲੱਖ ਦੇ ਕਰੀਬ ਵੋਟ ਬਣੀ ਪਰ ਕਿਸੇ ਇਕ ਵੀ ਥਾਂ ਵੋਟਰ ਬਣਨ ਲਈ ਕੋਈ ਛੋਟੀ-ਵੱਡੀ ਕਤਾਰ ਲੱਗੀ ਨਾ ਵੇਖੀ ਗਈ, ਨਾ ਹੀ ਅਖ਼ਬਾਰਾਂ ਵਿਚ ਵੋਟਰਾਂ ਦੇ ਭੀੜ ਬਾਰੇ ਖ਼ਬਰ ਹੀ ਛਪੀ ਜਦਕਿ ਚੋਣ ਕਮਿਸ਼ਨ ਦਾ ਹੁਕਮ ਸੀ ਕਿ ਹਰ ਵੋਟਰ ਨੂੰ ਆਪ ਜਾ ਕੇ ਫਾਰਮ ਦਾਖਲ ਕਰਨਾ ਹੋਵੇਗੇ।

## ਹਰਿਆਣਾ, ਚੰਡੀਗੜ੍ਹ ਤੇ ਹਿਮਾਚਲ ਦਾ ਚਾਰਟ

ਪੰਜਾਬ ਦੇ ਮੁਕਾਬਲੇ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਵਿਚ ਸ਼ੁਰੂ ਤੋਂ ਅਖੀਰ ਤੱਕ, ਹਾਲਤ ਇੱਕੋ ਜਿਹੀ ਰਹੀ, ਜਿਵੇਂ ਕਿ ਹੇਠਲੇ ਚਾਰਟ ਤੋਂ ਸਾਫ ਦਿਸਦਾ ਹੈ:

| | 23 ਜੁਲਾਈ ਤੱਕ | 30 ਜੁਲਾਈ ਤੱਕ | 6 ਅਗਸਤ ਤੱਕ | 14 ਅਗਸਤ ਤੱਕ |
|---|---|---|---|---|
| ਹਰਿਆਣਾ | 1,58,356 | 1,79,646 | 2,23,557 | 2,82,013 |
| ਚੰਡੀਗੜ੍ਹ | 6695 | 6871 | 7094 | 11,985 |
| ਹਿਮਾਚਲ | 6830 | 7130 | 7163 | 7200 |

## 5 ਵਜੇ ਪਿਛੋਂ ਔਰਤਾਂ ਨਹੀਂ ਬੁਲਾਈਆਂ ਜਾਣਗੀਆਂ ਥਾਣੇ

**ਲੁਧਿਆਣਾ:** ਪੰਜਾਬ ਪੁਲਿਸ ਦੇ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਨੇ ਬੀਤੀ 20 ਅਗਸਤ ਨੂੰ ਕਿਹਾ ਹੈ ਕਿ ਪੰਜਾਬ ਵਿਚ ਅੱਤਵਾਦੀ ਤੇ ਨਕਸਲੀ ਕਾਰਵਾਈਆਂ ਨੂੰ ਕੁਚਲਣ ਲਈ ਪੁਲਸ ਪੂਰੀ ਤਰ੍ਹਾਂ ਸਮਰੱਥ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਨੂੰ ਸਖਤ ਹੁਕਮ ਦਿੱਤੇ ਗਏ ਹਨ ਕਿ ਥਾਣਿਆਂ ਵਿਚ 5 ਵਜੇ ਦੇ ਬਾਅਦ ਕਿਸੇ ਵੀ ਔਰਤ ਨੂੰ ਨਾ ਬੁਲਾਇਆ ਜਾਵੇ। ਜੇਕਰ ਉਨ੍ਹਾਂ ਕੋਲ ਅਜਿਹੀ ਕੋਈ ਵੀ ਸ਼ਿਕਾਇਤ ਪੁਹੰਚੀ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।


**Realtor & Mortgage Specialist**
**Bay Area & Central Valley**

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Doing Short Sale is much better than Forclosure home.

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

**RAJ SINGH**
Cell:510-452-7370

RAJ SINGH
M.A., M.Ed Retd. Principal
Realtor & Financial Adviser
Lic#01776459 & OG22467

MISSIONPEAK BROKERS, INC.
46560 Fremont Blvd., Suite #111 Fremont, CA 94538
singhrajpaul@yahoo.com



**Wraich Transport LLC**
**North American Truck Stop**
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 909-350-3310



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

**ਜਸਪ੍ਰੀਤ ਸਿੰਘ**
**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

*Law Offices Of Jaspreet Singh*

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

# ਦਰਿਆ ਜੋੜ ਕੇ ਹੜ੍ਹ ਰੋਕੇ ਜਾ ਸਕਦੇ ਨੇ-ਬਾਂਸਲ

**ਬਠਿੰਡਾ :** ਕੇਂਦਰੀ ਜਲ ਸਰੋਤ ਮੰਤਰੀ ਪਵਨ ਕੁਮਾਰ ਬਾਂਸਲ ਨੇ ਬੀਤੀ 22 ਅਗਸਤ ਨੂੰ ਇਥੇ ਆਖਿਆ ਕਿ ਹੜ੍ਹਾਂ ਦੀ ਤਬਾਹੀ ਦਰਿਆਵਾਂ ਨੂੰ ਆਪਸ 'ਚ ਜੋੜ ਕੇ ਰੋਕੀ ਜਾ ਸਕਦੀ ਹੈ ਤੇ ਸੋਕਾ ਪੀੜਤ ਖਿੱਤੇ ਨੂੰ ਸਿੰਜਿਆ ਜਾ ਸਕਦਾ ਹੈ। ਕੇਂਦਰੀ ਮੰਤਰੀ ਨੇ ਬਠਿੰਡਾ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਦਰਿਆਵਾਂ ਨੂੰ ਆਪਸ 'ਚ ਜੋੜਨ ਦੇ ਮਾਮਲੇ 'ਚ ਸੂਬਿਆਂ ਨੂੰ ਝਿਜਕ ਨਹੀਂ ਦਿਖਾਉਣੀ ਚਾਹੀਦੀ, ਬਲਕਿ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਪੰਜਾਬ ਦਾ ਨਾਂ ਲਏ ਬਿਨਾਂ ਆਖਿਆ ਕਿ ਉਂਝ ਦਰਿਆਈ ਪਾਣੀ ਰਾਜ ਦਾ ਵਿਸ਼ਾ ਹੈ ਪ੍ਰੰਤੂ ਰਾਜ ਸਰਕਾਰ ਨੂੰ ਦਰਿਆਵਾਂ ਨੂੰ ਜੋੜਨ ਦੇ ਮਾਮਲੇ 'ਚ ਖੁੱਲ੍ਹਦਿਲੀ ਦਿਖਾਉਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਸੋਕਾ ਝੱਲ ਰਹੇ ਰਾਜਾਂ ਦੀ ਮੱਦਦ ਹੋਵੇਗੀ। ਉਨ੍ਹਾਂ ਕਿਹਾ ਕਿ ਵਾਧੂ ਪਾਣੀ ਦੂਸਰੇ ਰਾਜਾਂ ਨੂੰ ਤਬਦੀਲ ਕਰਕੇ ਨਹਿਰੀ ਪਾਣੀ ਦੇ ਮਸਲੇ ਨੂੰ ਨਜਿੱਠਿਆ ਜਾ ਸਕਦਾ ਹੈ। ਉਨ੍ਹਾਂ ਸੂਬਿਆਂ ਵਲੋਂ ਦਰਿਆਈ ਪਾਣੀਆਂ ਦੇ ਮਾਮਲੇ ਦਾ ਵਿਰੋਧ ਕਰਨ 'ਤੇ ਨਾਖੁਸ਼ੀ ਜ਼ਾਹਰ ਕੀਤੀ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਪੰਜਾਬ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਲਗਾਤਾਰ ਫੰਡ ਭੇਜੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ੁਹਰਤ ਖੱਟਣ ਲਈ ਕੇਂਦਰ ਨੂੰ ਭੰਡ ਰਹੀ ਹੈ। ਉਨ੍ਹਾਂ ਪੰਜਾਬ ਦੇ ਡੂੰਘੇ ਹੋ ਰਹੇ ਪਾਣੀਆਂ 'ਤੇ ਫਿਕਰ ਜ਼ਾਹਰ ਕਰਦਿਆਂ ਆਖਿਆ ਕਿ ਪੰਜਾਬ ਦੇ ਪਾਣੀ ਡੂੰਘੇ ਹੋ ਗਏ ਹਨ ਜਿਸ ਕਰਕੇ ਕਿਸਾਨਾਂ ਨੂੰ ਹੁਣ ਖੇਤੀ ਦੇ ਰਵਾਇਤੀ ਢੰਗਾਂ ਨੂੰ ਅਪਨਾਉਣਾ ਪਵੇਗਾ। ਉਨ੍ਹਾਂ ਦੱਸਿਆ ਕਿ ਉਤਰੀ ਭਾਰਤ ਦੇ ਸੂਬਿਆਂ ਵਲੋਂ 153 ਫੀਸਦੀ ਧਰਤੀ ਹੇਠਲਾ ਪਾਣੀ ਵਧ ਵਰਤਿਆ ਜਾ ਰਿਹਾ ਹੈ, ਜਦੋਂਕਿ ਇਸ ਦਰ ਨਾਲ ਧਰਤੀ ਰਿਚਾਰਜ ਨਹੀਂ ਹੋ ਰਹੀ ਹੈ। ਉਨ੍ਹਾਂ ਆਖਿਆ ਕਿ ਮਾਲਵੇ ਇਲਾਕੇ 'ਚ ਕੀਟਨਾਸ਼ਕਾਂ ਦੀ ਅੰਧਾਧੁੰਦ ਵਰਤੋਂ ਨੇ ਕੈਂਸਰ ਵਰਗੀਆਂ ਅਲਾਮਤਾਂ ਨੂੰ ਜਨਮ ਦਿੱਤਾ ਹੈ।



*ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਐਤਵਾਰ ਨੂੰ ਬਠਿੰਡਾ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਤੇ ਵਿਧਾਇਕ ਅਜਾਇਬ ਸਿੰਘ ਭੱਟੀ ਉਨ੍ਹਾਂ ਦੇ ਨਾਲ ਖੜ੍ਹੇ ਹੋਏ*

# ਇਲਾਜ ਬਹਾਨੇ ਸੈਰਾਂ ਕਰਦਾ ਰਿਹਾ ਉਮਰ ਕੈਦੀ ਪਿੰਕੀ

**ਚੰਡੀਗੜ੍ਹ:** ਪੰਜਾਬ ਵਿਚ ਕਾਲੇ ਦਿਨਾਂ ਦੌਰਾਨ ਬਲੈਕ ਕੈਟ ਬਣਨ ਤੋਂ ਬਾਅਦ ਪੁਲਸ ਇੰਸਪੈਕਟਰ ਦੇ ਅਹੁਦੇ 'ਤੇ ਪਹੁੰਚਣ ਵਾਲਾ ਤੇ ਇਕ ਨੌਜੁਆਨ ਨੂੰ ਮੌਤ ਦੇ ਘਾਟ ਉਤਾਰਨ ਦੇ ਦੋਸ਼ ਤਹਿਤ ਮਿਲੀ ਉਮਰ ਕੈਦ ਨੂੰ ਕੱਟ ਰਿਹਾ ਗੁਰਮੀਤ ਸਿੰਘ ਪਿੰਕੀ ਪੀ.ਜੀ.ਆਈ. ਦੇ ਡਾਕਟਰਾਂ ਦੀ ਕਥਿਤ ਮਿਲੀਭੁਗਤ ਨਾਲ ਇਲਾਜ ਦੇ ਬਹਾਨੇ ਪੀ.ਜੀ.ਆਈ. ਦੇ ਪ੍ਰਾਈਵੇਟ ਵਾਰਡ ਵਿਚ ਪਿਛਲੇ ਇਕ ਹਫਤੇ ਤੋਂ ਦਾਖਲ ਸੀ ਪਰ ਉਹ ਰਾਤ ਨੂੰ ਆਪਣੇ ਘਰ ਚਲਾ ਜਾਂਦਾ ਸੀ ਅਤੇ ਸ਼ਹਿਰ ਵਿਚ ਆਮ ਘੁੰਮਦਾ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਮੀਤ ਸਿੰਘ ਪਿੰਕੀ ਪਹਿਲਾਂ 27 ਜੂਨ ਤੋਂ ਲੈ ਕੇ 26 ਜੁਲਾਈ ਤੱਕ ਪੀ.ਜੀ.ਆਈ. 'ਚ ਦਾਖਲ ਰਿਹਾ ਸੀ। ਉਹ ਫਿਰ 10 ਅਗਸਤ ਤੋਂ ਪੀ.ਜੀ.ਆਈ. ਦੇ ਹੱਡੀਆਂ ਦੇ ਵਿਭਾਗ ਵਿਚ ਦਾਖਲ ਹੋ ਗਿਆ ਸੀ। ਕੇਂਦਰੀ ਜੇਲ੍ਹ ਪਟਿਆਲਾ ਤੋਂ ਉਸ ਨੂੰ ਪੁਲਸ ਦੇ ਹੈਡ ਕਾਂਸਟੇਬਲ ਦਰਸ਼ਨ ਸਿੰਘ ਅਤੇ ਹਰਜੀਤ ਸਿੰਘ ਪੀ.ਜੀ.ਆਈ. ਵਿਚ ਲੈ ਕੇ ਆਏ ਸਨ ਪਰ ਉਹ ਪਿੰਕੀ ਦੀ ਨਿਗਰਾਨੀ ਕਰਨ ਦੀ ਬਜਾਏ ਆਪਣੇ ਨਿੱਜੀ ਕੰਮ ਪ੍ਰਤੀ ਹੀ ਧਿਆਨ ਦਿੰਦੇ ਸਨ। ਉਹ ਉਸ ਦੇ ਨਾਲ ਨਹੀਂ ਸੀ ਰਹਿੰਦੇ ਜਿਸ ਕਾਰਨ ਪਿੰਕੀ ਖੁਲ੍ਹੇਆਮ ਘੁੰਮਦਾ ਸੀ। ਪੀ.ਜੀ.ਆਈ. ਦੇ ਡਾਕਟਰਾਂ ਨੇ ਨਾ ਤਾਂ ਉਸ ਦਾ ਗੋਡਿਆਂ ਦਾ ਆਪਰੇਸ਼ਨ ਕੀਤਾ ਅਤੇ ਨਾ ਹੀ ਉਸ ਨੂੰ ਵਾਪਸ ਜੇਲ੍ਹ ਭੇਜਿਆ। ਮੀਡੀਆ ਨੂੰ ਇਸ ਮਾਮਲੇ ਦੀ ਭਿਣਕ ਪੈਣ ਤੋਂ ਬਾਅਦ ਪੀ.ਜੀ.ਆਈ. ਦੇ ਪ੍ਰਬੰਧਕਾਂ ਨੇ ਗੱਲ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਹ ਫੈਸਲਾ ਕਰ ਲਿਆ ਕਿ ਉਸ ਨੂੰ 17 ਅਗਸਤ ਸ਼ਾਮ ਨੂੰ ਹੀ ਵਾਪਸ ਜੇਲ੍ਹ ਭੇਜ ਦਿੱਤਾ ਜਾਵੇ ਪਰ ਸ਼ਾਮ ਨੂੰ ਪਿੰਕੀ ਹਸਪਤਾਲ ਵਿਚੋਂ ਗਾਇਬ ਸੀ। ਫਿਰ ਪੀ.ਜੀ.ਆਈ. ਦੇ ਡਾਕਟਰਾਂ ਨੇ ਸਵੇਰੇ ਉਸ ਨੂੰ ਫੋਨ ਕਰਕੇ ਬੁਲਾਇਆ ਅਤੇ ਉਸ ਦੀ ਫਾਈਲ 'ਤੇ ਦਸਤਖਤ ਕਰਵਾ ਕੇ ਬੀਤੀ 18 ਅਗਸਤ ਨੂੰ ਸਵੇਰੇ 8 ਵਜੇ ਹਸਪਤਾਲ 'ਚੋਂ ਛੁੱਟੀ ਦੇ ਦਿੱਤੀ ਤੇ ਉਹ ਸ਼ਾਮੀਂ ਸਵਾ ਚਾਰ ਵਜੇ ਕੇਂਦਰੀ ਜੇਲ੍ਹ ਪਟਿਆਲਾ ਪਹੁੰਚ ਗਿਆ।

ਪਿੰਕੀ ਨੂੰ ਨਜਾਇਜ਼ ਤੌਰ 'ਤੇ ਦਾਖਲ ਰੱਖਣ ਦੇ ਮਾਮਲੇ ਸੰਬੰਧੀ ਜਦੋਂ ਪੀ.ਜੀ.ਆਈ ਦੇ ਹੱਡੀਆਂ ਦੇ ਵਿਭਾਗ ਦੇ ਮੁਖੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਸ ਨੂੰ ਇਕ ਹੋਰ ਡਾਕਟਰ ਨੇ ਦਾਖਲ ਕੀਤਾ ਸੀ ਪਰ ਹੁਣ ਪਿੰਕੀ ਨੂੰ ਬਿਨਾਂ ਕਿਸੇ ਕਾਰਨ ਤੋਂ ਪੀ.ਜੀ.ਆਈ. 'ਚ ਦਾਖਲ ਨਹੀਂ ਰਹਿਣ ਦੇਣਗੇ। ਜਦੋਂ ਉਸ ਡਾਕਟਰ ਦਾ ਪੱਖ ਜਾਣਨਾ ਚਾਹਿਆ ਤਾਂ ਉਸ ਨੇ ਦੱਸਿਆ ਕਿ ਉਸ ਨੂੰ ਇਹ ਪਤਾ ਨਹੀਂ ਸੀ ਕਿ ਗੁਰਮੀਤ ਸਿੰਘ ਇਕ ਕੈਦੀ ਹੈ ਅਤੇ ਨਾ ਹੀ ਉਸਦੇ ਨਾਲ ਪੁਲਸ ਕਰਮਚਾਰੀ ਹੁੰਦੇ ਸਨ। ਹੁਣ ਵਿਭਾਗ ਦੇ ਮੁਖੀ ਨੇ ਇਹ ਕਿਹਾ ਹੈ ਕਿ ਜਦੋਂ ਪਿੰਕੀ ਦੇ ਗੋਡਿਆਂ ਦਾ ਆਪ੍ਰੇਸ਼ਨ ਕਰਨਾ ਹੋਇਆ ਤਾਂ ਉਸ ਨੂੰ ਜਾਂ ਤਾਂ ਇਕ ਦਿਨ ਪਹਿਲਾਂ ਜਾਂ ਉਸੇ ਦਿਨ ਹੀ ਦਾਖਲ ਕੀਤਾ ਜਾਵੇਗਾ।

ਪਿੰਕੀ ਨੂੰ ਪੀ.ਜੀ.ਆਈ. ਦੇ ਵਾਰਡ ਨੰਬਰ 4 ਡੀ ਦੇ ਪ੍ਰਾਈਵੇਟ ਕਮਰਾ ਨੰਬਰ 35 ਵਿਚ ਦਾਖਲ ਕੀਤਾ ਹੋਇਆ ਸੀ ਜਦੋਂ ਕਿ ਕਾਨੂੰਨ ਮੁਤਾਬਿਕ ਕੈਦੀਆਂ ਨੂੰ ਪ੍ਰਾਈਵੇਟ ਕਮਰਾ ਨਹੀਂ ਦਿੱਤਾ ਜਾ ਸਕਦਾ। ਇਸ ਸਬੰਧੀ ਜਦੋਂ ਵਾਰਡ ਦੀ ਇੰਚਾਰਜ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਪਿੰਕੀ ਅਕਸਰ ਹੀ ਪੀ.ਜੀ.ਆਈ. ਤੋਂ ਬਾਹਰ ਚਲਾ ਜਾਂਦਾ ਸੀ। ਉਹ ਇਹ ਕਹਿੰਦਾ ਸੀ ਕਿ ਉਹ ਹਾਈਕੋਰਟ ਦੇ ਆਦੇਸ਼ਾਂ ਤਹਿਤ ਜੇਲ੍ਹ ਵਿਚੋਂ ਛੁੱਟੀ ਲੈ ਕੇ ਇਲਾਜ ਕਰਵਾਉਣ ਲਈ ਇਥੇ ਆਇਆ ਹੈ। ਇੰਚਾਰਜ ਨੇ ਇਹ ਵੀ ਦੱਸਿਆ ਕਿ ਇਕ ਅਧਿਕਾਰੀ ਦੀ ਸਿਫਾਰਸ਼ ਨਾਲ ਉਸ ਨੂੰ ਪ੍ਰਾਈਵੇਟ ਕਮਰਾ ਦਿੱਤਾ ਗਿਆ ਸੀ।

ਇਸ ਮਾਮਲੇ ਸਬੰਧੀ ਜਦੋਂ ਡੀ.ਜੀ.ਪੀ. ਜੇਲ੍ਹ ਅਨਿਲ ਕੌਸ਼ਿਕ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਜਾਂਚ ਕਰਵਾਉਣਗੇ। ਕੇਂਦਰੀ ਜੇਲ੍ਹ ਪਟਿਆਲਾ ਦੇ ਜੇਲ੍ਹ ਸੁਪਰਡੈਂਟ ਐਸ.ਪੀ. ਸਿੰਘ ਨੇ ਦੱਸਿਆ ਕਿ ਉਸ ਨੂੰ ਗੋਡਿਆਂ ਦੇ ਇਲਾਜ ਲਈ ਜੇਲ੍ਹ ਵਿਚੋਂ ਪੀ.ਜੀ.ਆਈ. ਭੇਜਿਆ ਸੀ। ਪੀ.ਜੀ.ਆਈ. ਤੋਂ ਉਹ ਬਾਹਰ ਕਿਉਂ ਚਲਾ ਜਾਂਦਾ ਸੀ, ਇਸ ਦੀ ਜ਼ਿੰਮੇਵਾਰੀ ਜਾਂ ਤਾਂ ਪੀ.ਜੀ.ਆਈ. ਪ੍ਰਬੰਧਕਾਂ ਦੀ ਹੈ ਜਾਂ ਉਸ ਨੂੰ ਜੇਲ੍ਹ ਵਿਚੋਂ ਲੈ ਕੇ ਜਾਣ ਵਾਲੇ ਪੁਲਸ ਕਰਮਚਾਰੀਆਂ ਦੀ।

ਪਿੰਕੀ ਨੇ 6 ਜਨਵਰੀ 2001 ਨੂੰ ਲੁਧਿਆਣਾ ਦੇ ਘੁਮਾਰ ਮੰਡੀ ਬਾਜ਼ਾਰ ਵਿਚ 21 ਸਾਲ ਨੌਜੁਆਨ ਅਵਤਾਰ ਸਿੰਘ ਗੋਲਾ ਨੂੰ ਗੋਲੀਆਂ ਮਾਰਕੇ ਮਾਰ ਦਿੱਤਾ ਸੀ। ਪਿੰਕੀ ਅਤੇ ਉਸ ਦੇ ਸਾਥੀ ਭੀੜ-ਭੜੱਕੇ ਵਾਲੇ ਬਾਜ਼ਾਰ ਵਿਚ ਸੜਕ 'ਤੇ ਕਾਰਾਂ ਖੜ੍ਹੀਆਂ ਕਰਕੇ ਸ਼ਰਾਬ ਪੀ ਰਹੇ ਸਨ। ਅਵਤਾਰ ਸਿੰਘ ਨੇ ਉਨ੍ਹਾਂ ਤੋਂ ਅੱਗੇ ਜਾਣ ਲਈ ਰਸਤਾ ਮੰਗਿਆ ਸੀ ਪਰ ਪਿੰਕੀ ਨੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਮੌਕੇ 'ਤੇ ਅਵਤਾਰ ਸਿੰਘ ਦਾ ਪਿਤਾ ਅਮਰੀਕ ਸਿੰਘ ਵੀ ਪਹੁੰਚ ਗਿਆ ਸੀ। ਪਿੰਕੀ ਨੇ ਦੋਵਾਂ 'ਤੇ ਗੋਲੀ ਚਲਾ ਦਿੱਤੀ ਸੀ ਜਿਸ ਕਾਰਨ ਅਵਤਾਰ ਸਿੰਘ ਦੀ ਮੌਤ ਹੋ ਗਈ ਅਤੇ ਅਮਰੀਕ ਸਿੰਘ ਬਚ ਗਿਆ ਸੀ। 4 ਸਾਲ ਪਹਿਲਾਂ ਉਸ ਨੂੰ ਉਮਰ ਕੈਦ ਹੋਈ ਸੀ।


**ਢਿਲੋਂ ਟਰੱਕ ਸਟਾਪ** Interstate 40, exit 356, San Jon, NM

**ਡੀਜ਼ਲ ਮਕੈਨਿਕ ਦੀ ਲੋੜ ਹੈ**

ਵਧੀਆ ਤਨਖਾਹ (ਖਾਣੇ ਅਤੇ ਰਿਹਾਇਸ਼ ਸਮੇਤ)
ਮਕੈਨਿਕ ਜੇ ਕਮੀਸ਼ਨ ਉਤੇ ਕੰਮ ਕਰਨਾ ਚਾਹੇ ਤਾਂ
ਉਸ ਉਤੇ ਵੀ ਵਿਚਾਰ ਹੋ ਸਕਦੀ ਹੈ

ਸੰਪਰਕ ਕਰੋ: ਕੁਲਵਿੰਦਰ ਸਿੰਘ ਢਿਲੋਂ
ਫੋਨ: 317-918-6776 ਜਾਂ 575-976-2444



**Short Sale Specialist**
**Certified HAFA Specialist**

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**
**ਗੁਰਬੰਸ ਸਿੰਘ ਗਿੱਲ ਫੋਨ: 209-815-1869**

ਜੇ ਤੁਹਾਡੇ ਘਰ ਉਤੇ ਲੋਨ ਬਹੁਤ ਜ਼ਿਆਦਾ ਹੈ ਅਤੇ ਘਰ ਦੀ ਕੀਮਤ ਅੱਜ ਦੀ ਮਾਰਕਿਟ ਕੀਮਤ ਅਨੁਸਾਰ ਬਹੁਤ ਘੱਟ ਹੈ, ਮਿਸਾਲ ਵਜੋਂ ਤੁਹਾਡੇ ਘਰ 'ਤੇ ਲੋਨ 5 ਲੱਖ ਡਾਲਰ ਹੈ ਅਤੇ ਘਰ ਦੀ ਕੀਮਤ ਢਾਈ-ਤਿੰਨ ਲੱਖ ਡਾਲਰ ਹੀ ਰਹਿ ਗਈ ਹੈ ਤਾਂ ਤੁਸੀਂ ਸ਼ਾਰਟ ਸੇਲ ਦਾ ਲਾਭ ਉਠਾ ਸਕਦੇ ਹੋ।





ਸ਼ਾਰਟ ਸੇਲ 'ਤੇ ਘਰ ਵੇਚਣ ਨਾਲ ਤੁਹਾਡਾ ਕਰੈਡਿਟ ਬਹੁਤ ਘੱਟ ਸਮੇਂ ਲਈ ਖਰਾਬ ਹੋਵੇਗਾ ਅਤੇ ਤੁਸੀਂ ਸਾਲ-ਡੇਢ ਸਾਲ ਵਿਚ ਦੁਬਾਰਾ ਘਰ ਲੈਣ ਲਈ ਕੁਆਲੀਫਾਈ ਕਰ ਸਕਦੇ ਹੋ। ਦੂਜੇ ਪਾਸੇ ਜੇ ਤੁਹਾਡਾ ਘਰ ਫੋਰਕਲੋਜ਼ਰ ਵਿਚ ਜਾਂਦਾ ਹੈ ਤਾਂ ਤੁਹਾਡਾ ਕਰੈਡਿਟ ਸੱਤ ਸਾਲ ਜਾਂ ਇਸ ਤੋਂ ਵੀ ਵੱਧ ਸਮੇਂ ਲਈ ਖਰਾਬ ਹੋ ਸਕਦਾ ਹੈ। ਜੇ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤਾਂ ਸ਼ਾਰਟ ਸੇਲ ਰਾਹੀਂ ਘਰ ਵੇਚਣ ਨਾਲ ਤੁਹਾਡਾ ਕਰੈਡਿਟ ਬਿਲਕੁਲ ਖਰਾਬ ਨਹੀਂ ਹੋਵੇਗਾ।

ਜੇ ਤੁਸੀਂ ਲੋਨ ਮੋਡੀਫਿਕੇਸ਼ਨ ਵਾਸਤੇ ਅਪਲਾਈ ਕੀਤਾ ਸੀ ਅਤੇ ਤੁਹਾਡਾ ਲੋਨ ਮੋਡੀਫਾਈ ਨਹੀਂ ਹੋਇਆ ਤਦ ਵੀ ਤੁਹਾਡਾ ਘਰ ਸ਼ਾਰਟ ਸੇਲ 'ਤੇ ਵੇਚ ਸਕਦੇ ਹਾਂ ਅਤੇ ਡੀਲ ਕਲੋਜ਼ ਹੋਣ ਤੱਕ ਤੁਸੀਂ ਆਰਾਮ ਨਾਲ ਆਪਣੇ ਘਰ ਵਿਚ ਰਹਿ ਸਕਦੇ ਹੋ।

***ਅਸੀਂ ਤੁਹਾਡਾ ਘਰ ਸ਼ਾਰਟ ਸੇਲ 'ਤੇ ਵੇਚ ਸਕਦੇ ਹਾਂ।***

ਅਸੀਂ ਟਰੇਸੀ, ਮਾਊਨਟੇਨ ਹਾਊਸ, ਮਨਟੀਕਾ, ਲੈਥਰੋਪ, ਸਟਾਕਟਨ, ਐਲਕ ਗਰੂਵ, ਸੈਕਰਾਮੈਂਟੋ ਇਲਾਕੇ ਵਿਚ ਬਹੁਤ ਘਰ ਸ਼ਾਰਟ ਸੇਲ ਵਿਚ ਵੇਚ ਚੁਕੇ ਹਾਂ।



Gurbans Singh Gill
Realtor
13 Years Experiance
in Real Estate
e-mail:gurbans@gotracy.com

REALTY WORLD Millennium

Fax:209-836-0706
www.gotracy.com

**Gurbans Gill 209-815-1869**



**Mobile Auto Service**
**Bay Area & Central Valley**

32 Years Experience

ASE Certified
Master Auto Technician
Engine Performance Specialist

ASE CERTIFIED
MASTER AUTO TECHNICIAN



Guljender Dhami

- Brakes
- Tune Up
- Timing Belts
- Water Pump
- Check Engine Light
- Electrical

ਵਾਧੂ ਖਰਚਾ ਕਿਉਂ ਕਰਦੇ ਹੋ?
ਵਧੀਆ ਸਰਵਿਸ
ਵਾਜਬ ਕੀਮਤ

Call For Appt.
510-284-9479 & 209-622-9051

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹਰਿਆਣਾ ਫਿਰ ਹੜ੍ਹਾਂ ਦੀ ਮਾਰ ਹੇਠ

*(ਸਫਾ ਇਕ ਦੀ ਬਾਕੀ)*

ਯਮੁਨਾਨਗਰ, ਕਰਨਾਲ, ਸੋਨੀਪਤ, ਪਾਣੀਪਤ, ਫਰੀਦਾਬਾਦ ਤੇ ਪਲਵਲ ਦੇ ਇਲਾਕਿਆਂ ਵਿਚ ਹੜ੍ਹਾਂ ਨੇ ਵਖ਼ਤ ਪਾਇਆ ਹੋਇਆ ਹੈ। ਪੰਜਾਬ ਸਰਕਾਰ ਨੇ ਸਤਲੁਜ ਨਾਲ ਲੱਗਦੇ ਸਾਰੇ ਜ਼ਿਲ੍ਹਿਆਂ 'ਚ ਫ਼ੌਜ ਨੂੰ ਹੜ੍ਹਾਂ ਨਾਲ ਨਜਿੱਠਣ ਲਈ ਤਿਆਰ ਰਹਿਣ ਵਾਸਤੇ ਕਿਹਾ ਹੈ।

ਜਿੱਥੇ ਪੰਜਾਬ ਵਿਚ ਸਤਲੁਜ ਤੇ ਬਿਆਸ ਦਰਿਆਵਾਂ ਨੇ ਤਬਾਹੀ ਮਚਾਈ ਹੈ ਉਥੇ ਹਰਿਆਣਾ ਵਿਚ ਯਮੁਨਾ ਨਦੀ 'ਚ ਆਏ ਹੜ੍ਹ ਕਾਰਨ ਲੋਕਾਂ ਦੇ ਸਾਹ ਸੂਤੇ ਹੋਏ ਹਨ। 24 ਅਗਸਤ ਨੂੰ ਅਨੰਦਪੁਰ ਸਾਹਿਬ ਨੇੜੇ ਸਤਲੁਜ ਦਰਿਆ ਵਿਚ ਪਿੰਡ ਬੁਰਜ ਤੇ ਲੋਦੀਪੁਰ ਦੇ ਵਿਚਕਾਰ ਬਣੇ ਬੰਨ੍ਹ 'ਚ ਕਰੀਬ 200 ਮੀਟਰ ਲੰਬਾ ਪਾੜ ਪੈਣ ਨਾਲ ਮਟੌਰ, ਬੱਲੋਵਾਲ, ਨਿੱਕੂਵਾਲ, ਹਰੀਵਾਲ, ਗੱਜਪੁਰ ਬੇਲਾ, ਲੋਦੀਪੁਰ, ਮਹਿੰਦਲੀ ਕਲਾਂ ਸਣੇ ਦਰਜਨਾਂ ਪਿੰਡਾਂ ਦੀ ਹਜ਼ਾਰਾਂ ਏਕੜ ਝੋਨੇ ਤੇ ਮੱਕੀ ਦੀ ਫਸਲ ਤਬਾਹ ਹੋ ਗਈ। ਹੜ੍ਹ ਕਾਰਨ ਨਵਾਂਸ਼ਹਿਰ ਤੇ ਜਲਾਲਾਬਾਦ ਦੇ ਸਰੱਹਦੀ ਪਿੰਡਾਂ ਵਿਚ ਵੀ ਹਜ਼ਾਰਾਂ ਏਕੜ ਫ਼ਸਲ ਪਾਣੀ 'ਚ ਡੁੱਬ ਗਈ। ਦਰਿਆ 'ਚ ਪਾਣੀ ਵਧਣ ਕਾਰਨ ਜਲੰਧਰ-ਫਿਰੋਜ਼ਪੁਰ ਰੇਲ ਮਾਰਗ 'ਤੇ ਰੇਲ ਆਵਾਜਾਈ ਠੱਪ ਹੋ ਗਈ।

ਉਧਰ ਮੌਸਮ ਵਿਭਾਗ ਅਨੁਸਾਰ ਹਿਮਾਚਲ, ਪੰਜਾਬ ਤੇ ਹਰਿਆਣਾ ਵਿਚ ਲਗਾਤਾਰ ਜਾਰੀ ਬਾਰਸ਼ ਕਾਰਨ ਭਾਖੜਾ ਤੇ ਪੌਂਗ ਡੈਮ ਦਾ ਪਾਣੀ ਲਗਾਤਾਰ ਵਧ ਰਿਹਾ ਹੈ ਜਿਸ ਨਾਲ ਹੜ੍ਹ ਦੀ ਸਥਿਤੀ ਹੋਰ ਗੰਭੀਰ ਹੋਣ ਦਾ ਖ਼ਤਰਾ ਵਧ ਗਿਆ ਹੈ। ਭਾਖੜਾ ਡੈਮ 'ਚ ਪਾਣੀ ਦਾ ਪੱਧਰ 1674 ਫੁੱਟ ਤੇ ਪੌਂਗ ਡੈਮ 'ਚ 1376 ਫੁੱਟ 'ਤੇ ਪਹੁੰਚਣ ਕਾਰਨ ਦੋਵਾਂ ਡੈਮਾਂ ਨੂੰ ਖ਼ਤਰਾ ਪੈਦਾ ਹੋ ਗਿਆ ਕਿਉਂਕਿ ਦੋਵਾਂ ਦਾ ਖਤਰੇ ਦਾ ਨਿਸ਼ਾਨ 1680 ਤੇ 1390 ਫੁੱਟ ਹੈ। ਖ਼ਤਰੇ ਵਾਲੀ ਸਥਿਤੀ ਨਾਲ ਨਜਿੱਠਣ ਲਈ ਭਾਖੜਾ ਬਿਆਸ ਪ੍ਰਬੰਧਕ ਬੋਰਡ ਨੇ ਹੰਗਾਮੀ ਮੀਟਿੰਗ ਬੁਲਾਈ ਹੈ। ਹਿਮਾਚਲ ਪ੍ਰਦੇਸ਼ ਵਿਚ ਵੀ ਮੀਂਹ ਤੇ ਹੜ੍ਹਾਂ ਨਾਲ ਸੜਕਾਂ ਤੇ ਪੁਲਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਮਿਲੀ ਜਾਣਕਾਰੀ ਅਨੁਸਾਰ 24 ਅਗਸਤ ਤੱਕ ਭਾਖੜਾ ਡੈਮ ਵਿਚ 1674 ਫੁੱਟ ਪਾਣੀ ਸੀ ਜਦੋਂਕਿ ਪ੍ਰਵਾਨਿਤ ਪੱਧਰ 1680 ਫੁੱਟ ਹੈ। ਭਾਖੜਾ ਡੈਮ 'ਚ 68909 ਕਿਊਸਿਕ ਪਾਣੀ ਆ ਰਿਹਾ ਹੈ ਤੇ 61320 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਭਾਖੜਾ ਡੈਮ ਵਿਚ ਵੱਧ ਤੋਂ ਵੱਧ ਪਾਣੀ ਦਾ ਪੱਧਰ 1680 ਫੁੱਟ ਰੱਖਿਆ ਜਾ ਸਕਦਾ ਹੈ। ਭਾਖੜਾ ਦੀ ਗੋਬਿੰਦ ਸਾਗਰ ਝੀਲ ਵਿਚ ਫਲੱਡ ਗੇਟ ਖੋਲ੍ਹੇ ਜਾਣ ਦੇ ਬਾਵਜੂਦ ਰੋਜ਼ਾਨਾ ਇੱਕ ਫੁੱਟ ਪਾਣੀ ਵਧ ਰਿਹਾ ਹੈ। ਪੌਂਗ ਡੈਮ ਵਿਚ ਰੋਜ਼ਾਨਾ 70 ਹਜ਼ਾਰ ਕਿਊਸਿਕ ਪਾਣੀ ਆ ਰਿਹਾ ਹੈ ਤੇ ਅਗਲੇ ਹਫ਼ਤੇ ਤੱਕ ਇਹ ਪ੍ਰਵਾਨਿਤ ਪੱਧਰ 1390 ਫੁੱਟ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਰਣਜੀਤ ਸਾਗਰ ਡੈਮ ਵਿਚ ਵੀ ਪਾਣੀ ਤੇਜ਼ੀ ਨਾਲ ਭਰ ਰਿਹਾ ਹੈ ਤੇ ਪ੍ਰਵਾਨਿਤ ਪੱਧਰ ਤੋਂ ਮਹਿਜ਼ 2-3 ਮੀਟਰ ਹੀ ਘੱਟ ਹੈ।



*ਖਹਿਰਾ ਬੇਟ ਨੇੜੇ ਸਤਲੁਜ ਦੇ ਬੰਨ੍ਹ ਨੂੰ ਬਚਾਉਣ ਦੇ ਯਤਨ*

ਸਤਲੁਜ ਦਰਿਆ ਵਿਚ ਆਏ ਹੜ੍ਹ ਕਾਰਨ ਨੂਰਪੁਰ ਬੇਦੀ ਨੇੜਲੇ ਪਿੰਡ ਬੁਰਜ, ਗੱਜਪੁਰ, ਨੀਲਾ ਸ਼ਾਹਪੁਰ, ਉਪਰਲਾ ਸ਼ਾਹਪੁਰ, ਅਮਰਪੁਰ ਬੇਲਾ ਤੇ ਕਰਤਾਰਪੁਰ ਪਾਣੀ ਨਾਲ ਬੁਰੀ ਤਰ੍ਹਾਂ ਘਿਰ ਗਏ ਹਨ ਤੇ ਇਨ੍ਹਾਂ ਦਾ ਤੇ ਆਲੇ-ਦੁਆਲੇ ਦੇ ਪਿੰਡਾਂ ਨਾਲੋਂ ਸੰਪਰਕ ਟੁੱਟ ਗਿਆ ਹੈ। ਪਿੰਡ ਬੁਰਜ ਵਿਚ ਕਰੀਬ ਦੋ-ਢਾਈ ਫੁੱਟ ਪਾਣੀ ਘੁੰਮ ਰਿਹਾ ਹੈ। ਹੜ੍ਹ ਦੇ ਪਾਣੀ ਨਾਲ ਸੈਂਕੜੇ ਏਕੜ ਮੱਕੀ ਦੀ ਫਸਲ ਪਾਣੀ ਵਿਚ ਡੁੱਬਣ ਕਾਰਨ ਪੂਰੀ ਤਰ੍ਹਾਂ ਬਰਬਾਦ ਹੋ ਗਈ ਹੈ ਤੇ ਪਸ਼ੂਆਂ ਦਾ ਬੁਰਾ ਹਾਲ ਹੈ। ਅਨੰਦਪੁਰ ਸਾਹਿਬ ਨੇੜੇ ਸਤਲੁਜ ਦਰਿਆ ਦੇ ਕੰਢੇ ਵਸਦੇ ਪਿੰਡਾਂ ਲੋਧੀਪੁਰ, ਬੁਰਜ, ਹਰੀਆਲ, ਮਹਿੰਦਲੀ ਕਲਾਂ, ਨਿੱਕੂਵਾਲ ਵਿਚ ਪਾਣੀ ਘਰਾਂ ਅੰਦਰ ਦਾਖਲ ਹੋ ਗਿਆ ਹੈ। ਘਰੇਲੂ ਸਾਮਾਨ ਤੇ ਫਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ। ਲੋਕਾਂ ਨੂੰ ਕਿਸ਼ਤੀਆਂ ਰਾਹੀਂ ਘਰਾਂ 'ਚੋਂ ਕੱਢਿਆ ਗਿਆ। ਇਸੇ ਤਰ੍ਹਾਂ ਹੜ੍ਹ ਨਾਲ ਘਿਰੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਮੁਹਾਰ ਜਮਸ਼ੇਰ ਉਰਫ਼ ਦਿਲਾਵਰ ਭੈਣੀ ਵਿਖੇ ਹੜ੍ਹਾਂ ਨੂੰ ਦੇਖ ਇੱਕ ਔਰਤ ਦੀ ਮੌਤ ਹੋ ਗਈ। ਫਿਲੌਰ ਦੇ ਸਤਲੁਜ ਦਰਿਆ ਨਾਲ ਲੱਗਦੇ ਧੁਸੀ ਬੰਨ੍ਹਾਂ ਨੇੜਲੇ ਝੰਡੀ ਪੀਰ, ਕਡਿਆਣਾ, ਛੌਅਲੇ, ਬਜਾੜ, ਅਚਾਨਚੱਕ, ਕਤਪਾਲੋ ਪਿੰਡਾਂ ਦੀਆਂ ਫਸਲਾਂ ਵਿਚ 6-6 ਫੁੱਟ ਤੱਕ ਪਾਣੀ ਆ ਗਿਆ।

ਭਾਖੜਾ ਡੈਮ ਦੇ ਫਲੱਡ ਗੇਟਾਂ ਵਿਚੋਂ ਲਗਾਤਾਰ ਪਾਣੀ ਛੱਡੇ ਜਾਣ ਕਰਕੇ ਪੰਜਾਬ ਦੇ ਕਈ ਹੋਰ ਪਿੰਡਾਂ ਵਿਚ ਹੜ੍ਹ ਆਉਣ ਦੇ ਆਸਾਰ ਪੈਦਾ ਹੁੰਦੇ ਜਾ ਰਹੇ ਹਨ। ਉਚ ਸਰਕਾਰੀ ਸੂਤਰਾਂ ਅਨੁਸਾਰ ਭਾਖੜਾ ਡੈਮ ਦੇ ਖੋਲ੍ਹੇ ਗਏ ਫਲੱਡ ਗੇਟ ਉਦੋਂ ਤੱਕ ਹੁਣ ਖੁੱਲ੍ਹੇ ਹੀ ਰਹਿਣਗੇ ਜਦੋਂ ਤੱਕ ਡੈਮ ਦੇ ਪਾਣੀ ਦਾ ਪੱਧਰ ਨਿਰਧਾਰਿਤ ਪੱਧਰ ਤੋਂ ਨੀਵਾਂ ਨਹੀਂ ਆ ਜਾਂਦਾ। ਇਸ ਵੇਲੇ ਭਾਖੜਾ ਡੈਮ ਵਿਚ 85000 ਕਿਊਸਿਕ ਪਾਣੀ ਆ ਰਿਹਾ ਹੈ ਜਦੋਂਕਿ ਪਹਿਲਾਂ ਇਸ ਦੀ ਮਿਕਦਾਰ 74000 ਕਿਊਸਿਕ ਤੱਕ ਸੀ। ਪੰਜਾਬ ਦੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਭਾਖੜਾ ਡੈਮ ਵਿਚ ਪਾਣੀ ਆਉਣ ਦੀ ਇਹੀ ਰਫਤਾਰ ਰਹੀ ਤਾਂ ਡੈਮ ਵਿਚੋਂ ਪਾਣੀ ਵੱਧ ਛੱਡਿਆ ਜਾ ਸਕਦਾ ਹੈ, ਉਸ ਨਾਲ ਵੱਧ ਨੁਕਸਾਨ ਦੀ ਸੰਭਾਵਨਾ ਹੈ।

ਇਹ ਵੀ ਜਾਣਕਾਰੀ ਮਿਲੀ ਹੈ ਕਿ ਜਿਸ ਤਰ੍ਹਾਂ ਪਾਣੀ ਭਾਖੜਾ ਡੈਮ ਤੇ ਪੌਂਗ ਡੈਮ ਵਿਚ ਵਧ ਰਿਹਾ ਹੈ, ਉਸੇ ਤਰ੍ਹਾਂ ਕੁਝ ਸਾਲ ਪਹਿਲਾਂ ਪੰਜਾਬ ਦਾ ਸਾਹ ਸੁਕਾਉਣ ਵਾਲੀ ਪਾਰਛੂ ਝੀਲ ਵਿਚ ਵੀ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਕਿਹਾ ਜਾ ਰਿਹਾ ਹੈ ਜੇਕਰ ਅਗਰ ਚੀਨ ਵਿਚਲੀ ਇਸ ਝੀਲ ਵਿਚੋਂ ਚੀਨੀ ਪ੍ਰਸ਼ਾਸਨ ਵੱਲੋਂ ਪਾਣੀ ਛੱਡ ਦਿੱਤਾ ਗਿਆ ਤਾਂ ਸਥਿਤੀ ਹੋਰ ਮਾੜੀ ਹੋ ਸਕਦੀ ਹੈ। ਜ਼ਿਕਰਯੋਗ ਹੈ ਸਾਲ 2004 ਦੌਰਾਨ ਪਾਰਛੂ ਕਰਕੇ ਹਿਮਾਚਲ ਤੇ ਪੰਜਾਬ ਨੂੰ ਕਾਫੀ ਖ਼ਤਰਾ ਮਹਿਸੂਸ ਹੋਇਆ ਸੀ। ਜ਼ਿਕਰਯੋਗ ਹੈ ਕੁਝ ਦਿਨ ਪਹਿਲਾਂ ਭਾਖੜਾ ਬਿਆਸ ਪ੍ਰਬੰਧਕ ਬੋਰਡ ਵੱਲੋਂ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਅਧਿਕਾਰੀਆਂ ਨਾਲ ਬੈਠਕ ਕਰਕੇ ਇਹ ਫ਼ੈਸਲਾ ਕੀਤਾ ਸੀ ਕਿ ਭਾਖੜਾ ਡੈਮ ਦਾ ਪੱਧਰ 1670 ਫੁੱਟ ਤੱਕ ਰੱਖਿਆ ਜਾਵੇ ਹਾਲਾਂਕਿ ਪਾਣੀ ਦਾ ਪੱਧਰ ਅਗਰ 1680 ਫੁੱਟ ਤੱਕ ਵੀ ਚਲਾ ਜਾਵੇ ਤਾਂ ਕੋਈ ਖ਼ਤਰਾ ਨਹੀਂ ਪਰ ਬੋਰਡ ਦੇ ਅਧਿਕਾਰੀ ਇਸ ਪੱਧਰ ਨੂੰ ਕਿਸੇ ਹੰਗਾਮੀ ਸਥਿਤੀ ਲਈ ਵਰਤਣਾ ਚਾਹੁੰਦਾ ਹੈ। ਉਧਰ ਹਿਮਾਚਲ ਵਿਚ ਹੋਈ ਭਾਰੀ ਬਾਰਿਸ਼ ਕਾਰਨ ਸਤਲੁਜ ਦਰਿਆ 'ਚ ਆਏ ਹੜ੍ਹ ਨਾਲ ਅਨੇਕਾਂ ਪਿੰਡ ਪਾਣੀ 'ਚ ਘਿਰ ਗਏ ਹਨ। ਯਮੁਨਾਨਗਰ ਨੇੜੇ ਹਥਨੀਕੁੰਡ ਬੰਨ੍ਹ ਤੋਂ ਪਾਣੀ ਛੱਡੇ ਜਾਣ ਕਾਰਨ ਯਮੁਨਾਨਗਰ, ਕਰਨਾਲ, ਸੋਨੀਪਤ, ਪਾਣੀਪਤ, ਫਰੀਦਾਬਾਦ ਤੇ ਪਲਵਲ ਦੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਚੌਕਸ ਕਰ ਦਿੱਤਾ ਗਿਆ ਹੈ।

# ਕਾਲੇ ਧਨ ਬਾਰੇ ਦੱਸਣ ਲਈ ਸਵਿਸ ਬੈਂਕਾਂ ਨੇ ਹੁੰਗਾਰਾ ਭਰਿਆ

**ਨਵੀਂ ਦਿੱਲੀ:** ਕਾਲਾ ਧਨ ਜਮ੍ਹਾਂ ਕਰਨ ਨੂੰ ਲੈ ਕੇ ਆਲੋਚਨਾ ਝੱਲ ਰਹੇ ਸਵਿਸ ਬੈਂਕ ਕਾਲੇ ਧਨ ਸਬੰਧੀ ਜਾਣਕਾਰੀਆਂ ਕੁਝ ਸ਼ਰਤਾਂ ਤੇ ਦੇਣ ਨੂੰ ਤਿਆਰ ਹਨ। ਸਵਿਸ ਬੈਂਕਾਂ ਨੇ ਕਾਲਾ ਧੰਨ ਜਮ੍ਹਾਂ ਕਰਵਾਉਣ ਵਾਲੇ ਸ਼ੱਕੀ ਵਿਦੇਸ਼ੀਆਂ ਦੀ ਜਾਣਕਾਰੀ ਸਾਂਝੀ ਕਰਨ ਦੇ ਲਈ 4 ਸ਼ਰਤਾਂ ਰੱਖੀਆਂ ਹਨ। ਇਸ ਦੇ ਤਹਿਤ ਸਬੰਧਿਤ ਦੇਸ਼ ਦੇ ਕਰ ਵਿਭਾਗ ਨੂੰ ਲਿਖਤੀ ਰੂਪ ਵਿਚ ਸ਼ੱਕੀ ਵਿਅਕਤੀ ਦਾ ਨਾਂ, ਦੋਸ਼ ਦਾ ਵੇਰਵਾ, ਸ਼ੱਕ ਦੀ ਵਜ੍ਹਾ ਅਤੇ ਸੰਬੰਧਿਤ ਬੈਂਕ ਸ਼ਾਖਾ ਦਾ ਨਾਂ ਪਤਾ ਦੱਸਣਾ ਹੋਵੇਗਾ।

ਇਧਰ ਬੇਨਾਮੀ ਖਾਤਿਆਂ ਦੀ ਜਾਣਕਾਰੀ ਸਾਂਝੀ ਕਰਨ ਦੇ ਲਈ ਸੀ.ਬੀ.ਟੀ. ਡੀ ਟੀ ਅਤੇ ਦੇਸ਼ ਦੀ ਖੁਫੀਆ ਇਕਾਈ ਨੇ ਇਕ ਸਹਿਮਤੀ ਪੱਤਰ 'ਤੇ ਦਸਖਤ ਕੀਤੇ ਹਨ। ਇਸ ਨਾਲ ਦੇਸ਼ ਤੋਂ ਬਾਹਰ ਕਾਲਾ ਧਨ ਜਮ੍ਹਾਂ ਕਰਵਾਉਣ ਵਾਲਿਆਂ ਦੁਆਲੇ ਹੁਣ ਜ਼ਿਆਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਪਤਾ ਲੱਗ ਸਕੇਗਾ।

**ਯਾਦ ਰਹੇ** ਇਕ ਅੰਦਾਜ਼ੇ ਅਨੁਸਾਰ ਸਵਿਸ ਬੈਂਕਾਂ ਵਿਚ ਭਾਰਤੀਆਂ ਦੇ ਕਰੀਬ 728 ਖਰਬ (70 ਲੱਖ ਕਰੋੜ) ਰੁਪਏ (1456 ਅਰਬ ਅਮਰੀਕੀ ਡਾਲਰ) ਜਮ੍ਹਾਂ ਹਨ। ਇਹ ਸਾਰਾ ਧਨ ਹੈ ਬੇਈਮਾਨ ਉਦਯੋਗਪਤੀਆਂ, ਭ੍ਰਿਸ਼ਟ ਰਾਜਨੀਤੀਵਾਨਾਂ ਦਾ, ਭ੍ਰਿਸ਼ਟ ਆਈ.ਏ.ਐਸ. ਆਈ.ਆਰ.ਐਸ., ਆਈ.ਪੀ.ਐਸ. ਅਫਸਰਾਂ ਦਾ। ਇਸ ਧਨ ਦੇ ਮਾਮਲੇ ਵਿਚ ਦੇਖਿਆ ਜਾਵੇ ਤਾਂ ਭਾਰਤ ਸਭ ਦੇਸ਼ਾਂ ਦਾ ਪ੍ਰਧਾਨ ਦੇਸ਼ ਕਿਹਾ ਜਾ ਸਕਦਾ ਹੈ। ਦੂਜੇ ਨੰਬਰ 'ਤੇ ਰੂਸ ਹੈ। ਜੋ ਭਾਰਤ ਦੇ ਮੁਕਾਬਲੇ ਕਿਤੇ ਪਿੱਛੇ ਹੈ। ਕਾਲਾ ਧਨ ਜਮ੍ਹਾਂ ਕਰਵਾਉਣ ਦੇ ਮਾਮਲੇ ਵਿਚ 5 ਪ੍ਰਮੁੱਖ ਦੇਸ਼ਾਂ ਵਿਚ ਹਾਲਾਂਕਿ ਅਮਰੀਕਾ ਦਾ ਨਾਂ ਨਹੀਂ ਆਉਂਦਾ ਪਰ ਭਾਰਤ ਕੋਲ ਏਨਾ ਕਾਲਾ ਧਨ ਹੈ ਕਿ ਦੂਜੇ ਚਾਰ ਪ੍ਰਮੁੱਖ ਦੇਸ਼ਾਂ ਦੇ ਕੋਲ ਵੀ ਸ਼ਾਇਦ ਏਨਾ ਧਨ ਨਹੀਂ ਹੈ। ਇਹ ਕਾਲਾ ਧਨ ਭਾਰਤ ਦੇ ਵਿਦੇਸ਼ੀ ਕਰਜ਼ੇ ਦਾ 12 ਗੁਣਾ ਬਣਦਾ ਹੈ। ਜੇ ਕਾਲੇ ਧਨ ਦੀ ਇਸ ਵਾਧੂ ਧਨ ਰਾਸ਼ੀ ਦਾ ਵਿਆਜ਼ ਵੀ ਲਾਇਆ ਜਾਵੇ ਤਾਂ ਇਹ ਕੇਂਦਰ ਸਰਕਾਰ ਦੇ ਸਾਲਾਨਾ ਬਜਟ ਤੋਂ ਵੀ ਜ਼ਿਆਦਾ ਹੋਵੇਗਾ। ਇਹ ਸਾਰਾ ਧਨ ਮਿਲਣ 'ਤੇ ਟੈਕਸ ਵੀ ਖਤਮ ਕਰ ਦਿੱਤੇ ਜਾਣ ਤਾਂ ਵੀ ਸਰਕਾਰ ਦੇਸ਼ ਨੂੰ ਚੰਗੀ ਤਰ੍ਹਾਂ ਚਲਾ ਸਕੇਗੀ।

ਸਵਿਸ ਬੈਂਕ ਐਸੋਸੀਏਸ਼ਨ ਦੀ 2006 ਦੀ ਰਿਪੋਰਟ ਅਨੁਸਾਰ ਕਾਲਾ ਧਨ ਜਮ੍ਹਾਂ ਕਰਵਾਉਣ ਵਾਲੇ 5 ਪ੍ਰਮੁੱਖ ਦੇਸ਼, ਭਾਰਤ 1456 ਅਰਬ ਡਾਲਰ, ਰੂਸ 470 ਅਰਬ ਡਾਲਰ, ਬ੍ਰਿਟੇਨ 390 ਅਰਬ ਡਾਲਰ, ਯੂਕਰੇਨ 100 ਅਰਬ ਡਾਲਰ, ਚੀਨ 96 ਅਰਬ ਡਾਲਰ।

# ਪ੍ਰਮਾਣੂ ਜ਼ਿੰਮੇਵਾਰੀ ਬਿੱਲ ਬਾਰੇ...

*(ਸਫਾ ਇਕ ਦੀ ਬਾਕੀ)*

ਆਇਆ ਕਿ ਭਾਰਤ ਸਰਕਾਰ ਵਿਦੇਸ਼ੀ ਪ੍ਰਮਾਣੂ ਖਿਡਾਰੀਆਂ ਲਈ ਹੋਰ ਵੀ ਖੁੱਲਦਿਲੀ ਵਿਖਾ ਰਹੀ ਹੈ। ਸਟੈਂਡਿੰਗ ਕਮੇਟੀ, ਜਿਸ ਦੇ ਦੋ ਖੱਬੇ ਪੱਖੀ ਮੈਂਬਰਾਂ ਨੇ ਆਪਣੀ ਅਸਹਿਮਤੀ ਦਰਜ ਕਰਵਾਈ ਹੈ, ਨੇ ਸਾਰਾ ਕੁਝ ਆਪਸੀ ਸੌਦੇਬਾਜ਼ੀ 'ਤੇ ਛੱਡ ਦਿੱਤਾ ਹੈ ਤੇ ਇੰਜ ਕਰਕੇ ਵਿਦੇਸ਼ੀ ਖਿਡਾਰੀਆਂ ਨੂੰ ਕਿਸੇ ਵੀ ਜ਼ਿੰਮੇਵਾਰੀ ਤੋਂ ਮੁਕਤ ਕਰ ਦਿੱਤਾ ਹੈ।

ਹੁਣ ਪ੍ਰਮਾਣੂ ਬਾਲਣ ਤੇ ਮਸ਼ੀਨਰੀ ਸਪਲਾਈ ਕਰਨ ਵਾਲੀਆਂ ਕੰਪਨੀਆਂ ਜਾਂ ਦੇਸ਼ ਭਾਰਤ 'ਚ ਨਿਝੱਕ ਹੋ ਕੇ ਆਪਣੀ ਖਤਰਨਾਕ ਖੇਡ ਖੇਡ ਸਕਦੇ ਹਨ, ਜਿਵੇਂ ਉਨ੍ਹਾਂ ਨੇ ਯੂਨੀਅਨ ਕਾਰਬਾਈਡ ਦੇ ਮਾਮਲੇ 'ਚ ਕੀਤਾ ਸੀ। ਅਸਲ 'ਚ ਵਿਦੇਸ਼ੀ ਕੰਪਨੀਆਂ ਨੂੰ ਜ਼ਿੰਮੇਵਾਰੀ ਤੋਂ ਮੁਕਤ ਕਰਨ ਪਿੱਛੇ ਅਮਰੀਕੀ ਦਬਾਅ ਕੰਮ ਕਰ ਰਿਹਾ ਹੈ। ਡਾ. ਮਨਮੋਹਨ ਸਿੰਘ ਦੀ ਸਰਕਾਰ ਲਿਫ ਕੇ ਅਮਰੀਕਾ ਨਾਲ ਇਸ ਤਰ੍ਹਾਂ ਦੇ ਰਣਨੀਤਕ ਸਮਝੌਤੇ ਕਰ ਰਹੀ ਹੈ, ਜਿਨ੍ਹਾਂ ਦਾ ਆਪਣੇ ਹਿਸਾਬ ਉਹ ਕੌਮੀ ਹਿੱਤ 'ਚ ਹੋਣ ਦਾ ਦਾਅਵਾ ਕਰਦੀ ਹੈ।

ਇੱਥੇ ਇਹ ਤੱਥ ਵਿਚਾਰਨਾ ਕੁਥਾਵੇਂ ਨਹੀਂ ਹੋਵੇਗਾ ਕਿ ਜੇਕਰ ਕੋਈ ਪ੍ਰਮਾਣੂ ਹਾਦਸਾ ਅਮਰੀਕਾ 'ਚ ਵਾਪਰ ਜਾਂਦਾ ਹੈ ਜਾਂ ਅਮਰੀਕੀ ਸਰਕਾਰ ਸਬੰਧਤ ਕੰਪਨੀ ਨਾਲ ਕਿਸ ਤਰ੍ਹਾਂ ਦਾ ਵਰਤਾਅ ਕਰਦੀ ਹੈ? ਪਹਿਲੀ ਗੱਲ ਤਾਂ ਇਹ ਹੈ ਕਿ ਅਮਰੀਕਾ ਵਿਚ ਪੀੜਤ ਵਿਅਕਤੀਆਂ ਨੂੰ ਦਿੱਤੇ ਜਾਣ ਵਾਲਾ ਮੁਆਵਜ਼ਾ ਭਾਰਤ ਨਾਲੋਂ ਕਈ ਸੌ ਗੁਣਾ ਵਧ ਹੈ। ਇਸ ਦਾ ਮਤਲਬ ਹੈ ਕਿ ਇਕ ਅਮਰੀਕੀ ਦੀ ਜਾਨ ਦਾ ਮੁੱਲ ਸੈਂਕੜੇ ਭਾਰਤੀਆਂ ਦੇ ਬਰਾਬਰ ਹੈ। ਦੂਜਾ, ਅਮਰੀਕਾ ਵਿਚ ਜੇਕਰ ਕੋਈ ਵੀ ਵਿਦੇਸ਼ੀ ਕੰਪਨੀ ਕਿਸੇ ਹਾਦਸੇ ਦਾ ਕਾਰਨ ਬਣਦੀ ਹੈ ਤਾਂ ਅਮਰੀਕੀ ਸਰਕਾਰ ਉਸ ਨੂੰ ਸਾਰੇ ਨੁਕਸਾਨ ਲਈ ਜ਼ਿੰਮੇਵਾਰ ਠਹਿਰਾਉਂਦੀ ਹੈ। ਇਹ ਬੜੀ ਵਿਡੰਬਣਾ ਵਾਲੀ ਗੱਲ ਹੈ ਕਿ ਉਹ ਹੀ ਅਮਰੀਕੀ ਸਰਕਾਰ ਆਪਣੀਆਂ ਕੰਪਨੀਆਂ ਨੂੰ ਤੀਜੇ ਜਗਤ ਦੇ ਦੇਸ਼ਾਂ ਵਿਚ ਅਜਿਹੀ ਜ਼ਿੰਮੇਵਾਰੀ ਤੋਂ ਮੁਕਤ ਰੱਖਣਾ ਚਾਹੁੰਦੀ ਹੈ। ਇਸ ਤੋਂ ਅਮਰੀਕੀ ਸਰਕਾਰ ਦਾ 'ਨਸਲਵਾਦੀ' ਨਜ਼ਰੀਆ ਵੀ ਸਾਹਮਣੇ ਆ ਜਾਂਦਾ ਹੈ।

# ਹਰੀ ਸ਼ੰਕਰ ਬ੍ਰਹਮਾ ਚੋਣ ਕਮਿਸ਼ਨਰ ਬਣੇ

**ਨਵੀਂ ਦਿੱਲੀ :** ਆਂਧਰਾ ਪ੍ਰਦੇਸ਼ ਕੇਡਰ ਦੇ 1975 ਬੈਚ ਦੇ ਆਈ.ਏ.ਐਸ. ਅਫਸਰ ਹਰੀ ਸ਼ੰਕਰ ਬ੍ਰਹਮਾ ਨੂੰ ਬੀਤੀ 24 ਅਗਸਤ ਨੂੰ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਗਿਆ। ਉਹ ਪਹਿਲਾਂ ਕੇਂਦਰੀ ਬਿਜਲੀ ਸਕੱਤਰ ਦੇ ਅਹੁਦੇ 'ਤੇ ਵੀ ਰਹਿ ਚੁੱਕੇ ਹਨ। ਉਨ੍ਹਾਂ ਦੀ ਨਿਯੁਕਤੀ ਉਨ੍ਹਾਂ ਦੇ ਚਾਰਜ ਸੰਭਾਲਣ ਦੀ ਮਿਤੀ ਤੋਂ ਹੀ ਮੰਨੀ ਜਾਵੇਗੀ। ਉਹ ਐਸ.ਵਾਈ. ਕੁਰੈਸ਼ੀ ਦੇ ਮੁੱਖ ਚੋਣ ਕਮਿਸ਼ਨਰ ਬਣਨ ਨਾਲ ਖਾਲੀ ਹੋਈ ਥਾਂ 'ਤੇ ਨਿਯੁਕਤ ਕੀਤੇ ਗਏ ਹਨ। ਜੇ.ਐਮ. ਲਿੰਗਦੋਹ ਤੋਂ ਪਿੱਛੋਂ ਉਹ ਉੱਤਰ ਪੂਰਬ ਨਾਲ ਸਬੰਧਤ ਦੂਸਰੇ ਵਿਅਕਤੀ ਹਨ ਜੋ ਚੋਣ ਕਮਿਸ਼ਨਰ ਨਿਯੁਕਤ ਹੋਏ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਕਸ਼ਮੀਰੀ ਸਿੱਖਾਂ ਨੂੰ ਡਰਨ ਦੀ ਲੋੜ ਨਹੀਂ-ਚਿਦੰਬਰਮ**

-ਜੇ ਉਨ੍ਹਾਂ ਨੂੰ ਵਰ੍ਹਦੀਆਂ ਗੋਲੀਆਂ 'ਚ ਡਰਨ ਦੀ ਲੋੜ ਨਹੀਂ ਤਾਂ ਥੋਨੂੰ ਰਾਜਧਾਨੀ 'ਚ ਕੀ ਬਿੱਜ ਪੈਂਦੀ ਐ, ਗਾਰਦ ਦੀਆਂ ਪਲਟਨਾਂ ਲਈ ਫਿਰਦੇ ਓਂ।

***ਸੰਸਦ ਮੈਂਬਰ ਤਨਖਾਹ ਵਿਚ ਤਿੰਨ ਗੁਣਾ ਵਾਧੇ ਤੋਂ ਵੀ ਨਾਖੁਸ਼।**

-ਕਰੋੜਾਂ ਕਮਾਉਣ ਵਾਲਿਆਂ ਲਈ ਭਲਾ ਹਜ਼ਾਰਾਂ ਦੀ ਕੀ ਅਹਿਮੀਅਤ?

***ਬਾਦਲ ਨੌਜਵਾਨਾਂ ਨੂੰ ਕੱਚੀਆਂ ਨੌਕਰੀਆਂ ਵੰਡ ਰਿਹੈ ਪਰ ਆਪਣੇ ਪੁੱਤਰ ਦਾ ਰਾਜ ਪੱਕਾ ਕਰਨਾ ਚਾਹੁੰਦੈ-ਬੀਬੀ ਬਰਨਾਲਾ।**

-ਯਾਨਿ ਤੁਸੀਂ ਲੋਕਾਂ ਦਿਆਂ ਪੁੱਤਾਂ ਨੂੰ ਰਾਜ ਦਿਵਾਉਣ ਲਈ ਪਾਪੜ ਵੇਲਣ ਡਹੇਂ ਓਂ?

***ਪੰਥਕ ਮਸਲੇ ਕੇਵਲ ਅਕਾਲ ਤਖਤ 'ਤੇ ਹੀ ਵਿਚਾਰੇ ਜਾ ਸਕਦੇ ਹਨ-ਗਿਆਨੀ ਗੁਰਬਚਨ ਸਿੰਘ**

-ਕਿਉਂਕਿ ਅਸੀਂ ਸਿਰਫ ਵਿਚਾਰ ਹੀ ਸਕਦੇ ਹਾਂ, ਹੱਲ ਕੱਢਣਾ ਸਾਡੇ ਵੱਸ ਦਾ ਰੋਗ ਨਹੀਂ।

***ਬਾਬੇ ਨਾਨਕ ਦਾ ਉਚਾ ਦਰ ਵੀ ਉਸਾਰੋ ਤੇ ਆਪਣੀ ਦੁੱਗਣੀ ਕਮਾਈ ਕਰੋ-ਸਪੋਕਸਮੈਨ ਅਖਬਾਰ ਦਾ ਇਸ਼ਤਿਹਾਰ?**

-ਬਾਬੇ ਨਾਨਕ ਦਾ ਤਾਂ ਬਹਾਨਾ ਹੈ, ਅਸਲ ਗੱਲ ਤਾਂ ਕਮਾਈ ਦੀ ਹੈ।

***ਮੈਂ ਪੈਸੇ ਲਈ ਫਿਲਮਾਂ 'ਚ ਕੰਮ ਨਹੀਂ ਕਰਦੀ-ਈਸ਼ਾ ਦਿਉਲ**

-ਵਿਹਲੇ ਬਹਿਣਾ ਔਖਾ ਹੈ ਭਾਵੇਂ ਮੁਫਤ 'ਚ ਸਾਈਨ ਕਰ ਲਵੋ।

***ਜਸਬੀਰ ਸਿੰਘ ਰੋਡੇ ਨੇ ਮਿਲਾਇਆ ਬਾਦਲ ਨਾਲ ਹੱਥ।**

-ਸਾਡੀ ਕੌਮ ਦਾ ਅਣਖੀ ਇਤਿਹਾਸ ਆਖੇ, "ਗੀਦੀ ਹੁੰਦਾ ਹੈ ਪੈਰ ਖਿਸਕਾਉਣ ਵਾਲਾ, ਸਾਡੇ ਨਿਗਾਹ ਵਿਚ ਦੋਵੇਂ ਗੱਦਾਰ ਦੰਭੀ, ਚੋਗਾ ਚੁਗਣ ਵਾਲਾ ਤੇ ਚੋਗਾ ਪਾਉਣ ਵਾਲਾ।"

# ਕਸ਼ਮੀਰੀ ਸਿੱਖਾਂ ਨੂੰ ਧਮਕੀਆਂ ਦਾ ਮਾਮਲਾ ਭਖਿਆ

ਦ੍ਰਿਸ਼ਟੀਕੋਣ ਰੱਖਣ ਵਾਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇਨ੍ਹਾਂ ਧਮਕੀ ਪੱਤਰਾਂ ਨੂੰ ਹਿੰਦੂਤਵੀ ਤਾਕਤਾਂ ਤੇ ਭਾਰਤ ਦੀਆਂ ਖੁਫੀਆਂ ਏਜੰਸੀਆਂ ਦੀ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਦੱਸਦਿਆਂ ਇਸ ਨੂੰ ਕਸ਼ਮੀਰ ਵਿਚ ਸਿੱਖਾਂ ਅਤੇ ਮੁਸਲਮਾਨਾਂ ਵਿਚ ਨਫਰਤ ਪੈਦਾ ਕਰਨ ਦੀ ਚਾਲ ਦੱਸਿਆ। ਇਹੋ ਹੀ ਵਿਚਾਰ ਦਲ ਖਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਦੇ ਹਨ।

ਕਸ਼ਮੀਰ ਵਿਚ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਅਤਿਵਾਦੀਆਂ ਵਲੋਂ ਇਸਲਾਮ ਕਬੂਲਣ ਜਾਂ ਕਸ਼ਮੀਰ ਛੱਡਣ ਸਬੰਧੀ ਮਿਲੀਆਂ ਧਮਕੀਆਂ ਬਾਰੇ ਕੌਮੀ ਜਮਹੂਰੀ ਗਠਜੋੜ ਵਲੋਂ ਸੰਸਦ ਦੇ ਦੋਵਾਂ ਸਦਨਾਂ ਵਿਚ ਚਿੰਤਾ ਜ਼ਾਹਰ ਕੀਤੇ ਜਾਣ ਪਿੱਛੋਂ ਗ੍ਰਹਿ ਮੰਤਰੀ ਪੀ. ਚਿਦੰਬਰਮ, ਵਿੱਤ ਮੰਤਰੀ ਪ੍ਰਣਾਬ ਮੁਖਰਜੀ ਅਤੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਕਿ ਕਿਸੇ ਨੂੰ ਵੀ ਸਿੱਖਾਂ ਨੂੰ ਨੁਕਸਾਨ ਨਹੀਂ ਪਹੁੰਚਾਉਣ ਦਿੱਤਾ ਜਾਵੇਗਾ।

ਸ੍ਰੀ ਚਿਦੰਬਰਮ ਨੇ ਕਿਹਾ ਕਿ ਸਿੱਖਾਂ ਦੇ ਸਾਰੇ ਅਧਿਕਾਰਾਂ ਦੀ ਰੱਖਿਆ ਕੀਤੀ ਜਾਵੇਗੀ ਅਤੇ ਇਸ ਸਬੰਧੀ ਲੋੜੀਂਦੇ ਕਦਮ ਚੁੱਕੇ ਜਾਣਗੇ। ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਇਸ ਨੂੰ ਅਸਵੀਕਾਰਨਯੋਗ ਕਰਾਰ ਦਿੰਦਿਆਂ ਕਿਹਾ ਕਿ ਸਿੱਖ ਭਾਈਚਾਰਾ ਘਾਟੀ ਵਿਚ ਹੀ ਰਹੇਗਾ। ਸਦਨ ਦੀ ਬੈਠਕ ਸ਼ੁਰੂ ਹੁੰਦੇ ਹੀ ਅਕਾਲੀ ਦਲ ਦੇ ਮੈਂਬਰ ਰਤਨ ਸਿੰਘ ਅਜਨਾਲਾ ਨੇ ਕਸ਼ਮੀਰ ਵਾਦੀ 'ਚ ਸਿੱਖਾਂ ਦੀ ਸੁਰੱਖਿਆ ਦਾ ਮਾਮਲਾ ਉਠਾਉਂਦਿਆਂ ਕਿਹਾ ਕਿ ਸਿੱਖ ਇਕ ਬਹਾਦਰ ਅਤੇ ਦੇਸ਼ ਭਗਤ ਕੌਮ ਹਨ। ਉਨ੍ਹਾਂ ਕਿਹਾ ਕਿ ਸਿੱਖ ਆਪਣੀ ਜਾਨ ਦੇ ਦੇਣਗੇ ਪਰ ਇਸਲਾਮ ਕਬੂਲ ਨਹੀਂ ਕਰਨਗੇ। ਇਸ ਦੇ ਜਵਾਬ 'ਚ ਸ੍ਰੀ ਪ੍ਰਣਾਬ ਮੁਖਰਜੀ ਨੇ ਕਿਹਾ ਕਿ ਨਾ ਸਿਰਫ ਕਸ਼ਮੀਰ ਸਗੋਂ ਪੂਰਾ ਦੇਸ਼ ਸਿੱਖ ਭਾਈਚਾਰੇ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਮੁੜ ਤੋਂ ਵਾਪਰਨੋਂ ਰੋਕਣ ਲਈ ਸਰਕਾਰ ਹਰ ਜ਼ਰੂਰੀ ਕਦਮ ਚੁੱਕੇਗੀ। ਨੈਸ਼ਨਲ ਕਾਨਫਰੰਸ ਦੇ ਡਾ. ਮਹਿਬੂਬ ਬੇਗ ਨੇ ਕਿਹਾ ਕਿ ਇਸ ਤਰ੍ਹਾਂ ਦੀ ਧਮਕੀ ਕਸ਼ਮੀਰੀਅਤ ਦੇ ਖਿਲਾਫ ਹੈ ਅਤੇ ਕਸ਼ਮੀਰ ਦਾ ਹਰ ਮੁਸਲਮਾਨ ਆਪਣੇ ਸਿੱਖ ਭਰਾਵਾਂ ਦੀ ਰਾਖੀ ਲਈ ਲੜੇਗਾ।

ਸਦਨ 'ਚ ਭਾਜਪਾ ਦੇ ਰਾਜੀਵ ਪ੍ਰਤਾਪ ਰੂਡੀ ਨੇ ਇਹ ਮੁੱਦਾ ਉਠਾਉਂਦੇ ਹੋਏ ਕਿਹਾ ਕਿ ਸਿੱਖਾਂ ਦਾ ਦੁਨੀਆਂ ਭਰ 'ਚ ਆਪਣਾ ਸਥਾਨ ਹੈ ਅਤੇ ਪਹਿਲਾਂ ਵੀ ਪਾਕਿਸਤਾਨ ਅਤੇ ਅਫਗਾਨਿਸਤਾਨ 'ਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਚੁੱਕਾ ਹੈ। ਸਰਕਾਰ ਉਸ ਵੇਲੇ ਉਨ੍ਹਾਂ ਦੀ ਰਾਖੀ ਕਰਨ 'ਚ ਅਸਫਲ ਰਹੀ ਹੈ। ਭਾਜਪਾ ਦੇ ਹੀ ਬਲਬੀਰ ਪੁੰਜ ਅਤੇ ਚੰਦਰ ਮਿਸ਼ਰਾ ਨੇ ਵੀ ਸ਼ੰਕਾ ਜਤਾਈ ਕਿ ਘਾਟੀ ਵਿਚ ਇਸ ਤਰ੍ਹਾਂ ਦੀਆਂ ਧਮਕੀਆਂ ਕਸ਼ਮੀਰੀ ਹਿੰਦੂ ਫਿਰਕੇ ਦੇ ਲੋਕਾਂ ਨੂੰ ਮਿਲਦੀਆਂ ਸਨ ਪਰ ਉਨ੍ਹਾਂ ਦੀ ਰੱਖਿਆ ਕਰਨ ਵਿਚ ਸਰਕਾਰ ਅਸਫਲ ਰਹੀ ਹੈ। ਇਸ ਦੇ ਜਵਾਬ 'ਚ ਸ੍ਰੀ ਚਿਦੰਬਰਮ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਸਿੱਖਾਂ ਦੇ ਅਧਿਕਾਰਾਂ ਦੀ ਰਾਖੀ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਣ ਦਿੱਤਾ ਜਾਵੇਗਾ।



ਜੰਮੂ 'ਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸਿੱਖ ਜਥੇਬੰਦੀਆਂ ਦੇ ਆਗੂ

ਜੰਮੂ-ਕਸ਼ਮੀਰ ਸਰਕਾਰ ਨੇ ਕਸ਼ਮੀਰ ਵਿਚ ਸਿੱਖਾਂ ਨੂੰ ਪ੍ਰੇਸ਼ਾਨ ਕੀਤੇ ਜਾਣ ਦੀਆਂ ਰਿਪੋਰਟਾਂ ਦਾ ਖੰਡਨ ਕਰਦਿਆਂ ਕਿਹਾ ਕਿ ਅਜਿਹੀਆਂ ਰਿਪੋਰਟਾਂ ਨੇ ਧਰਮ ਨਿਰਪੱਖ ਕਸ਼ਮੀਰੀਆਂ ਦੀ ਸਾਖ ਨੂੰ ਖੋਰਾ ਲਾਇਆ ਹੈ। ਸਰਕਾਰੀ ਬੁਲਾਰੇ ਨੇ ਕਿਹਾ ਕਿ ਕਿਸੇ ਸ਼ਰਾਰਤੀ ਅਨਸਰ ਦੇ ਵਿਚਾਰਾਂ ਨੂੰ ਬਹੁਗਿਣਤੀ ਕਸ਼ਮੀਰੀਆਂ ਦੇ ਵਿਚਾਰ ਨਹੀਂ ਸਮਝਿਆ ਜਾਣਾ ਚਾਹੀਦਾ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸਿੱਖ ਵਫਦ ਨੂੰ ਭਰੋਸਾ ਦਿੱਤਾ ਕਿ ਕਸ਼ਮੀਰ ਵਿਚ ਰਹਿੰਦੇ ਸਾਰੇ ਫਿਰਕਿਆਂ ਦੇ ਲੋਕਾਂ ਦੇ ਆਪਸੀ ਸਬੰਧ ਮਜ਼ਬੂਤ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ।

ਇਥੇ ਜ਼ਿਕਰਯੋਗ ਹੈ ਕਿ ਕਸ਼ਮੀਰ ਵਾਦੀ ਵਿਚ ਰਹਿ ਰਹੇ ਸਿੱਖ ਭਾਈਚਾਰੇ ਨੂੰ ਇਹ ਸੰਕਟ ਪਹਿਲੀ ਵਾਰ ਨਹੀਂ ਆਇਆ। ਇਸ ਤੋਂ ਕਈ ਸਾਲ ਪਹਿਲਾਂ ਕਸ਼ਮੀਰ ਦੇ ਚਿੱਠੀਸਿੰਘਪੁਰਾ ਨਾਂ ਦੇ ਇਕ ਪਿੰਡ ਵਿਚ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਮਾਰ ਦੇਣ ਨਾਲ ਅੱਜ ਦੀਆਂ ਘਟਨਾਵਾਂ ਦੇ ਸੰਕੇਤ ਮਿਲੇ ਸਨ। ਪਰ ਹੁਣ ਵਾਦੀ 'ਚ ਵਸਦੇ ਸਿੱਖਾਂ ਨੂੰ ਵਾਦੀ ਛੱਡ ਕੇ ਜਾਣ ਜਾਂ ਅਤਿਵਾਦੀ ਸੰਗਠਨਾਂ ਨਾਲ ਮਿਲ ਕੇ ਸੰਘਰਸ਼ ਕਰਨ ਦੀਆਂ ਧਮਕੀਆਂ ਮਿਲਣ ਨਾਲ ਮਾਹੌਲ ਚਿੰਤਾਜਨਕ ਬਣ ਗਿਆ ਹੈ।

ਹੁਣ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਧਮਕੀ ਭਰੇ ਪੱਤਰ ਕਿਸ ਅਤਿਵਾਦੀ ਜਥੇਬੰਦੀ ਵਲੋਂ ਭੇਜੇ ਗਏ ਹਨ। ਇਥੇ ਇਹ ਵੀ ਦੱਸਣਯੋਗ ਹੈ ਕਿ ਕਸ਼ਮੀਰ ਵਾਦੀ ਵਿਚ ਕੁਝ ਸਿੱਖ ਨੌਜਵਾਨਾਂ ਦੇ ਜਬਰੀ ਕੇਸ ਕਤਲ ਕੀਤੇ ਜਾਣ ਦੀਆਂ ਘਟਨਾਵਾਂ ਤੋਂ ਬਾਅਦ ਹੁਣ ਉਥੇ ਕੁਝ ਥਾਵਾਂ 'ਤੇ ਧਮਕੀ ਭਰੇ ਪੱਤਰ ਲਾ ਦਿੱਤੇ ਗਏ ਹਨ, ਜਿਨ੍ਹਾਂ ਵਿਚ ਸਿੱਖ ਭਾਈਚਾਰੇ ਨੂੰ ਕਸ਼ਮੀਰ ਘਾਟੀ ਛੱਡਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਸ੍ਰੀਨਗਰ ਦੇ ਮੁਹੱਲੇ ਆਲੂਚਾਬਾਦ, ਬਰਜ਼ਲਾਬਾਦ ਅਤੇ ਸੰਤ ਨਗਰ ਵਿਚ ਘਰਾਂ ਦੇ ਬਾਹਰ ਇਹ ਪੱਤਰ ਚਿਪਕਾਏ ਗਏ ਸਨ। ਇਸੇ ਤਰ੍ਹਾਂ ਤਰਾਕ ਦੇ ਪਿੰਡ ਗਾਮਰਾਜ ਦੇ ਗੁਰਦੁਆਰੇ ਦੇ ਬਾਹਰ ਵੀ ਅਜਿਹਾ ਪੱਤਰ ਚਿਪਕਾਇਆ ਗਿਆ ਸੀ।

ਗੁਰਦੁਆਰਾ ਬੋਰਡ ਕਸ਼ਮੀਰ ਦੇ ਪ੍ਰਧਾਨ ਮੋਹਨ ਸਿੰਘ ਤਰਾਲੀ ਦਾ ਮੰਨਣਾ ਹੈ ਕਿ ਇਹ ਧਮਕੀ ਭਰੇ ਪੱਤਰ ਆਉਣ ਤੋਂ ਬਾਅਦ ਦੂਰ-ਦੁਰਾਡੇ ਪਿੰਡਾਂ ਵਿਚ ਰਹਿੰਦੇ ਸਿੱਖ ਪਰਿਵਾਰਾਂ ਵਿਚ ਵਧੇਰੇ ਡਰ ਅਤੇ ਖੌਫ ਹੈ। ਦੂਜੇ ਪਾਸੇ ਹੁਰੀਅਤ ਕਾਨਫਰੰਸ ਦੇ ਆਗੂਆਂ ਵਲੋਂ ਸਿੱਖਾਂ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ ਗਿਆ ਹੈ। ਉਨ੍ਹਾਂ ਨੇ ਕਈ ਥਾਵਾਂ 'ਤੇ ਮਸਜਿਦਾਂ ਵਿਚੋਂ ਇਹ ਐਲਾਨ ਕੀਤਾ ਹੈ ਕਿ ਸਿੱਖ ਭਾਈਚਾਰੇ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ।

ਉਧਰ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਸ਼ਮੀਰੀ ਸਿੱਖਾਂ ਨੂੰ ਧਮਕੀਆਂ ਨੂੰ ਹਿੰਦੂਤਵੀ ਤਾਕਤਾਂ ਦੀ ਡੂੰਘੀ ਸਾਜ਼ਿਸ਼ ਦੱਸਿਆ ਹੈ। ਉਨ੍ਹਾਂ ਕਿਹਾ ਮੁਸਲਿਮ ਅਤੇ ਸਿੱਖ ਦੋਵੇਂ ਮਾਰਸ਼ਲ ਕੌਮਾਂ ਹਨ। ਅੱਜ ਤੱਕ ਕਿਸੇ ਵੀ ਕਸ਼ਮੀਰੀ ਮੁਸਲਮਾਨ ਨੇ ਕਿਸੇ ਸਿੱਖ ਨਾਲ ਕੋਈ ਵਧੀਕੀ ਨਹੀਂ ਕੀਤੀ ਬਲਕਿ ਕਸ਼ਮੀਰ ਵਿਚ ਸਿੱਖ ਅਤੇ ਮੁਸਲਮਾਨ ਲੰਮੇ ਸਮੇਂ ਤੋਂ ਪਿਆਰ ਅਤੇ ਸਦਭਾਵਨਾ ਨਾਲ ਵਿਚਰਦੇ ਆ ਰਹੇ ਹਨ। ਜੋ ਹੁਣ ਕਸ਼ਮੀਰ ਵਿਚ ਰਹਿੰਦੇ ਸਿੱਖਾਂ ਨੂੰ ਧਮਕੀਆਂ ਭਰੀਆਂ ਚਿੱਠੀਆਂ ਆਈਆਂ ਹਨ, ਉਹ ਹਿੰਦੂਤਵੀ ਤਾਕਤਾਂ ਅਤੇ ਭਾਰਤੀ ਖੁਫੀਆਂ ਏਜੰਸੀਆਂ ਦੀ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਹਨ ਤਾਂ ਜੋ ਕਸ਼ਮੀਰ ਵਿਚ ਸਿੱਖਾਂ ਅਤੇ ਮੁਸਲਮਾਨਾਂ ਵਿਚ ਨਫਰਤ ਦੀ ਦੀਵਾਰ ਖੜ੍ਹੀ ਕੀਤੀ ਜਾ ਸਕੇ। ਦਲ ਖਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਹੁਰੀਅਤ ਆਗੂ ਸ੍ਰੀ ਗਿਲਾਨੀ ਨਾਲ ਗੱਲਬਾਤ ਪਿੱਛੋਂ ਕਿਹਾ ਕਿ ਇਹ ਮਾਮਲਾ ਖੁਫੀਆ ਏਜੰਸੀਆਂ ਦਾ ਹੱਥਕੰਡਾ ਜਾਪਦਾ ਹੈ, ਜੋ ਕਸ਼ਮੀਰ ਵਾਦੀ ਵਿਚ ਸਿੱਖ ਅਤੇ ਮੁਸਲਿਮ ਭਾਈਚਾਰੇ ਦਰਮਿਆਨ ਟਕਰਾਅ ਕਰਵਾਉਣਾ ਚਾਹੁੰਦੀਆਂ ਹਨ।


## ਬੇ-ਏਰੀਆ ਕਾਲਜ ਆਫ ਨਰਸਿੰਗ

...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।

BAY AREA COLLEGE OF NURSING 2004



ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜ਼ੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

3 Locations in Bay Area:
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

www.bayareacollege.net



## Real Estate & Loans Under One Roof

Call:Sam Chahal Tel: 916-612-5773

*For Buying and Selling Residential, Commercial property and for Loans in Sacramento area*

**Multi-Million Dollars Producer-2007-08**



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

**Reo-Bankowned Properties**
Serving from Bay Area to Sacramento

**Short Sale Specialist**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

## Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

## ਕਮਾਈ 'ਚ ਕਾਂਗਰਸ ਨੰਬਰ ਇਕ, ਬਸਪਾ ਦੋ

**ਨਵੀਂ ਦਿੱਲੀ :** ਜਦੋਂ ਵਿਸ਼ਵ ਆਰਥਿਕ ਮੰਦੇ ਨੇ ਦੇਸ਼- ਵਿਦੇਸ਼ ਦੇ ਮੰਨੇ-ਪ੍ਰਮੰਨੇ ਸਨਅਤੀ ਘਰਾਣਿਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ ਤਾਂ ਉਥੇ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਆਰਥਿਕ ਮੰਦੇ ਦੇ ਦੌਰ ਵਿਚ ਵੀ ਭਾਰਤ ਦੀਆਂ ਪ੍ਰਮੁੱਖ ਰਾਜਨੀਤਕ ਪਾਰਟੀਆ ਨੇ ਚੰਗੀ ਕਮਾਈ ਕੀਤੀ ਹੈ। ਇਹ ਖੁਲਾਸਾ ਰਾਜਨੀਤਕ ਪਾਰਟੀਆਂ ਵਲੋਂ ਭਰੀ ਗਈ ਆਮਦਨ ਰਿਟਰਨ ਤੋਂ ਹੋਇਆ, ਜਿਸ ਦੀ ਜਾਣਕਾਰੀ ਇਕ ਐਨ ਜੀ ਓ 'ਏਡੀਅਰ' ਨੂੰ ਸੂਚਨਾ ਦੇ ਅਧਿਕਾਰ ਤਹਿਤ ਮਿਲੀ ਹੈ। ਨਕਦੀ ਦੇ ਮਾਮਲੇ ਵਿਚ ਕਾਂਗਰਸ ਪਾਰਟੀ ਸਭ ਪਾਰਟੀਆਂ ਤੋਂ ਅੱਗੇ ਹੈ। ਐਨ ਜੀ ਓ ਨੂੰ ਮਿਲੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਕਮਾਈ ਦੇ ਮਾਮਲੇ ਵਿਚ ਕਾਂਗਰਸ ਪਾਰਟੀ ਨੇ ਸਭ ਪਾਰਟੀਆਂ ਨੂੰ ਪਿੱਛੇ ਛੱਡ ਦਿੱਤਾ ਹੈ। ਜਦਕਿ ਬਹੁਜਨ ਸਮਾਜ ਪਾਰਟੀ (ਬਸਪਾ) ਦੇਸ਼ ਦੀ ਦੂਜੀ ਸਭ ਤੋਂ ਵੱਡੀ ਪਾਰਟੀ ਭਾਰਤੀ ਜਨਤਾ ਪਾਰਟੀ (ਭਾਜਪਾ) ਤੋਂ ਅੱਗੇ ਦੂਜੇ ਨੰਬਰ 'ਤੇ ਹੈ। ਕਾਂਗਰਸ 611.77 ਕਰੋੜ ਰੁਪਏ, ਬਸਪਾ 286.15 ਕਰੋੜ ਰੁਪਏ ਅਤੇ ਭਾਜਪਾ 260.70 ਕਰੋੜ ਰੁਪਏ ਨਾਲ ਤੀਜੇ ਨੰਬਰ 'ਤੇ ਹੈ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਕੋਲ 185.47 ਕਰੋੜ ਰੁਪਏ ਦੀ ਜਾਇਦਾਦ ਹੈ। ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ (ਸਪਾ) ਮਾਇਆਵਤੀ ਦੀ ਬਸਪਾ ਤੋਂ ਕੋਹਾਂ ਦੂਰ ਹੈ। ਸਪਾ ਕੋਲ 177.80 ਕਰੋੜ ਰੁਪਏ ਦੀ ਜਾਇਦਾਦ ਹੈ। ਸ਼ਰਦ ਪਵਾਰ ਦੀ ਰਾਸ਼ਟਰਵਾਦੀ ਕਾਂਗਰਸ ਪਾਰਟੀ ਕੋਲ 32.22 ਕਰੋੜ, ਸੀ ਪੀ ਆਈ ਕੋਲ 7.10 ਕਰੋੜ ਅਤੇ ਰਾਸ਼ਟਰੀ ਜਨਤਾ ਦਲ ਕੋਲ 3.28 ਕਰੋੜ ਰੁਪਏ ਦੀ ਜਾਇਦਾਦ ਹੈ।

## ਰੂਸ 'ਚ ਗਰਮੀ ਨਾਲ ਹਜ਼ਾਰਾਂ ਵਿਅਕਤੀ ਮਰੇ

**ਮਾਸਕੋ :** ਰੂਸ ਵਿਚ ਇਤਿਹਾਸ ਦੀ ਸਭ ਤੋਂ ਭੈੜੀ ਗਰਮੀ ਨਾਲ ਸਿਰਫ ਰਾਜਧਾਨੀ ਮਾਸਕੋ ਵਿਚ ਹਜ਼ਾਰਾਂ ਵਿਅਕਤੀ ਮਰ ਗਏ ਹਨ। ਰਿਪੋਰਟ ਮੁਤਾਬਕ ਰੂਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਿਆਮਤ ਦੀ ਗਰਮੀ ਕਾਰਨ ਮਾਸਕੋ ਵਿਚ ਜੁਲਾਈ ਦੇ ਮਹੀਨੇ ਹਜ਼ਾਰਾਂ ਬੰਦੇ ਮਰ ਗਏ ਜਦਕਿ ਮੌਜੂਦਾ ਮਹੀਨੇ ਵਿਚ ਵੀ ਭਾਰੀ ਗਿਣਤੀ ਵਿਚ ਲੋਕ ਮਰ ਚੁੱਕੇ ਹਨ। ਮਾਸਕੋ ਵਿਚ ਪਿਛਲੇ ਮਹੀਨੇ ਗਰਮੀ 40 ਡਿਗਰੀ ਸੈਂਟੀਗ੍ਰੇਡ ਤਕ ਪਹੁੰਚ ਗਈ। ਗਰਮੀ ਦੀ ਲਹਿਰ ਨਾਲ ਮਾਸਕੋ ਦੇ ਜੰਗਲਾਂ 'ਚ ਲੱਗਣ ਵਾਲੀ ਅੱਗ ਨਾਲ 54 ਵਿਅਕਤੀ ਮਾਰੇ ਗਏ। ਮਾਹਿਰਾਂ ਮੁਤਾਬਕ ਪਿਛਲੀ ਜੁਲਾਈ ਦੀ ਬਜਾਏ ਇਸ ਸਾਲ ਤਕਰੀਬਨ 5500 ਮੌਤਾਂ ਜ਼ਿਆਦਾ ਹੋਈਆਂ।

## ਰੁਪਏ ਦੇ ਸੰਕੇਤਕ ਚਿੰਨ੍ਹ ਵਾਲਾ ਕੀ-ਬੋਰਡ ਜਾਰੀ

**ਚੇਨਈ :** ਹੁਣ ਤੁਹਾਡੇ ਰੁਪਏ ਦੇ ਪ੍ਰਤੀਕ ਚਿੰਨ੍ਹ ਨੂੰ 'ਕਾਪੀ' ਅਤੇ 'ਪੇਸਟ' ਕਰਨ ਦੀ ਲੋੜ ਨਹੀਂ ਪਵੇਗੀ। ਆਈ.ਟੀ.ਉਤਪਾਦ ਬਣਾਉਣ ਵਾਲੀ ਟੀ.ਵੀ. ਐਸ. ਇਲੈਕਟ੍ਰਾਨਿਕਸ ਨੇ 'ਟੀ.ਵੀ. ਐਸ. ਗੋਲਡ ਕਾਰਡ' ਨਾਂ ਹੇਠ ਇਕ ਨਵਾਂ ਕੀ-ਬੋਰਡ ਲਾਂਚ ਕੀਤਾ ਹੈ ਜਿਸ ਵਿਚ ਭਾਰਤੀ ਰੁਪਏ ਦੇ ਸੰਕੇਤਕ ਚਿੰਨ੍ਹ ਵਾਲਾ ਬਟਨ ਲੱਗਾ ਹੈ। ਟੀ.ਵੀ.ਐਸ. ਇਲੈਕਟ੍ਰਾਨਿਕਸ ਦੇ ਮੈਨੇਜਿੰਗ ਡਾਇਰੈਕਟਰ ਐਸ.ਐਸ. ਰਮਨ ਨੇ ਕਿਹਾ ਕਿ ਟੀ.ਵੀ. ਐਸ.ਈ. ਰੁਪਏ ਦੇ ਸੰਕੇਤਕ ਚਿੰਨ੍ਹ ਵਾਲਾ ਕੀ-ਬੋਰਡ ਪੇਸ਼ ਕਰਨ ਵਾਲੀ ਪਹਿਲੀ ਅਤੇ ਇਕੱਲੀ ਭਾਰਤੀ ਕੰਪਨੀ ਬਣ ਗਈ ਹੈ।

## ਤੇਲਗੂ ਅਦਾਕਾਰ ਰਘੂ 'ਤੇ ਸਮਗਲਿੰਗ ਦੇ ਦੋਸ਼

**ਹੈਦਰਾਬਾਦ :** ਹੈਦਰਾਬਾਦ ਪੁਲਸ ਨੇ ਤੇਲਗੂ ਫਿਲਮ ਅਦਾਕਾਰ ਰਘੂ ਅਤੇ ਉਸਦੇ ਭਰਾ ਨੂੰ ਡਰੱਗ ਸਮਗਲਿੰਗ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਪੁਲਸ ਮੁਤਾਬਕ ਰਘੂ ਅਤੇ ਉਸ ਦੇ ਭਰਾ ਨੂੰ ਕੋਕੀਨ ਅਤੇ ਬ੍ਰਾਊਨ ਸ਼ੂਗਰ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਫਿਲਮ ਅਭਿਨੇਤਾ ਰਘੂ ਨਾਲ ਪੁਲਸ ਨੇ ਯੁਗਾਂਡਾ ਨਿਵਾਸੀ ਕਲੇਮੈਂਟ ਨਾਂਅ ਦੇ ਇਕ ਸ਼ਖਸ ਨੂੰ ਵੀ ਗ੍ਰਿਫਤਾਰ ਕੀਤਾ ਹੈ। ਕਲੇਮੈਂਟ ਨੂੰ ਡਰੱਗ ਰੈਕਟ ਦਾ ਮਾਸਟਰ ਮਾਈਂਡ ਦੱਸਿਆ ਜਾ ਰਿਹਾ ਹੈ।

ਪੁਲਸ ਨੇ ਇਨ੍ਹਾਂ ਸਾਰਿਆਂ ਨੂੰ ਹੈਦਰਾਬਾਦ ਦੇ ਪਾਸ਼ ਇਲਾਕੇ ਬੰਜਾਰਾ ਹਿਲਸ ਤੋਂ ਗ੍ਰਿਫਤਾਰ ਕੀਤਾ ਹੈ। ਪੁਲਸ ਸੂਤਰਾਂ ਮੁਤਾਬਕ ਡਰੱਗ ਸਮਗਲਿੰਗ ਦੇ ਇਸ ਮਾਮਲੇ ਵਿਚ ਕੁਝ ਹੋਰ ਹਾਈ-ਪ੍ਰੋਫਾਈਲ ਲੋਕਾਂ ਦੇ ਨਾਂ ਵੀ ਸਾਹਮਣੇ ਆ ਸਕਦੇ ਹਨ।

## ਮਨੁੱਖੀ ਆਤਮਾ ਦਾ ਇਹ ਅਣਸੁਲਝਿਆ ਰਹੱਸ

**ਵਾਸ਼ਿੰਗਟਨ :** ਅਮਰੀਕੀ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਆਤਮਾ ਦਾ ਵਜੂਦ ਹੈ ਅਤੇ ਇਸਦਾ ਵਜ਼ਨ ਵੀ ਹੈ। ਉਨ੍ਹਾਂ ਮੁਤਾਬਕ ਆਤਮਾ ਦਾ ਭਾਰ 21 ਗ੍ਰਾਮ ਹੈ ਅਤੇ ਇਸੇ 21 ਗ੍ਰਾਮ ਨਾਲ ਮਨੁੱਖ ਦਾ ਦਿਲ ਧੜਕਦਾ ਹੈ, ਸਾਹ ਚਲਦਾ ਹੈ ਅਤੇ ਇਸੇ ਨਾਲ ਹੀ ਨਸਾਂ ਵਿਚ ਖੂਨ ਦੌੜਦਾ ਹੈ। ਇਸੇ ਨਾਲ ਹੀ ਮਨੁੱਖ ਦੀ ਜ਼ਿੰਦਗੀ ਹੈ।

## ਮਮਤਾ ਦੀਆਂ ਫਾਇਲਾਂ ਢੋਣ ਵਿਚ ਹੀ ਗਿਆਰਾਂ ਲੱਖ ਹੋ ਗਏ ਬਰਬਾਦ

**ਨਵੀਂ ਦਿੱਲੀ :** ਲੰਮੇ ਸਮੇਂ ਤੱਕ ਰੇਲ ਮੰਤਰੀ ਮਮਤਾ ਬੈਨਰਜੀ ਦੀ ਮੰਤਰਾਲੇ ਤੋਂ ਗੈਰ ਹਾਜ਼ਰੀ ਕਾਰਨ ਉਨ੍ਹਾਂ ਕੋਲ ਫਾਇਲਾਂ ਪਹੁੰਚਾਉਣ 'ਚ ਇਕ ਸਾਲ ਤੋਂ ਵੱਧ ਸਮੇਂ 'ਚ ਸਰਕਾਰੀ ਖਜ਼ਾਨੇ ਦੇ 11 ਲੱਖ ਰੁਪਏ ਬਰਬਾਦ ਹੋ ਗਏ ਹਨ।



ਫਾਇਲਾਂ ਨੂੰ ਮਨਜ਼ੂਰੀ ਦਿਵਾਉਣ ਲਈ ਮਮਤਾ ਕੋਲ ਜਾਣ ਵਿਚ 5 ਅਧਿਕਾਰੀਆਂ ਦੀ ਦਿੱਲੀ ਅਤੇ ਕੋਲਕਾਤਾ ਵਿਚਾਲੇ ਦੌੜ-ਭੱਜ 'ਚ ਰੇਲਵੇ ਦੇ 11,23,550 ਰੁਪਏ ਖਰਚ ਹੋਏ ਹਨ। ਇਹ ਪੰਜ ਅਧਿਕਾਰੀ ਕ੍ਰਮਵਾਰ ਰੇਲ ਮੰਤਰੀ ਦੇ ਆਫ਼ੀਸਰ ਆਨ ਸਪੈਸ਼ਲ ਡਿਊਟੀ ਗੌਤਮ ਸਾਨਿਆਲ, ਨਿੱਜੀ ਸਕੱਤਰ ਸ਼ਾਂਤਨੂੰ ਬਾਸੂ, ਕਾਰਜਕਾਰੀ ਨਿਰਦੇਸ਼ਕ ਜੇ ਕੇ ਸਾਹਾ, ਵਧੀਕ ਨਿੱਜੀ ਸਕੱਤਰ ਐਸ ਅਸ਼ੋਕ ਅਤੇ ਏ ਪੀ ਐਸ ਰਤਨ ਮੁਖਰਜੀ ਹਨ। ਹਾਹਾ ਅਤੇ ਮੁਖਰਜੀ ਦੇ ਹਵਾਈ ਦੌਰਿਆਂ ਦਾ ਕਿਰਾਇਆ ਰੇਲਵੇ ਨਹੀਂ ਦੇ ਸਕਦੀ। ਪਰ ਹੋਰ ਤਿੰਨ ਅਧਿਕਾਰੀਆਂ ਦੇ ਹਵਾਈ ਜਹਾਜ਼ ਰਾਹੀਂ 1 ਜੁਲਾਈ 2009 ਤੋਂ 30 ਜੂਨ 2010 ਤੱਕ ਕੋਲਕਾਤਾ ਜਾਣ ਅਤੇ ਵਾਪਸ ਆਉਣ 'ਤੇ 8,73,964 ਰੁਪਏ ਖਰਚ ਹੋਏ ਹਨ। ਸੂਚਨਾ ਦਾ ਅਧਿਕਾਰ ਤਹਿਤ ਦਿੱਤੇ ਗਏ ਇਕ ਜਵਾਬ ਵਿਚ ਦੱਸਿਆ ਗਿਆ ਹੈ ਕਿ ਇਸ ਤੋਂ ਇਲਾਵਾ ਰੇਲਵੇ ਨੂੰ ਪੰਜਾਂ ਅਧਿਕਾਰੀਆਂ ਨੂੰ ਇਸੇ ਸਮੇਂ ਦੌਰਾਨ ਮਮਤਾ ਨਾਲ ਮੁਲਾਕਾਤ ਲਈ ਕੋਲਕਾਤਾ ਜਾਣ 'ਤੇ 2,49,604 ਰੁਪਏ ਦੀ ਰਾਸ਼ੀ ਟੀਏ/ਡੀਏ ਦੇ ਤੌਰ 'ਤੇ ਦੇਣੀ ਪਈ।

ਇਸ ਦੌਰਾਨ ਰੇਲ ਮੰਤਰੀ ਮਮਤਾ ਬੈਨਰਜੀ ਨੇ ਬੀਤੀ 18 ਅਗਸਤ ਨੂੰ ਕਿਹਾ ਕਿ ਉਹ ਮਾਓਵਾਦੀ ਆਗੂ ਆਜ਼ਾਦ ਦੀ ਮੌਤ ਨੂੰ ਸਬੰਧੀ ਆਪਣੇ ਵਿਵਾਦਪੂਰਨ ਬਿਆਨ ਉਤੇ ਕਾਇਮ ਹੈ।

ਉਸ ਨੇ ਆਂਧਰਾ ਪ੍ਰਦੇਸ਼ ਵਿਚ ਪੁਲੀਸ ਮੁਕਾਬਲੇ ਦੌਰਾਨ ਹੋਈ ਆਜ਼ਾਦ ਦੀ ਮੌਤ ਨੂੰ ਕਤਲ ਕਰਾਰ ਦਿੱਤਾ ਸੀ। ਭਾਜਪਾ ਅਤੇ ਖੱਬੇ ਪੱਖੀਆਂ ਨੇ ਉਸ ਦੇ ਬਿਆਨ ਦੀ ਸਖਤ ਨਿਖੇਧੀ ਕੀਤੀ ਸੀ। ਉਨ੍ਹਾਂ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੋਂ ਸਪਸ਼ਟੀਕਰਨ ਵੀ ਮੰਗਿਆ ਸੀ। ਮਮਤਾ ਨੇ ਕਿਹਾ ਕਿ 9 ਅਗਸਤ ਨੂੰ ਲਾਲਗੜ੍ਹ ਰੈਲੀ ਦੌਰਾਨ ਇਹ ਬਿਆਨ ਉਸ ਨੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਹੋਣ ਦੇ ਨਾਤੇ ਦਿੱਤਾ ਸੀ, ਕੇਂਦਰੀ ਮੰਤਰੀ ਵਜੋਂ ਨਹੀਂ। ਰੇਲ ਮੰਤਰੀ ਨੇ ਕਿਸ਼ਨਜੀ ਵਲੋਂ ਗੋਲੀਬੰਦੀ ਦੀ ਪੇਸ਼ਕਸ਼ ਦਾ ਸੁਆਗਤ ਕਰਦਿਆਂ ਕਿਹਾ ਕਿ ਸਾਰੀਆਂ ਮੁਸ਼ਕਲਾਂ ਗੱਲਬਾਤ ਰਾਹੀਂ ਹੱਲ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੇਂਦਰ ਹੀ ਆਖਰੀ ਫੈਸਲਾ ਲੈ ਸਕਦਾ ਹੈ। ਉਨ੍ਹਾਂ ਨੇ ਇਸ ਵਿਚ ਸਾਲਸੀ ਦੀ ਭੂਮਿਕਾ ਨਿਭਾਉਣ ਉਤੇ ਸਹਿਮਤ ਹੋਣ ਦਾ ਸੰਕੇਤ ਵੀ ਦਿੱਤਾ।

# ਨਰਿੰਦਰ ਮੋਦੀ ਦੇ ਦਿੱਤੇ ਬਿਆਨ ਨਸ਼ਰ ਨਾ ਕੀਤੇ ਜਾਣ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਗੁਜਰਾਤ ਦੰਗਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੂੰ ਕੇਸਾਂ ਦੀ ਅਗਲੀ ਜਾਂਚ ਜਾਰੀ ਰੱਖਣ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਨਾਲ ਹੀ ਨਿਰਦੇਸ਼ ਦਿੱਤੇ ਹਨ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਟੀਮ ਵਲੋਂ ਦਰਜ ਕੀਤੇ ਬਿਆਨ ਹੇਠਲੀ ਅਦਾਲਤ ਤੇ ਸਰਕਾਰੀ ਵਕੀਲ ਤੋਂ ਬਿਨਾਂ ਕਿਸੇ ਹੋਰ ਕੋਲ ਨਸ਼ਰ ਨਾ ਕੀਤੇ ਜਾਣ।



ਗੁਜਰਾਤ ਦੰਗਿਆਂ ਦੀ ਜਾਂਚ ਜਾਰੀ ਰੱਖਣ ਦੇ ਹੁਕਮ


ਗੌਰਤਲਬ ਹੈ ਕਿ ਗੁਜਰਾਤ ਦੰਗਿਆਂ ਦੇ ਕੇਸਾਂ ਵਿਚ ਸਾਬਕਾ ਕਾਂਗਰਸੀ ਐਮ.ਪੀ. ਅਮਿਸਾਨ ਜਾਫਰੀ ਦੀ ਹੱਤਿਆ ਦਾ ਮਾਮਲਾ ਵੀ ਸ਼ਾਮਿਲ ਹੈ ਜਿਸ ਵਿਚ ਸ੍ਰੀ ਮੋਦੀ ਦੀ ਕਥਿਤ ਭੂਮਿਕਾ ਮੰਨੀ ਜਾ ਰਹੀ ਹੈ। ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਤੇ ਸਾਬਕਾ ਸੀ.ਬੀ.ਆਈ. ਡਾਇਰੈਕਟਰ ਆਰ.ਕੇ. ਰਾਘਵਨ ਨੇ ਅਪੀਲ ਕੀਤੀ ਸੀ ਕਿ ਇਨ੍ਹਾਂ ਮਾਮਲਿਆਂ ਵਿਚ ਹਾਲੇ ਕੁਝ ਹੋਰ ਵਿਅਕਤੀਆਂ ਤੋਂ ਪੁੱਛਗਿੱਛ ਕੀਤੇ ਜਾਣ ਦੀ ਲੋੜ ਹੈ। ਇਸ 'ਤੇ ਜਸਟਿਸ ਡੀ.ਸੀ. ਜੈਨ ਦੀ ਅਗਵਾਈ ਵਾਲੇ ਵਿਸ਼ੇਸ਼ ਬੈਂਚ ਨੇ ਕੇਸ ਜਾਰੀ ਰੱਖਣ ਦੇ ਹੁਕਮ ਦਿੱਤੇ। ਜਾਂਚ ਟੀਮ ਗੁਜਰਾਤ ਦੇ ਸਾਬਕਾ ਮੰਤਰੀ ਜੀ.ਜ਼ਦਾਫੀਆ ਅਤੇ ਐਮ.ਕੇ. ਟੰਡਨ, ਸੀਨੀਅਰ ਪੁਲੀਸ ਅਫਸਰ ਤੇ ਦੋ ਹੋਰ ਪੁਲੀਸ ਮੁਲਾਜ਼ਮਾਂ ਤੋਂ ਉਨ੍ਹਾਂ ਦੀ ਕਥਿਤ ਸ਼ਮੂਲੀਅਤ ਬਾਰੇ ਜਾਂਚ ਕਰਨਾ ਚਾਹੁੰਦੀ ਹੈ। ਸੀਨੀਅਰ ਵਕੀਲ ਰਾਮ ਜੇਠਮਲਾਨੀ, ਜਾਫਰੀ ਦੀ ਵਿਧਵਾ ਵਲੋਂ ਦਾਇਰ ਸ਼ਿਕਾਇਤ ਦੇ ਮਾਮਲੇ ਵਿਚ ਸਥਾਨਕ ਵਿਧਾਇਕ ਦੀ ਪੈਰਵੀ ਕਰਨ ਲਈ ਅਦਾਲਤ ਵਿਚ ਹਾਜ਼ਰ ਹੋਏ। ਅਦਾਲਤ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਸੁਣਵਾਈ ਬਾਅਦ ਵਿਚ ਕਰੇਗੀ ਕਿਉਂਕਿ ਜਾਂਚ ਟੀਮ ਨੇ ਹਾਲੇ ਕੁਝ ਹੋਰ ਲੋਕਾਂ ਤੋਂ ਪੁੱਛ-ਪੜਤਾਲ ਕਰਨੀ ਹੈ। ਇਸੇ ਦੌਰਾਨ ਸੀ.ਬੀ.ਆਈ. ਦੇ ਸਾਬਕਾ ਡੀ.ਆਈ.ਜੀ. ਸ੍ਰੀ ਏ.ਕੇ. ਮਲਹੋਤਰਾ ਨੇ ਲੰਘੀ 19 ਅਗਸਤ ਆਪਣੀ ਸੀਲ ਬੰਦ ਰਿਪੋਰਟ ਅਦਾਲਤ ਨੂੰ ਸੌਂਪੀ। ਇਸ ਰਿਪੋਰਟ ਵਿਚ ਗੁਲਬਰਗ ਸੁਸਾਇਟੀ ਕੇਸ, ਗੁਜਰਾਤ ਦੰਗਿਆਂ ਦੀ ਜਾਂਚ ਦੌਰਾਨ ਲੱਗੇ ਦੋਸ਼ ਅਤੇ ਸ੍ਰੀ ਰਾਘਵਨ ਦੀਆਂ ਟਿੱਪਣੀਆਂ ਸ਼ਾਮਲ ਹਨ। ਬੈਂਚ ਨੇ ਕਿਹਾ ਕਿ ਇਹ ਰਿਪੋਰਟ ਐਡਵੋਕੇਟ ਪ੍ਰਸ਼ਾਂਤ ਭੂਸ਼ਨ ਨੂੰ ਸੌਂਪੀ ਜਾਵੇ। ਬੈਂਚ ਨੇ ਸ੍ਰੀ ਭੂਸ਼ਨ ਨੂੰ ਰਿਪੋਰਟ ਗੁਪਤ ਰੱਖਣ ਲਈ ਕਿਹਾ ਹੈ।

ਬੈਂਚ ਨੇ ਇਹ ਫੈਸਲਾ ਗੁਜਰਾਤ ਸਰਕਾਰ ਦੇ ਵਕੀਲ ਵਲੋਂ ਕੀਤੇ ਜਾ ਰਹੇ ਵਿਰੋਧ ਦੇ ਚਲਦਿਆਂ ਸੁਣਾਇਆ। ਜੋ ਸ੍ਰੀ ਭੂਸ਼ਨ ਨੂੰ ਜਾਫਰੀ ਮਾਮਲੇ 'ਚੋਂ ਹਟਾਉਣਾ ਚਾਹੁੰਦੀ ਹੈ। ਸਟੇਟ ਦੇ ਵਕੀਲ ਨੇ ਮੰਗ ਕੀਤੀ ਕਿ ਜਾਫਰੀ ਦੀ ਪਟੀਸ਼ਨ ਨੂੰ ਦੰਗਿਆਂ ਦੇ ਕੇਸਾਂ ਨਾਲ ਜੋੜਿਆ ਜਾਵੇ ਪਰ ਅਦਾਲਤ ਨੇ ਉਨ੍ਹਾਂ ਦੀ ਇਹ ਮੰਗ ਰੱਦ ਕਰ ਦਿੱਤੀ।

ਇਸੇ ਦੌਰਾਨ ਸੁਪਰੀਮ ਕੋਰਟ ਨੇ ਗੁਜਰਾਤ ਹਾਈ ਕੋਰਟ ਦੇ ਉਸ ਫੈਸਲੇ 'ਤੇ ਹੈਰਾਨੀ ਪ੍ਰਗਟਾਈ ਕਿ ਉਸ ਨੇ ਲਸ਼ਕਰ-ਏ-ਤੋਇਬਾ ਦੇ ਕਥਿਤ ਕਾਰਕੁੰਨ ਇਸ਼ਰਤ ਜਹਾਨ ਦੀ ਕਥਿਤ ਝੂਠੇ ਮੁਕਾਬਲੇ ਵਿਚ ਹੋਈ ਮੌਤ ਦਾ ਮਾਮਲਾ ਗੁਜਰਾਤ ਦੰਗਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੇ ਹਵਾਲੇ ਕਰ ਦਿੱਤਾ।

# ਸੱਜਣ ਵਾਲੇ ਕੇਸ 'ਚ ਅਦਾਲਤ ਵਲੋਂ ਰੋਕ ਲਾਉਣੋਂ ਇਨਕਾਰ

**ਨਵੀਂ ਦਿੱਲੀ :** ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਦੀ ਨਵੰਬਰ 1984 ਦੇ ਸਿੱਖ ਕਤਲੇਆਮ 'ਚ ਸ਼ਮੂਲੀਅਤ ਨਾਲ ਸਬੰਧਤ ਮੁਕੱਦਮੇ ਦੀ ਹੇਠਲੀ ਅਦਾਲਤ 'ਚ ਚੱਲ ਰਹੀ ਸੁਣਵਾਈ ਉਪਰ ਰੋਕ ਲਾਉਣ ਤੋਂ ਮਨ੍ਹਾ ਕਰ ਦਿੱਤਾ ਹੈ। ਇਹ ਮੁਕੱਦਮਾ ਦਿੱਲੀ ਦੀ ਕੜਕੜਡੂਮਾ ਅਦਾਲਤ 'ਚ ਚੱਲ ਰਿਹਾ ਹੈ, ਜਿਸ 'ਚ ਸੁਲਤਾਨਪੁਰੀ ਥਾਣਾ ਖੇਤਰ 'ਚ ਛੇ ਸਿੱਖਾਂ ਨੂੰ ਮਾਰਨ ਵਾਲੀ ਭੀੜ ਨੂੰ ਭੜਕਾਉਣ ਦੇ ਕਥਿਤ ਦੋਸ਼ਾਂ ਦਾ ਸੱਜਣ ਕੁਮਾਰ ਸਾਹਮਣਾ ਕਰ ਰਿਹਾ ਹੈ।



ਦਿੱਲੀ ਹਾਈ ਕੋਰਟ ਦੇ ਜਸਟਿਸ ਏ.ਕੇ. ਪਾਠਕ ਨੇ ਸੱਜਣ ਕੁਮਾਰ ਦੀ ਇਸ ਦਲੀਲ ਨੂੰ ਮੰਨਣ ਤੋਂ ਨਾਂਹ ਕਰਦਿਆਂ ਹੇਠਲੀ ਅਦਾਲਤ ਵਿਚ ਚੱਲ ਰਹੀ ਸੁਣਵਾਈ ਉਪਰ ਤੁਰੰਤ ਰੋਕ ਲਾਉਣ ਦੀ ਬੇਨਤੀ ਖਾਰਜ ਕਰ ਦਿੱਤੀ। ਸੱਜਣ ਕੁਮਾਰ ਵਲੋਂ ਹੇਠਲੀ ਅਦਾਲਤ ਵਿਚ ਉਸ ਵਿਰੁਧ ਲਾਏ ਗਏ ਦੋਸ਼ਾਂ ਨੂੰ ਚੁਣੌਤੀ ਦਿੰਦੀ ਪਟੀਸ਼ਨ ਬਾਰੇ ਸਬੰਧਤ ਅਦਾਲਤ ਨੇ ਅਜੇ ਫੈਸਲਾ ਦੇਣਾ ਹੈ।

ਸੱਜਣ ਕੁਮਾਰ ਦੀ ਪਟੀਸ਼ਨ 'ਤੇ ਹਾਈ ਕੋਰਟ ਵਲੋਂ ਸੀ.ਬੀ.ਆਈ. ਨੂੰ ਨੋਟਿਸ ਜਾਰੀ ਕਰ ਕੇ 16 ਸਤੰਬਰ ਤੱਕ ਜਵਾਬ ਦਾਖਲ ਕਰਨ ਲਈ ਕਿਹਾ ਗਿਆ ਹੈ ਤੇ ਇਸ ਮਗਰੋਂ ਸੱਜਣ ਕੁਮਾਰ ਦੀ ਪਟੀਸ਼ਨ 'ਤੇ ਅੱਗੇ ਸੁਣਵਾਈ ਹੋਵੇਗੀ। ਪੀੜਤ ਧਿਰ ਦੇ ਵਕੀਲ ਐਚ. ਐਸ. ਫੂਲਕਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੱਜਣ ਕੁਮਾਰ ਦੇ ਵਕੀਲਾਂ ਨੇ ਹੇਠਲੀ ਅਦਾਲਤ ਵਲੋਂ ਸੱਜਣ ਕੁਮਾਰ ਵਿਰੁਧ ਸਿੱਖ ਵਿਰੋਧੀ ਦੰਗਿਆਂ 'ਚ ਸ਼ਮੂਲੀਅਤ ਦੇ ਦੋਸ਼ ਅਇਦ ਕਰਨ ਨੂੰ ਚੁਣੌਤੀ ਦਿੰਦੇ ਹੋਏ ਪਟੀਸ਼ਨ 'ਚ ਦਲੀਲਾਂ ਦਿੱਤੀਆਂ ਹਨ ਕਿ ਪੁਲੀਸ ਵਲੋਂ ਸੱਜਣ ਕੁਮਾਰ ਨੂੰ ਦੋਸ਼ ਮੁਕਤ ਕਰਾਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੇ ਮੁਵੱਕਲ ਵਿਰੁਧ ਠੋਸ ਗਵਾਹੀਆਂ ਨਹੀਂ ਹਨ। ਦੱਸਣਯੋਗ ਹੈ ਕਿ ਇਹ ਦੰਗੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਭੜਕੇ ਸਨ। ਹੇਠਲੀ ਅਦਾਲਤ 'ਚ ਚੱਲ ਰਹੇ ਮੁਕੱਦਮੇ ਅਨੁਸਾਰ ਸੁਲਤਾਨਪੁਰ ਥਾਣਾ ਇਲਾਕੇ 'ਚ ਭੜਕੀ ਹੋਈ ਭੀੜ ਨੇ ਛੇ ਸਿੱਖਾਂ ਨੂੰ ਮਾਰ ਦਿੱਤਾ ਸੀ। ਇਸ ਕਤਲੇਆਮ ਦੌਰਾਨ ਨਿਰਪ੍ਰੀਤ ਕੌਰ ਦਾ ਪਿਉ ਵੀ ਮਾਰਿਆ ਗਿਆ ਸੀ।

ਨਾਨਾਵਤੀ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਸੀ.ਬੀ. ਆਈ. ਵਲੋਂ ਸੱਜਣ ਕੁਮਾਰ ਵਿਰੁਧ ਸੁਲਤਾਨਪੁਰੀ ਤੇ ਦਿੱਲੀ ਕੈਂਟ ਥਾਣਾ ਖੇਤਰ 'ਚ ਹੋਏ ਸਿੱਖ ਕਤਲੇਆਮ ਬਾਰੇ ਦੋ ਚਾਰਜਸ਼ੀਟਾਂ ਕੜਕੜਡੂਮਾ ਅਦਾਲਤ 'ਚ ਪੇਸ਼ ਕੀਤੀਆਂ ਗਈਆਂ ਸਨ। ਹੇਠਲੀ ਅਦਾਲਤ ਵਲੋਂ 7 ਜੁਲਾਈ ਨੂੰ ਸੱਜਣ ਕੁਮਾਰ ਤੇ ਉਸ ਦੇ ਸਹਿ ਦੋਸ਼ੀਆਂ ਖੁਸ਼ਹਾਲ ਸਿੰਘ, ਬ੍ਰਹਮਾਨੰਦ, ਪੀਰੂ ਤੇ ਵੇਦ ਪ੍ਰਕਾਸ਼ ਵਿਰੁਧ ਦੋਸ਼ ਆਇਦ ਕੀਤੇ ਗਏ ਸਨ। ਸੱਜਣ ਕੁਮਾਰ ਤੇ ਸਾਥੀਆਂ ਵਿਰੁਧ ਕਤਲ ਕਰਨ, ਦੋ ਫਿਰਕਿਆਂ 'ਚ ਨਫਰਤ ਫੈਲਾਉਣ, ਦੰਗਾ ਕਰਨ ਤੇ ਭੀੜ ਨੂੰ ਭੜਕਾਉਣ ਤੇ ਗੁਰਦੁਆਰੇ ਸਾੜਨ ਵਰਗੇ ਗੰਭੀਰ ਦੋਸ਼ ਲਾਏ ਗਏ ਸਨ।

## ਅਯੁੱਧਿਆ ਦੇ ਫੈਸਲੇ ਤੋਂ ਬਾਅਦ ਦੰਗਿਆਂ ਦਾ ਖਤਰਾ

**ਲਖਨਊ:** ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਵਲੋਂ ਸਤੰਬਰ ਦੇ ਤੀਜੇ ਹਫਤੇ ਵਿਚ ਝਗੜੇ ਵਾਲੇ ਢਾਂਚੇ ਦੇ ਬਾਰੇ ਫੈਸਲੇ ਦੇ ਐਲਾਨ ਨਾਲ ਪਹਿਲਾਂ ਉੱਤਰ ਪ੍ਰਦੇਸ਼ ਸਰਕਾਰ ਨੇ ਕੇਂਦਰੀ ਗ੍ਰਹਿ ਮੰਤਰਾਲਾ ਤੋਂ ਨੀਮ ਫੌਜੀ ਫੋਰਸਾਂ ਦੀਆਂ 460 ਕੰਪਨੀਆਂ ਭੇਜਣ ਦੀ ਦਰਖਾਸਤ ਕੀਤੀ ਹੈ। ਮਾਇਆਵਤੀ ਸਰਕਾਰ ਨੇ ਕਿਹਾ ਹੈ ਕਿ 1990 ਵਿਚ ਕੇਂਦਰ ਨੇ ਅਯੁੱਧਿਆ ਵਿਚ ਸੀ.ਆਰ.ਪੀ.ਐਫ. ਦੀਆਂ 260 ਕੰਪਨੀਆਂ ਭੇਜੀਆਂ ਸਨ।

1992 ਵਿਚ ਜਦੋਂ ਢਾਂਚਾ ਡੇਗਿਆ ਗਿਆ ਤੇ ਸੂਬੇ ਵਿਚ ਫਿਰਕੂ ਦੰਗੇ ਹੋਏ ਤੇ ਇਨ੍ਹਾਂ ਦੀ ਗਿਣਤੀ ਵਧਾ ਕੇ 670 ਕਰ ਦਿੱਤੀ ਗਈ ਸੀ ਜੋ ਕਿ ਘੱਟ ਸੀ। ਧਾਰਮਿਕ ਨੇਤਾਵਾਂ ਦੇ ਬਿਆਨਾਂ ਦਾ ਹਵਾਲਾ ਦਿੰਦੇ ਹੋਏ ਪਹਿਲਾਂ ਹੀ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਜਿਨ੍ਹਾਂ ਨੇ ਆਪਣੇ ਫਿਰਕੇ ਦੇ ਲੋਕਾਂ ਨੂੰ ਕਿਹਾ ਹੈ ਕਿ ਉਹ ਕਿਸੇ ਸੂਰਤ 'ਤੇ ਸਮਝੌਤਾ ਨਾ ਕਰਨ ਕਿਉਂਕਿ ਇਹ ਇਨ੍ਹਾਂ ਦੇ ਮਜ਼ਬੀ ਅਕੀਦੇ ਤੇ ਭਰੋਸੇ ਨਾਲ ਸੰਬੰਧ ਰੱਖਦਾ ਹੈ। ਫੈਸਲੇ ਤੋਂ ਬਾਅਦ ਪੈਦਾ ਹੋਣ ਵਾਲੀ ਹਾਲਤ ਨੂੰ ਪਹਿਲ ਦਿੰਦੇ ਹੋਏ ਸੂਬੇ ਦੇ ਪ੍ਰਸ਼ਾਸਨ ਨੂੰ ਅਮਨ ਯਕੀਨੀ ਬਣਾਉਣਾ ਹੋਵੇਗਾ।

## ਸੁਨੰਦਾ ਨਾਲ ਵਿਆਹ ਰਚਾ ਲਿਆ ਥਰੂਰ ਨੇ

**ਪਾਲਕੱੜ :** ਸਾਬਕਾ ਕੇਂਦਰੀ ਮੰਤਰੀ ਸ਼ਸ਼ੀ ਥਰੂਰ ਨੇ 22 ਅਗਸਤ ਨੂੰ ਇਥੇ ਐਲਵੇਨਸੀਰ ਪਿੰਡ 'ਚ ਆਪਣੇ ਜੱਦੀ ਨਿਵਾਸ ਵਿਚ ਦੁਬਈ ਦੀ



ਵਪਾਰੀ ਸੁਨੰਦਾ ਪੁਸ਼ਕਰ ਨਾਲ ਮਲਿਆਲਮ ਰਵਾਇਤ ਅਨੁਸਾਰ ਵਿਆਹ ਰਚਾ ਲਿਆ। ਸੰਯੁਕਤ ਰਾਸ਼ਟਰ ਵਿਚ ਸਾਬਕਾ ਐਡੀਸ਼ਨਲ ਜਨਰਲ ਸਕੱਤਰ ਰਹਿ ਚੁੱਕੇ 54 ਸਾਲਾ ਸ੍ਰੀ ਥਰੂਰ ਲੋਕ ਸਭਾ ਦੇ ਮੈਂਬਰ ਹਨ। 22 ਅਗਸਤ ਨੂੰ ਸਵੇਰੇ 8.30 ਵਜੇ ਤੋਂ ਕੁਝ ਪਹਿਲਾਂ ਸ਼ੁਭ ਮਹੂਰਤ ਵਿਚ ਨਾਦ ਸਵਰਮ ਦੀਆਂ ਸੁਰ ਲਹਿਰੀਆਂ ਦਰਮਿਆਨ ਹਿੰਦੂ ਰੀਤੀ-ਰਿਵਾਜ਼ ਨਾਲ ਥਰੂਰ ਨੇ ਸੁਨੰਦਾ ਨਾਲ ਵਿਆਹ ਕੀਤਾ। ਵਿਆਹ ਦੇ ਮੌਕੇ 'ਤੇ ਥਰੂਰ ਨੇ ਰਵਾਇਤੀ ਮਲਿਆਲੀ ਕੁੜਤਾ ਅਤੇ ਮੁੰਡੂ (ਲੁੰਗੀ) ਪਾਇਆ ਹੋਇਆ ਸੀ ਜਦਕਿ ਕਸ਼ਮੀਰ ਨਿਵਾਸੀ 48 ਸਾਲਾ ਸੁਨੰਦਾ ਨੇ ਮਲਿਆਲੀ ਲਾੜੀਆਂ ਵਾਂਗ ਸਫੈਦ ਜਰੀ ਵਾਲਾ ਵੇਸ਼ਟੀ ਅਤੇ ਮੁੰਡੂ ਪਾਇਆ ਹੋਇਆ ਸੀ। ਵਿਆਹ ਤੋਂ ਪਹਿਲਾਂ ਥਰੂਰ ਅਤੇ ਸੁਨੰਦਾ ਨੇ ਭਗਵਾਨ ਅਤੇ ਪਰਿਵਾਰ ਦੇ ਵੱਡੇ ਬਜ਼ੁਰਗਾਂ ਦਾ ਆਸ਼ੀਰਵਾਦ ਲਿਆ। ਥਰੂਰ ਦੀ 94 ਸਾਲਾ ਨਾਨੀ ਆਸ਼ੀਰਵਾਦ ਦੇਣ ਵਾਲਿਆਂ ਵਿਚ ਸ਼ਾਮਿਲ ਸੀ।

## ਅਨਾਜ ਭਾਵੇਂ ਸੜ ਜਾਵੇ, ਪਰ ਵੰਡਣਾ ਸੰਭਵ ਨਹੀਂ - ਸ਼ਰਦ ਪਵਾਰ

**ਨਵੀਂ ਦਿੱਲੀ:** ਦੇਸ਼ 'ਚ ਅਨਾਜ ਦੀ ਬਰਬਾਦੀ 'ਤੇ ਸੁਪਰੀਮ ਕੋਰਟ ਦੀ ਚਿੰਤਾ ਦੇ ਬਾਵਜੂਦ ਸਰਕਾਰ ਨੇ ਕਿਹਾ ਕਿ ਭਾਵੇਂ ਅਨਾਜ ਸੜ ਜਾਵੇ, ਪਰ ਗ਼ਰੀਬਾਂ 'ਚ ਮੁਫ਼ਤ ਵੰਡਣਾ ਸੰਭਵ ਨਹੀਂ ਹੈ। ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਬੀਤੇ ਦਿਨੀਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਦੀ ਗੱਲ 'ਤੇ ਅਮਲ ਕਰਨਾ ਸੰਭਵ ਨਹੀਂ ਹੈ। ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਸੁਪਰੀਮ ਕੋਰਟ ਨੇ ਇਸ ਬਾਰੇ ਸਿਰਫ਼ ਸੁਝਾਅ ਦਿੱਤਾ ਸੀ, ਨਾ ਕਿ ਕੋਈ ਹੁਕਮ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਬੀਤੀ 12 ਅਗਸਤ ਨੂੰ ਕਿਹਾ ਸੀ ਕਿ ਜੇਕਰ ਸਰਕਾਰ ਅਨਾਜ ਦੀ ਹਿਫਾਜ਼ਤ ਨਹੀਂ ਕਰ ਸਕਦੀ ਤਾਂ ਇਸ ਨੂੰ ਗ਼ਰੀਬਾਂ 'ਚ ਮੁਫ਼ਤ ਵੰਡ ਦੇਵੇ। ਜਸਟਿਸ ਦਲਬੀਰ ਭੰਡਾਰੀ ਅਤੇ ਦੀਪਕ ਵਰਮਾ 'ਤੇ ਅਧਾਰਤ ਬੈਂਚ ਨੇ ਸਰਕਾਰ ਨੂੰ ਕਿਹਾ ਸੀ ਕਿ ਸਰਕਾਰ ਇਹ ਨਿਸ਼ਚਤ ਕਰੇ ਕਿ ਹਰੇਕ ਸੂਬੇ 'ਚ ਇਕ ਵੱਡਾ ਗੁਦਾਮ ਹੋਣ ਦੇ ਨਾਲ-ਨਾਲ ਹਰ ਜ਼ਿਲ੍ਹੇ ਅਤੇ ਹੋਰਨਾਂ ਹਿੱਸਿਆਂ 'ਚ ਵੀ ਵੱਖੋ-ਵੱਖਰੇ ਗੁਦਾਮ ਹੋਣ। ਇਸ ਬਾਰੇ ਅਮਲ ਨੂੰ ਲੈ ਕੇ ਸਰਕਾਰ ਦੇ ਰੁਖ ਨਾਲ ਸੰਬੰਧਤ ਸਵਾਲ ਦੇ ਜਵਾਬ 'ਚ ਪਵਾਰ ਨੇ ਕਿਹਾ ਕਿ ਸਰਕਾਰ ਗ਼ਰੀਬਾਂ 'ਚ ਅਨਾਜ ਮੁਫ਼ਤ ਨਹੀਂ ਵੰਡ ਸਕਦੀ, ਪਰ ਗ਼ਰੀਬਾਂ ਨੂੰ ਸਸਤੇ ਭਾਅ 'ਤੇ ਕਣਕ ਅਤੇ ਚੌਲ ਮੁਹੱਈਆ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਗ਼ਰੀਬਾਂ ਲਈ ਅਨਤੋਦਿਆ ਅਨਾਜ ਯੋਜਨਾ ਚਲਾਈ ਜਾ ਰਹੀ ਹੈ। ਸਰਕਾਰ ਕਣਕ 16 ਰੁਪਏ ਖ਼ਰੀਦ ਰਹੀ ਹੈ ਅਤੇ 2 ਰੁਪਏ ਪ੍ਰਤੀ ਕਿਲੋ ਵੇਚ ਰਹੀ ਹੈ।



# ਗੁਰਜੰਟ ਸਿੰਘ 'ਤੇ ਮਮਤਾ ਬੈਨਰਜੀ ਨੂੰ ਮਾਰਨ ਦਾ ਦੋਸ਼

## ਟਰੱਕ ਡਰਾਈਵਰ ਗੁਰਜੰਟ ਸਿੰਘ ਦੀ ਜ਼ਮਾਨਤ ਨਾਮਨਜ਼ੂਰ

–ਪੰਜਾਬ ਟਾਈਮਜ਼ ਬਿਊਰੋ



**ਕੋਲਕਾਤਾ :** ਤ੍ਰਿਣਮੂਲ ਕਾਂਗਰਸ ਦੀ ਆਗੂ ਅਤੇ ਰੇਲ ਮੰਤਰੀ ਮਮਤਾ ਬੈਨਰਜੀ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਦੇ ਦੋਸ਼ ਵਿਚ ਗ੍ਰਿਫ਼ਤਾਰ ਟਰੱਕ ਡਰਾਈਵਰ ਗੁਰਜੰਟ ਸਿੰਘ ਦੀ ਜ਼ਮਾਨਤ ਦੀ ਅਪੀਲ ਚੀਫ ਜੁਡੀਸ਼ਲ ਮੈਜਿਸਟਰੇਟ ਮੋਹਿਤ ਬੈਨਰਜੀ ਨੇ ਬੀਤੀ 23 ਅਗਸਤ ਨੂੰ ਰੱਦ ਕਰ ਦਿੱਤੀ ਤੇ ਉਸ ਨੂੰ 25 ਅਗਸਤ ਤੱਕ ਨਿਆਂਇਕ ਹਿਰਾਸਤ 'ਚ ਭੇਜਣ ਦਾ ਹੁਕਮ ਦਿੱਤਾ।

ਇੱਥੇ ਤਾਮਲੂਕ ਵਿਚ ਕੋਲਕਾਤਾ ਤੋਂ ਵੱਡੀ ਗਿਣਤੀ ਵਿਚ ਸਿੱਖ ਭਾਈਚਾਰੇ ਦੇ ਮੈਂਬਰ ਵੀ ਪਹੁੰਚੇ ਹੋਏ ਸਨ, ਜਿਨ੍ਹਾਂ ਵਿਚ ਗੁਰਜੰਟ ਸਿੰਘ ਦਾ ਭਰਾ ਵੀਰ ਸਿੰਘ ਤੇ ਬੁਢਲਾਡਾ ਤੋਂ ਕਾਂਗਰਸੀ ਵਿਧਾਇਕ ਮੰਗਤ ਰਾਮ ਬਾਂਸਲ ਵੀ ਸ਼ਾਮਲ ਸਨ। ਗੁਰਜੰਟ ਸਿੰਘ ਦੇ ਕੋਲਕਾਤਾ ਤੋਂ ਪਹੁੰਚੇ ਵਕੀਲ ਮਨਜੀਤ ਸਿੰਘ ਨੇ ਉਸ ਦੀ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ, ਜੋ ਬਹਿਸ ਪਿੱਛੋਂ ਅਦਾਲਤ ਨੇ ਰੱਦ ਕਰ ਦਿੱਤੀ। ਪੁਲੀਸ ਨੇ 12 ਦਿਨਾਂ ਤੱਕ ਉਸ ਨੂੰ ਭਬਨੀ ਭਵਨ ਵਿਖੇ ਰੱਖ ਕੇ ਪੁੱਛ-ਪੜਤਾਲ ਕੀਤੀ। ਦੱਸਿਆ ਗਿਆ ਹੈ ਕਿ ਜਾਂਚ ਅਧਿਕਾਰੀ ਨੇ ਨਾ ਹੀ ਕੇਸ ਡਾਇਰੀ ਅਤੇ ਨਾ ਹੀ ਜਾਂਚ ਰਿਪੋਰਟ ਅਦਾਲਤ 'ਚ ਪੇਸ਼ ਕੀਤੀ ਜਦ ਕਿ ਕਾਨੂੰਨ ਅਨੁਸਾਰ ਜਾਂਚ ਅਧਿਕਾਰੀ ਨੂੰ ਖੁਦ ਅਦਾਲਤ 'ਚ ਹਾਜ਼ਰ ਹੋ ਕੇ ਕੇਸ ਡਾਇਰੀ ਪੇਸ਼ ਕਰਨੀ ਹੁੰਦੀ ਹੈ।

ਦੱਸਣਯੋਗ ਹੈ ਕਿ ਬੀਤੀ 9 ਅਗਸਤ ਨੂੰ ਗੁਰਜੰਟ ਸਿੰਘ ਦੇ ਟਰੱਕ ਦੀ ਕੋਲਕਾਤਾ ਵਿਖੇ ਰੇਲ ਮੰਤਰੀ ਦੇ ਕਾਫਲੇ ਨਾਲ ਟੱਕਰ ਹੋ ਗਈ ਸੀ। ਇਸ ਹਾਦਸੇ ਵਿਚ ਰੇਲ ਮੰਤਰੀ ਦੇ ਜ਼ਖ਼ਮੀ ਹੋਣ ਸਬੰਧੀ ਰਿਪੋਰਟ ਵੀ ਸੀ.ਆਈ.ਡੀ. ਅਜੇ ਤਕ ਪ੍ਰਾਪਤ ਨਹੀਂ ਕਰ ਸਕੀ। ਸਰਕਾਰੀ ਵਕੀਲ ਨੇ ਬਹਿਸ ਵਿਚ ਸ਼ਾਮਿਲ ਹੁੰਦਿਆਂ ਕਿਹਾ ਕਿ ਮਾਮਲਾ ਕਾਫੀ ਨਾਜ਼ੁਕ ਹੈ ਤੇ ਇਸ ਬਾਰੇ ਹੋਰ ਜਾਂਚ ਦੀ ਲੋੜ ਹੈ। ਅਦਾਲਤ ਨੇ ਆਦੇਸ਼ ਦਿੱਤਾ ਕਿ ਜਾਂਚ ਅਧਿਕਾਰੀ ਅਗਲੀ ਪੇਸ਼ੀ 'ਤੇ ਖੁਦ ਕੇਸ ਡਾਇਰੀ ਅਤੇ ਜਾਂਚ ਰਿਪੋਰਟ ਲੈ ਕੇ ਹਾਜ਼ਰ ਹੋਵੇ। ਗੁਰਜੰਟ ਸਿੰਘ ਦੇ ਵਕੀਲ ਨੇ ਬਾਅਦ ਵਿਚ ਦੱਸਿਆ ਕਿ ਉਨ੍ਹਾਂ ਨੇ ਅਦਾਲਤ ਦੇ ਫੈਸਲੇ ਦੀ ਕਾਪੀ ਮੰਗੀ ਹੈ। ਉਹ ਕਾਪੀ ਮਿਲਣ 'ਤੇ ਉਹ ਗੁਰਜੰਟ ਸਿੰਘ ਦੀ ਜ਼ਮਾਨਤ ਲਈ ਹਾਈ ਕੋਰਟ 'ਚ ਅਰਜ਼ੀ ਦੇਣਗੇ। ਇਸੇ ਤਰ੍ਹਾਂ ਮੰਗਤ ਰਾਮ ਨੇ ਆਸ ਜ਼ਾਹਿਰ ਕੀਤੀ ਕਿ ਅਗਲੀ ਪੇਸ਼ੀ 'ਤੇ ਜ਼ਮਾਨਤ ਹੋ ਜਾਵੇਗੀ। ਗੁਰਜੰਟ ਸਿੰਘ ਦੇ ਭਰਾ ਵੀਰ ਸਿੰਘ ਨੇ ਕਿਹਾ ਕਿ ਉਸ ਦਾ ਭਰਾ ਨਿਰਦੋਸ਼ ਹੈ।

ਜਦਕਿ ਇਸ ਤੋਂ ਪਹਿਲਾਂ ਖਬਰਾਂ ਆਈਆਂ ਸਨ ਕਿ ਗੁਰਜੰਟ ਸਿੰਘ ਖ਼ਿਲਾਫ਼ ਦਾਇਰ ਮਾਮਲਾ ਵਾਪਸ ਲੈ ਕੇ ਉਸ ਨੂੰ ਛੇਤੀ ਹੀ ਰਿਹਾਅ ਕਰ ਦਿੱਤਾ ਜਾਵੇਗਾ। ਇਸ ਸਬੰਧੀ ਫੈਸਲਾ ਬੀਤੀ 18 ਅਗਸਤ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਅਤੇ ਤ੍ਰਿਣਮੂਲ ਕਾਂਗਰਸ ਦੇ ਨੇਤਾ ਤੇ ਕੇਂਦਰੀ ਜਹਾਜ਼ਰਾਨੀ ਮੰਤਰੀ ਮੁਕੁਲ ਰਾਏ ਵਿਚਕਾਰ ਨਵੀਂ ਦਿੱਲੀ ਵਿਖੇ ਹੋਈ ਮੀਟਿੰਗ ਵਿਚ ਲਿਆ ਗਿਆ ਸੀ। ਸ. ਢੀਂਡਸਾ ਮੁਤਾਬਕ ਸ੍ਰੀ ਮੁਕੁਲ ਰਾਏ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਇਹ ਮਾਮਲਾ ਛੇਤੀ ਹੀ ਖਤਮ ਕਰ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਸ. ਢੀਂਡਸਾ ਦੇ ਨਿੱਜੀ ਸਕੱਤਰ ਜਸਵਿੰਦਰ ਸਿੰਘ ਨੇ ਪੱਛਮੀ ਬੰਗਾਲ ਦੇ ਡੀ.ਆਈ. ਜੀ. (ਸੀ.ਆਈ.ਡੀ.) ਨੂੰ ਗੁਰਜੰਟ ਸਿੰਘ ਅਤੇ ਉਸ ਦੇ ਪਰਿਵਾਰ ਬਾਰੇ ਫੋਨ 'ਤੇ ਜਾਣਕਾਰੀ ਦਿੱਤੀ। ਸੰਗਰੂਰ ਦੇ ਐਸ.ਐਸ. ਪੀ. ਨੇ ਵੀ ਗੁਰਜੰਟ ਸਿੰਘ ਬਾਰੇ ਆਪਣੀ ਰਿਪੋਰਟ ਪੱਛਮੀ ਬੰਗਾਲ ਪੁਲਿਸ ਨੂੰ ਭੇਜ ਦਿੱਤੀ ਸੀ।

ਇਸ ਤੋਂ ਪਹਿਲਾਂ ਕੇਂਦਰੀ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਨੇ ਵੀ ਗੁਰਜੰਟ ਸਿੰਘ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਿਆਂ ਇਸ ਹਾਦਸੇ ਨੂੰ ਇਤਫ਼ਾਕਨ ਕਰਾਰ ਦਿੰਦਿਆਂ ਕਿਹਾ ਸੀ ਕਿ ਪੰਜਾਬ ਦੇ ਇਸ ਗਰੀਬ ਟਰੱਕ ਡਰਾਈਵਰ ਨਾਲ ਧੱਕਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਬੇਇਨਸਾਫੀ ਦੇ ਖਿਲਾਫ ਉਹ ਹਰ ਮੁਹਾਜ਼ 'ਤੇ ਗੱਲ ਕਰਨਗੇ।

ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਪੱਛਮੀ ਬੰਗਾਲ ਦੀ ਇਸ ਘਟਨਾ ਦੇ ਸਬੰਧ ਵਿਚ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਪੱਤਰ ਵੀ ਲਿਖਿਆ ਹੈ। ਉਨ੍ਹਾਂ ਦੱਸਿਆ ਕਿ ਗ੍ਰਹਿ ਮੰਤਰੀ ਤੋਂ ਇਹੀ ਮੰਗ ਕੀਤੀ ਗਈ ਹੈ ਕਿ ਗੁਰਜੰਟ ਸਿੰਘ ਨੂੰ ਇਨਸਾਫ਼ ਮਿਲਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਰੇਲਵੇ ਮੰਤਰੀ ਦੀ ਕਾਰ ਨਾਲ ਵਾਪਰੇ ਹਾਦਸੇ ਦੀਆਂ ਘਟਨਾਵਾਂ ਤੋਂ ਬਾਅਦ ਬੰਗਾਲ ਦੇ ਪ੍ਰਮੁੱਖ ਅਖਬਾਰਾਂ ਨੇ ਜਿਸ ਤਰ੍ਹਾਂ ਦੀਆਂ ਤੱਥ ਭਰਪੂਰ ਖ਼ਬਰਾਂ ਛਾਪੀਆਂ ਤੇ ਘਟਨਾ ਦੇ ਹਰ ਪਹਿਲੂ ਨੂੰ ਸਾਹਮਣੇ ਲਿਆਂਦਾ ਉਸ ਤੋਂ ਨਹੀਂ ਲਗਦਾ ਕਿ ਗੁਰਜੰਟ ਸਿੰਘ ਨੇ ਜਾਣ ਬੁੱਝ ਕੇ ਇਸ ਘਟਨਾ ਨੂੰ ਅੰਜਾਮ ਦਿੱਤਾ ਹੋਵੇ। ਕੇਂਦਰੀ ਖੇਡ ਮੰਤਰੀ ਨੇ ਕਿਹਾ ਕਿ ਇਹ ਟਰੱਕ ਡਰਾਈਵਰ ਤਾਂ ਮੁਸ਼ਕਿਲ ਨਾਲ ਆਪਣਾ ਟੱਬਰ ਪਾਲ਼ ਰਿਹਾ ਹੈ, ਫਿਰ ਕਿਸੇ ਸਾਜ਼ਿਸ਼ ਵਿਚ ਕਿਵੇਂ ਸ਼ਾਮਲ ਹੋ ਸਕਦਾ ਹੈ। ਸ੍ਰੀ ਗਿੱਲ ਨੇ ਕਿਹਾ ਕਿ ਘਟਨਾਵਾਂ ਤੋਂ ਇੰਜ ਲਗਦਾ ਹੈ ਕਿ ਜਿਵੇਂ ਉਹ ਰਾਜਨੀਤੀ ਦਾ ਸ਼ਿਕਾਰ ਹੋ ਗਿਆ ਹੋਵੇ।

ਜਦਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੁੱਧਵਾਰ ਨੂੰ ਕਿਹਾ ਸੀ ਕਿ ਟਰੱਕ ਡਰਾਈਵਰ ਗੁਰਜੰਟ ਸਿੰਘ, ਜਿਸ ਨੂੰ ਮਮਤਾ ਬੈਨਰਜੀ ਦੇ ਕਾਫਲੇ ਵਿਚ ਜਾਣ-ਬੁਝ ਕੇ ਟੱਕਰ ਮਾਰਨ ਦਾ ਦੋਸ਼ੀ ਦੱਸਿਆ ਜਾ ਰਿਹਾ ਹੈ, ਜ਼ਾਹਰਾ ਤੌਰ 'ਤੇ ਨਿਰਦੋਸ਼ ਜਾਪਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਗੁਰਜੰਟ ਸਿੰਘ ਦੇ ਪਰਿਵਾਰ ਦੀ ਕਾਨੂੰਨੀ ਸਹਾਇਤਾ ਕਰਨ ਲਈ ਤਿਆਰ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਉਹ ਇਸ ਮਾਮਲੇ ਬਾਰੇ ਪੱਛਮੀ ਬੰਗਾਲ ਦੇ ਡੀ.ਜੀ.ਪੀ. ਭੁਪਿੰਦਰ ਸਿੰਘ ਨਾਲ ਵੀ ਗੱਲ ਕਰਨਗੇ।

ਇਸ ਦੇ ਨਾਲ ਹੀ ਬੀਤੀ 19 ਅਗਸਤ ਨੂੰ ਲੋਕ ਸਭਾ ਮੈਂਬਰ ਵਿਜੇਇੰਦਰ ਸਿੰਗਲਾ ਵਲੋਂ ਗੁਰਜੰਟ ਸਿੰਘ ਸਬੰਧੀ ਕੇਂਦਰੀ ਰੇਲ ਮੰਤਰੀ ਮਮਤਾ ਬੈਨਰਜੀ ਨਾਲ ਮੁਲਾਕਾਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਗੱਲਬਾਤ ਦੌਰਾਨ ਮਮਤਾ ਬੈਨਰਜੀ ਨੇ ਕਿਹਾ ਕਿ ਉਹ ਹਮੇਸ਼ਾਂ ਹੀ ਗਰੀਬ ਲੋਕਾਂ ਦੀ ਹਮਦਰਦ ਰਹੀ ਹੈ। ਇਸ ਮਾਮਲੇ 'ਚ ਉਹ ਖੁਦ ਸ਼ਿਕਾਇਤ ਕਰਤਾ ਨਹੀਂ ਹੈ। ਸ੍ਰੀ ਸਿੰਗਲਾ ਨੇ ਕਿਹਾ ਕਿ ਜੇ ਲੋੜ ਪਈ ਤਾਂ ਕੋਲਕਾਤਾ ਦੇ ਇਕ ਨਾਮੀ ਵਕੀਲ ਸੁੰਦਰ ਸਿੰਘ ਦੀਆਂ ਸੇਵਾਂਵਾ ਵੀ ਲਈਆਂ ਜਾਣਗੀਆਂ।

ਇਸ ਮਾਮਲੇ ਸਬੰਧੀ ਬੁਢਲਾਡਾ ਤੋਂ ਵਿਧਾਇਕ ਮੰਗਤ ਰਾਏ ਬਾਂਸਲ ਦੀ ਅਗਵਾਈ ਹੇਠ ਕੋਲਕਾਤਾ ਦੇ ਸਿੱਖਾਂ ਦਾ ਇਕ ਵਫ਼ਦ ਦਖਣੀ ਕਲਕੱਤਾ ਦੇ ਜ਼ਿਲ੍ਹਾ ਭਵਾਨੀਬਵਨਪੁਰ ਦੇ ਐਸ.ਐਸ.ਪੀ. (ਅਪਰਾਧ ਸ਼ਾਖ਼ਾ) ਸ੍ਰੀ ਵੀ ਵੈਦਿਆ ਨੂੰ ਮਿਲਿਆ। ਇਸ ਵਫ਼ਦ ਵਿਚ ਸ. ਅਜੀਤ ਸਿੰਘ ਦਿਉਲ, ਸੁਰਿੰਦਰਪਾਲ ਸਿੰਘ ਗਿੱਲ, ਭੁਪਿੰਦਰ ਸਿੰਘ ਗਰੇਵਾਲ, ਰਣਜੀਤ ਸਿੰਘ ਆਦਿ ਸ਼ਾਮਲ ਸਨ। ਵਫ਼ਦ ਨੇ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਗੁਰਜੰਟ ਸਿਘ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਵਫ਼ਦ ਨੇ ਐਸ.ਐਸ.ਪੀ. ਨੂੰ ਦੱਸਿਆ ਕਿ ਕਾਫ਼ਲੇ ਨਾਲ ਵਾਪਰਿਆ ਹਾਦਸਾ ਅਚਾਨਕ ਟਰੱਕ ਦੀਆਂ ਬਰੇਕਾਂ ਫ਼ੇਲ੍ਹ ਹੋਣ ਕਾਰਨ ਵਾਪਰਿਆ ਹੈ। ਵਿਧਾਇਕ ਬਾਂਸਲ ਨੇ ਦੱਸਿਆ ਕਿ ਉਨ੍ਹਾਂ ਦੇ ਵਫ਼ਦ ਨੇ ਗੁਰਜੰਟ ਸਿੰਘ ਨਾਲ ਥਾਣਾ ਭਵਾਨੀਬਵਨਪੁਰ ਵਿਚ ਮੁਲਾਕਾਤ ਕਰ ਕੇ ਉਸ ਦੇ ਕੇਸ ਅਤੇ ਮੁਸ਼ਕਲਾਂ ਸਬੰਧੀ ਜਾਣਕਾਰੀ ਹਾਸਲ ਕੀਤੀ।

ਇਸ ਦੌਰਾਨ ਟਰੱਕ ਡਰਾਈਵਰ ਗੁਰਜੰਟ ਸਿੰਘ ਦੇ ਪਿੰਡ ਮੌੜਾਂ ਵਿਖੇ ਪੱਛਮੀ ਬੰਗਾਲ ਦੀ ਸੀ.ਆਈ.ਡੀ. ਟੀਮ ਮਾਮਲੇ ਦੀ ਘੋਖ ਕਰਨ ਪੁੱਜੀ। ਸੀ.ਆਈ.ਡੀ. ਇੰਸਪੈਕਟਰ ਅਸ਼ੋਕ ਕੁਮਾਰ ਨੇ ਵੱਖ-ਵੱਖ ਥਾਣਿਆਂ 'ਚ ਜਾ ਕੇ ਗੁਰਜੰਟ ਸਿੰਘ ਬਾਰੇ ਜਾਣਕਾਰੀ ਲਈ। ਪੱਛਮੀ ਬੰਗਾਲ ਦੀ ਸੀ.ਆਈ.ਡੀ. ਦੀ ਜਾਂਚ ਪੜਤਾਲ ਤੋਂ ਇਹ ਗੱਲ ਸਾਹਮਣੇ ਆਈ ਕਿ ਗੁਰਜੰਟ ਸਿੰਘ ਖ਼ਿਲਾਫ਼ ਜ਼ਿਲ੍ਹਾ ਸੰਗਰੂਰ ਅੰਦਰ ਕੋਈ ਕੇਸ ਦਰਜ ਨਹੀਂ ਹੈ। ਪੁਲੀਸ ਟੀਮ ਬੀਤੀ 19 ਅਗਸਤ ਨੂੰ ਸੁਵੱਖਤੇ ਹੀ ਪਿੰਡ ਮੌੜਾਂ ਪੁੱਜੀ ਤੇ ਉਸ ਦੇ ਬਾਰੇ ਪੁੱਛ-ਪੜਤਾਲ ਕੀਤੀ। ਪਿੰਡ ਵਾਸੀਆਂ ਨੇ ਗੁਰਜੰਟ ਸਿੰਘ ਨੂੰ ਵਧੀਆ ਤੇ ਨਰਮ ਸੁਭਾਅ ਵਾਲਾ ਦੱਸਿਆ। ਇਸੇ ਦੌਰਾਨ ਕੋਲਕਾਤਾ ਹਾਈ ਕੋਰਟ ਦਾ ਇਕ ਵਕੀਲ ਵੱਖਰੇ ਤੌਰ 'ਤੇ ਗੁਰਜੰਟ ਸਿੰਘ ਦੇ ਘਰ ਆਇਆ ਤੇ ਪਰਿਵਾਰ ਦੀ ਹਰ ਪੱਖ ਤੋਂ ਮਦਦ ਕਰਨ ਦਾ ਵਿਸ਼ਵਾਸ ਦਿਵਾਇਆ।

ਪੱਛਮੀ ਬੰਗਾਲ ਤੋਂ ਆਏ ਇਕ ਵਫਦ ਨੇ ਸਰਪੰਚ ਨੂੰ ਪਰਿਵਾਰ ਦੀ ਮਦਦ ਲਈ 21 ਹਜ਼ਾਰ ਰੁਪਏ ਦਿੱਤੇ। ਮਮਤਾ ਬੈਨਰਜੀ ਦੀ ਕਾਰ ਨਾਲ ਹਾਦਸਾ ਵਾਪਰਨ ਤੋਂ ਬਾਅਦ ਕੌਮੀ ਪੱਧਰ 'ਤੇ ਸੁਰਖੀਆਂ ਵਿਚ ਆਉਣ ਵਾਲਾ ਇਹ ਟਰੱਕ ਡਰਾਈਵਰ ਜ਼ਿਲ੍ਹਾ ਸੰਗਰੂਰ ਦੇ ਪਿੰਡ ਮੌੜਾਂ ਦਾ ਰਹਿਣ ਵਾਲਾ ਹੈ।

## ਬਾਦਲ ਦੇ ਕਾਫ਼ਲੇ ਦੀ ਗੱਡੀ ਨਾਲ ਟੱਕਰ, ਦੋ ਜ਼ਖ਼ਮੀ

**ਆਨੰਦਪੁਰ ਸਾਹਿਬ:** ਬੀਤੀ 23 ਅਗਸਤ ਨੂੰ ਬਾਅਦ ਦੁਪਹਿਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਨੰਗਲ ਛੱਡ ਕੇ ਉਨ੍ਹਾਂ ਦੀਆਂ ਗੱਡੀਆਂ ਦਾ ਕਾਫਲਾ ਜਦੋਂ ਆਨੰਦਪੁਰ ਸਾਹਿਬ ਪਰਤ ਰਿਹਾ ਸੀ ਤਾਂ ਕਸਬਾ ਭਨੁੱਪਲੀ ਨੇੜੇ ਕਾਫਲੇ ਦੀ ਇਕ ਗੱਡੀ ਨਾਲ ਮੋਟਰਸਾਈਕਲ ਜਾ ਟਕਰਾਇਆ।

ਇਸ ਕਾਰਨ ਢਾਹਾਂ ਦੇ ਵਸਨੀਕ ਗੁਰਵਿੰਦਰ ਸਿੰਘ ਤੇ ਬਲਵਿੰਦਰ ਕੌਰ ਨੂੰ ਕਾਫੀ ਸੱਟਾਂ ਲੱਗੀਆਂ। ਉਨ੍ਹਾਂ ਨੂੰ ਮੁੱਢਲੀ ਸਹਾਇਤਾ ਮਗਰੋਂ ਪੀ.ਜੀ.ਆਈ. ਚੰਡੀਗੜ੍ਹ ਵਿਖੇ ਰੈਫਰ ਕਰ ਦਿੱਤਾ ਗਿਆ।

## Matrimonials

### ਵਰ ਦੀ ਲੋੜ

Professional Jatt Sikh match, for beautiful Jatt Sikh girl 28, 5'3" Canadian immigrant, registered Nurse in USA.Call 248-974-1131.Send Bio-data with photo to karamjittsandhu@yahoo.com

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734 sandhu3200@gmail.com

Handsome & educated Jatt Sikh match, preferably from California for Jatt Sikh beautiful girl, 24, 5'4", MBA. Call at 408-794-5382. Send Bio-data with pictures to Jatt_Sikh2010@yahoo.com

### ਕੰਨਿਆ ਦੀ ਲੋੜ

ਜੱਟ ਸਿੱਖ ਵਿਰਕ, 26, ਨਿਊ ਯਾਰਕ ਵਿਚ ਆਪਣਾ ਬਿਜਨਸ ਕਰਦੇ, ਪਿਛੋਂ ਜ਼ਿਲਾ ਕਰਨਾਲ ਦੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ:718-600-2325, 917-519-9453, sonu_virk48@yahoo.com

## Public Notice

### Name Change

I, Manpreet Mand S/O Mohinder Singh Mand resident of Basti Peerdad, PO Basti Bawa Khel, Jalandhar, Punjab, India, now living at 1595 Poema Dr., Colton, CA 92324 (USA), have changed my name to Sukhdev Singh Mand. All concerned please note.


MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Emirates
Asiana Airlines
KOREAN AIR
SINGAPORE AIRLINES
CATHAY PACIFIC
Lufthansa
CHINA AIRLINES
We Also Offer Notary Service



FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



100% NCLEX-PN Pass Rate!
SSF Campus January 2010 – March 2010
Hayward Campus January 2008 – March 2008
Job Placement Assistance! Affordable Payment Plans!
NCP Career College & College of Nursing
Training students since 1993!

12 Month LVN Program
20 Day CNA Program
Full Time
Part Time
Days, Evenings & Weekends
Choose which one is right for you... Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus
257 Longford Drive #5,
So. San Francisco, CA 94080
800.339.5145, 650.871.0701
Hayward Campus
21615 Hesperian Blvd. Ste. A,
Hayward, CA 94541
800.611.4054, 510.785.0454

# ਪਰਵਾਸੀਆਂ ਨੂੰ ਵੋਟ ਦਾ ਅਧਿਕਾਰ ਦੇਣ ਵਾਲਾ ਬਿਲ ਪੇਸ਼

–ਪੰਜਾਬ ਟਾਈਮਜ਼ ਬਿਊਰੋ

**ਨਵੀਂ ਦਿੱਲੀ:** ਵਿਦੇਸ਼ਾਂ 'ਚ ਰਹਿ ਰਹੇ ਭਾਰਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣ ਤੇ ਇਸ ਲਈ ਇਕ ਅਮਲ ਨਿਰਧਾਰਤ ਕਰਨ ਦੀ ਤਜਵੀਜ਼ ਵਾਲਾ ਅਹਿਮ ਬਿਲ ਬੀਤੀ 21 ਅਗਸਤ ਨੂੰ ਰਾਜ ਸਭਾ 'ਚ ਕੇਂਦਰੀ ਕਾਨੂੰਨ ਮੰਤਰੀ ਵੀਰੱਪਾ ਮੋਇਲੀ ਵਲੋਂ ਪੇਸ਼ ਕੀਤਾ ਗਿਆ। ਬਿਲ ਬਾਰੇ ਬੋਲਦਿਆਂ ਸ੍ਰੀ ਮੋਇਲੀ ਨੇ ਦੱਸਿਆ ਕਿ ਅਸੀਂ ਲੋਕ ਨੁਮਾਇੰਦਗੀ (ਸੋਧ ਬਿਲ-2010) ਸਦਨ 'ਚ ਪੇਸ਼ ਕੀਤਾ ਹੈ ਅਤੇ ਇਸ ਬਾਰੇ ਲੋਕ ਨੁਮਾਇੰਦਗੀ ਸੋਧ ਬਿਲ 2006 ਨੂੰ ਵਾਪਸ ਲੈ ਲਿਆ ਹੈ, ਕਿਉਂਕਿ ਇਸ ਵਿਚ ਪਰਵਾਸੀ ਭਾਰਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣ ਬਾਰੇ ਸਪੱਸ਼ਟ ਬਿਉਰਾ ਨਹੀਂ ਸੀ।

ਉਨ੍ਹਾਂ ਕਿਹਾ ਕਿ ਲੋਕ ਨੁਮਾਇੰਦਗੀ ਸੋਧ ਬਿਲ-2010 'ਚ ਪਰਵਾਸੀ ਭਾਰਤੀਆਂ ਦਾ ਨਾਂ ਵੋਟਰ ਸੂਚੀਆਂ 'ਚ ਦਰਜ ਕਰਨ, ਵੋਟਿੰਗ ਤੇ ਚੋਣ ਲੜਨ ਦੇ ਤੌਰ-ਤਰੀਕਿਆਂ ਬਾਰੇ ਸਪੱਸ਼ਟ ਦੱਸਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀ ਲੰਮੇ ਸਮੇਂ ਤੋਂ ਇਸ ਅਧਿਕਾਰ ਦੀ ਮੰਗ ਕਰ ਰਹੇ ਸਨ, ਪਰ ਅਸੀਂ ਕੁਝ ਵਿਵਹਾਰਕ ਦਿੱਕਤਾਂ ਕਾਰਨ ਇਹ ਫੈਸਲਾ ਨਹੀਂ ਲੈ ਸਕੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਿੱਕਤਾਂ ਵਿਚ ਪਰਵਾਸੀ ਭਾਰਤੀਆਂ ਦਾ ਨਾਂ ਸਬੰਧਤ ਹਲਕੇ ਦੀ ਵੋਟਿੰਗ ਸੂਚੀ 'ਚ ਸ਼ਾਮਲ ਕਰਨਾ ਤੇ ਭਾਰਤ ਦੇ ਬਾਹਰ ਰਹਿੰਦੇ ਹੋਏ ਚੋਣ ਪ੍ਰਕਿਰਿਆ ਲਈ ਨਿਰਧਾਰਤ ਸੰਖੇਪ ਸਮਾਂ ਸੀਮਾ ਦੌਰਾਨ ਉਨ੍ਹਾਂ ਨੂੰ ਵੋਟਿੰਗ ਦੀ ਇਜਾਜ਼ਤ ਦੇਣਾ ਆਦਿ ਸ਼ਾਮਲ ਹੈ। ਸ੍ਰੀ ਮੋਇਲੀ ਨੇ ਕਿਹਾ ਕਿ ਪ੍ਰਵਾਸੀਆਂ ਵਲੋਂ ਵੋਟ ਪਾਉਣ ਦਾ ਅਧਿਕਾਰ ਮੰਗਣਾ ਬਿਲਕੁਲ ਜਾਇਜ਼ ਹੈ ਅਤੇ ਇਸ ਕਾਨੂੰਨ ਨਾਲ ਉਨ੍ਹਾਂ ਦੀ ਲੋਕਤੰਤਰਿਕ ਪ੍ਰਕਿਰਿਆ 'ਚ ਹਿੱਸੇਦਾਰੀ ਯਕੀਨੀ ਬਣੇਗੀ। ਸ੍ਰੀ ਮੋਇਲੀ ਨੇ ਕਿਹਾ ਕਿ ਕਾਨੂੰਨ ਤੇ ਨਿਆਂ ਮੰਤਰਾਲੇ ਦੀ ਸਥਾਈ ਸੰਸਦੀ ਕਮੇਟੀ ਨੇ ਇਸ ਸਬੰਧੀ ਪਹਿਲੇ ਬਿਲ ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਸੀ ਕਿ ਇਸ ਵਿਚ ਸਪੱਸ਼ਟਤਾ ਦੀ ਘਾਟ ਹੈ ਅਤੇ ਇਸ ਕਮੇਟੀ ਦੀਆਂ ਤਜਵੀਜ਼ਾਂ ਨੂੰ ਮੰਨਦਿਆਂ ਅਸੀਂ ਨਵਾਂ ਬਿਲ ਲਿਆਉਣ ਦਾ ਫੈਸਲਾ ਲਿਆ ਹੈ।




ਕਸ਼ਮੀਰ ਵਿਚ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਅਤਿਵਾਦੀਆਂ ਵਲੋਂ ਇਸਲਾਮ ਕਬੂਲਣ ਜਾਂ ਕਸ਼ਮੀਰ ਛੱਡਣ ਸਬੰਧੀ ਮਿਲੀਆਂ ਧਮਕੀਆਂ ਬਾਰੇ ਸੰਸਦ ਵਿਚ ਚਿੰਤਾ ਜ਼ਾਹਰ ਕੀਤੀ ਗਈ। ਸਰਕਾਰ ਵਲੋਂ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਕਿ ਕਸ਼ਮੀਰ ਵਿਚ ਸਿੱਖਾਂ ਨੂੰ ਡਰਨ ਦੀ ਲੋੜ ਨਹੀਂ ਹੈ।

ਕੌਮੀ ਜਮਹੂਰੀ ਗਠਜੋੜ ਵਲੋਂ ਸੰਸਦ ਦੇ ਦੋਵੇਂ ਸਦਨਾਂ ਵਿਚ ਚਿੰਤਾ ਜ਼ਾਹਰ ਕੀਤੇ ਜਾਣ ਉਤੇ ਗ੍ਰਹਿ ਮੰਤਰੀ ਪੀ. ਚਿਦੰਬਰਮ, ਵਿੱਤ ਮੰਤਰੀ ਪ੍ਰਣਬ ਮੁਖਰਜੀ ਅਤੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਕਿ ਕਿਸੇ ਨੂੰ ਵੀ ਸਿੱਖਾਂ ਨੂੰ ਨੁਕਸਾਨ ਨਹੀਂ ਪਹੁੰਚਾਉਣ ਦਿੱਤਾ ਜਾਵੇਗਾ।

ਸ੍ਰੀ ਚਿਦੰਬਰਮ ਨੇ ਕਿਹਾ ਕਿ ਕਿਸੇ ਨੂੰ ਵੀ ਸਿੱਖ ਭਾਈਚਾਰੇ ਨੂੰ ਕਿਸੇ ਪ੍ਰਕਾਰ ਦਾ ਨੁਕਸਾਨ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਸਿੱਖਾਂ ਦੇ ਸਾਰੇ ਅਧਿਕਾਰਾਂ ਦੀ ਰੱਖਿਆ ਕੀਤੀ ਜਾਵੇਗੀ। ਇਸ ਸਬੰਧੀ ਲੋੜੀਂਦੇ ਕਦਮ ਚੁੱਕੇ ਜਾਣਗੇ। ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਇਸ ਨੂੰ ਅਸਵੀਕਾਰਨਯੋਗ ਕਰਾਰ ਦਿੰਦਿਆਂ ਸਿੱਖ ਭਾਈਚਾਰੇ ਦੇ ਉਥੇ ਹੀ ਰਹਿਣ ਦੀ ਗੱਲ ਆਖੀ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸ੍ਰੀ ਚਿਦੰਬਰਮ ਨੂੰ ਸਿੱਖਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦੀ ਹਰ ਕੋਸ਼ਿਸ਼ ਕਰਨ ਦਾ ਭਰੋਸਾ ਦਿਵਾਇਆ। ਅਕਾਲੀ ਦਲ ਦੇ ਮੈਂਬਰ ਰਤਨ ਸਿੰਘ ਅਜਨਾਲਾ ਨੇ ਪ੍ਰਸ਼ਨ ਕਾਲ ਤੋਂ ਪਹਿਲਾਂ ਲੋਕ ਸਭਾ ਵਿਚ ਇਹ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਕਸ਼ਮੀਰੀ ਸਿੱਖ ਇਸਲਾਮ ਕਬੂਲਣ ਦੀ ਬਜਾਏ ਮਰਨਾ ਪਸੰਦ ਕਰਨਗੇ। ਇਸ ਉਤੇ ਨੈਸ਼ਨਲ ਕਾਨਫਰੰਸ ਦੇ ਮਿਰਜ਼ਾ ਮਹਿਬੂਬ ਬੇਗ ਨੇ ਕਿਹਾ ਕਿ ਅਤਿਵਾਦੀਆਂ ਦੀ ਧਮਕੀ ਕਸ਼ਮੀਰੀਆਂ ਦੀਆਂ ਨੈਤਿਕ ਕਦਰਾਂ ਦੇ ਕੀਮਤਾਂ ਖਿਲਾਫ ਹੈ। ਸ੍ਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਕਸ਼ਮੀਰੀ ਮੁਸਲਿਮ ਹੀ ਨਹੀਂ ਸਗੋਂ ਸਾਰਾ ਭਾਰਤ ਸਿੱਖ ਭਾਈਚਾਰੇ ਦੇ ਨਾਲ ਖੜ੍ਹੇਗਾ। ਰਾਜ ਸਭਾ ਵਿਚ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਘੱਟ ਗਿਣਤੀਆਂ ਦੀ ਰੱਖਿਆ ਦਾ ਭਰੋਸਾ ਦਿਵਾਇਆ ਪਰ ਮੈਂਬਰਾਂ ਦੀ ਇਸ ਜੁਆਬ ਨਾਲ ਤਸੱਲੀ ਨਹੀਂ ਹੋਈ। ਰਾਜ ਸਭਾ ਮੈਂਬਰਾਂ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਤੋਂ ਜੁਆਬ ਮੰਗਿਆ। ਇਹ ਮੁੱਦਾ ਭਾਜਪਾ ਦੇ ਰਾਜੀਵ ਪ੍ਰਤਾਪ ਰੂਡੀ ਨੇ ਸਿਫਰ ਕਾਲ ਦੌਰਾਨ ਉਠਾਇਆ ਸੀ। ਭਾਜਪਾ ਦੇ ਐਸ. ਐਸ. ਆਹਲੂਵਾਲੀਆ ਨੇ ਕਿਹਾ ਕਿ ਕਸ਼ਮੀਰ ਵਿਚ ਸਿੱਖਾਂ ਦੀ ਹਿਫਾਜ਼ਤ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਉਥੋਂ ਦੇ ਹਾਲਾਤ ਮੁਤਾਬਕ ਇਹ ਸਮੇਂ ਦੀ ਮੁੱਖ ਲੋੜ ਹੈ। ਭਾਜਪਾ ਦੇ ਹੀ ਬਲਬੀਰ ਪੁੰਜ ਨੇ ਚਿੰਤਾ ਪ੍ਰਗਟਾਈ ਕਿ ਮਾੜੇ ਹਾਲਾਤ ਕਾਰਨ ਹੀ ਉਥੋਂ ਹਿੰਦੂਆਂ ਨੂੰ ਹਿਜਰਤ ਕਰਨੀ ਪਈ।

ਗੌਰਤਲਬ ਹੈ ਕਿ ਕਸ਼ਮੀਰ ਵਿਚ ਸਿੱਖਾਂ ਦੀ ਵਸੋਂ 60,000 ਹੈ। ਇਹ ਸੂਬੇ ਦਾ ਸਭ ਤੋਂ ਵੱਡਾ ਘੱਟ ਗਿਣਤੀ ਭਾਈਚਾਰਾ ਹੈ। ਕਸ਼ਮੀਰੀ ਸਿੱਖਾਂ ਨੂੰ ਇਸਲਾਮ ਕਬੂਲ ਕੇ ਨਾਗਰਿਕਾਂ ਦੀਆਂ ਮੌਤਾਂ ਖਿਲਾਫ ਪ੍ਰਦਰਸ਼ਨਾਂ ਵਿਚ ਹਿੱਸਾ ਲੈਣ ਜਾਂ ਵਾਦੀ ਛੱਡ ਕੇ ਚਲੇ ਜਾਣ ਸਬੰਧੀ ਧਮਕੀ ਭਰੀਆਂ ਗੁੰਮਨਾਮ ਚਿੱਠੀਆਂ ਮਿਲੀਆਂ।

ਇਸ ਦੌਰਾਨ ਪ੍ਰਮਾਣੂ ਜ਼ਿੰਮੇਵਾਰੀ ਕਾਨੂੰਨ ਜਲਦੀ ਹੋਂਦ 'ਚ ਆਉਣ ਦਾ ਰਾਹ ਪੱਧਰਾ ਕਰਦਿਆਂ ਬੀਤੀ 18 ਅਗਸਤ ਨੂੰ ਇਸ ਸਬੰਧੀ ਸੰਸਦੀ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ 'ਚ ਭਾਜਪਾ ਵਲੋਂ ਜ਼ਾਹਰ ਕੀਤੇ ਗਏ ਬਹੁਤ ਸਾਰੇ ਫਿਕਰਾਂ ਦਾ ਹੱਲ ਕਰਦਿਆਂ, ਕਿਸੇ ਪ੍ਰਮਾਣੂ ਪਲਾਂਟ 'ਚ ਕਿਸੇ ਤਰ੍ਹਾਂ ਦੇ ਹਾਦਸੇ ਸਬੰਧੀ ਸਪਲਾਇਰਾਂ ਦੀ 'ਸਪਸ਼ਟ' ਜ਼ਿੰਮੇਵਾਰੀ ਦੀ ਵਿਵਸਥਾ ਦੀ ਸਿਫਾਰਸ਼ ਕੀਤੀ ਗਈ ਹੈ।

ਭਾਜਪਾ ਵਿਰੋਧੀ ਪਾਰਟੀਆਂ ਨੇ ਇਸ ਬਿਲ ਦਾ ਵਿਰੋਧ ਕਰਦਿਆਂ ਸੰਸਦ ਦੀ ਕਾਰਵਾਈ ਰੋਕੀ ਤੇ ਦੋਸ਼ ਲਾਇਆ ਕਿ ਸਿਵਲ ਪ੍ਰਮਾਣੂ ਜ਼ਿੰਮੇਵਾਰੀ ਬਿੱਲ ਨੂੰ ਸੁਖਾਲਿਆਂ ਪਾਸ ਕਰਵਾਉਣ ਦੇ ਬਦਲੇ 'ਚ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨੂੰ ਸੋਹਰਾਬੂਦੀਨ ਫਰਜ਼ੀ ਮੁਕਾਬਲੇ ਦੇ ਮਾਮਲੇ 'ਚੋਂ 'ਕਲੀਨ ਚਿੱਟ' ਦੇਣ ਸਬੰਧੀ ਕਾਂਗਰਸ ਤੇ ਭਾਜਪਾ ਵਿਚਾਲੇ ਸੌਦਾ ਹੋਇਆ ਹੈ।

ਭਾਰਤ ਦੇ ਗੈਰ-ਫੌਜੀ ਪ੍ਰਮਾਣੂ ਸੌਦਿਆਂ ਨੂੰ ਕਾਰਜਸ਼ੀਲ ਕਰਨ ਲਈ ਅਹਿਮ ਇਹ ਰਿਪੋਰਟ ਰਾਜ ਸਭਾ 'ਚ ਕਮੇਟੀ ਦੇ ਚੇਅਰਮੈਨ ਟੀ. ਸੁੱਬਾਰਾਮੀ ਰੈਡੀ ਤੇ ਲੋਕ ਸਭਾ 'ਚ ਇਸ ਦੇ ਮੈਂਬਰ ਪ੍ਰਦੀਪ ਟਾਮਟਾ ਨੇ ਪੇਸ਼ ਕੀਤੀ। ਜਿਉਂ ਹੀ ਸਦਨ ਜੁੜਿਆ, ਸਮਾਜਵਾਦੀ ਪਾਰਟੀ ਤੇ ਰਾਸ਼ਟਰੀ ਜਨਤਾ ਦਲ ਦੇ ਮੈਂਬਰ ਲੋਕ ਸਭਾ 'ਚ ਵਿਚਾਲੇ ਆ ਗਏ। ਮੁਲਾਇਮ ਸਿੰਘ ਯਾਦਵ ਤੇ ਲਾਲੂ ਪ੍ਰਸਾਦ ਦੀ ਅਗਵਾਈ 'ਚ ਉਹ ਮੋਦੀ ਨੂੰ ਸੀ.ਬੀ.ਆਈ. ਵਲੋਂ ਕਲੀਨ ਚਿੱਟ ਦਿੱਤੇ ਜਾਣ ਦਾ ਵਿਰੋਧ ਕਰ ਰਹੇ ਸਨ। ਉਨ੍ਹਾਂ ਨੇ ਨਾਅਰਾ ਲਾਇਆ 'ਕਾਂਗਰਸ ਬੀ.ਜੇ.ਪੀ. ਕਾ ਦੇਖੋ ਖੇਲ, ਨਰੇਂਦਰ ਮੋਦੀ ਮਿਲ ਗਈ ਬੇਲ।' ਦੋਵੇਂ ਆਗੂਆਂ ਨੇ ਸਦਨ 'ਚ ਅਖਬਾਰਾਂ ਲਹਿਰਾਉਂਦੇ ਹੋਏ ਕਿਹਾ ਕਿ ਗੁਜਰਾਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ, ਸੋਹਰਾਬੂਦੀਨ ਦੇ ਮਾਮਲੇ 'ਚ ਮੋਦੀ ਨੂੰ ਜਾਣਕਾਰੀ ਦਿੱਤੇ ਬਿਨਾਂ ਕੋਈ ਫੈਸਲਾ ਕਰ ਹੀ ਨਹੀਂ ਸਕਦੇ ਸਨ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਛੋਟੀ ਮੱਛੀ ਸ਼ਾਹ ਨਾਲ ਟੱਕਰਾਂ ਮਾਰ ਰਹੀ ਹੈ, ਜਦਕਿ ਵੱਡੇ ਮੱਛ ਤਾਂ ਖੁੱਲ੍ਹੇ ਘੁੰਮ ਰਹੇ ਹਨ। ਰਾਜ ਸਭਾ 'ਚ ਖੱਬੀਆਂ ਪਾਰਟੀਆਂ ਦੇ ਮੈਂਬਰ ਵੀ ਰਾਸ਼ਟਰੀ ਜਨਤਾ ਦਲ ਤੇ ਲੋਕ ਜਨਸ਼ਕਤੀ ਪਾਰਟੀ ਦੇ ਮੈਂਬਰਾਂ ਨਾਲ ਰੋਸ ਪ੍ਰਦਰਸ਼ਨ 'ਚ ਸ਼ਾਮਲ ਹੋਏ। ਬਸਪਾ ਮੈਂਬਰਾਂ ਨੇ ਕਰਨਾਟਕ 'ਚ ਗੈਰ-ਕਾਨੂੰਨੀ ਖਾਣਾਂ ਦੇ ਮੁੱਦੇ 'ਤੇ ਰੌਲਾ ਪਾਇਆ। ਪਾਸਵਾਨ ਤੇ ਰਾਸ਼ਟਰੀ ਜਨਤਾ ਦਲ ਦੇ ਮੈਂਬਰ ਮਗਰੋਂ ਪਾਰਲੀਮੈਂਟ ਹਾਊਸ ਕੰਪਲੈਕਸ 'ਚ ਮਹਾਤਮਾ ਗਾਂਧੀ ਦੇ ਬੁੱਤ ਨੇੜੇ ਧਰਨੇ 'ਤੇ ਬਹਿ ਗਏ। ਰਾਜ ਸਭਾ ਦਿਨ ਭਰ ਲਈ ਤੇ ਲੋਕ ਸਭਾ ਦੋ ਵਾਰ ਉਠਾਈ ਗਈ। ਪ੍ਰਸਤਾਵਿਤ ਕਾਨੂੰਨ ਸੰਸਦ ਦੇ ਚਾਲੂ ਸੈਸ਼ਨ ਦੌਰਾਨ ਹੀ ਪਾਸ ਹੋਣ ਦੀ ਸੰਭਾਵਨਾ ਹੈ। ਸੰਸਦ ਦਾ ਇਹ ਸੈਸ਼ਨ 27 ਅਗਸਤ ਤੱਕ ਹੈ ਜੋ 31 ਅਗਸਤ ਤੱਕ ਵਧਣ ਦੇ ਆਸਾਰ ਹਨ। ਕਮੇਟੀ ਦੀਆਂ ਸਿਫਾਰਸ਼ਾਂ 'ਚ ਮੁਆਵਜ਼ਾ ਰਾਸ਼ੀ ਵਧਾ ਕੇ 1500 ਕਰੋੜ ਕਰਨ ਦੇ ਨਾਲ-ਨਾਲ ਸਪਲਾਇਰਾਂ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਵਿਵਸਥਾ ਵੀ ਰੱਖੀ ਗਈ ਹੈ।

ਭਾਜਪਾ ਨੇ ਇਨ੍ਹਾਂ ਦੋਸ਼ਾਂ ਨੂੰ ਮੂਲੋਂ ਹੀ ਰੱਦ ਕੀਤਾ ਹੈ, ਜਿਨ੍ਹਾਂ 'ਚ ਕਿਹਾ ਗਿਆ ਹੈ ਕਿ ਇਸ ਨੇ ਸੋਹਰਾਬੂਦੀਨ ਫਰਜ਼ੀ ਮੁਕਾਬਲੇ ਦੇ ਕੇਸ 'ਚ ਗੁਜਰਾਤ ਦੇ ਮੁੱਖ ਮੰਤਰੀ ਨੂੰ 'ਕਲੀਨ ਚਿੱਟ' ਦਿਵਾਉਣ ਦੇ ਬਦਲੇ 'ਚ ਕਾਂਗਰਸ ਨਾਲ ਪ੍ਰਮਾਣੂ ਮੁੱਦੇ 'ਤੇ ਸਮਝੌਤਾ ਕੀਤਾ ਹੈ। ਭਾਜਪਾ ਦੇ ਆਗੂ ਐਮ. ਵੈਂਕਈਆ ਨਾਇਡੂ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ (ਵਿਰੋਧੀ ਧਿਰਾਂ ਨੂੰ) ਸੌਦੇ ਬਾਰੇ ਬੋਲਣ ਦਾ ਪੂਰਾ ਹੱਕ ਹੈ ਕਿਉਂਕਿ ਉਹ ਸੌਦੇ ਕਰਨ ਦੇ ਮਾਹਰ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਾਂਗਰਸ ਤੋਂ ਕੁਝ ਨਹੀਂ ਲੈਣਾ।

## ਦਾਸਮੁਨਸ਼ੀ, ਮੋਹਨ ਸਿੰਘ ਤੇ ਜੋਸ਼ੀ ਸਰਬੋਤਮ ਸੰਸਦ ਮੈਂਬਰ

**ਨਵੀਂ ਦਿੱਲੀ :** ਸਾਬਕਾ ਕੇਂਦਰੀ ਮੰਤਰੀ ਪ੍ਰਿਆਰੰਜਨ ਦਾਸਮੁਨਸ਼ੀ, ਮੁਰਲੀ ਮਨੋਹਰ ਜੋਸ਼ੀ ਅਤੇ ਸਮਾਜਵਾਦੀ ਪਾਰਟੀ ਦੇ ਸੀਨੀਅਰ ਆਗੂ ਮੋਹਨ ਸਿੰਘ ਨੂੰ ਰਾਸ਼ਟਰਪਤੀ ਨੇ ਬੀਤੀ 18 ਅਗਸਤ ਨੂੰ ਸਰਬੋਤਮ ਸੰਸਦ ਮੈਂਬਰਾਂ ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਕਾਂਗਰਸੀ ਆਗੂ ਪ੍ਰਿਆਰੰਜਨ ਦਾਸਮੁਨਸ਼ੀ ਨੂੰ ਇਹ ਪੁਰਸਕਾਰ 2007 ਲਈ, ਮੋਹਨ ਸਿੰਘ ਨੂੰ 2008 ਲਈ ਅਤੇ ਭਾਜਪਾ ਆਗੂ ਮੁਰਲੀ ਮਨੋਹਰ ਜੋਸ਼ੀ ਨੂੰ 2009 ਲਈ ਦਿੱਤਾ ਗਿਆ ਹੈ।

ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਨੇ ਸੰਸਦ ਭਵਨ ਦੇ ਕੇਂਦਰੀ ਹਾਲ ਵਿਚ ਹੋਏ ਇਕ ਵਿਸ਼ੇਸ਼ ਸਮਾਰੋਹ ਦੌਰਾਨ ਇਨ੍ਹਾਂ ਨੂੰ ਇਹ ਪੁਰਸਕਾਰ ਪ੍ਰਦਾਨ ਕੀਤੇ।

ਸ੍ਰੀ ਦਾਸਮੁਨਸ਼ੀ ਦੇ ਬੀਮਾਰ ਹੋਣ ਕਾਰਨ ਉਨ੍ਹਾਂ ਦਾ ਪੁਰਸਕਾਰ ਉਨ੍ਹਾਂ ਦੀ ਪਤਨੀ ਦੀਪਾ ਦਾਸਮੁਨਸ਼ੀ ਨੇ ਪ੍ਰਾਪਤ ਕੀਤਾ। ਇਸ ਸਮਾਰੋਹ 'ਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਅਤੇ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਨੇ ਵੀ ਸ਼ਿਰਕਤ ਕੀਤੀ।

# ਸੰਸਦ ਮੈਂਬਰਾਂ ਦੀਆਂ ਤਨਖਾਹਾਂ 'ਚ ਵਾਧਾ, ਨਰਾਜ਼ਗੀ ਹਾਲੇ ਜਾਰੀ

**ਨਵੀਂ ਦਿੱਲੀ:** ਪਿਛਲੇ ਹਫਤੇ ਤਨਖਾਹ ਅਤੇ ਭੱਤਿਆਂ ਵਿਚ ਭਾਰੀ ਵਾਧਾ ਹੋਣ ਤੋਂ ਬਾਅਦ ਬੀਤੀ 23 ਅਗਸਤ ਨੂੰ ਸੰਸਦ ਮੈਂਬਰਾਂ ਨੂੰ ਇਕ ਹੋਰ ਗੱਫ਼ਾ ਮਿਲਿਆ ਜਦੋਂ ਕੇਂਦਰੀ ਕੈਬਨਿਟ ਉਨ੍ਹਾਂ ਦੇ ਮਾਹਵਾਰ ਭੱਤਿਆਂ ਵਿਚ 10000 ਰੁਪਏ ਦਾ ਹੋਰ ਵਾਧਾ ਕਰਨਾ ਮੰਨ ਗਈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਦੀ ਮੀਟਿੰਗ ਵਿਚ ਸੰਸਦ ਮੈਂਬਰਾਂ ਦੇ ਦਫਤਰੀ ਅਤੇ ਹਲਕਾ ਭੱਤਿਆਂ ਵਿਚ ਮਾਹਵਾਰ 5000-5000 ਰੁਪਏ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ। ਸਰਕਾਰ ਨੇ ਐਮ.ਪੀਜ਼. ਦੀ ਤਨਖਾਹ 50,000 ਰੁਪਏ ਮਿੱਥੀ ਸੀ। ਇਸ ਤੋਂ ਇਲਾਵਾ ਦਫਤਰੀ ਅਤੇ ਹਲਕਾ ਭੱਤਾ 20-20 ਹਜ਼ਾਰ ਰੁਪਏ ਤੋਂ ਵਧਾ ਕੇ 40-40 ਹਜ਼ਾਰ ਰੁਪਏ ਕੀਤਾ ਸੀ। ਹੁਣ ਇਨ੍ਹਾਂ ਨੂੰ 45-45 ਹਜ਼ਾਰ ਰੁਪਏ ਭੱਤੇ ਦਿੱਤੇ ਜਾਣਗੇ।

ਸਾਂਝੀ ਸੰਸਦੀ ਕਮੇਟੀ ਨੇ ਐਮ.ਪੀ. ਦੀ ਤਨਖਾਹ 16000 ਰੁਪਏ ਤੋਂ ਵਧਾ ਕੇ 80000 ਰੁਪਏ ਕਰਨ ਦੀ ਤਜਵੀਜ਼ ਦਿੱਤੀ ਸੀ ਪਰ ਸਰਕਾਰ ਨੇ ਇਹ ਤਜਵੀਜ਼ ਰੱਦ ਕਰ ਦਿੱਤੀ ਸੀ। ਸੰਸਦ ਮੈਂਬਰ ਚਾਹੁੰਦੇ ਸਨ ਕਿ ਉਨ੍ਹਾਂ ਦੀ ਤਨਖਾਹ ਸਰਕਾਰ ਦੇ ਇਕ ਸਕੱਤਰ ਦੀ ਤਨਖਾਹ ਨਾਲੋਂ ਇਕ ਰੁਪਏ ਵੱਧ ਰੱਖੀ ਜਾਵੇ। ਲੋਕ ਸਭਾ ਵਿਚ ਪਿਛਲੇ ਹਫਤੇ ਰਾਸ਼ਟਰੀ ਜਨਤਾ ਦਲ, ਸਮਾਜਵਾਦੀ ਪਾਰਟੀ ਅਤੇ ਜਨਤਾ ਦਲ-ਯੂ ਦੇ ਮੈਂਬਰਾਂ ਨੇ ਹੰਗਾਮਾ ਕੀਤਾ ਸੀ ਅਤੇ ਭੜਕੇ ਹੋਏ ਮੈਂਬਰਾਂ ਨੇ ਸਰਕਾਰ ਦੇ ਫੈਸਲੇ ਨੂੰ ਸੰਸਦ ਦਾ ਅਪਮਾਨ ਕਰਾਰ ਦਿੱਤਾ ਸੀ। ਭਾਜਪਾ, ਆਰ.ਜੇ.ਡੀ., ਸਮਾਜਵਾਦੀ ਪਾਰਟੀ ਅਤੇ ਜਨਤਾ ਦਲ-ਯੂ ਨੇ ਲੰਘੇ ਸ਼ਨਿਚਰਵਾਰ ਵਿੱਤ ਮੰਤਰੀ ਪ੍ਰਣਬ ਮੁਖਰਜੀ ਨਾਲ ਮੁਲਾਕਾਤ ਕੀਤੀ ਸੀ, ਜਿਸ ਤੋਂ ਬਾਅਦ ਸਰਕਾਰ ਨੇ ਉਨ੍ਹਾਂ ਨੂੰ ਢੁਕਵੇਂ ਕਦਮ ਚੁੱਕਣ ਦਾ ਭਰੋਸਾ ਦਿਵਾਇਆ ਸੀ। ਦਫਤਰੀ ਅਤੇ ਹਲਕਾ ਭੱਤਿਆਂ ਵਿਚ ਵਾਧੇ ਦਾ ਪ੍ਰਸਤਾਵ ਸ੍ਰੀ ਮੁਖਰਜੀ ਨੇ ਪੇਸ਼ ਕੀਤਾ, ਜਿਸ ਨੂੰ ਕੈਬਨਿਟ ਨੇ ਤੁਰੰਤ ਪ੍ਰਵਾਨ ਕਰ ਲਿਆ। ਇਨ੍ਹਾਂ ਭੱਤਿਆਂ ਨੂੰ ਸਰਕਾਰੀ ਟੈਕਸਾਂ ਤੋਂ ਵੀ ਛੋਟ ਮਿਲੀ ਹੋਈ ਹੈ। ਵਿੱਤ ਮੰਤਰੀ ਨਾਲ ਸੰਸਦ ਮੈਂਬਰਾਂ ਦੀ ਹੋਈ ਮੀਟਿੰਗ ਵਿਚ ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਰੁਣ ਜੇਤਲੀ, ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ, ਆਰ.ਜੇ.ਡੀ. ਦੇ ਮੁਖੀ ਲਾਲੂ ਪ੍ਰਸਾਦ ਅਤੇ ਜਨਤਾ ਦਲ-ਯੂ ਦੇ ਪ੍ਰਧਾਨ ਸ਼ਰਦ ਯਾਦਵ ਵੀ ਸ਼ਾਮਲ ਹਨ। ਲੋਕ ਸਭਾ 'ਚ ਭਾਜਪਾ ਦੇ ਡਿਪਟੀ ਲੀਡਰ ਗੋਪੀਨਾਥ ਮੁੰਡੇ ਨੇ ਕਿਹਾ ਸੀ ਕਿ ਇਹ ਮਾਮਲਾ ਸ੍ਰੀ ਮੁਖਰਜੀ 'ਤੇ ਛੱਡ ਦਿੱਤਾ ਗਿਆ ਹੈ।

ਬੀਤੇ ਸ਼ੁੱਕਰਵਾਰ ਨੂੰ ਕੈਬਨਿਟ ਨੇ ਸੰਸਦ ਮੈਂਬਰਾਂ ਦੀ ਤਨਖਾਹ 16,000 ਰੁਪਏ ਤੋਂ ਵਧਾ ਕੇ 50,000 ਰੁਪਏ ਕਰ ਦਿੱਤੀ ਸੀ ਪਰ ਇਸ ਵਾਧੇ ਤੋਂ ਨਾਖੁਸ਼ ਆਰ.ਜੇ.ਡੀ., ਸਮਾਜਵਾਦੀ ਪਾਰਟੀ, ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੇ ਸਦਨ ਦੀ ਕਾਰਵਾਈ ਵਿਚ ਵਿਘਨ ਪਾਇਆ ਸੀ। ਸੰਸਦ ਮੈਂਬਰਾਂ ਦੀ ਪੈਨਸ਼ਨ ਵੀ 8000 ਰੁਪਏ ਤੋਂ ਵਧਾ ਕੇ 20000 ਰੁਪਏ ਮਾਹਵਾਰ ਕਰ ਦਿੱਤੀ ਗਈ ਹੈ।

## ਲਾਲੂ ਯਾਦਵ ਨੇ ਹੁਣ ਸ਼ਾਹੀ ਇਮਾਮਾਂ ਲਈ ਤਨਖ਼ਾਹ ਮੰਗੀ

**ਨਵੀਂ ਦਿੱਲੀ :** ਸੰਸਦ ਮੈਂਬਰਾਂ ਦੀ ਮੂਲ ਤਨਖ਼ਾਹ 'ਚ ਤਿੰਨ ਗੁਣਾ ਵਾਧਾ ਕਰਨ ਦੇ ਪ੍ਰਸਤਾਵ ਨੂੰ ਸਰਕਾਰ ਵਲੋਂ ਹਰੀ ਝੰਡੀ ਦੇਣ ਤੋਂ ਬਾਅਦ ਹੁਣ ਲਾਲੂ ਪ੍ਰਸਾਦ ਯਾਦਵ ਨੇ ਸ਼ਾਹੀ ਇਮਾਮਾਂ ਲਈ ਤਨਖ਼ਾਹ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਬੀਤੀ 21 ਅਗਸਤ ਦੀ ਸਵੇਰ ਤੱਕ ਸੰਸਦ ਮੈਂਬਰਾਂ ਦੀ ਤਨਖ਼ਾਹ 5 ਗੁਣਾ ਵਧਾਉਣ ਦੀ ਮੰਗ ਕਰਨ ਵਾਲੇ ਲਾਲੂ ਪ੍ਰਸਾਦ ਯਾਦਵ ਨੇ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਵਲੋਂ ਇਸ ਮਾਮਲੇ ਨੂੰ ਵਿਚਾਰਨ ਦਾ ਭਰੋਸਾ ਦਿੱਤੇ ਜਾਣ ਮਗਰੋਂ ਇਹ ਮਸਲਾ ਲੋਕ ਸਭਾ 'ਚ ਉਠਾਇਆ। ਇਸ ਤੋਂ ਪਹਿਲਾਂ ਰਾਸ਼ਟਰੀ ਜਨਤਾ ਦਲ (ਆਰਜੇਡੀ), ਸਮਾਜਵਾਦੀ ਪਾਰਟੀ (ਸਪਾ), ਭਾਰਤੀ ਜਨਤਾ ਪਾਰਟੀ (ਭਾਜਪਾ) ਤੇ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਨੇ ਸ੍ਰੀ ਮੁਖਰਜੀ ਨਾਲ ਮੁਲਾਕਾਤ ਕੀਤੀ। ਆਪਣੀ ਮੁਲਾਕਾਤ 'ਚ ਉਨ੍ਹਾਂ ਤਨਖ਼ਾਹ ਤੇ ਭਾਰਤੀ ਮੈਡੀਕਲ ਕੌਂਸਲ ਬਿਲ ਨੂੰ ਪਾਸ ਕਰਾਉਣ ਲਈ ਅਪਨਾਏ ਤਰੀਕੇ 'ਤੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ। ਇਨ੍ਹਾਂ ਮੈਂਬਰਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਸ੍ਰੀ ਮੁਖਰਜੀ ਨੇ ਕਿਹਾ ਕਿ ਅਸੀਂ ਤਨਖ਼ਾਹ ਬਾਰੇ ਵਿਚਾਰਨ ਤੋਂ ਇਲਾਵਾ ਇਸ ਬਿਲ 'ਤੇ ਨਿਯਮ-193 ਤਹਿਤ ਚਰਚਾ ਕਰਾਉਣ ਲਈ ਤਿਆਰ ਹਾਂ।

ਦੂਜੇ ਪਾਸੇ ਲੋਕ ਸਭਾ 'ਚ ਲਾਲੂ ਪ੍ਰਸਾਦ ਦੀ ਇਸ ਮੰਗ ਦਾ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਨੇ ਵੀ ਜ਼ੋਰਦਾਰ ਸਮਰਥਨ ਕੀਤਾ। ਸ੍ਰੀ ਯਾਦਵ ਨੇ ਇਹ ਮਸਲਾ ਉਠਾਉਂਦਿਆਂ 1993 ਦੇ ਸੁਪਰੀਮ ਕੋਰਟ ਦੇ ਹੁਕਮ ਦਾ ਹਵਾਲਾ ਦਿੱਤਾ, ਜਦਕਿ ਭਾਜਪਾ ਦੇ ਸੰਸਦ ਮੈਂਬਰਾਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਸ਼ਾਹੀ ਇਮਾਮਾਂ ਨੂੰ ਤਨਖ਼ਾਹ ਦੇਣ ਦੀ ਮੰਗ ਮੰਨੀ ਜਾਂਦੀ ਹੈ ਤਾਂ ਇਹ ਤਨਖ਼ਾਹ ਪੁਜਾਰੀਆਂ ਨੂੰ ਵੀ ਮਿਲਣੀ ਚਾਹੀਦੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਲਾਲੂ ਪ੍ਰਸਾਦ ਯਾਦਵ ਇਹ ਸਭ ਕੁਝ ਆਪਣੇ ਸੂਬੇ 'ਚ ਹੋ ਰਹੀਆਂ ਚੋਣਾਂ ਦੇ ਮੱਦੇਨਜ਼ਰ ਕਰ ਰਹੇ ਹਨ। ਸੂਬੇ 'ਚ ਕਈ ਸਾਲ ਤੱਕ ਮੁੱਖ ਮੰਤਰੀ ਰਹੇ ਸ੍ਰੀ ਯਾਦਵ ਇਕ ਵਾਰ ਫਿਰ ਮੁਸਲਿਮ-ਯਾਦਵ ਗੱਠਜੋੜ ਨੂੰ ਦੁਬਾਰਾ ਹੋਂਦ 'ਚ ਲਿਆਉਣ ਲਈ ਯਤਨਸ਼ੀਲ ਹਨ।

## 'ਹਰੀਜਨ' ਸ਼ਬਦ ਦੀ ਵਰਤੋਂ ਨਾ ਕੀਤੀ ਜਾਵੇ


**ਨਵੀਂ ਦਿੱਲੀ :** ਇਕ ਸੰਸਦੀ ਕਮੇਟੀ ਨੇ ਦੇਸ਼ ਭਰ ਵਿਚ ਹਰੀਜਨ ਸ਼ਬਦ ਦੀ ਵਿਆਪਕ ਤੌਰ 'ਤੇ ਹੁੰਦੀ ਵਰਤੋਂ ਦਾ ਗੰਭੀਰ ਨੋਟਿਸ ਲਿਆ ਅਤੇ ਸਰਕਾਰ ਨੂੰ ਕਿਹਾ ਹੈ ਕਿ ਇਸ ਦੀ ਵਰਤੋਂ ਨਾ ਕਰਨ ਨੂੰ ਸਖਤੀ ਨਾਲ ਯਕੀਨੀ ਬਣਾਇਆ ਜਾਵੇ ਕਿਉਂਕਿ ਇਸ ਨਾਲ ਸਮਾਜ ਦੇ ਦੱਬੇ-ਕੁਚਲੇ ਵਰਗਾਂ ਦੇ ਰੁਤਬੇ ਦੀ ਹੇਠੀ ਹੁੰਦੀ ਹੈ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਬਾਰੇ ਸਥਾਈ ਕਮੇਟੀ ਨੇ ਆਪਣੀਆਂ ਸਿਫਾਰਸ਼ਾਂ 'ਤੇ ਸਰਕਾਰ ਵਲੋਂ ਕੀਤੀ ਗਈ ਕਾਰਵਾਈ ਬਾਰੇ ਆਪਣੀ ਨੌਵੀਂ ਰਿਪੋਰਟ ਵਿਚ ਸਿਫਾਰਸ਼ ਕੀਤੀ ਹੈ ਕਿ 'ਹਰੀਜਨ' ਸ਼ਬਦ ਦੀ ਵਰਤੋਂ ਨਾ ਕਰਨ ਨੂੰ ਸਖਤੀ ਨਾਲ ਯਕੀਨੀ ਬਣਾਉਣ ਲਈ ਤਾਜ਼ੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣ। ਇਸ ਰਿਪੋਰਟ ਨੂੰ ਲੋਕ ਸਭਾ 'ਚ ਪੇਸ਼ ਕੀਤਾ ਗਿਆ।

## ਸੰਸਦ ਦੀਆਂ ਛੱਤਾਂ ਵੀ ਚੋਣ ਲੱਗ ਪਈਆਂ

**ਨਵੀਂ ਦਿੱਲੀ :** ਕੌਮੀ ਰਾਜਧਾਨੀ ਵਿਚ ਬੀਤੀ 19 ਅਗਸਤ ਨੂੰ ਹੋਈ ਭਾਰੀ ਵਰਖਾ ਦੌਰਾਨ ਲੋਕ ਸਭਾ ਦੀ ਛੱਤ ਚੋਅ ਗਈ। ਸਿਫਰ ਕਾਲ ਦੌਰਾਨ ਕਾਂਗਰਸ ਦੇ ਜਗਦੰਬਿਕਾ ਪਾਲ ਨੇ ਉਸ ਖੇਤਰ ਵਲ ਇਸ਼ਾਰਾ ਕਰਦਿਆਂ ਜਿਥੋਂ ਪਾਣੀ ਚੋਅ ਰਿਹਾ ਸੀ, ਕਿਹਾ, ''ਮੈਡਮ, ਸਦਨ ਵਿਚ ਪਾਣੀ ਚੋਅ ਰਿਹਾ ਹੈ।'' ਸੰਸਦ ਦੀ ਇਮਾਰਤ ਦੀ ਮਾੜੀ ਹਾਲਤ ਤੋਂ ਚਿੰਤਿਤ ਸਪੀਕਰ ਮੀਰਾ ਕੁਮਾਰ ਵਲੋਂ ਪਹਿਲਾਂ ਹੀ ਇਸ ਵਿਰਾਸਤੀ ਢਾਂਚੇ ਦੀ ਸੰਭਾਲ ਲਈ ਇਕ ਉੱਚ ਪੱਧਰੀ ਕਮੇਟੀ ਗਠਤ ਕੀਤੀ ਜਾ ਚੁੱਕੀ ਹੈ। ਉਧਰ ਰਾਜ ਸਭਾ ਦੀ ਪ੍ਰੈੱਸ ਗੈਲਰੀ ਵਿਚ ਵੀ ਇਕ ਪੱਤਰਕਾਰ ਦੇ ਸਿਰ 'ਤੇ ਪਾਣੀ ਦੀਆਂ ਬੂੰਦਾਂ ਡਿੱਗੀਆਂ ਤਾਂ ਪਤਾ ਲੱਗਾ ਕਿ ਉਥੇ ਵੀ ਛੱਤ ਚੋਅ ਰਹੀ ਹੈ। ਦੱਸਣਯੋਗ ਹੈ ਕਿ ਸੰਸਦ ਦੀ ਇਮਾਰਤ ਦੀ ਉਸਾਰੀ 80 ਸਾਲ ਪਹਿਲਾਂ ਹੋਈ ਸੀ। ਮੀਰਾ ਕੁਮਾਰ ਵਲੋਂ ਗਠਤ ਕਮੇਟੀ ਪੁਰਾਣੀ ਪੈ ਚੁੱਕੀ ਇਸ ਇਮਾਰਤ ਦੀ ਮੁਰੰਮਤ ਬਾਰੇ ਪ੍ਰਸਤਾਵਾਂ ਦੀ ਘੋਖ ਕਰ ਰਹੀ ਹੈ ਕਿਉਂਕਿ ਕਈ ਹਿੱਸਿਆਂ ਵਿਚ ਤੁਰੰਤ ਮੁਰੰਮਤ ਕੀਤੇ ਜਾਣ ਦੀ ਲੋੜ ਹੈ। ਕਮੇਟੀ ਵਿਚ ਗ੍ਰਹਿ ਮੰਤਰੀ ਪੀ. ਚਿਦੰਬਰਮ, ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਪੀ.ਕੇ. ਬਾਂਸਲ, ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਸਣੇ ਹੋਰ ਮੈਂਬਰ ਸ਼ਾਮਲ ਹਨ।

## ਅਜ਼ਾਦ ਬਾਰੇ ਟਿੱਪਣੀਆਂ ਨੂੰ ਲੈ ਕੇ ਮਮਤਾ 'ਤੇ ਹਮਲੇ

**ਨਵੀਂ ਦਿੱਲੀ :** ਇਕ ਕੇਂਦਰੀ ਮੰਤਰੀ 'ਤੇ ਮਾਓਵਾਦੀਆਂ ਦੀ ਖੁੱਲ੍ਹੇਆਮ ਹਮਾਇਤ ਕਰਨ ਦਾ ਦੋਸ਼ ਲਾਉਂਦਿਆਂ ਖੱਬੀਆਂ ਪਾਰਟੀਆਂ ਅਤੇ ਭਾਰਤੀ ਜਨਤਾ ਪਾਰਟੀ ਨੇ ਰਾਜ ਸਭਾ 'ਚ ਮਾਓਵਾਦੀ ਆਗੂ ਅਜ਼ਾਦ ਦੀ ਮੌਤ ਬਾਰੇ




ਤ੍ਰਿਣਾਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਦੀਆਂ ਟਿੱਪਣੀਆਂ ਦੀ ਆਲੋਚਨਾ ਕੀਤੀ। ਸਿਫਰ ਕਾਲ ਦੌਰਾਨ ਮਾਮਲਾ ਉਠਾਉਂਦਿਆਂ ਸੀ ਪੀ ਆਈ (ਐਮ) ਦੇ ਸੀਤਾ ਰਾਮ ਯੇਚੁਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵਾਰ-ਵਾਰ ਕਿਹਾ ਹੈ ਕਿ ਮਾਓਵਾਦੀ ਦੇਸ਼ ਦੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਹਨ ਅਤੇ ਅਜਿਹੀ ਹਾਲਤ 'ਚ ਇਕ ਕੈਬਨਿਟ ਮੰਤਰੀ ਮਾਓਵਾਦੀਆਂ ਦੀ ਖੁੱਲ੍ਹੇਆਮ ਹਮਾਇਤ ਕਿਵੇਂ ਕਰ ਸਕਦਾ ਹੈ। ਉਨ੍ਹਾਂ ਦੀ ਇਸ ਗੱਲ ਦਾ ਤ੍ਰਿਣਾਮੂਲ ਕਾਂਗਰਸ ਨਾਲ ਸੰਬੰਧਿਤ ਤਿੰਨ ਮੰਤਰੀਆਂ ਵਲੋਂ ਜ਼ਬਰਦਸਤ ਵਿਰੋਧ ਕੀਤਾ ਗਿਆ। ਇਸ ਮਾਮਲੇ 'ਚ ਦਖਲ ਦਿੰਦਿਆਂ ਡਿਪਟੀ ਚੇਅਰਮੈਨ ਕੇ ਰਹਿਮਾਨ ਖਾਨ ਨੇ ਕਿਹਾ ਕਿ ਕੋਈ ਮੈਂਬਰ ਅਤੇ ਖਾਸ ਤੌਰ 'ਤੇ ਮੰਤਰੀ ਹਾਊਸ ਦੀ ਕਾਰਵਾਈ 'ਚ ਵਿਘਨ ਨਹੀਂ ਪਾ ਸਕਦਾ ਅਤੇ ਅਜਿਹਾ ਕਰਨਾ ਚੰਗੀ ਗੱਲ ਨਹੀਂ। ਇਸ ਦੇ ਬਾਵਜੂਦ ਕੇਂਦਰੀ ਰਾਜ ਮੰਤਰੀ ਮੁਕੁਲ ਰਾਏ ਨੇ ਖੱਬੀਆਂ ਪਾਰਟੀਆਂ ਵਲੋਂ ਇਹ ਮਾਮਲਾ ਉਠਾਏ ਜਾਣ ਦਾ ਵਿਰੋਧ ਜਾਰੀ ਰੱਖਿਆ।

# ਵਿਸ਼ਵ ਹਾਕੀ ਕੱਪ 29 ਅਗਸਤ ਤੋਂ

ਸੁਖਵੀਰ ਗਰੇਵਾਲ (ਕਿਲ੍ਹਾ ਰਾਏਪੁਰ)
ਫੋਨ:403-719-4634

ਹਿੰਦੀ ਫਿਲਮ 'ਚੱਕ ਦੇ ਇੰਡੀਆ' ਰਾਹੀਂ ਫਿਲਮਸਾਜ਼ ਯਸ਼ ਰਾਜ ਨੇ ਭਾਰਤੀ ਮਹਿਲਾ ਹਾਕੀ ਨੂੰ ਕੁਝ ਅਜਿਹੇ ਸੁਪਨੇ ਦਿਖਾਏ ਜਿਨ੍ਹਾਂ ਦਾ ਸੱਚ ਹੋਣਾ ਸੁਪਨਾ ਹੀ ਬਣ ਕੇ ਰਹਿ ਗਿਆ ਹੈ। ਇਹ ਫਿਲਮ ਇਕ ਕੋਚ ਦੇ ਇਰਦ-ਗਿਰਦ ਘੁੰਮਦੀ ਹੈ ਜਿਹੜਾ ਅਸੰਭਵ ਨੂੰ ਸੰਭਵ ਬਣਾਉਣ ਦੀ ਠਾਣ ਕੇ ਹਾਕੀ ਦੀ ਕਮਾਨ ਸੰਭਾਲਦਾ ਹੈ। ਖੈਰ, ਇਹ ਗੱਲਾਂ ਬਾਤਾਂ ਤਾਂ ਸਿਰਫ ਪਰਦੇ ਦੀਆਂ ਹੀ ਸਨ ਪਰ ਹੁਣ ਵਿਸ਼ਵ ਭਰ ਦੀਆਂ ਮਹਿਲਾ ਹਾਕੀ ਟੀਮਾਂ ਦੀ ਅਸਲ ਪਰਖ ਹੋਣ ਜਾ ਰਹੀ ਹੈ। ਅਰਜਨਟੀਨਾ ਦੇ ਸ਼ਹਿਰ ਰੋਜ਼ਾਰੀਓ ਵਿਚ 29 ਅਗਸਤ ਤੋਂ ਲੈ ਕੇ 11 ਸਤੰਬਰ ਤੱਕ ਹੋ ਰਹੇ ਵਿਸ਼ਵ ਮਹਿਲਾ ਹਾਕੀ ਕੱਪ ਵਿਚ ਵਿਸ਼ਵ ਭਰ ਦੀਆਂ ਚੋਟੀ ਦੀਆਂ 12 ਟੀਮਾਂ ਭਾਗ ਲੈ ਰਹੀਆਂ ਹਨ। ਟੀਮਾਂ ਨੂੰ ਦੋ ਪੂਲਾਂ ਵਿਚ ਵੰਡਿਆ ਗਿਆ ਹੈ। ਪੂਲ 'ਏ' ਵਿਚ ਪਿਛਲੀ ਵਾਰ ਦੀ ਜੇਤੂ ਨੀਦਰਲੈਂਡ, ਜਰਮਨੀ, ਜਾਪਾਨ, ਭਾਰਤ, ਆਸਟਰੇਲੀਆ ਅਤੇ ਨਿਊਜ਼ੀਲੈਂਡ ਦੀਆਂ ਟੀਮਾਂ ਹਨ ਜਦਕਿ ਪੂਲ 'ਬੀ' ਵਿਚ ਮੇਜ਼ਬਾਨ ਅਰਜਨਟੀਨਾ, ਚੀਨ, ਇੰਗਲੈਂਡ, ਸਪੇਨ, ਕੋਰੀਆ ਅਤੇ ਦੱਖਣੀ ਅਫਰੀਕਾ ਦੀਆਂ ਟੀਮਾਂ ਨੂੰ ਰੱਖਿਆ ਗਿਆ ਹੈ।

ਇਸ ਵੱਕਾਰੀ ਟਰਾਫੀ ਲਈ ਸਾਰੀਆਂ ਹੀ ਟੀਮਾਂ ਨੇ ਰੱਜਵੀਂ ਤਿਆਰੀ ਕੀਤੀ ਹੈ। ਇਸ ਬਾਰ੍ਹਵੇਂ ਵਿਸ਼ਵ ਕੱਪ ਦੇ ਸੰਭਾਵੀ ਜੇਤੂ ਬਾਰੇ ਕਿਆਸਰਾਈਆਂ ਲਾਉਣ ਤੋਂ ਪਹਿਲਾਂ ਅਤੀਤ ਵਲ ਚਲਦੇ ਹਾਂ। ਮਹਿਲਾ ਵਰਗ ਦਾ ਵਿਸ਼ਵ ਕੱਪ ਪੁਰਸ਼ ਵਰਗ ਨਾਲੋਂ ਕਾਫੀ ਪਛੜ ਕੇ 1974 ਵਿਚ ਸ਼ੁਰੂ ਹੋਇਆ। ਪਹਿਲੇ ਵਿਸ਼ਵ ਕੱਪ ਵਿਚ ਭਾਰਤ ਚੌਥੇ ਸਥਾਨ 'ਤੇ ਰਿਹਾ ਅਤੇ ਇਸ ਪ੍ਰਾਪਤੀ ਨੂੰ ਸੁਧਾਰ ਨਹੀਂ ਸਕਿਆ। ਹੁਣ ਤੱਕ ਨੀਦਰਲੈਂਡ ਨੇ ਛੇ ਵਾਰ, ਜਰਮਨੀ ਅਤੇ ਆਸਟਰੇਲੀਆ ਨੇ 2-2 ਵਾਰ, ਅਰਜਨਟੀਨਾ ਨੇ ਇਕ ਵਾਰ ਇਹ ਟਰਾਫੀ ਚੁੰਮੀ ਹੈ। ਨੀਦਰਲੈਂਡ ਦੀ ਹੁਣ ਤੱਕ ਦੀ ਸਫਲਤਾ ਦੀ ਦਰ 81.50 ਫੀਸਦੀ ਹੈ ਜਦਕਿ ਜਰਮਨੀ ਦੀ 70 ਫੀਸਦੀ ਰਹੀ ਹੈ। ਭਾਰਤੀ ਦੀ ਵਿਸ਼ਵ ਕੱਪ ਵਿਚ ਸਫਲਤਾ ਦੀ ਦਰ ਸਿਰਫ 21.2 ਫੀਸਦੀ ਹੈ। 1978 ਵਿਚ ਜਰਮਨੀ ਨੇ ਨਾਈਜੀਰੀਆ ਨੂੰ 10-1 ਦੇ ਫਰਕ ਨਾਲ ਹਰਾਇਆ ਸੀ ਜੋ ਕਿ ਹੁਣ ਤੱਕ ਦੀ ਸਭ ਤੋਂ ਵੱਡੀ ਜਿੱਤ ਹੈ।



ਮੌਜੂਦਾ ਟੀਮਾਂ ਵਿੱਚੋਂ ਨੀਦਰਲੈਂਡ ਅਤੇ ਅਰਜਨਟੀਨਾ ਦੇ ਫਾਈਨਲ ਵਿਚ ਪੁੱਜਣ ਦੀ ਸੰਭਾਵਨਾ ਹੈ। ਕੌਮਾਂਤਰੀ ਰੈਂਕਿੰਗ ਵਿਚ ਨੀਦਰਲੈਂਡ (2193 ਅੰਕ) ਅਤੇ ਅਰਜਨਟੀਨਾ (1995 ਅੰਕ) ਦੀਆਂ ਟੀਮਾਂ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਮੱਲਿਆ ਹੋਇਆ ਹੈ। ਬੀਜਿੰਗ ਉਲੰਪਿਕ (2008) ਦੇ ਫਾਈਨਲ ਵਿਚ ਨੀਦਰਲੈਂਡ ਨੇ ਚੀਨ ਨੂੰ ਹਰਾ ਕੇ ਸੋਨ ਤਮਗਾ ਜਿੱਤਿਆ ਸੀ। 2010 ਦੀ ਚੈਂਪੀਅਨ ਟਰਾਫੀ ਦੇ ਫਾਈਨਲ ਵਿਚ ਅਰਜਨਟੀਨਾ ਨੇ ਨੀਦਰਲੈਂਡ ਨੂੰ ਹਰਾ ਕੇ ਦਰਸਾ ਦਿੱਤਾ ਸੀ ਕਿ ਇਹ ਟੀਮ ਵਿਸ਼ਵ ਕੱਪ ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾਂ ਤਿਆਰ ਹੈ। ਅਰਜਨਟੀਨਾ ਦੀ ਟੀਮ ਪਿਛਲੇ ਤਿੰਨ ਸਾਲ ਤੋਂ ਲਗਾਤਾਰ ਫਾਈਨਲ ਵਿਚ ਪਹੁੰਚ ਰਹੀ ਹੈ। ਭਾਰਤੀ ਹਾਕੀ ਟੀਮ ਦੇ ਕੋਚ ਬਾਰੇ ਫੈਲੇ ਵਿਵਾਦ ਤੋਂ ਬਾਅਦ ਟੀਮ ਮਨੋਬਲ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਵਿਚ ਲੱਗੀ ਹੋਈ ਹੈ। ਕੋਈ ਕਰਾਮਾਤ ਹੀ ਭਾਰਤੀ ਮਹਿਲਾ ਹਾਕੀ ਟੀਮ ਲਈ 'ਚੱਕ ਦੇ ਇੰਡੀਆ' ਦਾ ਨਾਅਰਾ ਲਵਾ ਸਕਦੀ ਹੈ।

**ਮੈਚਾਂ ਦਾ ਵੇਰਵਾ**

29 ਅਗਸਤ-ਚੀਨ ਬਨਾਮ ਕੋਰੀਆ, ਸਪੇਨ ਬਨਾਮ ਇੰਗਲੈਂਡ, ਅਰਜਨਟੀਨਾ ਬਨਾਮ ਦੱਖਣੀ ਅਫਰੀਕਾ।

30 ਅਗਸਤ-ਨੀਦਰਲੈਂਡ ਬਨਾਮ ਭਾਰਤ, ਜਰਮਨੀ ਬਨਾਮ ਨਿਊਜ਼ੀਲੈਂਡ, ਆਸਟਰੇਲੀਆ ਬਨਾਮ ਜਾਪਾਨ।

31 ਅਗਸਤ-ਚੀਨ ਬਨਾਮ ਇੰਗਲੈਂਡ, ਦੱਖਣੀ ਅਫਰੀਕਾ ਬਨਾਮ ਸਪੇਨ।

1 ਸਤੰਬਰ-ਭਾਰਤ ਬਨਾਮ ਆਸਟਰੇਲੀਆ, ਨੀਦਰਲੈਂਡ ਬਨਾਮ ਨਿਊਜ਼ੀਲੈਂਡ, ਜਰਮਨੀ ਬਨਾਮ ਜਪਾਨ।

2 ਸਤੰਬਰ-ਦੱਖਣੀ ਅਫਰੀਕਾ ਬਨਾਮ ਚੀਨ, ਇੰਗਲੈਂਡ ਬਨਾਮ ਕੋਰੀਆ, ਸਪੇਨ ਬਨਾਮ ਅਰਜਨਟੀਨਾ।

3 ਸਤੰਬਰ-ਭਾਰਤ ਬਨਾਮ ਜਰਮਨੀ, ਆਸਟਰੇਲੀਆ ਬਨਾਮ ਨੀਦਰਲੈਂਡ, ਜਾਪਾਨ ਬਨਾਮ ਨਿਊਜ਼ੀਲੈਂਡ।

4 ਸਤੰਬਰ-ਇੰਗਲੈਂਡ ਬਨਾਮ ਦੱਖਣੀ ਅਫਰੀਕਾ, ਕੋਰੀਆ ਬਨਾਮ ਸਪੇਨ।

5 ਸਤੰਬਰ-ਜਾਪਾਨ ਬਨਾਮ ਭਾਰਤ, ਜਰਮਨੀ ਬਨਾਮ ਨੀਦਰਲੈਂਡ, ਨਿਊਜ਼ੀਲੈਂਡ ਬਨਾਮ ਆਸਟਰੇਲੀਆ।

6 ਸਤੰਬਰ-ਸਪੇਨ ਬਨਾਮ ਚੀਨ, ਕੋਰੀਆ ਬਨਾਮ ਦੱਖਣੀ ਅਫਰੀਕਾ, ਅਰਜਨਟੀਨਾ ਬਨਾਮ ਇੰਗਲੈਂਡ।

7 ਸਤੰਬਰ-ਭਾਰਤ ਬਨਾਮ ਨਿਊਜ਼ੀਲੈਂਡ, ਨੀਦਰਲੈਂਡ ਬਨਾਮ ਜਾਪਾਨ ਆਸਟਰੇਲੀਆ ਬਨਾਮ ਜਰਮਨੀ।

ਇਸ ਤੋਂ ਬਾਅਦ ਕਲਾਸੀਫਿਕੇਸ਼ਨ ਮੈਚ ਅਤੇ 11 ਸਤੰਬਰ ਨੂੰ ਫਾਈਨੀਲ ਮੈਚ ਹੋਵੇਗਾ।

## ਜੰਮੂ-ਕਸ਼ਮੀਰ ਵਿਚ ਸਿੱਖਾਂ ਨੂੰ ਧਮਕੀਆਂ ਬਿਪਰ ਏਜੰਸੀਆਂ ਦੀ ਖੇਡ:ਏ ਐਸ ਓ

**ਨਿਊ ਯਾਰਕ:** ਅਮੈਰੀਕਨ ਸਿੱਖ ਆਰਗੇਨਾਈਜੇਸ਼ਨ ਨੇ ਜੰਮੂ ਕਸ਼ਮੀਰ ਵਿਚ ਸਿੱਖਾਂ ਨੂੰ ਮਿਲ ਰਹੀਆਂ ਧਮਕੀਆਂ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਕੋਈ ਵੀ ਸੱਚਾ ਮੁਸਲਮਾਨ ਅਜਿਹੀ ਕੋਝੀ ਹਰਕਤ ਨਹੀ ਕਰ ਸਕਦਾ ਅਤੇ ਇਹ ਕੋਝੀ ਹਰਕਤ ਉਨ੍ਹਾਂ ਬਿਪਰਵਾਦੀ ਤਾਕਤਾਂ ਅਤੇ ਸਰਕਾਰੀ ਏਜੰਸੀਆਂ ਦੀ ਹੈ ਜੋ ਸਿੱਖਾਂ ਅਤੇ ਮੁਸਮਾਨਾਂ ਵਿਚਾਲੇ ਪਾੜਾ ਪੈਦਾ ਕਰਨਾ ਚਾਹੁੰਦੀਆਂ ਹਨ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸਾਂਈ ਮੀਆਂ ਮੀਰ, ਪੀਰ ਬੁੱਧੂ ਸ਼ਾਹ, ਗਨੀ ਖਾਂ-ਨਬੀ ਖਾਂ ਅਤੇ ਨਵਾਬ ਮਲੇਰ ਕੋਟਲਾ ਦੀ ਸਿੱਖ ਕੌਮ ਨਾਲ ਸਿਧਾਂਤਕ ਸਾਂਝ ਦਾ ਮਾਣਮੱਤਾ ਇਤਿਹਾਸ ਹੈ ਜੋ ਹਿੰਦੂਤਵੀਆਂ ਨੂੰ ਸਦੀਆਂ ਤੋਂ ਰੜਕਦਾ ਆ ਰਿਹਾ ਹੈ।

ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਸਦੀਆਂ ਦੀ ਸਿਧਾਂਤਕ ਮੁੱਹਬਤ ਅੰਦਰ ਜਹਿਰ ਘੋਲਣ ਲਈ ਜੰਮੂ-ਕਸ਼ਮੀਰ ਅੰਦਰ ਹੀ 20 ਮਾਰਚ 2000 ਨੂੰ ਜਦੋਂ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਭਾਰਤ ਫੇਰੀ ਤੇ ਗਏ ਸਨ, ਹਿੰਦੂਤਵ ਖੁਫੀਆ ਏਜੰਸੀਆ ਨੇ ਸਾਜਿਸੀ ਢੰਗ ਨਾਲ ਦੋਹਾਂ ਕੌਮਾਂ ਦਾ ਕਤਲ ਕੀਤਾ ਸੀ। ਪਹਿਲਾਂ ਮੁਸਲਮਾਨ ਮੁਜਾਹਦੀਨ ਬਣ ਕੇ 35 ਸਿੱਖਾਂ ਦਾ ਕਤਲ ਕੀਤਾ ਅਤੇ ਫਿਰ ਉਸ ਕਤਲੇਆਮ ਨੂੰ ਮੁਸਲਮਾਨ ਕੌਮ ਸਿਰ ਮੜ੍ਹਨ ਲਈ ਪਿੰਡਾਂ ਵਿਚੋ 4-5 ਮੁਸਲਮਾਨਾਂ ਦੇ ਮੁੰਡਿਆ ਨੂੰ ਚੁੱਕ ਕੇ ਮਾਰ ਦਿਤਾ ਅਤੇ ਮੀਡੀਏ ਰਾਹੀਂ ਪ੍ਰਚਾਰ ਕੀਤਾ ਕਿ ਸਿੱਖਾਂ ਦਾ ਕਤਲ ਕਰਨ ਵਾਲੇ ਮੁਸਲਮਾਨ ਅਤਿਵਾਦੀ ਮਾਰ ਦਿਤੇ ਗਏ ਹਨ। ਹੁਣ ਪਿਛਲੇ ਦਿਨੀਂ 60000 ਦੇ ਕਰੀਬ ਵਸਦੇ ਸਿੱਖਾਂ ਨੂੰ ਜੰਮੂ-ਕਸ਼ਮੀਰ ਵਿਚ ਮਿਲ ਰਹੀਆਂ ਧਮਕੀਆਂ ਵੀ ਉਸੇ ਕੜੀ ਦਾ ਹੀ ਹਿੱਸਾ ਹਨ।

ਭਾਈ ਦਵਿੰਦਰ ਸਿੰਘ, ਭਾਈ ਸੁਰਿਦਰ ਸਿੰਘ ਸਰਪੰਚ, ਭਾਈ ਜਸਦੇਵ ਸਿੰਘ ਅਤੇ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੇ ਹੋਰ ਆਗੂਆਂ ਨੇ ਇਕ ਬਿਆਨ ਵਿਚ ਕਿਹਾ ਕਿ ਜਿਥੇ ਮੰਨੂਵਾਦ ਸਿੱਖ ਕੌਮ ਦਾ ਭਗਵਾਂਕਰਨ ਕਰਨ ਲਈ ਦਿਨ ਰਾਤ ਇਕ ਕਰ ਰਿਹੈ ਉਥੇ ਕੌਮਾਂਤਰੀ ਪੱਧਰ 'ਤੇ ਸਿੱਖਾਂ ਦੀ ਹੋਰ ਕੌਮਾਂ ਨਾਲ ਦੁਸ਼ਮਣੀ ਪੈਦਾ ਕਰਾਉਣ ਲਈ ਅਜਿਹੇ ਬਾਨਣੂ ਬੰਨ ਰਿਹੈ। ਬਿਆਨ ਦੇ ਅਖੀਰ ਵਿਚ ਏ. ਐਸ. ਓ ਦੇ ਆਗੂਆਂ ਨੇ ਕਿਹਾ ਹੈ ਕਿ ਭਾਜਪਾ ਅਤੇ ਆਰ. ਐਸ. ਐਸ ਵਲੋਂ ਅਖਬਾਰੀ ਬਿਆਨਬਾਜੀ ਜਾਂ ਸੰਸਦ ਅੰਦਰ ਇਸ ਮੁੱਦੇ ਨੂੰ ਲੈ ਕੇ ਰੌਲਾ ਰੱਪਾ ਪਾਉਣਾਂ ਸਿੱਖਾਂ ਨੂੰ ਬੇਵਕੂਫ ਬਣਾਉਣ ਲਈ ਮਹਿਜ਼ ਇੱਕ ਡਰਾਮਾ ਹੈ।

## ਕਮ ਉਮਰ ਲੜਕੀ ਨਾਲ ਸੰਬੰਧ ਬਣਾਉਣ ਦੇ ਦੋਸ਼ 'ਚ ਯੁਵਕ ਗ੍ਰਿਫਤਾਰ

ਬੇਕਰਜ਼ਫੀਲਡ (ਮਨਦੀਪ ਮਾਨ): ਕੈਲੀਫੋਰਨੀਆ ਦੇ ਇਕ 23 ਸਾਲਾ ਨੌਜਵਾਨ ਨੂੰ ਪੁਲਿਸ ਨੇ ਉਦੋਂ ਦਬੋਚ ਲਿਆ ਜਦੋਂ ਉਹ ਰਿਵਰਸਾਈਡ ਵਿਚ ਇਕ ਬਾਰਾਂ ਸਾਲਾ ਦੀ ਕੁੜੀ ਨਾਲ ਯੋਨ ਸਬੰਧ ਬਣਾਉਣ ਲਈ ਉਸ ਦੇ ਘਰ ਪਹੁੰਚਿਆ। ਅਸਲ ਵਿਚ ਪੁਲਿਸ ਅਤੇ ਮੀਡੀਏ ਦਾ ਇਹ ਇਕ ਸਟ੍ਰਿੰਗ ਆਪਰੇਸ਼ਨ ਸੀ।

ਹੋਇਆ ਇਹ ਕਿ ਪੁਲਿਸ ਅਤੇ ਮੀਡੀਏ ਵਾਲੇ ਖੁਦ ਹੀ ਬਾਰਾਂ ਸਾਲ ਦੀ ਇਕ ਕੁੜੀ ਦੇ ਰੂਪ ਵਿਚ ਇੰਦਰਜੀਤ ਸਿੰਘ ਨਾਂ ਦੇ ਇਸ ਨੌਜਵਾਨ ਨਾਲ ਕੰਪਿਊਟਰ ਉਪਰ ਚੈਟ ਕਰਦੇ ਰਹੇ ਅਤੇ ਅਖੀਰ ਜਦੋਂ ਇੰਦਰਜੀਤ ਸਿੰਘ ਚੈਟ ਦੌਰਾਨ ਉਨ੍ਹਾਂ ਵਲੋਂ ਦਿੱਤੇ ਪਤੇ ਉਪਰ ਪਹੁੰਚਿਆ ਤਾਂ ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਸ਼ੁਰੂ ਦੀ ਪੁੱਛ-ਗਿੱਛ ਦੌਰਾਨ ਇੰਦਰਜੀਤ ਸਿੰਘ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਪਰ ਜਦੋਂ ਪੁਲਿਸ ਨੇ ਉਸ ਨੂੰ ਚੈਟ ਦੇ ਪ੍ਰਿੰਟ ਕੀਤੇ ਕਾਗਜ਼ ਦਿਖਾਏ ਤਾਂ ਉਹ ਬੁਰੀ ਤਰ੍ਹਾਂ ਉਨ੍ਹਾਂ ਦੇ ਜਾਲ ਵਿਚ ਫਸ ਗਿਆ। ਪੁਲਿਸ ਸੂਤਰਾਂ ਅਨੁਸਾਰ ਇਸ ਮਾਮਲੇ ਵਿਚ ਉਸ ਨੂੰ ਸੱਤ ਤੋਂ ਬਾਰਾਂ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਪੁਲਿਸ ਵਲੋਂ ਮੀਡੀਏ ਦੇ ਸਹਿਯੋਗ ਨਾਲ ਇਹ ਮੁਹਿੰਮ ਉਨ੍ਹਾਂ ਲੋਕਾਂ ਵਿਰੁਧ ਚਲਾਈ ਗਈ ਹੈ ਜੋ ਘੱਟ ਉਮਰ ਦੇ ਬੱਚਿਆਂ ਨਾਲ ਕੰਪਿਊਟਰ 'ਤੇ ਚੈਟ ਕਰਨ ਉਪਰੰਤ ਸੈਕਸ ਸਬੰਧ ਬਣਾਉਂਦੇ ਹਨ।

ਕੁੱਕ ਅਤੇ ਵੇਟਰ ਦੀ ਤੁਰੰਤ ਲੋੜ ਹੈ
ਇਕ ਤਜ਼ਰਬੇਕਾਰ ਇੰਡੀਅਨ ਕੁੱਕ ਜੋ ਕਿ ਤੰਦੂਰ ਅਤੇ ਕਰੀਆਂ ਦਾ ਕੰਮ ਜਾਣਦਾ ਹੋਵੇ ਦੀ ਲੋੜ ਹੈ ।
ਸੰਪਰਕ ਕਰੋ
661-330-8643 / 661-364-0341

Desi Cuts & Color Plus
For Men, Women & Children
Grand Opening
510-200-4415
Mandeep



Mandeep



Tony
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Make-up
Hair cut
Perm
Hair styler
Color
Facial, Threading
Bridal Make-up
Body Art (Henna)
34685 Alvarado, Union City, CA 94587

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.



For Emergency Call anytime at 847-673-3825
EARLY BIRD SALE!!!!
India $545
London $250

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm




CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

# ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਵਿਵਾਦ ਨੇ ਕਈ ਪਰਤਾਂ ਦੇ ਪਰਦੇ ਚੁੱਕੇ

**ਚੰਡੀਗੜ੍ਹ :** ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅੱਤਵਾਦ ਦੀ ਜਕੜ ਵਿਚ ਆਏ ਪੰਜਾਬ ਵਿਚ ਸ਼ਾਂਤੀ ਸਥਾਪਿਤ ਕਰਨ ਲਈ 24 ਜੁਲਾਈ, 1985 ਨੂੰ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਇਤਿਹਾਸਕ ਪੰਜਾਬ ਸਮਝੌਤੇ ਉਤੇ ਦਸਤਖਤ ਕੀਤੇ। ਉਸ ਸਮੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹਦਾਇਤ ਉਤੇ ਸਮਝੌਤੇ ਦਾ ਖਾਕਾ ਤਿਆਰ ਕਰਨ ਵਾਲੇ ਰਾਜਪਾਲ ਅਰਜੁਨ ਸਿੰਘ, ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਅਹਿਮ ਭੂਮਿਕਾ ਨਿਭਾਉਣ ਅਤੇ ਮਗਰੋਂ ਮੁੱਖ ਮੰਤਰੀ ਬਣਨ ਵਾਲੇ ਸੁਰਜੀਤ ਸਿੰਘ ਬਰਨਾਲਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀਨ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੇ ਨਾਲ ਇਸ ਸਮਝੌਤੇ ਦੀਆਂ ਕੁਝ ਮੱਦਾਂ 'ਤੇ ਗੰਭੀਰ ਮਤਭੇਦ ਜ਼ਾਹਿਰ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਦੇ ਵਿਚਾਰਾਂ ਨਾਲ ਦਿਲਚਸਪ ਗੱਲਾਂ ਦਾ ਖੁਲਾਸਾ ਹੋਇਆ ਹੈ। ਸੰਤ ਲੌਂਗੋਵਾਲ ਦੀ ਹੱਤਿਆ ਅਤੇ ਕੁਝ ਪ੍ਰਮੁੱਖ ਸਿਆਸਤਦਾਨਾਂ ਵਲੋਂ ਤਿੱਖੇ ਵਿਰੋਧ ਕਾਰਨ ਇਸ ਸਮਝੌਤੇ ਉਤੇ ਅਮਲ ਸੰਭਵ ਹੀ ਨਹੀਂ ਹੋ ਸਕਿਆ। ਉਂਜ, ਰਾਜੀਵ-ਲੌਂਗੋਵਾਲ ਸਮਝੌਤੇ, ਸਾਕਾ ਨੀਲਾ ਤਾਰਾ ਸਮੇਂ ਗ੍ਰਿਫਤਾਰ ਕੀਤੇ ਗਏ ਸਿੱਖ ਨੌਜਵਾਨਾਂ ਦੀ ਵੱਡੀ ਗਿਣਤੀ 'ਚ ਰਿਹਾਈ, ਪੰਜਾਬ ਦੀ ਪ੍ਰੈਸ ਤੋਂ ਪਾਬੰਦੀਆਂ ਹਟਾਉਣ, ਕਈ ਜ਼ਿਲ੍ਹਿਆਂ ਵਿਚੋਂ ਫੌਜ ਵਾਪਸ ਬੁਲਾਉਣ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਪਾਬੰਦੀ ਹਟਾਉਣ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਨਿਆਂਇਕ ਜਾਂਚ ਦੇ ਐਲਾਨ ਨੇ ਸੂਬੇ ਵਿਚ ਅਮਨ ਬਹਾਲੀ ਲਈ ਸੁਖਾਵਾਂ ਮਾਹੌਲ ਸਿਰਜਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਇਕ ਇੰਟਰਵਿਊ ਵਿਚ ਤਤਕਾਲੀਨ ਰਾਜਪਾਲ ਅਰਜੁਨ ਸਿੰਘ ਨੇ ਸੰਤ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਸ. ਬਲਵੰਤ ਸਿੰਘ ਅਤੇ ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਅਤਰ ਸਿੰਘ ਦੀ ਪੰਜਾਬ ਵਿਚ ਅਮਨ ਬਹਾਲੀ ਦੀਆਂ ਕੋਸ਼ਿਸ਼ਾਂ ਉਤੇ ਤਸੱਲੀ ਪ੍ਰਗਟਾਈ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਸਮਝੌਤੇ ਦੀ ਹਮਾਇਤ ਲਈ ਰਾਜ਼ੀ ਕਰਨ ਦੇ ਯਤਨਾਂ ਦੀ ਨਾਕਾਮੀ ਉਤੇ ਅਫਸੋਸ ਜ਼ਾਹਿਰ ਕੀਤਾ ਸੀ। ਸ੍ਰੀ ਅਰਜੁਨ ਸਿੰਘ ਦਾ ਦਾਅਵਾ ਹੈ ਕਿ ਜੇਕਰ ਸ. ਬਾਦਲ ਨੇ ਉਸ ਵੇਲੇ ਮਦਦ ਕੀਤੀ ਹੁੰਦੀ ਤਾਂ ਗੱਲ ਕੁਝ ਹੋਰ ਹੀ ਹੋਣੀ ਸੀ।

ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਦੇ ਜਵਾਬ ਵਿਚ ਸ੍ਰੀ ਅਰਜੁਨ ਸਿੰਘ ਉਤੇ ਖੁੱਲ੍ਹ ਕੇ ਵਰ੍ਹੇ। ਉਨ੍ਹਾਂ ਮੁਤਾਬਕ ਰਾਜੀਵ-ਲੌਂਗੋਵਾਲ ਸਮਝੌਤਾ ਉਸ ਫਰੇਬੀ ਸਾਜ਼ਿਸ਼ ਦਾ ਹਿੱਸਾ ਸੀ ਜਿਹੜੀ ਅਰਜੁਨ ਸਿੰਘ ਨੇ ਆਪਣੇ ਸਿਆਸੀ ਹਿਤਾਂ ਦੀ ਪੂਰਤੀ ਲਈ ਬਣਾਈ ਸੀ। ਸ. ਬਾਦਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸੰਤ ਲੌਂਗੋਵਾਲ ਨੂੰ ਪਹਿਲਾਂ ਹੀ ਖਬਰਦਾਰ ਕੀਤਾ ਸੀ ਕਿ ਸਮਝੌਤੇ 'ਤੇ ਅਮਲ ਨਹੀਂ ਹੋਵੇਗਾ। ਧੋਖਾ ਹੋਣ ਦਾ ਉਨ੍ਹਾਂ ਦਾ ਡਰ ਸੱਚ ਸਾਬਤ ਹੋਇਆ। ਪੰਜਾਬ ਜਾਂ ਸਿੱਖਾਂ ਨੂੰ ਇਸ ਸਮਝੌਤੇ ਤੋਂ ਕੁਝ ਵੀ ਹਾਸਲ ਨਹੀਂ ਹੋਇਆ ਸਗੋਂ ਪੰਜਾਬ ਸੰਤ ਲੌਂਗੋਵਾਲ ਵਰਗੀ ਮਹਾਨ ਸ਼ਖਸੀਅਤ ਨੂੰ ਗੁਆ ਬੈਠਾ। ਉਨ੍ਹਾਂ ਦਾ ਦਾਅਵਾ ਹੈ ਕਿ ਸੰਤ ਲੌਂਗੋਵਾਲ ਨੂੰ ਆਪਣੀ ਹੱਤਿਆ ਤੋਂ ਪਹਿਲਾਂ ਖੁਦ ਨਾਲ ਫਰੇਬ ਹੋਣ ਦੀ ਗੱਲ ਮਹਿਸੂਸ ਹੋਈ ਸੀ ਅਤੇ ਉਨ੍ਹਾਂ ਨੇ ਇਹ ਗੱਲ ਸ. ਬਾਦਲ ਨੂੰ ਵੀ ਦੱਸੀ।

ਮੂਹਰਲੀ ਕਤਾਰ ਦੇ ਇਕ ਹੋਰ ਅਕਾਲੀ ਆਗੂ ਅਤੇ ਇਨ੍ਹੀਂ ਦਿਨੀਂ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਨੂੰ ਯਾਦ ਹੈ ਕਿ ਸੰਤ ਲੌਂਗੋਵਾਲ ਅਤੇ ਰਾਜੀਵ ਗਾਂਧੀ ਦੀ ਮੁਲਾਕਾਤ ਤੋਂ ਪਹਿਲਾਂ ਬਾਦਲ ਅਤੇ ਟੌਹੜਾ ਨੂੰ ਵਿਸ਼ੇਸ਼ ਸੁਨੇਹੇ ਭੇਜੇ ਗਏ, ਪਰ ਦੋਵਾਂ ਨੇ ਹੁੰਗਾਰਾ ਨਹੀਂ ਭਰਿਆ। ਸ. ਬਰਨਾਲਾ ਮੁਤਾਬਕ ਸਮਝੌਤੇ ਉਤੇ ਹਸਤਾਖਰ ਕਰਨ ਤੋਂ ਪਹਿਲਾਂ ਸੰਤ ਲੌਂਗੋਵਾਲ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਕੋਲ ਗੁਆਉਣ ਲਈ ਕੁਝ ਵੀ ਨਹੀਂ। ਉਨ੍ਹਾਂ ਦੇ ਮਰਨ ਮਗਰੋਂ ਰੋਣ ਵਾਲਾ ਕੋਈ ਨਹੀਂ। ਪੰਜਾਬ ਵਿਚ ਅਮਨ ਬਹਾਲੀ ਨਾ ਕਰਵਾ ਕੇ ਉਹ ਆਪਣੇ ਫਰਜ਼ ਨਾਲ ਕੁਤਾਹੀ ਕਰਨਗੇ। ਰਾਜੀਵ-ਲੌਂਗੋਵਾਲ ਸਮਝੌਤਾ ਪੰਜਾਬ ਵਿਚ ਸ਼ਾਂਤੀ ਸਥਾਪਤੀ ਲਈ ਅਹਿਮ ਮੋੜ ਸਾਬਤ ਹੋਇਆ। ਇਹ ਸ਼ਾਂਤੀ ਬਹਾਲੀ ਦੀ ਦਿਸ਼ਾ ਵਿਚ ਇਕ ਕਦਮ ਸੀ। ਸੰਤ ਲੌਂਗੋਵਾਲ ਦੀ ਹੱਤਿਆ ਮਗਰੋਂ ਅੱਤਵਾਦੀਆਂ ਦੀਆਂ ਧਮਕੀਆਂ ਦੇ ਬਾਵਜੂਦ ਉਨ੍ਹਾਂ ਦੇ ਭੋਗ ਸਮੇਂ ਦੋ ਲੱਖ ਲੋਕ ਇਕੱਠੇ ਹੋਏ। ਲੋਕ ਡਰ ਅਤੇ ਅਸੁਰੱਖਿਆ ਦੇ ਮਾਹੌਲ ਤੋਂ ਅੱਕ ਚੁੱਕੇ ਸਨ। ਵਧ ਤੋਂ ਵੱਧ ਲੋਕ ਸ਼ਾਂਤੀ ਚਾਹੁੰਦੇ ਸਨ ਤਾਂ ਕਿ ਜ਼ਿੰਦਗੀ ਆਪਣੀ ਤੋਰ ਤੁਰ ਸਕੇ। ਪੰਜਾਬ ਵਿਚ ਅੱਤਵਾਦ ਨੂੰ ਖਤਮ ਹੋਣ ਲਈ ਇਕ ਦਹਾਕਾ ਲੱਗਿਆ। 1985 ਦੇ ਅਗਸਤ ਮਹੀਨੇ ਵਿਚ ਹੋਈਆਂ ਚੋਣਾਂ ਦੌਰਾਨ ਸ੍ਰੀ ਬਰਨਾਲਾ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ, ਪਰ ਅੱਤਵਾਦ ਘਟਣ ਦੇ ਆਸਾਰ ਨਜ਼ਰ ਨਹੀਂ ਆ ਰਹੇ ਸਨ। ਸਮਝੌਤਾ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਏਅਰ-ਇੰਡੀਆ ਦੇ 'ਕਨਿਸ਼ਕ' ਜਹਾਜ਼ ਨੂੰ ਆਇਰਲੈਂਡ ਦੇ ਤੱਟ ਨੇੜੇ ਅਸਮਾਨ ਵਿਚ ਹੀ ਉਡਾ ਦਿੱਤਾ ਗਿਆ। 80ਵਿਆਂ ਦੇ ਪਿਛਲੇ ਅਤੇ 90ਵਿਆਂ ਦੇ ਪਹਿਲੇ ਅੱਧ ਵਿਚ ਪੰਜਾਬ ਵਿਚ ਕੱਟੜਪੰਥੀ ਸਿੱਖ ਅੱਤਵਾਦ ਬਹੁਤ ਤੇਜ਼ੀ ਨਾਲ ਵਧਿਆ। ਡਾ. ਗੁਰਮੀਤ ਸਿੰਘ ਔਲਖ ਦੀ ਅਗਵਾਈ ਵਿਚ ਖਾਲਿਸਤਾਨ ਦੀ ਕੌਂਸਲ ਬਣਾਈ ਗਈ ਅਤੇ 7 ਅਕਤੂਬਰ, 1987 ਨੂੰ ਖਾਲਿਸਤਾਨ ਆਜ਼ਾਦ ਸੂਬਾ ਘੋਸ਼ਿਤ ਕੀਤਾ ਗਿਆ। ਘੱਟ ਰਹੀ ਹਮਾਇਤ ਅਤੇ ਝੂਠੇ ਮੁਕਾਬਲਿਆਂ ਵਿਚ ਅੱਤਵਾਦੀਆਂ ਦੇ ਬੇਰਹਿਮੀ ਨਾਲ ਖਾਤਮੇ ਕਾਰਨ 90ਵਿਆਂ ਵਿਚ ਸਿੱਖ ਅੱਤਵਾਦ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਹੋ ਗਿਆ।

ਸਮਝੌਤੇ ਤੋਂ 25 ਸਾਲ ਮਗਰੋਂ ਪੰਜਾਬ ਕਿੱਥੇ ਕੁ ਖੜ੍ਹਾ ਹੈ? ਬੜੀ ਮੰਦਭਾਗੀ ਗੱਲ ਹੈ ਕਿ ਕਈ ਕਾਰਨਾਂ ਕਰਕੇ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਬਹੁਤ ਸਾਰੀਆਂ ਸ਼ਰਤਾਂ ਹਾਲੇ ਤਕ ਲਾਗੂ ਨਹੀਂ ਹੋ ਸਕੀਆਂ। ਆਨੰਦਪੁਰ ਸਾਹਿਬ ਮਤੇ ਵਿਚ ਸੂਬਿਆਂ ਨੂੰ ਵਧੇਰੇ ਖੁਦਮੁਖਤਾਰੀ ਦੇ ਮੁੱਦੇ ਬਾਰੇ ਸਰਕਾਰੀ ਕਮਿਸ਼ਨ ਨੂੰ ਰਿਪੋਰਟ ਤਿਆਰ ਕਰਨ ਲਈ ਕਿਹਾ ਗਿਆ, ਪਰ ਕਮਿਸ਼ਨ ਨੇ ਮਤਾ ਖਾਰਿਜ ਕਰ ਦਿੱਤਾ। ਪੰਜਾਬ ਨੂੰ ਚੰਡੀਗੜ੍ਹ ਦੇਣ ਦੇ ਮੁੱਦੇ ਬਾਰੇ ਤਿੰਨ ਕਮਿਸ਼ਨ ਵਿਚਾਰ ਕਰ ਚੁੱਕੇ ਹਨ, ਪਰ ਮੁੱਦਾ ਅੱਜ ਵੀ ਉਥੇ ਦਾ ਉਥੇ ਹੈ।



### ਸਮਝੌਤਾ ਬਾਦਲ ਨੇ ਖੁੱਡੇ ਲਾਇਆ-ਅਰਜੁਨ
### ਨਿਰਾ ਫਰੇਬ ਸੀ ਇਹ ਸਮਝੌਤਾ- ਬਾਦਲ



## ਹੁਣ ਕੀ ਅਹਿਮੀਅਤ ਹੈ ਸਮਝੌਤੇ ਦੀ?

ਸੰਤ ਲੌਂਗੋਵਾਲ ਦੀ ਸ਼ਹਾਦਤ ਤੋਂ ਪੰਝੀ ਸਾਲ ਬਾਅਦ ਵੀ ਰਾਜੀਵ-ਲੌਂਗੋਵਾਲ ਸਮਝੌਤੇ ਬਾਬਤ ਕਈ ਸਵਾਲ, ਜਵਾਬ ਦੀ ਉਡੀਕ ਵਿਚ ਹਨ। ਦਹਿਸ਼ਤਗਰਦੀ ਦੀ ਭੇਟ ਚੜ੍ਹੇ ਇਸ ਨਫ਼ੀਸ ਅਕਾਲੀ ਆਗੂ ਦੀ ਪੰਜਾਬ ਦੇ ਇਤਿਹਾਸ ਵਿਚ ਅਹਿਮ ਥਾਂ ਹੈ। ਇੰਦਰਾ ਗਾਂਧੀ ਵਲੋਂ ਸਮੁੱਚੇ ਮੁਲਕ ਉਤੇ ਥੋਪੀ ਗਈ ਐਮਰਜੈਂਸੀ ਖ਼ਿਲਾਫ਼ ਸਭ ਤੋਂ ਲੰਬੇ ਮੋਰਚੇ ਵਿਚ ਸ਼ਮੂਲੀਅਤ ਕਰਕੇ ਲੌਂਗੋਵਾਲ ਨੇ ਸਿਆਸੀ ਹਲਕਿਆਂ ਵਿਚ ਪਛਾਣ ਬਣਾਈ। ਧਰਮ ਯੁੱਧ ਅਤੇ ਕਪੂਰੀ ਮੋਰਚਿਆਂ ਦੀ ਅਗਵਾਈ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਨੂੰ ਹਿੰਸਕ ਉਲਾਰ ਤੋਂ ਬਚਾਉਣ ਦਾ ਉਪਰਾਲਾ ਕੀਤਾ ਅਤੇ ਏਕੇ ਤੇ ਅਮਨ ਨੂੰ ਸਿਆਸਤ ਦੇ ਕੇਂਦਰੀ ਨੁਕਤੇ ਵਜੋਂ ਪੇਸ਼ ਕੀਤਾ। ਹਿੰਸਕ ਉਲਾਰ ਅਤੇ ਗਰਮ ਦਲੀਆਂ ਦੇ ਭਾਰੂ ਹੋਣ ਤੋਂ ਬਾਅਦ ਵੀ ਉਨ੍ਹਾਂ ਨੇ ਆਪਣੀ ਨਰਮ ਸੁਰ ਦ੍ਰਿੜ੍ਹਤਾ ਨਾਲ ਜਾਰੀ ਰੱਖੀ।

ਉਸ ਮਾਹੌਲ ਵਿਚ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲੋਂ ਗੱਲਬਾਤ ਦੇ ਸੱਦੇ ਨੂੰ ਕਬੂਲ ਕਰਕੇ ਉਨ੍ਹਾਂ ਇਤਿਹਾਸਕ ਸਮਝੌਤਾ ਕੀਤਾ ਜੋ ਸ਼ੁਰੂ ਤੋਂ ਹੀ ਖ਼ਦਸ਼ਿਆਂ ਦਾ ਸ਼ਿਕਾਰ ਬਣਿਆ ਰਿਹਾ। ਇਸ ਸਮਝੌਤੇ ਦਾ ਹਸ਼ਰ ਭਾਵੇਂ ਕੁਝ ਵੀ ਹੋਇਆ ਪਰ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਖ਼ੌਫ਼, ਸਰਕਾਰੀ ਜਬਰ ਅਤੇ ਹਿੰਸਕ ਉਲਾਰ ਦੇ ਦੌਰ ਵਿਚ ਇਹ ਦਲੇਰੀ ਅਤੇ ਜ਼ੋਖਮ ਭਰਿਆ ਕਦਮ ਸੀ। ਜਦੋਂ 26 ਜਨਵਰੀ 1986 ਨੂੰ ਸਮਝੌਤੇ ਮੁਤਾਬਕ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿੱਤਾ ਗਿਆ ਤਾਂ ਕੇਂਦਰੀ ਸਰਕਾਰ ਦੀ ਭਰੋਸੇਯੋਗਤਾ ਨੂੰ ਖੋਰਾ ਲੱਗਿਆ। ਜੇ ਉਸ ਵੇਲੇ ਤਤਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਰੋਸ ਵਜੋਂ ਅਸਤੀਫ਼ਾ ਦਿੱਤਾ ਹੁੰਦਾ ਤਾਂ ਪੰਜਾਬ ਦਾ ਇਤਿਹਾਸ ਕੁਝ ਹੋਰ ਹੋਣਾ ਸੀ। ਅਕਾਲੀ ਦਲ ਦੇ ਇਕ ਧੜੇ ਨੇ ਤਾਂ ਇਸ ਸਮਝੌਤੇ ਨੂੰ ਕਦੇ ਦਿਲੋਂ ਪ੍ਰਵਾਨ ਹੀ ਨਹੀਂ ਕੀਤਾ। ਇਸ ਸਮਝੌਤੇ ਨੂੰ ਲਾਗੂ ਨਾ ਕਰਨ ਦੇ ਮਾਮਲੇ ਵਿਚ ਕੇਂਦਰ ਅਤੇ ਸੂਬਾ ਸਰਕਾਰ ਦੀ ਸੁਹਿਰਦਤਾ ਤਾਂ ਸਵਾਲਾਂ ਦੇ ਘੇਰੇ ਵਿਚ ਹੈ ਪਰ ਸੰਤ ਲੌਂਗੋਵਾਲ ਦੀ ਸੰਜੀਦਗੀ ਉਘੜ ਕੇ ਸਾਹਮਣੇ ਆਉਂਦੀ ਹੈ। ਉਨ੍ਹਾਂ ਨੇ ਇਸ ਸਮਝੌਤੇ ਰਾਹੀਂ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆਂ, ਨਹਿਰੀ ਪਾਣੀਆਂ ਦੀ ਵੰਡ, ਧਰਮੀ ਫ਼ੌਜੀਆਂ ਅਤੇ ਜੇਲ੍ਹਾਂ ਵਿੱਚ ਬੰਦ ਬੇਕਸੂਰਾਂ ਦੇ ਮਾਮਲੇ ਸਮੂਹ ਲੋਕਾਈ ਸਾਹਮਣੇ ਪੇਸ਼ ਕਰ ਦਿੱਤੇ ਸਨ। ਇਸ ਸਮਝੌਤੇ ਦੀ ਨਾਕਾਮਯਾਬੀ ਇਸ ਤੱਥ ਨਾਲ ਵੀ ਜੋੜ ਕੇ ਸਮਝੀ ਜਾ ਸਕਦੀ ਹੈ ਕਿ ਇਸ ਨਾਲ ਕੇਂਦਰ ਸਰਕਾਰ ਦਾ ਪੰਜਾਬ ਪ੍ਰਤੀ ਨਾਂਹ-ਪੱਖੀ ਵਤੀਰਾ ਉਘੜ ਕੇ ਸਾਹਮਣੇ ਆਉਂਦਾ ਹੈ। ਕੇਂਦਰ ਵਲੋਂ ਪੰਜਾਬ ਨੂੰ ਨਜ਼ਰਅੰਦਾਜ਼ ਕਰਨ ਦਾ ਸਵਾਲ ਹਰ ਮੌਕੇ ਉਭਰਦਾ ਰਿਹਾ ਹੈ। ਸਵਾਲ ਇਹ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਲਾਗੂ ਕਰਨ ਤੋਂ ਕੇਂਦਰ ਸਰਕਾਰ ਨੂੰ ਕਿਸ ਨੇ ਰੋਕਿਆ ਹੈ? ਰਾਜੀਵ ਗਾਂਧੀ ਤੋਂ ਬਾਅਦ ਕਾਂਗਰਸ ਪਾਰਟੀ ਵਲੋਂ ਨਰਸਿਮਹਾ ਰਾਓ ਪੰਜ ਸਾਲ ਪ੍ਰਧਾਨ ਮੰਤਰੀ ਰਹੇ। ਕੌਮੀ ਜਮਹੂਰੀ ਮੋਰਚੇ ਦੀ ਕੇਂਦਰੀ ਸਰਕਾਰ ਵਿਚ ਤਾਂ ਅਕਾਲੀ ਭਾਈਵਾਲ ਵੀ ਰਹੇ। ਹੁਣ ਮਨਮੋਹਨ ਸਿੰਘ ਦੀ ਸਰਕਾਰ ਨੂੰ ਛੇ ਸਾਲਾਂ ਤੋਂ ਵਧ ਸਮਾਂ ਹੋ ਗਿਆ ਹੈ। ਇਹ ਸਵਾਲ ਪੁੱਛਣੇ ਤਾਂ ਜਾਇਜ਼ ਹੀ ਹਨ ਕਿ ਇਸ ਸਮਝੌਤੇ ਦੀ ਇਸ ਵੇਲੇ ਕੀ ਅਹਿਮੀਅਤ ਹੈ? ਇਹ ਸਮਝੌਤਾ ਪੰਜਾਬ ਨਾਲ ਵਾਪਰੀ ਤ੍ਰਾਸਦੀ ਹੈ ਜਾਂ ਕਿਸੇ ਲੰਬੀ ਸਾਜ਼ਿਸ਼ ਦੀ ਕੜੀ ?

## ਸਮਝੌਤਾ ਖੁੱਡੇ ਲਾਉਣ ਲਈ ਬਾਦਲ ਜ਼ਿੰਮੇਵਾਰ-ਭੱਠਲ

**ਚੰਡੀਗੜ੍ਹ :** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਰਾਜੀਵ-ਲੌਂਗੋਵਾਲ ਸਮਝੌਤੇ ਦਾ ਭੋਗ ਪਾਉਣ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਤਤਕਾਲੀਨ ਅਕਾਲੀ ਆਗੂਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਬੀਤੀ 22 ਅਗਸਤ ਨੂੰ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀਮਤੀ ਭੱਠਲ ਨੇ ਕਿਹਾ ਕਿ ਜਿਨ੍ਹਾਂ ਅਕਾਲੀਆਂ ਦੀ ਅਗਵਾਈ ਪ੍ਰਕਾਸ਼ ਸਿੰਘ ਬਾਦਲ ਕਰਦੇ ਰਹੇ ਹਨ, ਉਨ੍ਹਾਂ ਨੇ ਹਮੇਸ਼ਾਂ ਹੀ ਲੋਕਾਂ ਦੇ ਜਜ਼ਬਾਤਾਂ ਨਾਲ ਖੇਡ ਕੇ ਰਾਜਨੀਤਿਕ ਰੋਟੀਆਂ ਸੇਕੀਆਂ। ਬੀਬੀ ਭੱਠਲ ਨੇ ਕਿਹਾ ਕਿ ਅਕਾਲੀ ਇਕ ਪਾਸੇ ਸੰਤਾਂ ਨੂੰ ਸ਼ਹੀਦ ਕਹਿੰਦੇ ਹਨ ਤੇ ਦੂਜੇ ਪਾਸੇ ਸੰਤਾਂ ਦੇ ਕਾਤਲਾਂ ਨੂੰ ਵੀ ਸ਼ਹੀਦ ਮੰਨਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਬਾਦਲ, ਟੌਹੜਾ ਅਤੇ ਹੋਰਨਾਂ ਨੇ ਰਾਜੀਵ-ਲੌਂਗੋਵਾਲ ਸਮਝੌਤੇ ਦਾ ਵਿਰੋਧ ਨਾ ਕੀਤਾ ਹੁੰਦਾ ਤਾਂ ਕੇਂਦਰ ਸਰਕਾਰ ਨੇ ਇਸ ਸਮਝੌਤੇ ਨੂੰ ਲਾਗੂ ਕਰ ਦੇਣਾ ਸੀ। ਜਦੋਂ ਅਕਾਲੀਆਂ ਨੇ ਇਸ ਸਮਝੌਤੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਕੇਂਦਰ ਸਰਕਾਰ ਵੀ ਸ਼ਸ਼ੋਪੰਜ ਵਿਚ ਪੈ ਗਈ ਤੇ ਪੰਜਾਬ ਨੂੰ ਸਮਝੌਤੇ ਮੁਤਾਬਕ ਕੁਝ ਵੀ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਦੇ ਕਾਤਲ ਅਸਲ ਵਿਚ ਅਕਾਲੀ ਹੀ ਹਨ।

ਬੀਬੀ ਭੱਠਲ ਨੇ ਕਿਹਾ ਕਿ ਅੱਜ ਰਾਜੀਵ ਗਾਂਧੀ, ਸੰਤ ਲੌਂਗੋਵਾਲ, ਟੌਹੜਾ ਅਤੇ ਬਲਵੰਤ ਸਿੰਘ ਚਾਰਾਂ ਵਿਚੋਂ ਕੋਈ ਵੀ ਇਸ ਦੁਨੀਆਂ ਵਿਚ ਨਹੀਂ ਹੈ। ਇਸ ਲਈ ਬਾਦਲ ਝੂਠ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੂੰ ਇਨ੍ਹਾਂ ਨੇਤਾਵਾਂ ਦੇ ਜਿਉਂਦੇ ਜੀਅ ਬੋਲਣਾ ਚਾਹੀਦਾ ਸੀ ਤਾਂ ਜੋ ਅਸਲੀਅਤ ਸਾਹਮਣੇ ਆਉਂਦੀ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਰਾਜੀਵ-ਲੌਂਗੋਵਾਲ ਸਮਝੌਤੇ ਦੀ ਬਹੁਤੀ ਮਹੱਤਤਾ ਨਹੀਂ ਹੈ ਪਰ ਅਸੀਂ ਚਾਹੁੰਦੇ ਹਾਂ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ, ਪਾਣੀਆਂ 'ਤੇ ਪੰਜਾਬ ਦਾ ਹੱਕ ਬਰਕਰਾਰ ਰਹੇ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਹੋਣ।

## ਲੌਂਗੋਵਾਲ ਦੀ ਬਰਸੀ; ਬਾਦਲ ਵਲੋਂ ਕਾਂਗਰਸ ਨੂੰ ਰਗੜੇ

**ਲੌਂਗੋਵਾਲ (ਸੰਗਰੂਰ) :** ਇੱਥੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 25ਵੀਂ ਬਰਸੀ ਮੌਕੇ ਬੀਤੀ 20 ਅਗਸਤ ਨੂੰ ਹੋਏ ਸਮਾਗਮ ਸਮੇਂ ਜਿਥੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਹੋਰਨਾਂ ਅਕਾਲੀ ਨੇਤਾਵਾਂ ਨੇ ਸੰਤ ਲੌਂਗਵਾਲ ਦੀ ਸ਼ਹਾਦਤ ਤੇ ਪੰਜਾਬ ਦੀ ਆਰਥਿਕ ਬਰਬਾਦੀ ਲਈ ਕਾਂਗਰਸ ਨੂੰ ਕਸੂਰਵਾਰ ਦੱਸਿਆ। ਉਥੇ ਲੋਂਗੋਵਾਲ ਦਲ ਵਲੋਂ ਕੀਤੀ ਗਈ ਸਮਾਨਅੰਤਰ ਕਾਨਫਰੰਸ ਵਿਚ ਬਾਦਲ ਉਪਰ ਤਿੱਖੇ ਹਮਲੇ ਕੀਤੇ ਗਏ।

ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਸ਼ਹੀਦੀ ਦਿਹਾੜਾ ਇਥੋਂ ਦੀ ਅਨਾਜ ਮੰਡੀ ਵਿਖੇ ਸਰਕਾਰੀ ਪੱਧਰ 'ਤੇ ਮਨਾਇਆ ਗਿਆ। ਸਮਾਗਮ ਵਿਚ ਮੁੱਖ ਮੰਤਰੀ ਤੋਂ ਇਲਾਵਾ ਭਾਜਪਾ ਦੇ ਸਾਬਕਾ ਕੌਮੀ ਪ੍ਰਧਾਨ ਰਾਜਨਾਥ ਸਿੰਘ ਅਤੇ ਜਨਤਾ ਦਲ (ਯੂ) ਦੇ ਪ੍ਰਧਾਨ ਸ਼ਰਦ ਯਾਦਵ, ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰ ਕਈ ਸੀਨੀਅਰ ਆਗੂ ਸ਼ਾਮਲ ਹੋਏ। ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਇਕ ਅਜਿਹੀ ਮਹਾਨ ਸ਼ਖਸੀਅਤ ਸਨ ਜਿਨ੍ਹਾਂ ਨੇ ਧਾਰਮਿਕ, ਸਿਆਸੀ ਅਤੇ ਸਮਾਜਿਕ ਤੌਰ 'ਤੇ ਲੋਕਾਂ ਦੀ ਵੱਡੀ ਸੇਵਾ ਕੀਤੀ। ਅਕਾਲੀ ਦਲ ਦੇ ਪ੍ਰਧਾਨ ਵਜੋਂ ਉਨ੍ਹਾਂ ਨੇ ਦੇਸ਼ ਵਿਚ ਲੱਗੀ ਐਮਰਜੈਂਸੀ ਖਿਲਾਫ ਧਰਮਯੁੱਧ ਮੋਰਚਾ ਆਰੰਭ ਕੇ ਗ੍ਰਿਫਤਾਰੀ ਦਿੱਤੀ। ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਤਤਕਾਲੀਨ ਰਾਜਪਾਲ ਅਰਜੁਨ ਸਿੰਘ ਵਲੋਂ ਅਖਬਾਰਾਂ ਵਿਚ ਦਿੱਤੇ ਬਿਆਨ ਉਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਸ. ਬਾਦਲ ਨੇ ਕਿਹਾ ਕਿ ਇਹ ਸਮਝੌਤਾ ਇਕ ਸਾਜ਼ਿਸ ਦਾ ਸਿੱਟਾ ਸੀ ਜਿਸ ਪ੍ਰਤੀ ਉਨ੍ਹਾਂ ਨੇ ਸੰਤਾਂ ਨੂੰ ਪਹਿਲਾਂ ਹੀ ਅਗਾਹ ਕਰ ਦਿੱਤਾ ਸੀ। ਇਹ ਸਮਝੌਤਾ ਬਾਅਦ ਵਿਚ ਸਚਮੁੱਚ ਹੀ ਧੋਖਾ ਸਾਬਤ ਹੋਇਆ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ ਸੰਤ ਲੌਂਗੋਵਾਲ, ਸਿੱਖ ਕੌਮ, ਅਕਾਲੀ ਦਲ ਤੇ ਪੰਜਾਬ ਨਾਲ ਵੱਡਾ ਧੋਖਾ ਕੀਤਾ। ਸਮਝੌਤੇ ਰਾਹੀਂ ਜਿਹੜੇ ਲਿਖਤੀ ਵਾਅਦੇ ਕੀਤੇ ਗਏ ਸਨ ਅਤੇ ਜਿਨ੍ਹਾਂ ਦੀ ਤਸਦੀਕ ਪਾਰਲੀਮੈਂਟ ਤੋਂ ਕਰਵਾਈ ਗਈ ਸੀ, ਕੀ ਕਾਂਗਰਸ ਉਨ੍ਹਾਂ ਉਤੇ ਕਾਇਮ ਰਹੀ? ਨਾ ਚੰਡੀਗੜ੍ਹ ਤੇ ਨਾਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਮਿਲੇ। ਪਾਣੀਆਂ ਦਾ ਮੁੱਦਾ ਅਜੇ ਵੀ ਵਿਚਾਲੇ ਹੈ।

ਭਾਜਪਾ ਨੇਤਾ ਰਾਜਨਾਥ ਸਿੰਘ ਨੇ ਆਪਣੇ ਭਾਸ਼ਣ ਵਿਚ ਕਾਂਗਰਸ ਦੀ ਤਿੱਖੀ ਆਲੋਚਨਾ ਕੀਤੀ। ਸ੍ਰੀ ਸ਼ਰਦ ਯਾਦਵ ਨੇ ਸੰਤਾਂ ਨੂੰ ਸ਼ਰਧਾਂਜਲੀ ਦਿੰਦਿਆਂ ਰਾਜਨਾਥ ਸਿੰਘ ਵਲੋਂ ਪ੍ਰਗਟਾਏ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ। ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ 45 ਸਾਲ ਤੋਂ ਵੱਧ ਸੱਤਾ ਵਿਚ ਰਹਿਣ ਵਾਲੀ ਕਾਂਗਰਸ ਨੇ ਦੇਸ਼ ਵਾਸੀਆਂ ਲਈ ਕੁਝ ਵੀ ਨਹੀਂ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਵੀ ਸੰਤਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ, ਪਰ ਕਾਂਗਰਸ ਹਮੇਸ਼ਾਂ ਸਿੱਖਾਂ ਨਾਲ ਦੁਸ਼ਮਣੀ ਨਿਭਾਉਂਦੀ ਰਹੀ ਹੈ।

ਇਕੱਠ ਨੂੰ ਸੁਖਦੇਵ ਸਿੰਘ ਢੀਂਡਸਾ, ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ, ਗੁਰਦੇਵ ਸਿੰਘ ਬਾਦਲ, ਪਰਮਿੰਦਰ ਸਿੰਘ ਢੀਂਡਸਾ ਆਦਿ ਨੇ ਵੀ ਸੰਬੋਧਨ ਕੀਤਾ।

ਸ਼ਰਧਾਂਜਲੀ ਸਮਾਗਮ ਦੇ ਰੰਗ ਉਸ ਵੇਲੇ ਥੋੜੇ ਫਿੱਕੇ ਪੈ ਗਏ ਜਦੋਂ ਹਾਜ਼ਰ ਸੰਗਤਾਂ ਨੇ ਤਿੰਨ ਸੀਨੀਅਰ ਲੀਡਰਾਂ ਦੇ ਬੋਲਣ ਤੋਂ ਪਹਿਲਾਂ ਹੀ ਪੰਡਾਲ ਵਿਚੋਂ ਉਠ ਕੇ ਬਾਹਰ ਜਾਣਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਈ.ਟੀ.ਟੀ. ਅਧਿਆਪਕ ਯੂਨੀਅਨ ਦੇ ਆਗੂ ਰੁਪਿੰਦਰ ਸਿੰਘ ਅਮਰਗੜ੍ਹ ਨੇ ਸਮਾਗਮ ਹਾਲ ਵਿਚ ਖੜੇ ਹੋ ਕੇ ਪੰਜਾਬ ਸਰਕਾਰ ਵਿਰੁਧ ਨਾਅਰੇ ਵੀ ਲਾਏ। ਪੁਲੀਸ ਨੇ ਨਾਅਰਾ ਲਾਉਣ ਵਾਲੇ ਯੂਨੀਅਨ ਆਗੂ ਨੂੰ ਕਾਬੂ ਕਰਕੇ ਗੱਡੀ ਵਿਚ ਸੁੱਟ ਲਿਆ। ਯੂਨੀਅਨ ਆਗੂਆਂ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਸਰਕਾਰ ਉਨ੍ਹਾਂ ਨਾਲ ਕੀਤੇ ਸਮਝੌਤੇ ਤੋਂ ਭੱਜ ਗਈ ਹੈ। ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀ ਮੰਨੀਆਂ ਜਾਂਦੀਆਂ, ਉਹ ਇਸੇ ਤਰ੍ਹਾਂ ਸਰਕਾਰੀ ਸਮਾਗਮਾਂ ਦੇ ਰੰਗ ਵਿਚ ਭੰਗ ਪਾਉਂਦੇ ਰਹਿਣਗੇ।

ਦੂਜੇ ਪਾਸੇ ਇਸੇ ਮੌਕੇ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਨੇ ਸਰਕਾਰੀ ਇਕੱਠ ਦੇ ਬਰਾਬਰ ਹੀ ਭਰਵਾਂ ਇਕੱਠ ਕਰ ਕੇ ਬਾਦਲ ਦਲ ਲਈ ਪ੍ਰੇਸ਼ਾਨੀ ਖੜੀ ਕਰ ਦਿੱਤੀ। ਇਸ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਲੋਕ ਜਨਸ਼ਕਤੀ ਪਾਰਟੀ ਦੇ ਪ੍ਰਧਾਨ ਸ੍ਰੀ ਰਾਮ ਵਿਲਾਸ ਪਾਸਵਾਨ ਨੇ ਕਿਹਾ ਕਿ ਰਾਜੀਵ-ਲੌਂਗੋਵਾਲ ਸਮਝੌਤਾ ਉਹ ਪਹਿਲਾ ਸਮਝੌਤਾ ਸੀ ਜਿਸ ਨੂੰ ਪੰਜਾਬ ਦੇ ਲੋਕਾਂ ਨੇ ਸਵੀਕਾਰ ਕੀਤਾ ਸੀ। ਉਸ ਮੌਕੇ 117 ਸੀਟਾਂ ਵਿਚੋਂ 87 ਸੀਟਾਂ ਸੰਤ ਲੌਂਗੋਵਾਲ ਦੀ ਪਾਰਟੀ ਨੂੰ ਮਿਲੀਆਂ ਸਨ। ਉਹ ਸਮਝੌਤਾ ਪੰਜਾਬ ਦੇ ਹੱਕ ਵਿਚ ਸੀ। ਸ੍ਰੀ ਪਾਸਵਾਨ ਨੇ ਬਾਦਲ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਲੌਂਗੋਵਾਲ ਦੀ ਪਿੱਠ ਵਿਚ ਛੁਰਾ ਮਾਰਨ ਵਾਲੇ ਦੂਜੇ ਪਾਸੇ ਬਰਸੀ ਮਨਾ ਰਹੇ ਹਨ ਪਰ ਸੰਤਾਂ ਦਾ ਅਸਲੀ ਵਾਰਿਸ ਤਾਂ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਹੈ।

ਇਸ ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਜਦ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ ਸੀ, ਉਸ ਵੇਲੇ ਸੁਰਜੀਤ ਸਿੰਘ ਬਰਨਾਲਾ ਤੇ ਬਲਵੰਤ ਸਿੰਘ ਨੇ ਸੰਤਾਂ ਦਾ ਸਾਥ ਦਿੱਤਾ ਸੀ ਪਰ ਬਾਦਲ ਭੱਜ ਗਿਆ ਸੀ। ਪਿਛਲੇ 25 ਸਾਲਾਂ ਦੌਰਾਨ ਬਾਦਲ ਨੇ ਤਿੰਨ ਵਾਰ ਰਾਜ ਕੀਤਾ ਪਰ ਪੰਥ ਨੂੰ ਕੁਝ ਨਾ ਦਿੱਤਾ?

ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਸਰਪ੍ਰਸਤ ਮਨਜੀਤ ਸਿੰਘ ਕਲਕੱਤਾ, ਪ੍ਰਧਾਨ ਬੀਬੀ ਸੁਰਜੀਤ ਕੌਰ ਬਰਨਾਲਾ, ਜਨਰਲ ਸਕੱਤਰ ਬਲਦੇਵ ਸਿੰਘ ਮਾਨ, ਤਰਲੋਚਨ ਸਿੰਘ ਤੁੜ ਸਾਬਕਾ ਐਮ.ਪੀ., ਪ੍ਰੇਮ ਕੁਮਾਰ ਗੁਪਤਾ ਸਾਬਕਾ ਮੰਤਰੀ, ਗਗਨਦੀਪ ਸਿੰਘ ਬਰਨਾਲਾ ਸਾਬਕਾ ਵਿਧਾਇਕ, ਦਰਸ਼ਨ ਸਿਘ ਈਸਾਪੁਰ, ਜਥੇਦਾਰ ਭਰਪੂਰ ਸਿੰਘ ਆਦਿ ਤੋਂ ਇਲਾਵਾ ਹੋਰ ਕਾਫੀ ਆਗੂ ਤੇ ਵਰਕਰ ਹਾਜ਼ਰ ਹੋਏ।

## ਸਾਗ ਦਾ ਆਧੁਨਿਕ ਪਲਾਂਟ ਲਾਉਣ ਲਈ ਹਰੀ ਝੰਡੀ


**ਚੰਡੀਗੜ੍ਹ :** ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਵਿਚ ਮਾਰਕਫੈਡ ਵਲੋਂ ਤਿਆਰ ਕੀਤੇ ਡੱਬਾਬੰਦ ਸਾਗ ਦੀ ਏਨੀ ਮੰਗ ਹੈ ਕਿ ਉਸ ਨੂੰ ਪੂਰਾ ਕਰਨ ਲਈ ਮਾਲਵੇ ਵਿਚ ਆਧੁਨਿਕ ਤਕਨਾਲੋਜੀ ਵਾਲਾ ਨਵਾਂ ਪਲਾਂਟ ਲਾਉਣ ਲਈ ਮੁੱਖ ਮੰਤਰੀ ਨੇ ਪ੍ਰਾਜੈਕਟ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਮਾਰਕਫੈਡ ਦੇ ਐਮ. ਡੀ. ਅਜੀਤ ਸਿੰਘ ਪੰਨੂੰ ਨੇ ਕਿਹਾ ਕਿ ਡੱਬਾਬੰਦ ਸਾਗ ਦੀ ਮੰਗ ਲਈ ਦੁਬਈ ਦਾ ਪਹਿਲਾਂ ਨੰਬਰ ਹੈ, ਜਿਥੋਂ ਕਈ ਹੋਰ ਮੁਲਕਾਂ ਲਈ ਸਾਗ ਦੇ ਡੱਬੇ ਜਾਂਦੇ ਹਨ। ਇਸ ਤੋਂ ਇਲਾਵਾ ਕੈਨੇਡਾ, ਅਮਰੀਕਾ, ਇਟਲੀ, ਫਿਲਪੀਨਜ਼, ਇੰਗਲੈਂਡ ਅਤੇ ਆਸਟਰੇਲੀਆ ਲਈ ਸਾਗ ਦੇ ਡੱਬੇ ਜਾ ਰਹੇ ਹਨ। ਇਕੱਲੇ ਦੁਬਈ ਵਿਚ 16 ਲੱਖ ਡੱਬਾ ਇਕ ਸਾਲ ਵਿਚ ਸਪਲਾਈ ਹੁੰਦਾ ਹੈ। ਮਾਰਕਫੈਡ ਨੇ ਇਸ ਸਾਲ ਲਈ ਕੁਲ 30 ਲੱਖ ਡੱਬਾ ਬਣਾਇਆ ਸੀ, ਜਿਹੜਾ ਖਤਮ ਵੀ ਹੋ ਚੁੱਕਾ ਹੈ।

ਸ੍ਰੀ ਪੰਨੂੰ ਨੇ ਕਿਹਾ ਕਿ ਉਨ੍ਹਾਂ ਵਲੋਂ ਭੋਗਪੁਰ, ਆਦਮਪੁਰ ਅਤੇ ਜਲੰਧਰ ਵਿਚ ਸਾਗ ਦੀ ਸਪਲਾਈ ਲਈ ਪੱਕੇ ਕਿਸਾਨ ਰੱਖੇ ਹੋਏ ਹਨ ਅਤੇ ਟੈਂਡਰ ਲਾ ਕੇ ਟਰਾਲੀਆਂ ਰਾਹੀਂ ਕਿਸਾਨਾਂ ਦਾ ਸਾਗ ਖਰੀਦਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਕਮਾਈ ਦਾ ਇਹ ਚੰਗਾ ਸਾਧਨ ਬਣਿਆ ਹੋਇਆ ਹੈ। ਇਹ ਫਸਲ 45 ਦਿਨ ਵਿਚ ਤਿਆਰ ਹੋ ਜਾਂਦੀ ਹੈ। ਤਕਰੀਬਨ 180 ਕੁਇੰਟਲ ਪ੍ਰਤੀ ਏਕੜ ਝਾੜ ਸਾਗ ਦਾ ਆ ਜਾਂਦਾ ਹੈ। ਕਿਸਾਨ ਚਾਰ ਮਹੀਨਿਆਂ ਵਿਚ ਹੀ 20 ਹਜ਼ਾਰ ਰੁਪਏ ਪ੍ਰਤੀ ਏਕੜ ਕਮਾਈ ਕਰ ਲੈਂਦਾ ਹੈ। 250 ਏਕੜ ਰਕਬੇ ਵਿਚ ਮਾਰਕਫੈਡ ਸਾਗ ਦੀ ਲੁਆਈ ਕਰਦਾ ਹੈ ਅਤੇ ਹਰ ਸੀਜ਼ਨ ਲਈ 2500 ਟਨ ਸਾਗ ਲਿਆ ਜਾਂਦਾ ਹੈ। ਮੌਜੂਦਾ ਪਲਾਂਟ 11 ਏਕੜ ਵਿਚ ਜਲੰਧਰ ਵਿਖੇ ਲਗਾਇਆ ਹੋਇਆ ਹੈ। ਸਾਗ ਦੀ ਵਧ ਰਹੀ ਮੰਗ ਨੂੰ ਧਿਆਨ ਵਿਚ ਰੱਖ ਕੇ ਸਰਕਾਰ ਵਲੋਂ ਮਾਲਵੇ ਵਿਚ ਸਾਗ ਦਾ ਪਲਾਂਟ ਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

# ਰਾਜੀਵ-ਲੌਂਗੋਵਾਲ ਸਮਝੌਤਾ ਕੇਂਦਰ ਸਰਕਾਰ ਵਲੋਂ ਕਤਲ ਕੀਤਾ ਗਿਆ

**ਖਾੜਕੂਵਾਦ ਦੇ ਸਮੇਂ ਦੌਰਾਨ ਵੱਖ-ਵੱਖ ਰਾਜਨੀਤਕ ਆਗੂਆਂ ਵਲੋਂ ਨਿਭਾਈ ਗਈ ਭੂਮਿਕਾ ਦੇ ਸੰਦਰਭ ਵਿਚ ਪਿਛਲੇ ਦਿਨੀਂ ਇਕ ਅੰਗਰੇਜ਼ੀ ਅਖ਼ਬਾਰ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਦਾ ਆਤਮਕਥਨ ਛਾਪਿਆ ਹੈ। ਦੋਨਾਂ ਆਗੂਆਂ ਵਲੋਂ ਛਪਵਾਈਆਂ ਗਈਆਂ ਇਹ ਲਿਖਤਾਂ ਭਾਵੇਂ ਕੁਝ ਹੱਦ ਤੱਕ ਆਪਣੇ-ਆਪ ਨੂੰ ਦਰੁਸਤ ਸਿੱਧ ਕਰਨ ਦੀ ਕੋਸ਼ਿਸ਼ ਹੀ ਹਨ ਪਰ ਲਗਦਾ ਇੰਝ ਵੀ ਹੈ ਕਿ ਅਜਿਹੀ ਕੋਸ਼ਿਸ਼ ਵਿਚ ਇਨ੍ਹਾਂ ਆਗੂਆਂ ਵਲੋਂ ਕਿਧਰੇ ਫਿਕਸ਼ਨ ਵੀ ਘੜੀ ਗਈ ਹੈ। ਫਿਰ ਵੀ ਇਨ੍ਹਾਂ ਲਿਖਤਾਂ ਰਾਹੀਂ ਅਸੀਂ ਉਸ ਸਮੇਂ ਵਾਪਰੇ ਰਾਜਨੀਤਕ ਵਰਤਾਰੇ ਦੇ ਅਸਲ ਸੱਚ ਦੇ ਕੁਝ ਕੁ ਦਰਸ਼ਨ ਤਾਂ ਕਰ ਹੀ ਸਕਦੇ ਹਾਂ। ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਦਿਲਚਸਪੀ ਲਈ ਇਨ੍ਹਾਂ ਦੋਨੋਂ ਲਿਖਤਾਂ ਦਾ ਪੰਜਾਬੀ ਅਨੁਵਾਦ ਇਥੇ ਪੇਸ਼ ਕਰ ਰਹੇ ਹਾਂ। -ਸੰਪਾਦਕ**


ਪ੍ਰਕਾਸ਼ ਸਿੰਘ ਬਾਦਲ

ਮੇਰੇ ਰਾਜਨੀਤਕ ਕੈਰੀਅਰ ਵਿਚ ਬਹੁਤ ਸਾਰੇ ਪਲ ਇਹੋ ਜਿਹੇ ਆਏ ਹਨ ਜਿਹੜੇ ਕਿਸੇ ਰਾਜਨੀਤਕ ਆਗੂ, ਲੋਕਾਂ ਅਤੇ ਪਾਰਟੀ ਦੇ ਇਤਿਹਾਸ ਵਿਚ ਮਹੱਤਵਪੂਰਨ ਹੁੰਦੇ ਹਨ। ਅਜਿਹਾ ਇਕ ਮੌਕਾ ਮੇਰੀ ਜ਼ਿੰਦਗੀ ਵਿਚ ਸ੍ਰੀ ਦਰਬਾਰ ਸਾਹਿਬ ਉਪਰ ਦੁਖਦਾਈ ਫੌਜੀ ਹਮਲੇ ਤੋਂ ਬਾਅਦ ਆਇਆ। ਜਦੋਂ ਇਹ ਹਮਲਾ ਹੋਇਆ ਅਤੇ ਨਾਲ ਹੀ ਨਵੰਬਰ 1984 ਵਿਚ ਹਜ਼ਾਰਾਂ ਨਿਰਦੋਸ਼ ਸਿੱਖ ਦਿੱਲੀ ਵਿਚ ਕਤਲ ਕਰ ਦਿੱਤੇ ਗਏ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਨੇ ਜਮਹੂਰੀ ਹੱਕਾਂ ਤੇ ਕਦਰਾਂ ਕੀਮਤਾਂ ਦੀ ਦੇਸ਼ ਵਿਚ ਰਾਖੀ ਤੋਂ ਇਲਾਵਾ ਸਿੱਖਾਂ ਦੇ ਹੱਕਾਂ-ਹਿੱਤਾਂ ਦੀ ਰਾਖੀ ਲਈ ਲੰਮੀ ਪਰ ਜਮਹੂਰੀ ਸ਼ਾਂਤਮਈ ਲੜਾਈ ਲੜੀ। ਲੰਮੇ ਧਰਮ ਯੁੱਧ ਮੋਰਚੇ, ਦਰਬਾਰ ਸਾਹਿਬ ਉਪਰ ਜ਼ਾਲਮ ਫੌਜੀ ਹਮਲੇ ਅਤੇ ਨਵੰਬਰ 1984 ਦੇ ਕਤਲੇਆਮ ਨੇ ਸਮੁੱਚੇ ਦੇਸ਼ ਨੂੰ ਜ਼ਖਮੀ ਕੀਤਾ ਅਤੇ ਪੰਜਾਬ ਹਾਲੇ ਤੱਕ ਇਕ ਖਤਰਨਾਕ ਉਥਲ ਪੁੱਥਲ ਦਾ ਸ਼ਿਕਾਰ ਹੈ।

ਇਸ ਤੋਂ ਪਿੱਛੋਂ ਘਟਨਾਵਾਂ ਤੇਜ਼ੀ ਨਾਲ ਵਾਪਰੀਆਂ ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣ ਗਏ ਅਤੇ ਉਨ੍ਹਾਂ ਅਰਜਨ ਸਿੰਘ ਨੂੰ ਪੰਜਾਬ ਦਾ ਗਵਰਨਰ ਬਣਾਇਆ। ਨਵੇਂ ਗਵਰਨਰ ਨੇ ਆਪਣੇ ਵੱਖਰੇ ਢੰਗ ਦਾ ਕੰਮ ਕਾਜ ਸ਼ੁਰੂ ਕੀਤਾ। ਉਨ੍ਹਾਂ ਨੇ ਪਰਦੇ ਪਿੱਛਿਓਂ ਰਹੱਸਮਈ ਰਾਜਨੀਤੀ ਖੇਡਣੀ ਸ਼ੁਰੂ ਕੀਤੀ ਅਤੇ ਉਹ ਚਾਹੁੰਦੇ ਸਨ ਕਿ ਮੈਂ ਉਨ੍ਹਾਂ ਦੀ ਇਸ ਖੇਡ ਵਿਚ ਸ਼ਾਮਿਲ ਹੋਵਾਂ। ਪਰ ਉਹ ਮੇਰੇ ਵਿਚੋਂ ਆਪਣਾ ਸਾਥੀ ਨਾ ਲੱਭ ਸਕੇ। ਮੈਂ ਹਮੇਸ਼ਾਂ ਆਪਣੇ ਜਨਤਕ ਵਤੀਰੇ ਵਿਚ ਮੁਕੰਮਲ ਪਾਰਦਰਸ਼ਤਾ ਵਿਚ ਵਿਸ਼ਵਾਸ ਕਰਦਾ ਸਾਂ। ਸ੍ਰੀ ਅਰਜਨ ਸਿੰਘ ਨੇ ਬਹੁਤ ਸਾਰੇ ਚੈਨਲਾਂ ਦੇ ਰਾਹੀਂ ਵਾਰ ਵਾਰ ਮੇਰੇ ਤੱਕ ਪਹੁੰਚ ਕੀਤੀ ਅਤੇ ਮੈਨੂੰ ਮਿਲਣ ਲਈ ਕਿਹਾ। ਪਰ ਮੈਂ ਉਨ੍ਹਾਂ ਨੂੰ ਜਵਾਬ ਦਿੱਤਾ ''ਆਪਾਂ ਦੋਵੇਂ ਜੰਗ ਦੇ ਦਰਮਿਆਨ ਹਾਂ। ਜੰਗ ਵਿਚ ਮੈਂ ਕਦੇ ਦੁਸ਼ਮਣ ਦੇ ਘਰ ਜਾਣ ਬਾਰੇ ਸੋਚ ਵੀ ਨਹੀਂ ਸਕਦਾ। ਮੈਂ ਆਪਣੇ ਲੋਕਾਂ ਅਤੇ ਆਪਣੀ ਪਾਰਟੀ ਦੇ ਸਿਪਾਹੀਆਂ ਨਾਲ ਗਦਾਰੀ ਨਹੀਂ ਕਰ ਸਕਦਾ।'' ਤਦ ਰਾਜਪਾਲ ਨੇ ਮੈਨੂੰ ਮੇਰੇ ਘਰ ਆਉਣ ਦੀ ਤਜਵੀਜ਼ ਰੱਖੀ। (ਆਪ ਨਹੀਂ ਆਨਾ ਚਾਹਤੇ ਤੋ ਮੈਂ ਆ ਜਾਤਾ ਹੂੰ) ਉਨ੍ਹਾਂ ਫਿਰ ਮੇਰੇ ਤੱਕ ਪਹੁੰਚ ਕੀਤੀ ਅਤੇ ਇਸ ਵਾਰ ਮੈਨੂੰ ਮੁੱਖ ਮੰਤਰੀ ਬਣਾਉਣ ਦੀ ਤਜਵੀਜ਼ ਰੱਖੀ। ''ਆਪ ਕੋ ਗੋਲਮੋਲ ਸਾ, ਛੋਟਾ ਮੋਟਾ ਸਮਝੌਤਾ ਕਰਵਾ ਦੇਂ ਤੋ ਮੈਂ ਯਹਾਂ ਸੇ ਕਰੈਡਿਟ ਲੈ ਕੇ ਵਾਪਸ ਜਾ ਸਕਤਾ ਹੂੰ।'' ਉਨ੍ਹਾਂ ਕਿਹਾ ਕਿ ਇਸ ਦੇ ਇਵਜ਼ਾਨੇ ਵਿਚ ਮੈਂ ਤੁਹਾਨੂੰ ਮੁੱਖ ਮੰਤਰੀ ਬਣਵਾਉਣ ਦਾ ਵਾਅਦਾ ਕਰਦਾ ਹਾਂ। ਮੈਂ ਹੈਰਾਨੀ ਪ੍ਰਗਟ ਕੀਤੀ ਅਤੇ ਕਿਹਾ ਕਿ ''ਤੁਸੀਂ ਭਲਾ ਮੈਨੂੰ ਮੁੱਖ ਮੰਤਰੀ ਕਿਵੇਂ ਬਣਵਾ ਦਿਓਗੇ। ਮੈਨੂੰ ਮੁੱਖ ਮੰਤਰੀ ਬਣਾਉਣਾ ਲੋਕਾਂ ਦਾ ਕੰਮ ਹੈ। ਮੁੱਖ ਮੰਤਰੀ ਅਸੈਂਬਲੀ ਮੈਂਬਰਾਂ ਵਲੋਂ ਚੁਣਿਆ ਜਾਂਦਾ ਹੈ ਤੇ ਅਸੈਂਬਲੀ ਮੈਂਬਰ ਲੋਕਾਂ ਵਲੋਂ ਚੁਣੇ ਜਾਂਦੇ ਹਨ।'' ਇਸ ਦੇ ਜੁਆਬ ਵਿਚ ਅਰਜਨ ਸਿੰਘ ਨੇ ਕਿਹਾ ''ਯੇ ਆਪ ਹਮ ਪੇ ਛੋੜ ਦੇਂ, ਹਮ ਆਪ ਕੀ ਪਾਰਟੀ ਕੋ ਜਿਤਵਾ ਦੇਂਗੇ, ਕੋਈ ਫਰੈਂਡਲੀ ਇਲੈਕਸ਼ਨ ਕਰਕੇ। ਜਿਸ ਕਮਜ਼ੋਰ ਕੈਂਡੀਡੇਟ ਕੋ ਆਪ ਚਾਹੇਂਗੇ ਹਮ ਉਸੀ ਕੋ ਖੜਾ ਕਰਕੇ ਆਪ ਕੇ ਕੈਂਡੀਡੇਟ ਕੋ ਜਿਤਵਾ ਦੇਂਗੇ'' ਉਨ੍ਹਾਂ ਦੀ ਅਜਿਹੀ ਤਜਵੀਜ਼ ਨੂੰ ਮੇਰਾ ਸਿਰਫ ਇਹੋ ਹੁੰਗਾਰਾ ਸੀ ਕਿ ''ਆਪ ਮੁਝ ਪੇ ਔਰ ਹਮ ਸਭ ਪੇ ਰਹਿਮ ਕਰੋ। ਅਗਰ ਮੇਰੀ ਤਕਦੀਰ ਮੇ ਮੁੱਖ ਮੰਤਰੀ ਬਨਨਾ ਲਿਖਾ ਹੋਗਾ ਤੋ ਲੋਕ ਮੁਝੇ ਬਨਾ ਦੇਂਗੇ। ਮੁਝੇ ਆਪਣੀ ਲੋਗੋਂ ਔਰ ਪਾਰਟੀ ਕੇ ਬਹਾਦਰ ਸਿਪਾਹੀਓਂ ਕੋ ਧੋਖਾ ਦੇ ਕੇ ਚੀਫ ਮਨਿਸਟਰ ਨਹੀਂ ਬਨਣਾ ਹੈ।'' ਮੇਰੇ ਏਨਾ ਆਖਣ ਤੋਂ ਬਾਅਦ ਰਾਜਪਾਲ ਨੇ ਮੇਰੇ ਤੱਕ ਮੁੜ ਪਹੁੰਚ ਨਾ ਕੀਤੀ ਅਤੇ ਅਸੀਂ ਮੁੜ ਕੇ ਕਦੇ ਨਹੀਂ ਮਿਲੇ।

ਇਸੇ ਸਮੇਂ ਦੌਰਾਨ ਸਾਡੀ ਪਾਰਟੀ ਅੰਦਰ ਬਹਿਸ ਸ਼ੁਰੂ ਹੋ ਗਈ। ਇਸ ਚਰਚਾ ਵਿਚ ਮੁੱਖ ਤੌਰ 'ਤੇ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਸੁਰਜੀਤ ਸਿੰਘ ਬਰਨਾਲਾ, ਸ. ਬਲਵੰਤ ਸਿੰਘ, ਮੈਂ ਅਤੇ ਹੋਰ ਪ੍ਰਮੁੱਖ ਲੀਡਰ ਸ਼ਾਮਿਲ ਸਨ। ਸਾਰਿਆਂ ਨੇ ਦਿੱਲੀ ਵਲੋਂ ਤਜਵੀਜ਼ਤ ਸਮਝੌਤੇ ਉਪਰ ਭਰਵੀਂ ਚਰਚਾ ਕੀਤੀ। ਸਾਨੂੰ ਇਥੋਂ ਤੱਕ ਕਿ ਇਕ ਸੱਦਾ ਪੱਤਰ ਵਿਖਾਇਆ ਗਿਆ ਜਿਹੜਾ ਸੰਤ ਲੌਂਗੋਵਾਲ ਜੀ ਦੇ ਨਾਂਅ ਭੇਜਿਆ ਗਿਆ ਸੀ। ਇਸ ਨੂੰ ਮੇਰੇ ਸਾਥੀਆਂ (ਹੁਣ ਮੇਰੇ ਆਲੋਚਕਾਂ) ਨੇ ਕੇਂਦਰ ਦੀ ਗੰਭੀਰਤਾ ਦਾ ਸਬੂਤ ਵੀ ਆਖਿਆ ਸੀ। ਮੈਂ ਸੰਤ ਲੌਂਗੋਵਾਲ ਜੀ ਨੂੰ ਕਿਹਾ, ''ਸੰਤ ਜੀ ਬਹੁਤ ਵੱਡਾ ਧੋਖਾ ਹੋ ਜਾਏਗਾ। ਕੌਮ ਨੇ ਬੇਮਿਸਾਲ ਲੜਾਈ ਲੜੀ ਹੈ ਤੇ ਬੇਸ਼ੁਮਾਰ ਕੁਰਬਾਨੀਆਂ ਦਿੱਤੀਆਂ ਹਨ। ਕਿਸੇ ਪ੍ਰਾਪਤੀ ਤੋਂ ਬਿਨਾਂ ਕੋਈ ਵੀ ਗੱਲਬਾਤ ਖਤਰਨਾਕ ਹੋਏਗੀ। ਤੇ ਦਿੱਲੀ ਨੂੰ ਇਸ ਤਰ੍ਹਾਂ ਮਿਲਣਾ ਬਿਲਕੁਲ ਹੀ ਠੀਕ ਨਹੀਂ ਹੋਏਗਾ।'' ਸੰਤ ਜੀ ਨੇ ਅੱਗੋਂ ਕਿਹਾ, ''ਠੀਕ ਹੈ ਅਸੀਂ ਨਹੀਂ ਜਾਵਾਂਗੇ।'' ਇਸ ਤੋਂ ਪਿੱਛੋਂ ਮੈਂ ਤੇ ਜਥੇਦਾਰ ਟੌਹੜਾ ਸਾਹਿਬ ਆਪੋ ਆਪਣੇ ਪਿੰਡਾਂ ਵਲ ਚਲੇ ਗਏ।

ਪਰ ਸਵੇਰ ਨੂੰ ਅਸੀਂ ਅਖ਼ਬਾਰਾਂ ਵਿਚ ਪੜ੍ਹਿਆ ਕਿ ਸੰਤ ਲੌਂਗੋਵਾਲ ਸ. ਸੁਰਜੀਤ ਸਿੰਘ ਬਰਨਾਲਾ ਅਤੇ ਸ. ਬਲਵੰਤ ਸਿੰਘ ਪ੍ਰਧਾਨ ਮੰਤਰੀ ਲਈ ਮੀਟਿੰਗ ਲਈ ਦਿੱਲੀ ਪਹੁੰਚ ਗਏ ਹਨ। ਇਸ ਤੋਂ ਪਿੱਛੋਂ ਵੀ ਮੈਂ ਉਨ੍ਹਾਂ ਨੂੰ ਰੋਕਣ ਦਾ ਯਤਨ ਨਹੀਂ ਛੱਡਿਆ। ਮੈਂ ਸੰਤ ਜੀ ਦਾ ਫੋਨ ਤਲਾਸ਼ ਕੀਤਾ ਅਤੇ ਨਿਮਰਤਾ ਨਾਲ ਉਨ੍ਹਾਂ ਨੂੰ ਚਿਤਾਵਨੀ ਦਿੱਤੀ ''ਸੰਤ ਜੀ ਤੁਸੀਂ ਬਹੁਤ ਨੇਕ ਹੋ, ਪਰ ਦੇਖਿਓ ਗਲਤੀ ਨਾ ਕਰ ਬੈਠਿਓ। ਤੁਹਾਡੇ ਨਾਲ ਅਤੇ ਪੰਜਾਬ ਨਾਲ ਧੋਖਾ ਹੋ ਜਾਵੇਗਾ। ਪਰ ਮੈਂ ਬਾਅਦ ਵਿਚ ਸੁਣਿਆ ਕਿ ਸੰਤ ਜੀ ਨੂੰ ਮੇਰੇ ਕੁਝ ਪਹਿਲੇ ਸਾਥੀਆਂ ਅਤੇ ਕੁਝ ਮੌਕਾਪ੍ਰਸਤਾਂ ਤੇ ਅਖੌਤੀ ਸਿਧਾਂਤਕਾਰਾਂ ਨੇ ਆਖ ਦਿੱਤਾ ਸੀ, ''ਬਾਦਲ ਅਤੇ ਟੌਹੜਾ ਨਹੀਂ ਚਾਹੁੰਦੇ ਕਿ ਤੁਹਾਨੂੰ ਮੋਰਚੇ ਦੀ ਸਫਲਤਾ ਪ੍ਰਾਪਤ ਹੋਵੇ। ਸੰਤ ਜੀ ਨੇ ਬਾਅਦ ਵਿਚ ਮੇਰੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੇਰੇ ਸਾਥੀਆਂ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਸੀ ਕਿ ''ਪ੍ਰਧਾਨ ਮੰਤਰੀ ਸਾਨੂੰ ਖਾਲੀ ਚੈਕ ਦੇ ਦੇਵੇਗਾ। ਅਸੀਂ ਖਾਲੀ ਵਰਕੇ 'ਤੇ ਆਪਣੀਆਂ ਮੰਗਾਂ ਲਿਖਾਂਗੇ ਅਤੇ ਪ੍ਰਧਾਨ ਮੰਤਰੀ ਉਨ੍ਹਾਂ ਉਪਰ ਦਸਖ਼ਤ ਕਰ ਦੇਵੇਗਾ।''

ਸੰਤ ਜੀ ਨਾ ਸਿਰਫ ਮਹਾਨ ਲੀਡਰ ਸਨ ਸਗੋਂ ਡੂੰਘੇ ਤੌਰ 'ਤੇ ਧਾਰਮਿਕ ਅਤੇ ਬੇਹੱਦ ਸਾਫ ਦਿਲ ਅਤੇ ਵਿਸ਼ਵਾਸ ਕਰਨ ਵਾਲੇ ਵਿਅਕਤੀ ਵੀ ਸਨ। ਕੁਝ ਲੋਕਾਂ ਦਾ ਆਖਣਾ ਹੈ ਕਿ ਮੈਂ ਤੇ ਟੌਹੜਾ ਸਾਹਿਬ ਅਮਨ ਪੂਰਬਕ ਸਮਝੌਤੇ ਦੇ ਵਿਰੋਧੀ ਸਾਂ। ਇਹ ਸੱਚ ਨਹੀਂ ਹੈ। ਅਸੀਂ ਜੋ ਕੁਝ ਚਾਹਿਆ ਉਹ ਇਹ ਸੀ :

ਕਿ ਦਿੱਲੀ ਜਾਣ ਤੋਂ ਪਹਿਲਾਂ ਕੇਂਦਰ ਵਲੋਂ ਪਾਰਲੀਮੈਂਟ ਵਿਚ ਪੰਜਾਬ ਦੀਆਂ ਘੱਟੋ ਘੱਟ ਚਾਰ ਮੰਗਾਂ ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਵਾਪਸ ਕਰਨੇ, ਪਾਣੀਆਂ ਦੇ ਝਗੜੇ ਦਾ ਰਿਪੇਰੀਅਨ ਆਧਾਰ 'ਤੇ ਹੱਲ ਕਰਨਾ, ਜੋਧਪੁਰ ਦੇ ਕੈਦੀਆਂ ਨੂੰ ਰਿਹਾਅ ਕਰਨਾ ਅਤੇ ਦਰਬਾਰ ਸਾਹਿਬ 'ਤੇ ਹਮਲੇ ਤੋਂ ਇਲਾਵਾ ਇਸ ਰਾਜਨੀਤਕ ਕਲੇਸ਼ ਤੋਂ ਪ੍ਰਭਾਵਿਤ ਹੋਣ ਵਾਲੇ ਸਾਰੇ ਲੋਕਾਂ ਤੋਂ ਬਿਨਾ ਸ਼ਰਤ ਮੁਆਫੀ ਮੰਗਣਾ ਸ਼ਾਮਿਲ ਸੀ। ਅਸੀਂ ਹੋਰ ਜਾਇਜ਼ ਮੰਗਾਂ ਉਪਰ ਵੀ ਬਾਅਦ ਵਿਚ ਚਰਚਾ ਕੀਤੀ।

ਮੈਂ ਅੱਜ ਵੀ ਵਿਸ਼ਵਾਸ ਕਰਦਾ ਹਾਂ ਕਿ ਉਸ ਸਮੇਂ ਜਿਹੜਾ ਰਾਜਨੀਤਕ ਵਾਤਾਵਰਣ ਮੌਜੂਦ ਸੀ ਉਸ ਵਿਚ ਰਾਜੀਵ ਗਾਂਧੀ ਕੋਲ ਸਿਰਫ ਇਹੋ ਇਕੋ ਇਕ ਰਾਹ ਸੀ। ਇਨ੍ਹਾਂ 'ਚੋਂ ਕੋਈ ਵੀ ਮੰਗ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਵਿਰੁਧ ਨਹੀਂ ਸੀ ਜਾਂਦੀ ਅਤੇ ਨਾ ਹੀ ਸੰਵਿਧਾਨ ਦੇ ਖਿਲਾਫ ਸੀ। ਜੇ ਅਸੀਂ ਲਗਾਤਾਰ ਸੰਘਰਸ਼ ਅਤੇ ਦੂਰ ਦ੍ਰਿਸ਼ਟੀ ਤੋਂ ਕੰਮ ਲੈਂਦੇ ਤਾਂ ਉਦੋਂ ਦੇ ਪ੍ਰਧਾਨ ਮੰਤਰੀ ਨੂੰ ਸੰਸਾਰ ਸਾਹਮਣੇ ਆਪਣਾ ਅਕਸ ਬਚਾਈ ਰੱਖਣ ਲਈ ਇਹ ਸਾਰਾ ਕੁਝ ਪੰਜਾਬ ਨੂੰ ਦੇਣਾ ਪੈਣਾ ਸੀ । ਜਥੇਦਾਰ ਟੌਹੜਾ ਅਤੇ ਮੇਰੇ ਵਲੋਂ ਦਿੱਲੀ ਵਲ ਨੂੰ ਨਾ ਭੱਜਣ ਲਈ ਵਾਰ-ਵਾਰ ਕਹਿਣ ਦੇ ਇਹੋ ਕਾਰਨ ਸਨ। ਪਰ ਸੰਤ ਲੌਂਗੋਵਾਲ ਨੂੰ ਅਰਜਨ ਸਿੰਘ ਦੇ ਫੀਲਿਆਂ ਨੇ ਆਪਣੇ ਘੇਰੇ ਵਿਚ ਲੈ ਲਿਆ ਅਤੇ ਸਮਝੌਤੇ 'ਤੇ ਦਸਤਖਤ ਕਰਵਾ ਲਏ। ਸਮਝੌਤਾ ਜਿਸ ਉਪਰ ਹਾਲੇ ਵੀ ਕੇਂਦਰ ਕੰਮ ਨਹੀਂ ਕਰਨਾ ਚਾਹੁੰਦਾ। ਸਿਰਫ ਉਨ੍ਹਾਂ ਮੱਦਾਂ ਨੂੰ ਹੀ ਲਾਗੂ ਕਰਨ ਦਾ ਇੱਛੁਕ ਹੈ। ਜਿਹੜੀਆਂ ਪੰਜਾਬ ਦੇ ਖਿਲਾਫ ਜਾਂਦੀਆਂ ਹਨ। ਪਿੱਛੋਂ ਅਸੀਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਿਲੇ। ਇਥੇ ਜਿਵੇਂ ਕਿ ਅਖਬਾਰਾਂ ਦੀਆਂ ਰਿਪੋਰਟਾਂ ਵੀ ਦੱਸਦੀਆਂ ਹਨ, ਮੈਂ ਫਿਰ ਕਿਹਾ ਕਿ ''ਸੰਤ ਜੀ ਦਿੱਲੀ ਸਾਨੂੰ ਧੋਖਾ ਦੇਵੇਗੀ ਅਸੀਂ ਬਹੁਤ ਜ਼ਿਆਦਾ ਕੁਝ ਪ੍ਰਾਪਤ ਕਰ ਸਕਦੇ ਹਾਂ ਜੇ ਧੀਰਜ ਰੱਖੀਏ ਅਤੇ ਆਪਣੇ ਅਸੂਲਾਂ 'ਤੇ ਕਾਇਮ ਰਹੀਏ। ਇਹੋ ਮੇਰਾ ਸਟੈਂਡ ਸੀ ਤੇ ਹੈ। ਪਰ ਤੁਸੀਂ ਪਾਰਟੀ ਦੇ ਪ੍ਰਧਾਨ ਹੋ ਤੁਸੀਂ ਜੋ ਵੀ ਫੈਸਲਾ ਕਰੋਗੇ ਮੈਂ ਉਸ ਦਾ ਵਿਰੋਧ ਨਹੀਂ ਕਰਾਂਗਾ।

ਜਲਦੀ ਹੀ ਚੋਣਾਂ ਕਰਵਾ ਦਿੱਤੀਆਂ ਗਈਆਂ। ਅਤੇ ਮੈਂ ਸੁਰਜੀਤ ਸਿੰਘ ਬਰਨਾਲਾ ਦਾ ਵਿਰੋਧ ਕਰਨ ਦੀ ਬਜਾਇ ਸੰਤ ਜੀ ਦਾ ਕਹਿਣਾ ਮੰਨਿਆ ਅਤੇ ਚੋਣਾਂ ਵਿਚ ਕੁੱਦ ਪਿਆ। ਆਪਣੇ ਵਿਸ਼ਵਾਸ ਪਾਤਰਾਂ ਨੂੰ ਜ਼ਾਬਤੇ ਵਿਚ ਰਹਿ ਕੇ ਪਾਰਟੀ ਲਈ ਕੰਮ ਕਰਨ ਵਾਸਤੇ ਕਿਹਾ। 20 ਅਗਸਤ 1985 ਦੇ ਨੇੜੇ ਮੈਨੂੰ ਸੰਤ ਜੀ ਦਾ ਇਕ ਫੋਨ ਆਇਆ। ਉਨ੍ਹਾਂ ਮੈਨੂੰ ਕਿਹਾ ਕਿ ਮੈਂ ਤੁਹਾਨੂੰ ਤੇ ਟੌਹੜਾ ਸਾਹਿਬ ਨੂੰ ਤੁਹਾਡੀ 9 ਸੈਕਟਰ ਵਾਲੀ ਰਿਹਾਇਸ਼ 'ਤੇ ਮਿਲਣਾ ਚਾਹੁੰਦਾ ਹਾਂ। ਮੈਂ ਕਿਹਾ ਕਿ ਜਿਥੇ ਵੀ ਉਹ ਸਾਨੂੰ ਮਿਲਣਾ ਚਾਹੁਣ ਅਸੀਂ ਦੋਵੇਂ ਨੰਗੇ ਪੈਰ ਚੱਲ ਕੇ ਆਵਾਂਗੇ। ਪਰ ਸੰਤ ਲੌਂਗੋਵਾਲ ਜੀ ਨੇ ਕਿਹਾ ''ਨਹੀਂ ਮੈਂ ਤੁਹਾਡੇ ਘਰ ਹੀ ਤੁਹਾਨੂੰ ਮਿਲਣਾ ਚਾਹੁੰਦਾ ਹਾਂ। ਜਦੋਂ ਉਹ ਸਾਡੇ ਘਰ ਪਹੁੰਚੇ ਤਾਂ ਰਵਾਇਤੀ ਸਾਹਬ ਸਲਾਮ ਤੋਂ ਪਿੱਛੋਂ ਉਨ੍ਹਾਂ ਜਿਹੜੀ ਸਭ ਤੋਂ ਪਹਿਲਾਂ ਗੱਲ ਕਹੀ ਉਹ ਇਹ ਸੀ, ''ਮੇਰੇ ਨਾਲ ਧੋਖਾ ਹੋ ਗਿਆ, ਬਹੁਤ ਵੱਡਾ ਧੋਖਾ। ਕੁਝ ਧੋਖਾ ਬੇਗਾਨਿਆਂ ਨੇ ਕੀਤਾ ਤੇ ਕੁਝ ਆਪਣੇ ਲੋਕਾਂ ਨੇ।'' ਉਹ ਬਹੁਤ ਵੱਡੇ ਮਾਨਸਿਕ ਸੰਤਾਪ ਵਿਚੋਂ ਗੁਜ਼ਰ ਰਹੇ ਸਨ ਪਰ ਫਿਰ ਉਨ੍ਹਾਂ ਨੇ ਆਪਣੇ ਆਪ ਨੂੰ ਸੰਭਾਲਿਆ ਅਤੇ ਮੇਰਾ ਅਤੇ ਜਥੇਦਾਰ ਟੌਹੜਾ ਦਾ ਹੱਥ ਫੜਦਿਆਂ ਆਖਣ ਲੱਗੇ, ''ਜੋ ਹੋ ਗਿਆ ਸੋ ਹੋ ਗਿਆ, ਚਲੋ ਹੁਣ ਰਲ ਮਿਲ ਕੇ ਸੰਭਾਲੀਏ।'' ਉਨ੍ਹਾਂ ਦੇਸ਼ ਦੀਆਂ ਜਮਹੂਰੀ ਕਦਰਾਂ ਕੀਮਤਾਂ ਅਤੇ ਪੰਜਾਬ ਦੇ ਹਿੱਤਾਂ ਨੂੰ ਬਚਾਉਣ ਲਈ ਸਾਨੂੰ ਪੂਰੀ ਹਮਾਇਤ ਦੇਣ ਦੀ ਗੱਲ ਵੀ ਆਖੀ। ਇਹ ਆਖਰੀ ਮੌਕਾ ਸੀ ਜਦੋਂ ਸੰਤ ਲੌਂਗੋਵਾਲ ਜੀ ਸਾਨੂੰ ਮਿਲੇ। ਇਸ ਮੀਟਿੰਗ ਤੋਂ ਥੋੜੇ ਦਿਨ ਬਾਅਦ ਹੀ ਸੰਤ ਜੀ ਨੂੰ ਗੋਲੀ ਮਾਰ ਦਿੱਤੀ ਗਈ। ਇਸ ਮਿਲਣੀ ਦੀ ਤਸਵੀਰਾਂ ਅਗਲੇ ਦਿਨਾਂ ਦੀਆਂ ਅਖਬਾਰਾਂ ਵਿਚ ਵੀ ਛਪੀਆਂ ਸੀ।

ਪੰਜਾਬ ਸਮਝੌਤਾ ਨੂੰ ਸਾਡੇ ਵਲੋਂ ਅੜਿੱਕਾ ਨਹੀਂ ਸੀ ਡਾਹਿਆ ਗਿਆ, ਸਗੋਂ ਕੇਂਦਰ ਵਲੋਂ ਇਸ ਦਾ ਜਨਵਰੀ 25 ਅਤੇ 26, 1985 ਦੀ ਰਾਤ ਨੂੰ ਕਤਲ ਕੀਤਾ ਗਿਆ ਸੀ। ਜਦੋਂ ਸਮੁੱਚਾ ਪੰਜਾਬ ਸਾਹ ਰੋਕੀ ਚੰਡੀਗੜ੍ਹ ਦੇ ਪੰਜਾਬ ਨੂੰ ਤਬਦੀਲ ਕੀਤੇ ਜਾਣ ਦੇ ਫੈਸਲੇ ਨੂੰ ਉਡੀਕ ਰਿਹਾ ਸੀ। ਰਾਤ 11.59 ਮਿੰਟ ਤੱਕ ਰੇਡੀਓ ਤੇ ਟੈਲੀਵੀਜ਼ਨ ਦੀਆਂ ਰਿਪੋਰਟਾਂ ਹਰ ਇਕ ਨੂੰ ਇਹ ਦੱਸ ਰਹੀਆਂ ਸਨ ਕਿ ਚੰਡੀਗੜ੍ਹ ਪੰਜਾਬ ਨੂੰ ਤਬਦੀਲ ਕਰ ਦਿੱਤਾ ਜਾਵੇਗਾ। ਪਰ 12 ਵਜੇ ਰਾਤ ਨੂੰ ਇਹ ਫੈਸਲਾ ਸੁਣਾ ਦਿੱਤਾ ਗਿਆ ਕਿ ਚੰਡੀਗੜ੍ਹ ਪੰਜਾਬ ਨੂੰ ਨਹੀਂ ਤਬਦੀਲ ਕੀਤਾ ਜਾਵੇਗਾ। ਪਰ ਕੇਂਦਰ ਨੂੰ ਅਜਿਹਾ ਕਰਨ ਤੋਂ ਕਿਸ ਨੇ ਰੋਕਿਆ? ਕੀ ਕੇਂਦਰ ਨੂੰ ਅਜਿਹਾ ਕਰਨ ਲਈ ਮੇਰੀ ਜਾਂ ਜਥੇਦਾਰ ਟੌਹੜਾ ਦੀ ਮਦਦ ਦੀ ਲੋੜ ਸੀ ?

# ਬਾਦਲ ਦੀ ਕਾਇਰਤਾ ਅਤੇ ਖੁਦਗਰਜ਼ੀ ਆੜੇ ਆਈ


ਅਮਰਿੰਦਰ ਸਿੰਘ

ਪ੍ਰਕਾਸ਼ ਸਿੰਘ ਬਾਦਲ ਵਲੋਂ ਹਿੰਦੋਸਤਾਨ ਟਾਈਮਜ਼ 'ਚ ਬੀਤੇ ਐਤਵਾਰ ਸੰਤ ਲੌਂਗੋਵਾਲ ਤੇ ਰਾਜੀਵ ਵਿਚਕਾਰ ਹੋਏ ਸਮਝੌਤੇ ਸਬੰਧੀ ਪ੍ਰਕਾਸ਼ਿਤ ਕਰਵਾਈਆਂ ਗਈਆਂ ਆਪਣੀਆਂ ਯਾਦਾਂ ਪੂਰੀ ਤਰ੍ਹਾਂ ਝੂਠ ਉਪਰ ਆਧਾਰਿਤ ਹਨ। ਇਹ ਆਪਣੀ ਜ਼ਿੰਦਗੀ ਦੇ ਆਖਰੀ ਦੌਰ ਵਿਚ ਉਸ ਵਲੋਂ ਬੀਤੇ ਦੇ ਧੁੰਦਲਕੇ ਤੋਂ ਮੁਕਤ ਹੋਣ ਦੀ ਸ਼ਾਇਦ ਕੋਸ਼ਿਸ਼ ਹਨ। ਆਪਣੀ ਦੋਸ਼ੀ ਆਤਮਾ ਵਲੋਂ ਆਪਣੇ ਹੱਕ ਵਿਚ ਹੀ ਦਿੱਤੀ ਗਈ ਇਹ ਸਫਾਈ ਹੈ।

1984 ਤੋਂ ਪਹਿਲਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਮੰਤਰੀਆਂ ਦੇ ਇਕ ਗਰੁੱਪ ਉਪਰ ਆਧਾਰਤ ਕਮੇਟੀ ਸਥਾਪਤ ਕੀਤੀ ਸੀ। ਇਸ ਵਿਚ ਵੈਂਕਟਰਮਨ, ਪੀ. ਸੀ. ਸੇਠੀ ਅਤੇ ਸ਼ਿਵ ਸ਼ੰਕਰ ਨੂੰ ਸ਼ਾਮਿਲ ਕੀਤਾ ਗਿਆ ਸੀ। ਇਸ ਕਮੇਟੀ ਨੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ ਸਮੇਤ ਕਈ ਹੋਰ ਆਗੂ ਜਿਹੜੇ ਉਨ੍ਹਾਂ ਨਾਲ ਤੁਰ ਸਕਣ, ਨਾਲ ਸਮਝੌਤੇ ਲਈ ਗੱਲਬਾਤ ਕਰਨੀ ਸੀ। ਸ. ਰਵੀਇੰਦਰ ਸਿੰਘ ਨੂੰ ਸੰਤ ਲੌਂਗੋਵਾਲ ਵਲੋਂ ਆਪਣਾ ਪ੍ਰਤੀਨਿਧ ਨਿਯੁਕਤ ਕੀਤਾ ਗਿਆ ਸੀ ਅਤੇ ਪ੍ਰਧਾਨ ਮੰਤਰੀ ਵਲੋਂ ਮੈਨੂੰ ਇਨ੍ਹਾਂ ਮੀਟਿੰਗਾਂ ਨੂੰ ਉਤਸ਼ਾਹਿਤ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਇਕ ਵਾਰ ਜਦੋਂ ਸਮਝੌਤਾ ਸਿਰੇ ਚਾੜ੍ਹ ਲਿਆ ਜਾਂਦਾ ਤਾਂ ਪ੍ਰਧਾਨ ਮੰਤਰੀ ਨੇ ਸੰਤ ਲੌਂਗੋਵਾਲ ਨੂੰ ਮਿਲਣਾ ਸੀ ਅਤੇ ਸਮਝੌਤਾ ਸਿਰੇ ਲੱਗਣਾ ਸੀ। ਰਵੀਇੰਦਰ ਤੇ ਮੈਂ ਰਾਜੀਵ ਗਾਂਧੀ ਨਾਲ ਮਿਲ ਕੇ ਪਰਦੇ ਪਿੱਛੇ ਕੰਮ ਕਰ ਰਹੇ ਸਾਂ। ਜਦਕਿ ਤਿੰਨ ਸਕੱਤਰਾਂ ਪ੍ਰਿੰਸੀਪਲ ਸਕੱਤਰ ਪ੍ਰਧਾਨ ਮੰਤਰੀ ਅਲੈਗਜ਼ੈਂਡਰ, ਕੈਬਨਿਟ ਸਕੱਤਰ ਕ੍ਰਿਸ਼ਨਾ ਸਵਾਮੀ ਰਾਓ ਅਤੇ ਹੋਮ ਸਕੱਤਰ ਚਤੁਰਵੇਦੀ ਵੀ ਸਾਡੀ ਸਹਾਇਤਾ ਕਰ ਰਹੇ ਸਨ। ਇਸ ਦੌਰਾਨ ਬਹੁਤ ਸਾਰੀਆਂ ਮੀਟਿੰਗਾਂ ਕੀਤੀਆਂ ਗਈਆਂ। ਜਿਨ੍ਹਾਂ ਦਾ ਵੇਰਵਾ ਵਾਈਟ ਪੇਪਰ ਵਿਚ ਦਿੱਤਾ ਗਿਆ ਸੀ ।

ਜੇ ਸਥਿਤੀ ਮਾੜੇ ਰੁਖ ਪ੍ਰਭਾਵਿਤ ਹੋਈ ਤਾਂ ਇਹ ਸਿਰਫ ਪ੍ਰਕਾਸ਼ ਸਿੰਘ ਬਾਦਲ ਦੇ ਨਾਂਹ-ਮੁਖੀ ਰਵੱਈਏ ਕਰਕੇ। ਦੋਵਾਂ ਧਿਰਾਂ ਵਿਚ ਸਮਝੌਤਾ ਸੰਤ ਲੌਂਗੋਵਾਲ ਵਲੋਂ ਬੀਤੇ 2 ਸਾਲਾਂ ਵਿਚ ਪੇਸ਼ ਕੀਤੀਆਂ ਗਈਆਂ ਮੰਗਾਂ ਦੀ ਲਿਸਟ ਉਤੇ ਅਧਾਰਿਤ ਸੀ। ਇਨ੍ਹਾਂ ਮੰਗਾਂ ਦਾ ਸਮਾਂ ਮਾਰਚ 1984 ਤੱਕ ਮਿਥਿਆ ਗਿਆ ਸੀ। ਜਿਉਂ ਹੀ ਪੰਜਾਬ ਵਿਚ ਹਾਲਾਤ ਵਿਗੜੇ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਉਭਰ ਕੇ ਦ੍ਰਿਸ਼ ਉਪਰ ਆ ਗਏ, ਬਾਦਲ ਉਨ੍ਹਾਂ ਮੁੱਦਿਆਂ 'ਤੇ ਪਿੱਛੇ ਹੱਟ ਗਿਆ ਜਿਨ੍ਹਾਂ ਉਪਰ ਉਸ ਨੇ ਪਹਿਲਾ ਨਵੀਂ ਦਿੱਲੀ ਵਿਚ ਸਹਿਮਤੀ ਦਿੱਤੀ ਸੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪਹੁੰਚ ਜ਼ਿਆਦਾ ਨਰਮਾਈ ਵਾਲੀ ਸੀ। ਇਕ ਮੌਕੇ ਉਪਰ ਮੈਂ ਅਤੇ ਰਵੀਇੰਦਰ ਨੇ ਬਾਦਲ ਅਤੇ ਟੌਹੜਾ ਨੂੰ ਉਨ੍ਹਾਂ ਦੇ ਘਰਾਂ ਤੋਂ ਚੁੱਕਿਆ ਅਤੇ ਰੱਖਿਆ ਮੰਤਰੀ ਵੈਂਕਟਰਮਨ ਦੇ ਘਰ ਵਲ ਲੈ ਕੇ ਤੁਰ ਪਏ। ਇਸ ਦੌਰਾਨ ਬਾਦਲ ਫਿਰ ਸੋਚੀਂ ਪੈ ਗਿਆ। ਉਸ ਨੇ ਕਾਰ ਰੋਕਣ ਲਈ ਕਿਹਾ ਅਤੇ ਚੱਲਦੀ ਸੜਕ ਵਿਚ ਹੀ ਕਾਰ ਵਿਚੋਂ ਬਾਹਰ ਚਲਾ ਗਿਆ। ਸਾਡੇ ਜ਼ੋਰ ਦੇਣ ਦੇ ਬਾਵਜੂਦ ਉਹ ਕਾਰ ਮੋੜ ਕੇ ਟੌਹੜਾ ਦੇ ਘਰ ਵਾਪਸ ਜਾਣ ਲਈ ਆਖਣ ਲੱਗਾ। ਉਹ ਇਕ ਵਾਰ ਫਿਰ ਦੁਚਿੱਤੀ ਦੀ ਜਕੜ ਵਿਚ ਸੀ। ਜਿਉਂ ਹੀ ਬਾਦਲ ਦੀ ਦੋਚਿੱਤੀ ਵਧਣ ਲੱਗੀ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਨਰਮ ਖਿਆਲ ਲੀਡਰਸ਼ਿਪ ਖਾੜਕੂਆਂ ਦੇ ਸਾਏ ਹੇਠ ਆ ਗਈ ਅਤੇ ਪਿੱਛੋਂ ਬਲਿਊ ਸਟਾਰ ਆਪ੍ਰੇਸ਼ਨ ਹੋਇਆ। ਸੰਤ ਲੌਂਗੋਵਾਲ ਜਿਨ੍ਹਾਂ ਨੂੰ ਬਲਿਊ ਸਟਾਰ ਆਪ੍ਰੇਸ਼ਨ ਦੇ ਸਿੱਟੇ ਵਜੋਂ ਨਜ਼ਰਬੰਦ ਕਰ ਦਿੱਤਾ ਗਿਆ ਸੀ ਨੂੰ ਮਈ 1985 ਵਿਚ ਉਦੈਪੁਰ ਜੇਲ੍ਹ ਤੋਂ ਰਿਹਾਅ ਕੀਤਾ ਗਿਆ। ਦਿੱਲੀ ਪਹੁੰਚਣ 'ਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਪਰਮਜੀਤ ਸਿੰਘ ਸਰਨਾ ਦੀ ਅਗਵਾਈ 'ਚ ਉਨ੍ਹਾਂ ਦਾ ਵੱਡਾ ਸੁਆਗਤ ਕੀਤਾ ਗਿਆ। ਇਸ ਸਮਾਗਮ ਵਿਚ ਮੈਂ ਵੀ ਮੌਜੂਦ ਸਾਂ। ਇਹ ਉਹ ਸਮਾਂ ਸੀ ਜਦੋਂ ਸੰਤ ਲੌਂਗੋਵਾਲ ਨੇ ਫੈਸਲਾ ਕੀਤਾ ਕਿ ਜੇ ਪੰਜਾਬ ਵਿਚ ਸ਼ਾਂਤੀ ਲਿਆਉਣੀ ਹੈ ਤਾਂ ਇਹ ਬਾਦਲ ਦੇ ਰਾਹੀਂ ਨਹੀਂ ਵਾਪਰ ਸਕਦੀ। ਇਹ ਇਹੋ ਸਮਾਂ ਸੀ ਜਦੋਂ ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਦ੍ਰਿਸ਼ 'ਤੇ ਆਏ ਅਤੇ ਰਾਜੀਵ-ਲੌਂਗੋਵਾਲ ਸਮਝੌਤੇ 'ਤੇ ਦਸਤਖਤ ਕੀਤੇ ਗਏ। ਸੰਤ ਲੌਂਗੋਵਾਲ ਇਸ ਗੱਲੋਂ ਚੇਤਨ ਸਨ ਕਿ ਬਾਦਲ ਦੀ ਦੁਚਿੱਤੀ ਨੇ ਉਸ ਨੂੰ ਮੌਜੂਦਾ ਰਾਜਨੀਤਕ ਹਾਲਤ ਵਿਚ ਵਿਚਰਨ ਦੇ ਅਯੋਗ ਬਣਾ ਦਿੱਤਾ ਹੈ। ਰਾਜੀਵ ਲੌਂਗੋਵਾਲ ਸਮਝੌਤਾ ਅਮਨ ਕਾਇਮ ਕਰਨ ਲਈ ਪ੍ਰਸੰਗਿਕ ਸੀ ਅਤੇ ਪਹਿਲੇ ਤਿੰਨ ਸਾਲ ਵਿਚ ਅਕਾਲੀ ਦਲ ਵਲੋਂ ਪੇਸ਼ ਕੀਤੀਆਂ ਗਈਆਂ ਮੰਗਾਂ 'ਤੇ ਆਧਾਰਿਤ ਸੀ। ਸੰਤ ਲੌਂਗੋਵਾਲ ਜਾਣਦੇ ਸਨ ਕਿ ਬਲਿਊ ਸਟਾਰ ਆਪ੍ਰੇਸ਼ਨ ਨੇ ਸਿੱਖਾਂ ਦੇ ਮਨ ਗੁੱਸੇ ਨਾਲ ਭਰ ਦਿੱਤੇ ਹਨ। ਫਿਰ ਵੀ ਉਨ੍ਹਾਂ ਨੇ ਪੰਜਾਬ ਤੇ ਦੇਸ਼ ਦੇ ਭਵਿੱਖ ਨੂੰ ਸਾਹਮਣੇ ਰੱਖਦਿਆਂ ਇਹ ਖਤਰਾ ਉਠਾਇਆ। ਪੰਜਾਬ ਅਤੇ ਸਿੱਖਾਂ ਦੇ ਭਵਿੱਖ ਨੂੰ ਆਪਣੀ ਜ਼ਿੰਦਗੀ ਤੋਂ ਉਪਰ ਰੱਖਿਆ। ਜਿਵੇਂ ਕਿ ਉਨ੍ਹਾਂ ਨੇ ਮੈਨੂੰ ਅਤੇ ਰਵੀਇੰਦਰ ਨੂੰ ਪਟਿਆਲਾ ਵਿਚ ਇਕ ਬਰੇਕਫਾਸਟ ਮੌਕੇ ਦੱਸਿਆ, ਉਨ੍ਹਾਂ ਨੂੰ ਆਪਣੇ ਨੇੜ ਭਵਿੱਖ ਵਿਚ ਹੋਣ ਵਾਲੇ ਅੰਤ ਦਾ ਪਤਾ ਸੀ। ਉਨ੍ਹਾਂ ਆਖਿਆ ਸੀ ਕਿ ਮੇਰੇ ਦਿਨ ਗਿਣਵੇਂ ਰਹਿ ਗਏ ਸਨ। ਜੇ ਇਹ ਸਮਝੌਤਾ ਸਬੋਤਾਜ ਕੀਤਾ ਗਿਆ ਤਾਂ ਸਿਰਫ ਬਾਦਲ ਦੀ ਜ਼ੋਰਦਾਰ ਵਿਰੋਧਤਾ ਕਰਕੇ। ਜੇ ਉਹ ਸੰਤ ਲੌਂਗੋਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਤੁਰਿਆ ਹੁੰਦਾ ਤਾਂ ਦੋਵਾਂ ਧਿਰਾਂ ਵਿਚਾਲੇ ਸਮਝੌਤਾ ਪੰਜਾਬ ਦੇ ਜ਼ਖਮਾਂ ਨੂੰ ਰਾਜ਼ੀ ਕਰਦਾ ਅਤੇ ਇਸ ਖਿੱਤੇ ਨੂੰ ਅਮਨ ਵਲ ਤੋਰਦਾ।

ਬਾਦਲ ਨੇ ਆਖਿਆ ਹੈ ਕਿ ਪੰਜਾਬ ਸਮਝੌਤੇ ਦਾ ਕਤਲ ਕੀਤਾ ਗਿਆ। ਬਿਲਕੁਲ ਸਹੀ ਪਰ ਇਸ ਕਤਲ ਵਿਚ ਕਿਸ ਨੇ ਆਪਣਾ ਯੋਗਦਾਨ ਪਾਇਆ? ਕੀ ਬਾਦਲ ਨੇ ਸੰਤ ਲੌਂਗੋਵਾਲ ਦੀ ਮਦਦ ਕੀਤੀ? ਅਗਲਾ ਦੌਰ ਜਿਸ ਵਿਚ 35000 ਪੰਜਾਬੀਆਂ ਨੇ ਆਪਣੀਆਂ ਜ਼ਿੰਦਗੀਆਂ ਗੁਆਈਆਂ, ਸ਼ਾਇਦ ਕਦੇ ਵੀ ਨਾ ਵਾਪਰਦਾ। ਜਦੋਂ ਵੀ ਇਸ ਸਮੇਂ ਦਾ ਇਤਿਹਾਸ ਲਿਖਿਆ ਗਿਆ (ਜਿਹੜੀ ਕੋਸ਼ਿਸ਼ ਮੈਂ ਖੁਦ ਵੀ ਕਰ ਰਿਹਾ) ਤਾਂ ਉਸ ਸਮੇਂ ਵਿਚ ਵੱਖ-ਵੱਖ ਭੂਮਿਕਾਵਾਂ ਨਿਭਾਉਣ ਵਾਲੇ ਲੋਕਾਂ ਦਾ ਕਿਰਦਾਰ ਜ਼ਰੂਰ ਸਾਹਮਣੇ ਆਵੇਗਾ। ਬਹੁਤੇ ਆਗੂ ਅਮਨ ਚਾਹੁੰਦੇ ਸਨ। ਪਰ ਬਾਦਲ ਸ਼ਾਇਦ ਆਪਣੀ ਦੁਚਿੱਤੀ ਅਤੇ ਮੌਤ ਦੇ ਭੈਅ ਕਾਰਨ ਜਾਂ ਸਿਰਫ ਖੁਦਗਰਜ਼ੀ ਕਰਕੇ ਅਮਨ ਕਾਇਮ ਕਰਨ ਦੇ ਇਸ ਮੌਕੇ ਨੂੰ ਸਬੋਤਾਜ ਕਰਦਾ ਰਿਹਾ। ਉਸ ਵਲੋਂ ਹੁਣ ਵਹਾਏ ਜਾ ਰਹੇ ਮਗਰਮੱਛ ਦੇ ਹੰਝੂ ਇਸ ਤੱਥ ਨੂੰ ਸੌਖਿਆ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ 5 ਸਾਲ ਜਦੋਂ ਉਹ ਵਾਜਪਾਈ ਸਰਕਾਰ ਦੇ ਭਾਈਵਾਲ ਅਤੇ ਖੁਦ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਦਾ ਇਕ ਯੂਨੀਅਨ ਕੈਬਨਿਟ ਮੰਤਰੀ ਵੀ ਸੀ। ਕੀ ਇਸ ਸਮੇਂ ਦੌਰਾਨ ਉਨ੍ਹਾਂ ਨੇ ਕਦੇ ਪੰਜਾਬ ਦਾ ਮਸਲਾ ਉਠਾਇਆ? ਅਜਿਹੇ ਮਸਲੇ ਅਕਾਲੀ ਉਦੋਂ ਹੀ ਚੁੱਕਦੇ ਹਨ ਜਦੋਂ ਦਿੱਲੀ ਅਤੇ ਚੰਡੀਗੜ੍ਹ ਵਿਚ ਕਾਂਗਰਸ ਸਰਕਾਰ ਹੁੰਦੀ ਹੈ।

ਪੰਜਾਬ ਨੇ ਬਾਦਲ ਦਾ ਦੋਗਲਾ ਚੇਹਰਾ ਲੰਮਾ ਸਮਾਂ ਦੇਖਿਆ ਹੈ। ਸਾਡੀ ਯਾਦਦਾਸ਼ਤ ਭਾਵੇਂ ਕਿੰਨੀ ਵੀ ਛੋਟੀ ਕਿਉਂ ਨਾ ਹੋਵੇ ਪਰ ਇਸ ਤੱਥ ਨੂੰ ਪੰਜਾਬ ਦੇ ਸਾਰੇ ਲੋਕ ਜਾਣਦੇ ਹਨ ਕਿ ਹੁਣ ਸਮਾਂ ਆ ਗਿਆ ਹੈ ਕਿ ਉਹ ਆਪਣੀਆਂ ਦੁਖਦਾਈ ਯਾਦਾਂ 'ਤੇ ਮਿੱਟੀ ਪਾ ਦੇਵੇ, ਜਿਨ੍ਹਾਂ ਨੂੰ ਉਹ ਮੁੜ ਮੁੜ ਕੁਰੇਦਣ ਦਾ ਸ਼ੌਕੀਨ ਹੈ। ਖਾਸ ਕਰਕੇ ਉਦੋਂ ਜਦੋਂ ਚੋਣਾਂ ਨੇੜੇ ਆ ਜਾਂਦੀਆਂ ਹਨ। ਉਸ ਨੂੰ ਅੱਜ ਉਸ ਪੰਜਾਬ ਬਾਰੇ ਸੋਚਣਾ ਚਾਹੀਦਾ ਹੈ ਜੋ ਅਜ ਦੀ ਹਾਲਤ ਵਿਚ ਮੌਜੂਦ ਹੈ। ਬੇਰੁਜ਼ਗਾਰੀ ਵਧ ਰਹੀ ਹੈ। ਆਰਥਿਕਤਾ ਖੜੋਤ ਵਿਚ ਹੈ। ਵਿਕਾਸ ਦਰ ਸਿਰਫ 4.7 ਫੀਸਦੀ ਹੈ। ਜਦਕਿ ਹਰਿਆਣੇ ਦੀ ਵਿਕਾਸ ਦਰ 17 ਫੀਸਦੀ ਅਤੇ ਗੁਜਰਾਤ ਦੀ 27 ਫੀਸਦੀ ਹੈ। ਸਾਡਾ ਮਾਲੀਆ ਸਾਡੇ ਕਰਜ਼ੇ ਚੁਕਾਉਣ ਦੇ ਵੀ ਸਮਰੱਥ ਨਹੀਂ ਹਨ। ਸਨਅਤ ਅਤੇ ਖੇਤੀ ਦੋਵੇਂ ਹੀ ਖੜੋਤ ਦੀ ਦਸ਼ਾ ਵਿਚ ਹਨ। ਲੋਕਾਂ ਨੇ ਉਸ ਨੂੰ ਮੌਕਾ ਦਿੱਤਾ। ਉਸ ਨੂੰ ਅੱਜ ਦੇ ਪੰਜਾਬ ਦਾ ਸਾਹਮਣਾ ਕਰਨਾ ਚਾਹੀਦਾ ਹੈ।

# ਪੰਜਾਬ ਟਾਈਮਜ਼

ਸਨਿਚਰਵਾਰ, 28 ਅਗਸਤ 2010


ਕੁਦਰਤੀ ਆਫਤਾਂ 'ਤੇ ਮਨੁੱਖ ਦਾ ਵੱਸ ਨਹੀਂ ਚਲਦਾ ਪਰ ਇਹ ਗੱਲ ਮਾਅਨੇ ਰੱਖਦੀ ਹੈ ਕਿ ਅਸੀਂ ਇਨ੍ਹਾਂ ਤੋਂ ਬਾਅਦ ਕਿਵੇਂ ਹੁੰਗਾਰਾ ਭਰਦੇ ਹਾਂ। -ਲੀਓ ਬਸਕਾਗਲੀਆ

## ਹੜ੍ਹਾਂ ਨਾਲ ਹੋ ਰਹੀ ਬਰਬਾਦੀ

ਇਨ੍ਹੀਂ ਦਿਨੀਂ ਪਾਕਿਸਤਾਨ ਬੜੀ ਵੱਡੀ ਪੱਧਰ 'ਤੇ ਹੜ੍ਹਾਂ ਦੀ ਮਾਰ ਹੇਠ ਹੈ। ਬਹੁਤੇ ਹੜ੍ਹ ਸਿੰਧ ਦਰਿਆ ਦੇ ਖੇਤਰ ਵਿਚ ਆਏ ਹਨ। ਸਿੰਧ ਨਾਲ ਲਗਦੇ ਖ਼ੈਬਰ-ਪਖ਼ਤੂਨ ਸੂਬੇ ਅਤੇ ਦੱਖਣੀ ਪੰਜਾਬ ਤੋਂ ਲੈ ਕੇ ਸਿੰਧ ਅਤੇ ਬਲੋਚਿਸਤਾਨ ਵਿਚ ਹਜ਼ਾਰਾਂ ਮਕਾਨ ਢਹਿ-ਢੇਰੀ ਹੋ ਗਏ ਹਨ। ਵੱਡੀ ਪੱਧਰ 'ਤੇ ਪਸ਼ੂ ਪਾਣੀ ਵਿਚ ਰੁੜ੍ਹ ਗਏ ਅਤੇ ਲੱਖਾਂ ਲੋਕ ਬੇਘਰ ਹੋ ਗਏ ਹਨ। ਪਾਕਿਸਤਾਨ ਦੇ 74 ਜ਼ਿਲ੍ਹੇ ਇਨ੍ਹਾਂ ਹੜ੍ਹਾਂ ਦੀ ਮਾਰ ਹੇਠ ਹਨ ਅਤੇ ਤਕਰੀਬਨ 2 ਕਰੋੜ ਲੋਕ ਪ੍ਰਭਾਵਤ ਹੋਏ ਹਨ। ਲਗਪਗ ਡੇਢ ਹਜ਼ਾਰ ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਥੋਂ ਤਕ ਕਿ ਪਾਕਿਸਤਾਨ ਵਿਚ ਕਿਸੇ ਮਹਾਮਾਰੀ ਦੇ ਫੈਲਣ ਦੀਆਂ ਅਫਵਾਹਾਂ ਵੀ ਹਨ। ਖੜ੍ਹੀਆਂ ਫਸਲਾਂ ਤਬਾਹ ਹੋ ਗਈਆਂ ਹਨ। 5 ਲੱਖ ਤੋਂ ਵੱਧ ਲੋਕ ਬੇਘਰ ਹੋ ਗਏ ਹਨ ਅਤੇ 7 ਲੱਖ ਹੈਕਟੇਅਰ ਵਾਹੀਯੋਗ ਜ਼ਮੀਨ ਪਾਣੀ ਹੇਠ ਆ ਗਈ ਹੈ। ਕਿਹਾ ਜਾ ਰਿਹਾ ਹੈ ਕਿ 1929 ਤੋਂ ਬਾਅਦ ਪਾਕਿਸਤਾਨ ਵਿਚ ਹੜ੍ਹਾਂ ਦੀ ਇਹ ਸਭ ਤੋਂ ਭਿਆਨਕ ਤਸਵੀਰ ਹੈ। ਸਥਿਤੀ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਨੇ ਕੌਮਾਂਤਰੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਪਾਕਿਸਤਾਨ ਦੀ ਮਦਦ ਲਈ 459 ਮਿਲੀਅਨ ਡਾਲਰ ਇਕੱਤਰ ਕਰਕੇ ਭੇਜੇ ਜਾਣ। ਸੰਯੁਕਤ ਰਾਸ਼ਟਰ ਦੀ ਇਸ ਅਪੀਲ ਨੂੰ ਹੁੰਗਾਰਾ ਭਰਦਿਆਂ ਭਾਰਤ ਨੇ ਪਾਕਿਸਤਾਨ ਨੂੰ 2 ਕਰੋੜ ਡਾਲਰ ਦੀ ਮਦਦ ਭੇਜਣ ਦਾ ਫੈਸਲਾ ਕੀਤਾ ਹੈ। ਪਾਕਿਸਤਾਨ ਨੇ ਮੁੱਢ ਵਿਚ ਥੋੜ੍ਹੀ ਜਿਹੀ ਹਿਚਕਿਚਾਹਟ ਤੋਂ ਬਾਅਦ ਇਹ ਸਹਾਇਤਾ ਪ੍ਰਵਾਨ ਕਰ ਲਈ ਹੈ ਅਤੇ ਇਸ ਮਦਦ ਲਈ ਭਾਰਤ ਦਾ ਧੰਨਵਾਦ ਵੀ ਕੀਤਾ ਹੈ। ਕੁਝ ਧਿਰਾਂ ਦਾ ਆਖਣਾ ਹੈ ਕਿ ਭਾਰਤ ਵਲੋਂ ਪਾਕਿਸਤਾਨ ਨੂੰ ਇਹ ਮਦਦ ਜ਼ਿਆਦਾ ਦਿੱਤੀ ਜਾਣੀ ਚਾਹੀਦੀ ਸੀ। ਯਾਦ ਰਹੇ, 2004 ਵਿਚ ਆਈ ਸੁਨਾਮੀ ਵੇਲੇ ਭਾਰਤ ਨੇ ਸ੍ਰੀਲੰਕਾ ਨੂੰ 20 ਕਰੋੜ ਡਾਲਰ ਦੀ ਵਿੱਤੀ ਸਹਾਇਤਾ ਦਿੱਤੀ ਸੀ। ਹੋ ਸਕਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਭਾਰਤ ਵਲੋਂ ਪਾਕਿਸਤਾਨ ਨੂੰ ਵੀ ਇਹ ਮਦਦ ਵਧਾਈ ਜਾਵੇ। ਇਥੇ ਇਹ ਵੀ ਚੇਤੇ ਕਰਵਾਇਆ ਜਾਂਦਾ ਹੈ ਕਿ ਹਾਲ ਹੀ ਵਿਚ ਲੇਹ ਵਿਚ ਬੱਦਲ ਫਟਣ ਨਾਲ ਭਿਆਨਕ ਤਬਾਹੀ ਹੋ ਕੇ ਹਟੀ ਹੈ, ਜਿਸ ਵਿਚ ਸੈਂਕੜੇ ਜਾਨਾਂ ਚਲੀਆਂ ਗਈਆਂ ਸਨ ਅਤੇ ਕਰੋੜਾਂ ਰੁਪਏ ਦਾ ਮਾਲੀ ਨੁਕਸਾਨ ਵੀ ਹੋਇਆ। ਇੰਜ ਹੀ ਕੁਝ ਸਮਾਂ ਪਹਿਲਾਂ ਹਰਿਆਣਾ ਦੇ ਦੱਖਣ-ਪੱਛਮੀ ਅਤੇ ਪੰਜਾਬ ਦੇ ਦੱਖਣ-ਪੂਰਬੀ ਜ਼ਿਲਿਆਂ ਵਿਚ ਘੱਗਰ ਦਰਿਆ ਵਿਚ ਆਏ ਹੜ੍ਹਾਂ ਕਾਰਨ ਵਿਆਪਕ ਤਬਾਹੀ ਹੋ ਕੇ ਹਟੀ ਹੈ।

ਖ਼ਬਰਾਂ ਅਨੁਸਾਰ ਭਾਖੜਾ ਡੈਮ ਵਿਚ ਪਾਣੀ ਵਧਣ ਕਾਰਨ ਫਲੱਡ ਗੇਟ ਖੋਲ੍ਹ ਦਿੱਤੇ ਗਏ ਹਨ ਅਤੇ ਸਤਲੁਜ ਤੇ ਬਿਆਸ ਦਰਿਆ ਵਿਚ ਪਾਣੀ ਵਧਣ ਕਾਰਨ ਪੰਜਾਬ ਦੇ ਇਸ ਦਰਿਆ ਦੁਆਲੇ ਪੈਂਦੇ ਪਿੰਡ ਪ੍ਰਭਾਵਤ ਹੋ ਰਹੇ ਹਨ। ਬਿਆਸ ਦਰਿਆ ਦੁਆਲੇ ਦੇ ਪਿੰਡਾਂ ਵਿਚ ਵੀ ਹੜ੍ਹਾਂ ਦਾ ਖ਼ਤਰਾ ਹੈ। ਇਸ ਦੌਰਾਨ ਕੁਝ ਅਖ਼ਬਾਰਾਂ ਨੇ ਇਹ ਰਿਪੋਰਟਾਂ ਵੀ ਛਾਪੀਆਂ ਹਨ ਕਿ ਪਿਛਲੇ ਕਈ ਸਾਲਾਂ ਤੋਂ ਹੜ੍ਹਾਂ ਨਾਲ ਹੁੰਦੀ ਤਬਾਹੀ ਦੇ ਬਾਵਜੂਦ ਪੰਜਾਬ ਸਰਕਾਰ ਨੇ ਸੰਭਾਵਤ ਹੜ੍ਹਾਂ ਦੇ ਮੁਕਾਬਲੇ ਲਈ ਕੋਈ ਚੱਜ ਨਾਲ ਤਿਆਰੀ ਨਹੀਂ ਕੀਤੀ। ਸਤਲੁਜ ਦਰਿਆ ਦੇ ਆਸਪਾਸ ਪੈਂਦੇ ਸ਼ਹਿਰਾਂ ਰੋਪੜ, ਆਨੰਦਪੁਰ ਸਾਹਿਬ, ਚਮਕੌਰ ਸਾਹਿਬ, ਮਾਛੀਵਾੜਾ, ਨਕੋਦਰ ਅਤੇ ਸ਼ਾਹਕੋਟ ਵਗੈਰਾ ਦਾ ਪ੍ਰਸ਼ਾਸਨ ਹੜ੍ਹਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਹੈ। ਇਨ੍ਹਾਂ ਕੋਲ ਨਾ ਤਾਂ ਚੱਜ ਦੀਆਂ ਕਿਸ਼ਤੀਆਂ ਹਨ ਅਤੇ ਨਾ ਹੀ ਐਮਰਜੈਂਸੀ ਹਾਲਤ ਨੂੰ ਨਜਿੱਠਣ ਵਾਲਾ ਹੋਰ ਸਾਜ਼ੋ-ਸਾਮਾਨ। ਅਨੰਦਪੁਰ ਸਾਹਿਬ ਦੇ ਪ੍ਰਸ਼ਾਸਨ ਕੋਲ ਸਿਰਫ ਪੰਜ ਕਿਸ਼ਤੀਆਂ ਹਨ। ਇਥੋਂ ਤਕ ਕਿ ਕਿਸ਼ਤੀਆਂ ਚਲਾਉਣ ਵਾਲੇ ਚੱਪੂ ਵੀ ਪੂਰੇ ਨਹੀਂ ਹਨ।

ਇਹੋ ਹਾਲ ਰੋਪੜ ਦਾ ਹੈ। ਪਰ ਸਿਤਮਜ਼ਰੀਫੀ ਵੇਖੋ ਕਿ ਜਦੋਂ ਬੀਤੀ 20 ਅਗਸਤ ਨੂੰ ਹੜ੍ਹਾਂ ਦੇ ਮੁਕਾਬਲੇ ਲਈ ਸਥਾਨਕ ਪ੍ਰਸ਼ਾਸਨ ਦੀ ਮੀਟਿੰਗ ਹੋ ਰਹੀ ਸੀ ਤਾਂ ਇਸ ਵਿਚ ਕਿਸ਼ਤੀਆਂ ਅਤੇ ਹੋਰ ਸਾਜ਼ੋ-ਸਾਮਾਨ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ। ਪ੍ਰਾਪਤ ਅੰਕੜਿਆਂ ਅਨੁਸਾਰ ਰੋਪੜ ਤਹਿਸੀਲ ਵਿਚ ਸਿਰਫ ਅੱਠ ਕਿਸ਼ਤੀਆਂ ਹਨ, ਜਿਨ੍ਹਾਂ 'ਚੋਂ ਕੇਵਲ 3 ਕੰਮ ਕਰਦੀਆਂ ਹਨ, ਦੋ ਖ਼ਰਾਬ ਪਈਆਂ ਹਨ ਜਦਕਿ 3 ਬਿਲਕੁਲ ਹੀ ਕਿਸੇ ਕੰਮ ਦੀਆਂ ਨਹੀਂ। ਅਨੰਦਪੁਰ ਸਾਹਿਬ ਵਿਚ 6 ਵਿਚੋਂ ਪੰਜ ਕਿਸ਼ਤੀਆਂ ਕੰਮ ਕਰਦੀਆਂ ਹਨ। ਨੰਗਲ ਕੋਲ ਸਿਰਫ 1 ਕਿਸ਼ਤੀ ਹੈ ਜਦਕਿ ਚਮਕੌਰ ਸਾਹਿਬ ਕੋਲ ਕੋਈ ਕਿਸ਼ਤੀ ਨਹੀਂ। ਰੋਪੜ ਅਤੇ ਅਨੰਦਪੁਰ ਸਾਹਿਬ ਕੋਲ ਇਕ-ਇਕ ਸਰਚ ਲਾਈਟ ਹੈ ਜਦਕਿ ਨੰਗਲ ਤੇ ਚਮਕੌਰ ਸਾਹਿਬ ਕੋਲ ਇਹ ਵੀ ਨਹੀਂ ਹੈ। ਰੋਪੜ ਵਿਚ ਸਿਰਫ ਪੰਜ ਟੈਂਟ ਹਨ ਜਦਕਿ ਆਨੰਦਪੁਰ ਸਾਹਿਬ, ਚਮਕੌਰ ਸਾਹਿਬ ਅਤੇ ਨੰਗਲ ਕੋਲ ਕੋਈ ਟੈਂਟ ਨਹੀਂ ਹੈ। ਅਸਲ ਹਕੀਕਤ ਇਹ ਹੈ ਕਿ ਬੰਨ੍ਹ ਬਣਾਉਣ ਦੇ ਨਾਂ 'ਤੇ ਸਿਆਸਤਦਾਨ, ਅਫਸਰਸ਼ਾਹੀ, ਠੇਕੇਦਾਰ ਅਤੇ ਇੰਜੀਨੀਅਰ ਵਿਭਾਗ ਦੇ ਕਰਮਚਾਰੀ ਵਿਆਪਕ ਪੱਧਰ 'ਤੇ ਭ੍ਰਿਸ਼ਟਾਚਾਰ ਕਰਦੇ ਹਨ ਅਤੇ ਅਜਿਹੇ ਬੰਨ੍ਹ ਕਾਗਜ਼ਾਂ ਵਿਚ ਹੀ ਬਣਾਏ ਜਾਂਦੇ ਹਨ। ਇਸਦੇ ਸਿੱਟੇ ਲੋਕ ਹੜ੍ਹਾਂ ਦੀ ਮਾਰ ਭੁਗਤਦੇ ਹਨ। ਲੇਹ ਅਤੇ ਪੰਜਾਬ, ਹਰਿਆਣਾ ਦੇ ਹਾਲ ਹੀ ਵਿਚ ਆਏ ਹੜ੍ਹਾਂ ਵਾਲੇ ਖੇਤਰਾਂ ਵਿਚ ਵੀ ਵਿਆਪਕ ਭ੍ਰਿਸ਼ਟਾਚਾਰ ਦੀਆਂ ਰਿਪੋਰਟਾਂ ਹਨ। ਇਸੇ ਤਰ੍ਹਾਂ ਪਾਕਿਸਤਾਨ ਦੇ ਹੜ੍ਹ ਮਾਰੇ ਖੇਤਰਾਂ ਵਿਚ ਵੀ ਸੰਸਾਰ ਵਿਚੋਂ ਇਕੱਤਰ ਕਰਕੇ ਭੇਜੀ ਜਾਣ ਵਾਲੀ ਰਕਮ ਭ੍ਰਿਸ਼ਟਾਚਾਰੀ ਹੱਥਾਂ ਵਿਚ ਜਾਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਅਸਲ ਵਿਚ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਜਿਹੇ ਮੁਲਕਾਂ ਦੀ ਅਸਲ ਸਮੱਸਿਆ ਭ੍ਰਿਸ਼ਟਾਚਾਰ ਹੈ।

ਦੂਜੇ ਪਾਸੇ ਸੰਸਾਰ ਪੱਧਰ 'ਤੇ ਮਨੁੱਖੀ ਸਰਗਰਮੀਆਂ ਕਾਰਨ ਵਾਤਾਵਰਨ ਦਾ ਵਧ ਰਿਹਾ ਤਾਪਮਾਨ ਵੀ ਅਣਕਿਆਸੀਆਂ ਬਾਰਸ਼ਾਂ ਅਤੇ ਸੋਕੇ ਨੂੰ ਜਨਮ ਦੇ ਰਿਹਾ ਹੈ। ਇਸਦੇ ਸਿੱਟੇ ਵੀ ਬਹੁਤੇ ਗਰੀਬ ਅਤੇ ਪਛੜੇ ਮੁਲਕਾਂ ਦੇ ਲੋਕ ਹੀ ਭੁਗਤ ਰਹੇ ਹਨ। ਕੁੱਲ ਮਿਲਾ ਕੇ ਕੁਦਰਤੀ ਕਰੋਪੀਆਂ ਅਤੇ ਮਨੁੱਖੀ ਅਣਗਹਿਲੀ ਦੀ ਮਾਰ ਇਸ ਧਰਤੀ ਦਾ ਗਰੀਬ ਪਾਸਾ ਹੀ ਝੱਲ ਰਿਹਾ ਹੈ। ਇਸ ਬਾਰੇ ਸਮੁੱਚੀ ਮਨੁੱਖਤਾ ਨੂੰ ਆਪਣੇ ਰਾਜਨੀਤਕ ਹਿਤਾਂ ਤੋਂ ਉਪਰ ਉਠ ਕੇ ਸੋਚਣ ਦੀ ਲੋੜ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੇਮੁਹਾਰੀ ਜਵਾਨੀ ਦੇ ਕਾਰੇ!

ਸੱਚ, ਸਾਦਗੀ, ਸਬਰ-ਸੰਤੋਖ ਭੁੱਲਾ, ਚਮੜੀ ਦੇਖ ਕੇ ਚਿੱਤ ਡੁਲਾਈ ਜਾਂਦੇ।
ਮਾਂ-ਬਾਪ ਦੇ ਚਾਵਾਂ ਦਾ ਭੋਗ ਪਾ ਕੇ, ਕੋਰਟ-ਮੈਰਿਜਾਂ ਕਿਤੇ ਕਰਾਈ ਜਾਂਦੇ।
ਅੰਤਰਜਾਤੀਏ ਵਿਆਹਾਂ ਦਾ ਸ਼ੋਰ ਕਿਧਰੇ, ਆਪੋ-ਆਪਣੀ ਹਿੰਡ ਪੁਗਾਈ ਜਾਂਦੇ।
ਸਮਲਿੰਗੀਆਂ ਸ਼ਰਮ ਤਿਆਗ ਦਿੱਤੀ, ਨਾਲ ਕੁਦਰਤ ਦੇ ਕਹਿਰ ਕਮਾਈ ਜਾਂਦੇ।
ਕਲਾਕਾਰਾਂ ਪਿਛੇ ਲੱਟੂ ਹੋਈ ਫਿਰਦੇ, ਮੌਜ ਮਸਤੀ ਵਿਚ ਧਨ ਲੁਟਾਈ ਜਾਂਦੇ।
ਛੋਕਰ-ਖੇਲ ਨੂੰ ਕਾਮ ਦਾ ਭੂਤ ਚੜ੍ਹਿਆ, ਬੁੱਢੂ ਮਾਪਿਆਂ ਤਾਈਂ ਬਣਾਈ ਜਾਂਦੇ!

# ਮਨਮੋਹਨ ਸਿੰਘ ਆਪਣੀ ਊਰਜਾ ਗਵਾਉਂਦੇ ਜਾ ਰਹੇ?

**ਰਾਜਦੀਪ ਸਰਦੇਸਾਈ**

ਕੁਝ ਸਾਲ ਪਹਿਲਾਂ ਜਦੋਂ ਗਰੈਗ ਚੈਪਲ ਭਾਰਤੀ ਕ੍ਰਿਕਟ ਟੀਮ ਦੇ ਕੋਚ ਸਨ ਤਾਂ ਮੈਂ ਸੌਰਵ ਗਾਂਗੁਲੀ ਨੂੰ ਪੁੱਛਿਆ ਸੀ ਕਿ ਟੀਮ ਇੰਡੀਆ ਦੀ ਕਪਤਾਨੀ ਤੋਂ ਹੱਥ ਧੋ ਲੈਣ ਪਿੱਛੋਂ ਉਨ੍ਹਾਂ ਨੂੰ ਕਿਹੋ ਜਿਹਾ ਮਹਿਸੂਸ ਹੋਇਆ। ਗਾਂਗੁਲੀ ਨੇ ਹਮੇਸ਼ਾ ਦੀ ਤਰ੍ਹਾਂ ਸਪੱਸ਼ਟ ਉਤਰ ਦਿੱਤਾ, "ਟੀਮ ਵਿਚ ਨਾ ਹੋਣ ਦੀ ਕਮੀ ਮਹਿਸੂਸ ਹੁੰਦੀ ਹੈ। ਪਰ ਸੱਚ ਕਹਾਂ ਤਾਂ ਕੈਪਟਨ ਨਾ ਹੋ ਕੇ ਮੈਂ ਮੁਕਤੀ ਅਤੇ ਰਾਹਤ ਮਹਿਸੂਸ ਕਰ ਰਿਹਾ ਹਾਂ। ਭਾਰਤੀ ਕ੍ਰਿਕਟ ਟੀਮ ਦਾ ਕਪਤਾਨ ਲਗਾਤਾਰ ਦਬਾਅ ਹੇਠ ਰਹਿੰਦਾ ਹੈ ਅਤੇ ਚਾਰ-ਪੰਜ ਸਾਲਾਂ ਤੱਕ ਉਸ ਜਗ੍ਹਾ ਬਣੇ ਰਹਿਣ ਤੇ ਉਹ ਦਬਾਅ ਤੁਹਾਨੂੰ ਖਾ ਜਾਂਦਾ ਹੈ।" ਜੇ ਭਾਰਤੀ ਕ੍ਰਿਕਟ ਟੀਮ ਦਾ ਕਪਤਾਨ ਹੋਣਾ ਏਨਾ ਔਖਾ ਹੈ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਹੋਣਾ ਤਾਂ ਉਸ ਤੋਂ ਕਿਤੇ ਜ਼ਿਆਦਾ ਔਖਾ ਹੈ। ਇਸ ਸੁਤੰਤਰਤਾ ਦਿਵਸ 'ਤੇ ਡਾ. ਮਨਮੋਹਨ ਸਿੰਘ ਨੇ ਲਾਲ ਕਿਲੇ ਦੇ ਬੁਰਜ ਤੋਂ ਆਪਣਾ ਸੱਤਵਾਂ ਭਾਸ਼ਣ ਦੇ ਕੇ ਇਕ ਇਤਿਹਾਸ ਬਣਾਇਆ ਹੈ। ਇੰਦਰਾ ਗਾਂਧੀ ਦੇ ਬਾਅਦ ਉਹ ਸਭ ਤੋਂ ਜ਼ਿਆਦਾ ਭਾਸ਼ਣ ਦੇਣ ਵਾਲੇ ਵਿਅਕਤੀ ਹਨ। ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਦੇ ਬਾਰੇ ਜੋ ਗੱਲ ਸੱਚ ਹੈ, ਸੰਭਵ ਤੌਰ 'ਤੇ ਉਹ ਇਸ ਦੇਸ਼ ਦੀ ਸਿਆਸੀ ਕਿਸ਼ਤੀ ਦੇ ਮੁੱਖ ਚਾਲਕ 'ਤੇ ਵੀ ਲਾਗੂ ਹੁੰਦੀ ਹੈ। ਇਸੇ ਸੰਦਰਭ ਵਿਚ ਇਕ ਪ੍ਰਸ਼ਨ ਇਹ ਪੁੱਛਿਆ ਜਾ ਰਿਹਾ ਹੈ ਕਿ ਕੀ ਸੱਚਮੁੱਚ ਮਨਮੋਹਨ ਸਿੰਘ ਆਪਣੀ ਊਰਜਾ ਗਵਾਉਂਦੇ ਜਾ ਰਹੇ ਹਨ।

ਅਗਲੇ ਮਹੀਨੇ ਪ੍ਰਧਾਨ ਮੰਤਰੀ 78 ਸਾਲ ਦੇ ਹੋ ਜਾਣਗੇ। ਆਪਣੇ ਆਪ ਵਿਚ ਉਮਰ ਕੋਈ ਅੜਿੱਕਾ ਨਹੀਂ ਹੋਣੀ ਚਾਹੀਦੀ। ਪਿਛਲੇ ਸਾਲ ਦਿਲ ਦੇ ਗੰਭੀਰ ਆਪ੍ਰੇਸ਼ਨ ਤੋਂ ਬਾਅਦ ਡਾ. ਮਨਮੋਹਨ ਸਿੰਘ ਆਮ ਚੋਣ ਪ੍ਰਚਾਰ ਦੇ ਦੌਰਾਨ ਫਿਰ ਤੋਂ ਜੋਸ਼ ਅਤੇ ਊਰਜਾ ਨਾਲ ਭਰਪੂਰ ਨਜ਼ਰ ਆਏ। ਉਨ੍ਹਾਂ ਚੋਣਾਂ ਵਿਚ ਉਨ੍ਹਾਂ ਦੀ ਸ਼ਖਸੀਅਤ ਅਤੇ ਦਿੱਖ ਨੇ ਬਹੁਤ ਨਿਰਣਾਇਕ ਭੂਮਿਕਾ ਅਦਾ ਕੀਤੀ। ਜਦੋਂ ਲਗਾਤਾਰ ਉਨ੍ਹਾਂ ਨੂੰ ਇਕ ਕਮਜ਼ੋਰ ਪ੍ਰਧਾਨ ਮੰਤਰੀ ਦੱਸਦੇ ਹੋਏ ਉਨ੍ਹਾਂ ਉਪਰ ਹਮਲੇ ਕੀਤੇ ਜਾ ਰਹੇ ਸਨ ਤਾਂ ਇਕ ਹਲਕੀ ਜਿਹੀ ਰੋਸ ਦੀ ਝਲਕ ਵੀ ਨਜ਼ਰ ਆਈ ਸੀ। ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਲੋਕਾਂ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲਗਾਏ ਸਨ। ਬੇਸ਼ੱਕ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ ਨੂੰ ਸਫਲਤਾ ਨਾਲ ਸਿਰੇ ਚੜ੍ਹਾਉਣ ਅਤੇ ਦੋ ਦਹਾਕਿਆਂ ਵਿਚ ਕਾਂਗਰਸ ਦੇ ਸਭ ਤੋਂ ਵਧੀਆ ਪ੍ਰਦਰਸ਼ਨ ਦੀ ਅਗਵਾਈ ਕਰਨ ਦੇ ਕਾਰਨ ਇਸ ਵਿਸ਼ਵਾਸ ਦਾ ਆਧਾਰ ਵੀ ਸੀ ਕਿ ਇਸ ਹਸਮੁਖ ਸਰਦਾਰ ਨੂੰ ਖੁਦ ਆਪਣੇ ਬਲਬੂਤੇ ਮਾਣ-ਸਨਮਾਨ ਮਿਲਿਆ ਹੈ। ਉਹ ਆਪਣੇ ਆਪ ਨੂੰ ਇਸ ਤਰ੍ਹਾਂ ਪੇਸ਼ ਕਰ ਰਹੇ ਸਨ ਕਿ ਉਹ 'ਸੰਜੋਗਵਸ ਬਣੇ ਰਾਜਨੀਤੀਵਾਨ' ਤੋਂ ਕਿਤੇ ਅੱਗੇ ਹਨ। ਪਰ ਇਕ ਸਾਲ ਬਾਅਦ ਸਾਰੀਆਂ ਸ਼ੰਕਾਵਾਂ ਫਿਰ ਸਿਰ ਉਠਾਉਣ ਲੱਗੀਆਂ। ਇਥੋਂ ਤੱਕ ਕਿ ਬੜੀ ਸਰਲਤਾ ਨਾਲ ਸਭ ਨੂੰ ਖਿੱਚ ਲੈਣ ਵਾਲੀ, ਪ੍ਰਧਾਨ ਮੰਤਰੀ ਦੀ ਇਮਾਨਦਾਰੀ ਅਤੇ ਸੱਚਾਈ ਦੇ ਪ੍ਰਤੀ ਲੋਕਾਂ ਦੀ ਸਦਭਾਵਨਾ ਫਿੱਕੀ ਪੈਂਦੀ ਨਜ਼ਰ ਆਈ। ਇਹ ਦੋਸ਼ ਕਿ ਉਨ੍ਹਾਂ ਵਿਚ ਫੈਸਲੇ ਲੈਣ ਦੀ ਸਮਰਥਾ ਨਹੀਂ ਹੈ, ਹੁਣ ਹੌਲੀ-ਹੌਲੀ ਉਨ੍ਹਾਂ ਦੇ ਬਹੁਤ ਸਾਰੇ ਪ੍ਰਸ਼ੰਸਕਾਂ ਵਿਚ ਵੀ ਸਵੀਕਾਰ ਹੁੰਦਾ ਨਜ਼ਰ ਆ ਰਿਹਾ ਹੈ। ਇਸ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਮੌਜੂਦ ਹਨ। ਜੂਨ ਮਹੀਨੇ ਤੋਂ ਹੀ ਕਸ਼ਮੀਰ ਸਮੱਸਿਆ ਗਹਿਰੀ ਹੁੰਦੀ ਜਾ ਰਹੀ ਸੀ ਪਰ ਫਿਰ ਵੀ ਸਰਵਜਨਕ ਰੂਪ ਵਿਚ ਉਸ ਨੂੰ ਸੰਬੋਧਨ ਕਰਨ ਵਿਚ ਪ੍ਰਧਾਨ ਮੰਤਰੀ ਨੂੰ ਦੋ ਮਹੀਨੇ ਲੱਗ ਗਏ। ਉਨ੍ਹਾਂ ਦਾ ਜਵਾਬ ਬਹੁਤ ਠੰਡਾ ਸੀ। ਨੌਕਰੀਆਂ ਦੇਣ ਅਤੇ ਦੂਜੀ ਕਮੇਟੀ ਦਾ ਗਠਨ ਕਰਨ ਦੇ ਵਾਅਦੇ ਦ੍ਰਿਸ਼ਟੀ ਅਤੇ ਵਿਚਾਰਾਂ ਦੀ ਭਿਆਨਕਤਾ ਵਲ ਇਸ਼ਾਰਾ ਕਰਦੇ ਹਨ। ਨਕਸਲੀ ਚੁਣੌਤੀ 'ਤੇ ਸਰਕਾਰ ਦਾ ਰਵੱਈਆ ਅਨਿਸ਼ਚਿਤਤਾ ਤੋਂ ਲੈ ਕੇ ਉਲਝਣਾਂ ਅਤੇ ਅਵਿਵਸਥਾ ਨਾਲ ਭਰਿਆ ਹੋਇਆ ਹੈ। ਜਦ ਮਮਤਾ ਬੈਨਰਜੀ ਮਾਓਵਾਦੀਆਂ ਦੇ ਸਮਰਥਨ ਵਿਚ ਬੋਲਦੀ ਹੈ ਤਾਂ ਪ੍ਰਧਾਨ ਮੰਤਰੀ ਉਨ੍ਹਾਂ 'ਤੇ ਲਗਾਮ ਕੱਸਣ ਦੇ ਲਈ ਬਿਲਕੁਲ ਅਣਇੱਛੁਕ ਨਜ਼ਰ ਆਉਂਦੇ ਹਨ। ਜਦ ਜੈ ਰਾਮ ਰਮੇਸ਼, ਪ੍ਰਫੁੱਲ ਪਟੇਲ ਨਾਲ ਭਿੜ ਜਾਂਦੇ ਹਨ ਤਾਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਆਪਣੀ ਵੀਟੋ ਪਾਵਰ ਦਾ ਇਸਤੇਮਾਲ ਕਰਨ ਵਿਚ ਪ੍ਰਧਾਨ ਮੰਤਰੀ ਦੀ ਜ਼ਰਾ ਜਿੰਨੀ ਵੀ ਰੁਚੀ ਨਹੀਂ ਹੈ।

ਜਦ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਨਾਲ ਏ ਰਾਜਾ ਦੀ ਸ਼ਾਨ ਦਾਗਦਾਰ ਹੁੰਦੀ ਹੈ ਤਾਂ ਪ੍ਰਧਾਨ ਮੰਤਰੀ ਨੂੰ ਇਨ੍ਹਾਂ ਦੋਸ਼ਾਂ 'ਤੇ ਕਿਸੇ ਸਫਾਈ ਜਾਂ ਆਪਣੇ ਮੰਤਰੀ ਮੰਡਲ ਵਿਚ ਫੇਰ-ਬਦਲ ਦੀ ਕੋਈ ਜਲਦੀ ਨਹੀਂ ਹੁੰਦੀ। ਜਦ ਸੜ ਰਿਹਾ ਅਨਾਜ ਖੇਤੀ ਮੰਤਰਾਲੇ ਦੀ ਅਸਮਰਥਾ ਨੂੰ ਜ਼ਾਹਿਰ ਕਰਦਾ ਹੈ ਤਾਂ ਪ੍ਰਧਾਨ ਮੰਤਰੀ ਵਿਚ ਇਸ ਦੇ ਲਈ ਕਿਸੇ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਈ ਜਲਦਬਾਜ਼ੀ ਨਹੀਂ ਦਿਸਦੀ।



ਇਥੋਂ ਤੱਕ ਕਿ ਕਾਮਨਵੈਲਥ ਖੇਡਾਂ ਦੀਆਂ ਬਦਹਾਲ ਤਿਆਰੀਆਂ ਦੇ ਲਈ ਵੀ ਠੀਕ-ਠੀਕ ਕਿਸੇ ਨੂੰ ਜ਼ਿੰਮੇਵਾਰ ਦੱਸਣ ਦੀ ਕੋਈ ਕਵਾਇਦ ਹੁੰਦੀ ਨਜ਼ਰ ਨਹੀਂ ਆ ਰਹੀ। ਉਹ ਭੁਪਾਲ ਤ੍ਰਾਸਦੀ 'ਤੇ ਹੋਏ ਫੈਸਲੇ ਹੋਣ ਜਾਂ ਜਾਤ ਆਧਾਰਤ ਮਰਦਮਸ਼ੁਮਾਰੀ ਦਾ ਮਾਮਲਾ, ਹਰ ਨੀਤੀਗਤ ਸਮੱਸਿਆ ਦਾ ਇਕ ਹੀ ਹੱਲ ਹੈ ਕਿ ਮੰਤਰੀਆਂ ਦਾ ਇਕ ਸਮੂਹ ਬਣਾ ਦਿੱਤਾ ਜਾਵੇ। ਆਮ ਤੌਰ 'ਤੇ ਇਸਦੇ ਆਗੂ ਦਾ ਰੋਲ ਹਰਫਨਮੌਲਾ ਰਾਜਨੀਤੀਵਾਨ ਪ੍ਰਣਬ ਮੁਖਰਜੀ ਹੀ ਕਰਦੇ ਹਨ। ਹੁਣ ਤੱਕ ਮੰਤਰੀਆਂ ਦੇ ਅਜਿਹੇ ਲਗਭਗ 75 ਸਮੂਹ ਬਣਾਏ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ 50 ਦੇ ਮੁਖੀ ਪ੍ਰਣਬ ਮੁਖਰਜੀ ਹਨ। ਨਤੀਜਾ ਇਹ ਹੈ ਕਿ ਇਕ ਸਾਲ ਦੇ ਅੰਦਰ ਹੀ ਨਵੀਂ ਸਰਕਾਰ ਇਸ ਕਿਨਾਰੇ ਤੋਂ ਉਸ ਕਿਨਾਰੇ 'ਤੇ ਗੋਤੇ ਖਾਂਦੀ ਦਿਸ ਰਹੀ ਹੈ।

ਤ੍ਰਾਸਦੀ ਇਹ ਹੈ ਕਿ ਆਪਣੀ ਪਹਿਲੀ ਸ਼ੁਰੂਆਤੀ ਪਾਰੀ ਦੀ ਤੁਲਨਾ ਵਿਚ ਦੂਜੇ ਕਾਰਜਕਾਲ ਵਿਚ ਡਾ. ਮਨਮੋਹਨ ਸਿੰਘ ਜ਼ਿਆਦਾ ਕੰਟਰੋਲ ਦੀ ਸਥਿਤੀ ਵਿਚ ਹਨ। 2004 ਵਿਚ ਉਹ ਇਕ ਅਜਿਹੀ ਸਰਕਾਰ ਸੰਭਾਲ ਰਹੇ ਸਨ ਜੋ ਖੱਬੀਆਂ ਪਾਰਟੀਆਂ ਅਤੇ ਕਈ ਛੋਟੀਆਂ-ਛੋਟੀਆਂ ਪਾਰਟੀਆਂ ਦੇ ਇਕ ਖਿਚੜੀ ਸਮੂਹ 'ਤੇ ਨਿਰਭਰ ਸੀ। 2009 ਵਿਚ ਲੋਕਾਂ ਦਾ ਨਿਰਣਾ ਜ਼ਿਆਦਾ ਸਪੱਸ਼ਟ ਸੀ। ਹੁਣ ਯੂ.ਪੀ.ਏ. ਦੀ ਸਰਕਾਰ ਨੂੰ ਆਪਣੇ ਕਿਸੇ ਸਹਿਯੋਗੀ ਦਲ ਤੋਂ ਹਰ ਹਫਤੇ ਸਮਰਥਨ ਦੀ ਜ਼ਰੂਰਤ ਨਹੀਂ ਸੀ। ਪਹਿਲੀ ਪਾਰੀ ਵਿਚ ਆਰਥਿਕ ਨੀਤੀਆਂ ਦੇ ਔਖੇ ਅਤੇ ਫੈਸਲਾਕੁੰਨ ਮੁੱਦੇ 'ਤੇ ਪ੍ਰਧਾਨ ਮੰਤਰੀ, ਖੱਬੀਆਂ ਪਾਰਟੀਆਂ ਦੇ 'ਬੰਧਕ' ਨਜ਼ਰ ਆਉਂਦੇ ਸਨ। ਇਸ ਵਾਰ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਕੋਈ ਡਰ ਨਹੀਂ ਹੈ। ਇਸ ਦੇ ਬਾਵਜੂਦ ਸਰਕਾਰ ਚਲਾਉਣ ਵਿਚ ਡਰ ਅਤੇ ਕਮਜ਼ੋਰੀ ਯੂ.ਪੀ.ਏ. ਸਰਕਾਰ ਦੀ ਖਾਸ ਪਹਿਚਾਣ ਬਣ ਗਈ ਹੈ। ਇਹ ਬਿਲਕੁਲ ਅਜਿਹਾ ਹੀ ਹੈ ਜਿਵੇਂ ਪ੍ਰਧਾਨ ਮੰਤਰੀ ਦਾ ਨੌਕਰਸ਼ਾਹੀ ਵਾਲਾ ਅਤੀਤ, ਉਨ੍ਹਾਂ ਦੀ ਮੌਜੂਦਾ ਸਿਆਸੀ ਪਾਰੀ 'ਤੇ ਫਿਰ ਹਾਵੀ ਹੋ ਗਿਆ ਹੈ। ਨੌਕਰਸ਼ਾਹ ਜਿੱਥੇ ਖਤਰਿਆਂ ਤੋਂ ਕਿਨਾਰਾ ਕਰਦੇ ਹਨ, ਉਥੇ ਰਾਜਨੀਤੀਵਾਨ ਖਤਰੇ ਉਠਾਉਂਦੇ ਹਨ। ਦੋ ਸਾਲ ਪਹਿਲਾਂ ਲੜਾਈ 'ਤੇ ਉਤਾਰੂ ਖੱਬੀਆਂ ਪਾਰਟੀਆਂ ਨਾਲ ਮੁਕਾਬਲਾ ਹੋਣ 'ਤੇ ਡਾ. ਮਨਮੋਹਨ ਸਿੰਘ ਨੇ ਪ੍ਰਮਾਣੂ ਸਮਝੌਤੇ ਦਾ ਰਾਹ ਚੁਣਿਆ ਸੀ। ਉਨ੍ਹਾਂ ਔਖੇ ਅਤੇ ਚੁਣੌਤੀਪੂਰਨ ਮਹੀਨਿਆਂ ਵਿਚ ਅਜਿਹਾ ਲੱਗਿਆ ਸੀ ਕਿ ਪ੍ਰਧਾਨ ਮੰਤਰੀ ਨੇ ਰਾਜਨੀਤਿਕ ਦ੍ਰਿੜਤਾ ਅਤੇ ਆਪਣੇ ਅਹੁਦੇ ਦੀ ਤਾਕਤ ਨੂੰ ਖੋਜ ਲਿਆ ਹੈ। ਮਾੜੇ ਭਾਗੀਂ ਹੁਣ ਅਜਿਹਾ ਪ੍ਰਤੀਤ ਹੋ ਰਿਹਾ ਹੈ ਕਿ ਪ੍ਰਮਾਣੂ ਸਮਝੌਤਾ ਹੋਣ ਅਤੇ ਚੋਣਾਂ ਵਿਚ ਜਿੱਤ ਹਾਸਲ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਫਿਰ ਆਪਣੇ ਸੁਰੱਖਿਆ ਘੇਰੇ ਵਿਚ ਵਾਪਸ ਪਰਤ ਗਏ ਹਨ। ਪਹਿਲ ਕਰਨ ਅਤੇ ਫੈਸਲਾ ਲੈਣ ਦੀ ਅਣਇੱਛਾ ਦੀ ਵਜ੍ਹਾ ਸੱਤਾ ਦੇ ਦੂਸਰੇ ਕੇਂਦਰ 10 ਜਨਪਥ (ਦਿੱਲੀ 'ਚ ਕਾਂਗਰਸ ਪਾਰਟੀ ਦਾ ਮੁੱਖ ਦਫਤਰ) ਤੋਂ ਮਿਲਣ ਵਾਲੇ ਪ੍ਰਤੀਕੂਲ ਸੰਕੇਤ ਵੀ ਹੋ ਸਕਦੇ ਹਨ। ਪਹਿਲੇ ਕਾਰਜਕਾਲ ਵਿਚ ਸੋਨੀਆ ਗਾਂਧੀ, ਡਾ. ਸਿੰਘ ਦੇ ਬਰਾਬਰ ਖੜ੍ਹੀ ਹੋ ਕੇ ਉਨ੍ਹਾਂ ਨੂੰ ਮਜ਼ਬੂਤੀ ਦਿੰਦੀ ਸੀ। ਇਸ ਵਾਰ ਕਾਂਗਰਸ ਪ੍ਰਧਾਨ ਕੁਝ ਘੱਟ ਸਰਗਰਮ ਹਨ, ਭਾਵੇਂ ਉਹ ਸ਼ਰਮ-ਅਲ-ਸ਼ੇਖ ਦਾ ਵਿਵਾਦ ਹੋਵੇ, ਨਕਸਲੀ ਸਮੱਸਿਆ ਜਾਂ ਫਿਰ ਪੈਟਰੋਲ ਦੀਆਂ ਵਧਦੀਆਂ ਕੀਮਤਾਂ। ਇਸ ਲਈ ਹੁਣ ਵਕਤ ਆ ਗਿਆ ਹੈ ਕਿ ਨਾ ਸਿਰਫ ਪ੍ਰਧਾਨ ਮੰਤਰੀ ਬਲਕਿ ਸ੍ਰੀਮਤੀ ਸੋਨੀਆ ਗਾਂਧੀ ਨੂੰ ਵੀ ਫਿਰ ਤੋਂ ਆਪਣੇ-ਆਪ ਨੂੰ ਸਥਾਪਤ ਕਰਨਾ ਚਾਹੀਦਾ ਹੈ। ਗੰਭੀਰ ਮਸਲਿਆਂ 'ਤੇ ਸ੍ਰੀਮਤੀ ਗਾਂਧੀ ਦਾ ਮੌਨ ਉਨ੍ਹਾਂ ਲੋਕਾਂ ਨੂੰ ਵਿਰੋਧ ਦਾ ਹਥਿਆਰ ਮੁਹੱਈਆ ਕਰਵਾ ਰਿਹਾ ਹੈ ਜੋ ਇਹ ਮੰਨਦੇ ਹਨ ਕਿ ਯੂ.ਪੀ.ਏ. ਦੇ ਆਗੂ ਜਾਂ ਤਾਂ ਥੱਕੇ ਹੋਏ ਹਨ ਜਾਂ ਆਤਮ ਸੰਤੁਸ਼ਟ ਹਨ। ਛੇ ਸਾਲ ਪਹਿਲਾਂ ਸ੍ਰੀਮਤੀ ਗਾਂਧੀ ਨੇ ਡਾ. ਮਨਮੋਹਨ ਸਿੰਘ ਨੂੰ ਚੁਣਿਆ ਸੀ। ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ ਹੁਣ ਇਕ ਵਾਰ ਫਿਰ ਉਨ੍ਹਾਂ ਨੂੰ ਉਨ੍ਹਾਂ ਦਾ ਝੰਡਾ ਬੁਲੰਦ ਕਰਨ ਦੀ ਜ਼ਰੂਰਤ ਹੈ।

ਰਾਜਧਾਨੀ ਦਾ ਅਫਵਾਵਾਂ ਦਾ ਬਾਜ਼ਾਰ ਅੱਜ ਕੱਲ੍ਹ ਕੁਝ ਜ਼ਿਆਦਾ ਹੀ ਗਰਮ ਹੈ। ਅਜਿਹੇ ਦਾਅਵੇ ਹਨ ਕਿ ਡਾ. ਮਨਮੋਹਨ ਸਿੰਘ ਦੇ 2012 ਵਿਚ ਰਾਸ਼ਟਰਪਤੀ ਭਵਨ ਵਿਚ ਤਬਦੀਲ ਹੋਣ ਦੀ ਸ਼ੁਰੂਆਤ ਹੁਣ ਤੋਂ ਹੀ ਹੋ ਗਈ ਹੈ ਅਤੇ ਹੌਲੀ-ਹੌਲੀ ਸੱਤਾ ਦਾ ਕੇਂਦਰ ਰਾਹੁਲ ਗਾਂਧੀ ਵਲ ਤਬਦੀਲ ਹੋ ਰਿਹਾ ਹੈ। ਕਾਸ਼! ਰਾਜਨੀਤੀ ਵੀ ਕਾਕਟੇਲ ਪਾਰਟੀਆਂ ਦੀ ਗੱਪਸ਼ੱਪ ਦੀ ਤਰ੍ਹਾਂ ਸਿੱਧੀ ਅਤੇ ਆਸਾਨ ਜਿਹੀ ਚੀਜ਼ ਹੁੰਦੀ।

# ਨਿਊ ਯਾਰਕ 'ਚ ਮਸਜਿਦ ਬਣਾਉਣ ਦੇ ਹੱਕ ਤੇ ਵਿਰੋਧ 'ਚ ਪ੍ਰਦਰਸ਼ਨ

**ਨਿਊ ਯਾਰਕ :** ਨਿਊ ਯਾਰਕ 'ਚ ਗਰਾਊਂਡ ਜ਼ੀਰੋ ਦੇ ਕੋਲ ਮਸਜਿਦ ਬਣਾਉਣ ਦੀ ਯੋਜਨਾ ਦੇ ਸਮਰਥਨ ਅਤੇ ਉਸ ਦੇ ਵਿਰੋਧ 'ਚ ਪ੍ਰਦਰਸ਼ਨ ਹੋਏ ਹਨ। ਇਸ ਪ੍ਰਦਰਸ਼ਨ 'ਚ ਵਿਰੋਧੀ ਧਿਰਾਂ ਨੇ ਸੈਂਕੜਿਆਂ ਦੀ ਗਿਣਤੀ 'ਚ ਹਿੱਸਾ ਲਿਆ। ਆਪਣੀ ਮੰਗ ਦੇ ਸਮਰਥਨ 'ਚ ਝੰਡੇ ਹਿਲਾਉਂਦੇ ਹੋਏ ਵਿਰੋਧ ਕਰ ਰਹੀਆਂ ਇਨ੍ਹਾਂ ਧਿਰਾਂ ਨੂੰ ਪੁਲਸ ਨੇ ਵੱਖ-ਵੱਖ ਕਰ ਦਿੱਤਾ।

ਇਸ ਪ੍ਰਦਰਸ਼ਨ ਦੌਰਾਨ ਮਸਜਿਦ ਦੇ ਸਮਰਥਕ ਅਤੇ ਵਿਰੋਧੀ ਇੱਕੋ ਵੇਲੇ ਆਪਣੀ-ਆਪਣੀ ਮੰਗ ਦੇ ਸਮਰਥਨ 'ਚ ਨਾਅਰੇ ਲਾ ਰਹੇ ਸਨ। ਹਮਲਿਆਂ 'ਚ ਮਾਰੇ ਗਏ ਕਈ ਲੋਕਾਂ ਦੇ ਪਰਿਵਾਰ ਵਾਲੇ ਗਰਾਊਂਡ ਜ਼ੀਰੋ ਦੇ ਨੇੜੇ 13 ਮੰਜ਼ਿਲਾ ਇਸਲਾਮੀ ਸੰਸਕ੍ਰਿਤਕ ਕੇਂਦਰ ਅਤੇ ਮਸਜਿਦ ਬਣਾਉਣ ਦੀ ਯੋਜਨਾ ਦਾ ਵਿਰੋਧ ਕਰ ਰਹੇ ਹਨ।

ਇਸਲਾਮੀ ਕੇਂਦਰ ਦਾ ਸਮਰਥਨ ਕਰਨ ਵਾਲਿਆਂ ਦਾ ਤਰਕ ਹੈ ਕਿ ਇਹ ਇਮਾਰਤ ਬਿਹਤਰ ਅੰਤਰ-ਧਾਰਮਿਕ ਰਿਸ਼ਤਿਆਂ ਦੀ ਪ੍ਰਤੀਕ ਬਣੇਗੀ, ਜਦਕਿ ਵਿਰੋਧੀਆਂ ਦਾ ਕਹਿਣਾ ਹੈ ਕਿ ਅਜਿਹੀ ਜਗ੍ਹਾ ਕੋਲ ਮਸਜਿਦ ਨਹੀਂ ਬਣਾਈ ਜਾਣੀ ਚਾਹੀਦੀ, ਜਿੱਥੇ ਇਸਲਾਮੀ ਕੱਟੜਪੰਥੀਆਂ ਨੇ ਹਜ਼ਾਰਾਂ ਲੋਕਾਂ ਨੂੰ ਮਾਰ ਦਿੱਤਾ ਸੀ। ਬਰੁਕਲਿਨ ਤੋਂ ਆਏ ਇਕ ਪ੍ਰਦਰਸ਼ਕਾਰੀ ਡਾਕਟਰ ਅਲੀ ਅਕਰਮ ਦਾ ਕਹਿਣਾ ਸੀ ਕਿ ਟਵਿਨ ਟਾਵਰ 'ਚ ਕਈ ਮੁਸਲਮਾਨ ਵੀ ਮਰੇ ਸਨ, ਮਸਜਿਦ ਦਾ ਵਿਰੋਧ ਕਰਨ ਵਾਲੇ ਅਸਲੀ ਅਮਰੀਕੀ ਨਹੀਂ ਹਨ। ਡਾਕਟਰ ਅਲੀ ਅਕਰਮ ਨੇ ਕਿਹਾ ਕਿ ਉਹ ਆਪਣੇ ਬੱਚਿਆਂ ਨੂੰ ਅਮਰੀਕਾ 'ਚ ਸਾਰੇ ਧਰਮਾਂ ਦੀ ਆਜ਼ਾਦੀ ਬਾਰੇ ਸਿਖਾਉਂਦੇ ਹਨ, ਪਰ ਉਹ ਖੁਦ ਇਸ ਦਾ ਪਾਲਣ ਨਹੀਂ ਕਰਦੇ। ਗਰਾਊਂਡ ਜ਼ੀਰੋ ਦੇ ਕੋਲ ਮਸਜਿਦ ਬਣਾਉਣ ਦੇ ਮਤੇ ਦਾ ਅਮਰੀਕਾ 'ਚ ਕਈ ਸਿਆਸੀ ਆਗੂਆਂ ਨੇ ਵਿਰੋਧ ਕੀਤਾ ਹੈ। ਹਾਲਾਂਕਿ ਰਾਸ਼ਟਰਪਤੀ ਬਰਾਕ ਓਬਾਮਾ ਨੇ ਵਰਲਡ ਟਰੇਡ ਸੈਂਟਰ ਦੇ ਕੋਲ ਇਸਲਾਮੀ ਸੰਸਕ੍ਰਿਤਕ ਕੇਂਦਰ ਅਤੇ ਮਸਜਿਦ ਬਣਾਉਣ ਦੀ ਯੋਜਨਾ ਦਾ ਸਮਰਥਨ ਕੀਤਾ ਹੈ।

# "ਸੁਰਖ਼ ਗ਼ੁਲਾਬਾਂ ਦੇ ਮੌਸਮ ਵਿਚ, ਫੁੱਲਾਂ ਦੇ ਰੰਗ ਕਾਲੇ"

**ਬੀਰ ਦਵਿੰਦਰ ਸਿੰਘ***



*ਬੀਰ ਦਵਿੰਦਰ ਸਿੰਘ*

ਦੇਸ਼ ਦੀ ਆਜ਼ਾਦੀ, ਉਮਰ ਵਿਚ ਮੈਥੋਂ ਦੋ ਕੁ ਵਰ੍ਹੇ ਵੱਡੀ ਏ। ਮੈਨੂੰ ਇਸ ਗੱਲ ਦਾ ਹਮੇਸ਼ਾ ਗੌਰਵ ਰਿਹਾ ਹੈ ਕਿ ਮੇਰਾ ਜੀਵਨ ਵਿਚ ਪ੍ਰਵੇਸ਼, ਆਜ਼ਾਦ ਭਾਰਤ ਦੀ ਆਬੋ-ਹਵਾ ਵਿਚ ਹੋਇਆ ਹੈ, ਸ਼ਾਇਦ ਇਸੇ ਵਜ੍ਹਾ ਕਾਰਨ ਹੀ ਮੇਰਾ ਦ੍ਰਿਸ਼ਟੀਕੋਣ ਵੀ ਸੁਤੰਤਰ ਹੈ। ਆਓ ਬੀਤੇ ਸਮੇਂ ਤੇ ਇੱਕ ਪੰਛੀ ਝਾਤ ਮਾਰੀਏ। ਮੇਰੇ ਜਨਮ ਦਾ ਸਾਲ 1949, ਦੇਸ਼ ਆਜ਼ਾਦ ਹੋ ਚੁੱਕਾ ਹੈ, ਭਾਰਤੀ ਸੰਵਿਧਾਨ ਦੇ ਘੜਨਹਾਰੇ ਦੇਸ਼ ਦੇ ਸੰਵਿਧਾਨ ਨੂੰ ਅੰਤਮ ਛੋਹਾਂ ਦੇ ਰਹੇ ਹਨ। ਲੋਕਾਂ ਦੇ ਮਨਾਂ ਵਿਚ ਅਣਗਿਣਤ ਸੁਪਨੇ ਪਨਪ ਰਹੇ ਹਨ ਤੇ ਨਵੀਆਂ-ਨਵੀਆਂ ਹਸਰਤਾਂ ਅੰਗੜਾਈਆਂ ਲੈ ਰਹੀਆਂ ਹਨ। ਉਹ ਸਮਝਦੇ ਹਨ ਕਿ ਫਰੰਗੀ (ਅੰਗਰੇਜ਼) ਦੇ ਜਾਣ ਨਾਲ, ਹਾਲਾਤ ਦੀਆਂ ਜ਼ੰਜੀਰਾਂ ਵਿਚ ਜਕੜੇ ਲੋਕ ਆਜ਼ਾਦ ਹੋ ਜਾਣਗੇ। ਵਤਨ ਦੀ ਆਜ਼ਾਦੀ ਸਭਨਾਂ ਲੋਕਾਂ ਦੇ ਵੱਧਣ ਫੁੱਲਣ ਲਈ ਬਰਾਬਰ ਦੇ ਮੌਕੇ ਲੈ ਕੇ ਆਈ ਹੈ। ਉਨ੍ਹਾਂ ਨੂੰ ਦ੍ਰਿੜ ਵਿਸ਼ਵਾਸ ਸੀ ਕਿ ਆਜ਼ਾਦੀ, ਸਮਾਜਿਕ ਤੇ ਆਰਥਿਕ ਨਾ-ਬਰਾਬਰੀ, ਗਰੀਬੀ, ਮੰਦਹਾਲੀ, ਤੰਗਦਿਲੀ, ਜਾਤ-ਪਾਤ ਅਤੇ ਫਿਰਕਾਪ੍ਰਸਤੀ ਵਰਗੀਆਂ ਸਭ ਜ਼ਹਿਰਾਂ ਨੂੰ ਵਤਨ ਦੀਆਂ ਫਿਜ਼ਾਵਾਂ ਵਿਚੋਂ ਚੂਸ ਲਵੇਗੀ। ਦੇਸ਼ ਦੇ ਨੇਤਾ ਵੀ ਫ਼ਕੀਰਾਂ ਵਾਂਗ, ਸਾਦਗੀ ਅਤੇ ਇਮਾਨਦਾਰੀ ਦੀ ਜੀਵਨ-ਜਾਚ ਨੂੰ ਅਪਨਾਉਂਦੇ ਹੋਏ ਆਪਣਾ ਜੀਵਨ ਬਸਰ ਕਰਨਗੇ ਅਤੇ ਨਿਰ-ਸਵਾਰਥ ਲੋਕਾਂ ਦੀ ਸੇਵਾ ਅਤੇ ਆਪਣੇ ਫਰਜ਼ਾਂ ਦਾ ਪਾਲਣ ਕਰਨਗੇ।

ਪਰ ਪਤਾ ਨਹੀਂ ਕਿਉਂ, ਅੱਜ ਆਜ਼ਾਦੀ ਦੇ 64ਵੇਂ ਵਰ੍ਹੇ ਵਿਚ ਪ੍ਰਵੇਸ਼ ਕਰਦੇ ਹੋਏ ਮੇਰੇ ਬੁੱਲਾਂ ਤੇ ਵਾਰ-ਵਾਰ ਅਮ੍ਰਿਤਾ ਪ੍ਰੀਤਮ (ਮਰਹੂਮ) ਦੀਆਂ ਇਹ ਸਤਰਾਂ ਆ ਕੇ ਰੁਕ ਗਈਆਂ ਹਨ:

ਕਹਿੰਦੇ : "ਲੰਘ ਗਈ ਏ ਰਾਤ"
ਕਹਿੰਦੇ : "ਆਈ ਏ ਪ੍ਰਭਾਤ"
ਮੇਰੇ ਅਰਸ਼ਾਂ 'ਤੇ ਸ਼ਾਹੀਆਂ
ਅਜੇ ਓਡੀਆਂ ਹੀ ਓਡੀਆਂ।

ਆਓ ਜ਼ਰਾ ਸੋਚੀਏ ਕਿ 64 ਵਰ੍ਹਿਆਂ ਬਾਅਦ, ਅੱਜ ਅਸੀਂ ਕਿੱਥੇ ਖੜ੍ਹੇ ਹਾਂ? ਇਸ ਬੀਤੇ ਸਮੇਂ ਵਿਚ ਕੀ ਖੋਇਆ ਤੇ ਕੀ ਪਾਇਆ ਹੈ? ਅੱਜ ਦੇਸ਼ ਚੌਰਾਹੇ 'ਤੇ ਖੜ੍ਹਾ ਹੈ। ਰਾਜਨੀਤੀ ਅਤੇ ਰਾਜ-ਨੇਤਾਵਾਂ ਨੇ ਸਮੁੱਚੇ ਦੇਸ਼ ਨੂੰ ਹੀ ਭੰਬਲਭੂਸੇ ਵਿਚ ਪਾ ਰੱਖਿਆ ਹੈ। ਅੱਜ ਦੀ ਰਾਜਨੀਤੀ ਅਤੇ ਰਾਜ-ਨੇਤਾ ਲੋਕਾਂ ਦੀ ਨਫ਼ਰਤ ਦੇ ਪਾਤਰ ਬਣੇ ਹੋਏ ਹਨ, ਲੋਕਾਂ ਦੀ ਨਜ਼ਰ ਵਿਚ ਇਹ ਸਭ ਤੋਂ ਭ੍ਰਿਸ਼ਟ ਅਤੇ ਮਾੜੇ ਲੋਕਾਂ ਦਾ ਸਮੂਹ ਹੈ। ਮੈਨੂੰ ਡਰ ਹੈ ਕਿ ਵਿਸ਼ਵੀਕਰਨ ਦੇ ਦੌਰ ਵਿਚ ਦੇਸ਼ ਦੇ ਕੇਵਲ ਦਸ ਪ੍ਰਤੀਸ਼ਤ ਲੋਕਾਂ ਵਲੋਂ ਬਾਕੀ ਨੱਬੇ ਫੀਸਦੀ ਲੋਕਾਂ ਦੀ ਕੀਤੀ ਜਾ ਰਹੀ ਲੁੱਟ, ਜਦੋਂ ਆਮ ਲੋਕਾਂ ਨੂੰ ਸਮਝ ਆ ਗਈ ਤਾਂ ਦੇਸ਼ ਵਿਚ ਹਾਲ-ਪਾਹਰਿਆ ਮੱਚ ਜਾਵੇਗੀ। ਦੇਸ਼ ਦੇ ਵਿਕਾਸ ਦਾ ਮੌਜੂਦਾ ਨਵੀਨਤਮ ਮਾਡਲ ਜੋ ਦੇਸ਼ ਦੀ ਵਿਕਾਸ ਦਰ ਨੂੰ 8.5% ਤੋਂ 9% ਤੱਕ ਲੈ ਜਾਣ ਦੇ ਦਮਗਜੇ ਮਾਰਦੇ ਹਨ ਅਤੇ ਭਾਰਤ ਨੂੰ ਸੰਮਿਲਤ-ਵਿਕਾਸ ਦਾ ਨਵਾਂ ਨਾਹਰਾ ਦੇ ਕੇ ਅਤੇ ਇਕ ਆਦਰਸ਼ਕ ਵਿਕਾਸ ਮਾਡਲ ਦਾ ਸੁਪਨਾ ਵਿਖਾ ਕੇ ਆਮ ਲੋਕਾਂ ਨੂੰ ਕੁੱਝ ਸਮਾਂ ਹੋਰ ਘੁੰਮਣ-ਘੇਰੀਆਂ ਵਿਚ ਪਾਈ ਰੱਖਣਾ ਚਾਹੁੰਦੇ ਹਨ, ਪਰ ਹੁਣ ਪ੍ਰਤੱਖ ਨਜ਼ਰ ਆ ਰਿਹਾ ਹੈ ਕਿ ਭਾਰਤ ਦੀ ਸਰਕਾਰ ਨਰੇਗਾ ਜਾਂ ਇਸ ਵਰਗੀਆਂ ਹੋਰ ਦਿਲ ਲੁਭਾਊ ਯੋਜਨਾਵਾਂ ਦੇ ਛੁਣਛੁਣੇ ਭਾਰਤ ਦੇ ਲੋਕਾਂ ਦੇ ਹੱਥਾਂ ਵਿਚ ਫੜਾ ਕੇ ਇਨ੍ਹਾਂ ਗਰੀਬੀ ਮਾਰੇ ਲੋਕਾਂ ਨੂੰ ਹੋਰ ਬਹੁਤੇ ਲੰਮੇ ਸਮੇਂ ਲਈ ਗੁਮਰਾਹ ਨਹੀਂ ਕਰ ਸਕਣਗੇ। ਗਰੀਬ ਤੇ ਪੜ੍ਹੇ ਲਿਖੇ ਬੇ-ਰੁਜ਼ਗਾਰਾਂ ਦੀਆਂ ਭੀੜਾਂ ਦੇ ਮਨਾਂ ਵਿਚ ਸਮਾਜਿਕ ਅਤੇ ਆਰਥਿਕ ਨਾ-ਬਰਾਬਰੀ ਦੇ ਬਿਖੇੜਿਆਂ ਕਾਰਨ ਸਾਲਾਂ ਤੋਂ ਸੁਲਗਦੀ ਅੱਗ ਨੂੰ ਭਾਂਬੜ ਬਣਨੋਂ ਵੀ ਰੋਕ ਨਹੀਂ ਸਕਣਗੇ। ਅਜਿਹੀਆਂ ਚਤੁਰ ਸਾਜ਼ਿਸ਼ਾਂ ਦੇਸ਼ ਵਿਚ ਪ੍ਰਤਖ ਰੂਪ ਵਿਚ ਛਿੜਨ ਵਾਲੀ ਘਰੇਲੂ-ਜੰਗ ਨੂੰ ਕੁੱਝ ਸਮੇਂ ਲਈ ਪਛਾੜ ਤਾਂ ਸਕਦੀਆਂ ਹਨ ਪਰ ਇਸਨੂੰ ਹਮੇਸ਼ਾ ਲਈ ਟਾਲ ਸਕਣਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਵੀ ਜਾਪਦਾ ਹੈ। ਲੋਕ ਸਮਝ ਗਏ ਹਨ ਕਿ:

ਤਮੰਨਾਓਂ ਮੇਂ ਉਲਝਾਇਆ ਗਿਆ ਹੂੰ,
ਖਿਲੌਨਾ ਦੇ ਕੇ ਬਹਿਲਾਇਆ ਗਿਆ ਹੂੰ।

ਪੂਰਾ ਦੇਸ਼ ਬੜੀ ਤੇਜ਼ੀ ਨਾਲ ਇੱਕ ਖ਼ਾਮੋਸ਼ ਇਨਕਲਾਬ ਵਲ ਵੱਧ ਰਿਹਾ ਹੈ, ਇਸ ਦਾ ਪ੍ਰਚੰਡ ਰੂਪ ਛੇਤੀ ਹੀ ਸਾਹਮਣੇ ਆ ਜਾਵੇਗਾ। ਮਾਓਵਾਦ ਉਸੇ ਪ੍ਰਕਿਰਿਆ ਦਾ ਇਕ ਰੂਪ ਸਾਡੇ ਸਾਹਮਣੇ ਹੈ। ਇਸ ਬੇਚੈਨੀ ਦੇ ਦੇਸ਼-ਵਿਆਪੀ ਬਣਨ ਵਿਚ ਹੁਣ ਹੋਰ ਬਹੁਤਾ ਸਮਾਂ ਨਹੀਂ ਲੱਗੇਗਾ। ਦੇਸ਼ ਦੀ 9% ਵਿਕਾਸ ਦਰ, ਜਿਸਦਾ ਮਾਣ ਲੈਂਦਿਆਂ ਭਾਰਤੀ ਯੋਜਨਾ ਕਮਿਸ਼ਨ ਦੇ ਮਹਾਂਰਥੀ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਹੀਂ ਥੱਕਦੇ, ਮੈਂ ਉਨ੍ਹਾਂ ਤੋਂ ਅਦਬ ਨਾਲ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਕਾਸ ਦਰ ਦਾ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਲਈ ਕੀ ਅਰਥ ਹੈ? ਆਪਣੇ ਹੱਥਾਂ ਵਿਚ ਬੀ.ਪੀ.ਐਲ. ਦੇ ਪੀਲੇ, ਨੀਲੇ, ਜਾਂ ਲਾਲ ਕਾਰਡ ਚੁੱਕੀ ਫਿਰਦੇ ਕਰੋੜਾਂ ਭਾਰਤੀਆਂ ਲਈ ਤੁਹਾਡੇ ਨਵੇਂ ਵਿਕਾਸ ਮਾਡਲ ਕੀ ਬੇ-ਮਾਅਨਾ ਨਹੀਂ ਹਨ?

ਅੱਜ ਜਿਸ ਦੇਸ਼ ਵਿਚ ਮੁਕੇਸ਼ ਅੰਬਾਨੀ ਆਪਣੀ ਪਿਆਰੀ ਪਤਨੀ ਟੀਨਾ ਅੰਬਾਨੀ ਨੂੰ ਉਸਦੇ ਜਨਮ ਦਿਨ ਤੇ ਤੋਹਫੇ ਵਜੋਂ 900 ਕਰੋੜ ਦੀ ਕੀਮਤ ਦਾ ਹਵਾਈ ਜਹਾਜ਼ ਦੇ ਰਿਹਾ ਹੈ ਤੇ ਉਸਦੇ ਐਨ ਉਲਟ ਇੱਕ ਗਰੀਬ ਮਜ਼ਦੂਰ ਦੀ ਪਤਨੀ ਜਾਂ ਅਨੇਕਾਂ ਹੋਰ ਮੁਟਿਆਰਾਂ ਸੜਕਾਂ ਦੇ ਕਿਨਾਰੇ ਤੇ ਅੰਬਰਾਂ ਨੂੰ ਛੂੰਹਦੀਆਂ ਉਸਾਰੀ ਅਧੀਨ ਇਮਾਰਤਾਂ ਦੁਆਲੇ ਢੋਅ-ਢੁਆਈ ਕਰਦੀਆਂ ਅਤੇ ਰੋੜੇ ਕੁੱਟਦੀਆਂ ਨਜ਼ਰ ਆ ਰਹੀਆਂ ਹਨ, ਉਨ੍ਹਾਂ ਦੇ ਪੇਟ ਵਿਚ ਭੁੱਖ ਹੈ, ਹੱਥਾਂ ਤੇ ਪੈਰਾਂ ਵਿਚ ਛਾਲੇ ਹਨ, ਤੇ ਕੋਈ ਮਜ਼ਦੂਰ ਕੁੜੀ, ਕੁੱਲੀ ਵਿਚ ਆਪਣੇ ਬੱਚੇ ਨੂੰ ਜਨਮ ਦੇ ਰਹੀ ਹੈ, ਉਸਦੀ ਜਨਮ-ਪੀੜਾ ਸਮੇਂ ਉਸਦੇ ਪਾਸ ਉਸਦੇ ਬੇ-ਵੱਸ ਪਤੀ ਦੀ ਢਾਰਸ ਤੋਂ ਬਿਨ੍ਹਾਂ ਹੋਰ ਕੁੱਝ ਵੀ ਤਾਂ ਨਹੀਂ ਹੈ। ਇੱਥੇ ਮਿੱਤਰ ਸ਼ਾਇਰ ਸੁਲੱਖਣ ਮੀਤ ਦੀ ਕਾਲਜ ਦੇ ਸਮੇਂ ਪੜ੍ਹੀ ਇੱਕ ਰੁਬਾਈ ਚੇਤੇ ਆ ਗਈ ਹੈ:

ਚਾਵਾਂ ਨਾਲ ਚੜਾਈਆਂ ਲੈ ਕੇ,
ਰੰਗ ਬਰੰਗੀਆਂ ਵੰਗਾਂ।
ਨਾ ਛਣਕਾਈਆਂ, ਨਾ ਚਾਅ ਲੱਥਾ,
ਨਾ ਲੱਥੀਆਂ ਅਜੇ ਉਮੰਗਾਂ।
ਸਿਖਰ ਦੁਪਹਿਰੇ ਸੜਕ ਕਿਨਾਰੇ
ਕੜ-ਕੜ ਕਰਕੇ ਟੁੱਟੀਆਂ,
ਰੋੜੇ ਕੁੱਟਦੀ ਹੋਈ
ਕਿਸੇ ਮਜ਼ਦੂਰ ਕੁੜੀ ਦੀਆਂ ਵੰਗਾਂ।

ਜੇ ਦੇਸ ਦੀ ਆਰਥਿਕਤਾ ਦੀ ਨੌਂ ਫੀਸਦੀ ਵਿਕਾਸ ਦਰ ਨੇ ਪਹਿਲਾਂ ਤੋਂ ਹੀ ਅਮੀਰ ਲੋਕਾਂ ਦੇ ਘਰਾਂ ਵਿਚ ਹੋਰ ਦੌਲਤਾਂ ਦੇ ਅੰਬਾਰ ਲਾਉਣੇ ਹਨ ਤੇ ਉਨ੍ਹਾਂ ਲਈ ਹੀ ਸੁੱਖ-ਸਾਧਨਾਂ ਦੀਆਂ ਹੋਰ ਵਧੇਰੇ ਸੁਵਿਧਾਵਾਂ ਪੈਦਾ ਕਰਨੀਆਂ ਹਨ ਤਾਂ ਇਸ ਕਿਸਮ ਦੇ ਨਵੇਂ ਵਿਕਾਸ ਮਾਡਲ ਵਿਚੋਂ ਭਾਰਤ ਦਾ ਗਰੀਬ ਕਿਸਾਨ ਅਤੇ ਮਜ਼ਦੂਰ ਵਰਗ ਕਿਹੜੀਆਂ ਸੰਭਾਵਨਾਵਾਂ ਦੀ ਤਲਾਸ਼ ਕਰੇਗਾ?

ਆਓ ਇਸ ਅਧੁਨਿਕ ਯੁੱਗ ਵਿਚ ਸਮਾਜ ਦੀ ਅਚੇਤ ਜਾਂ ਸੁਚੇਤ ਤੌਰ ਤੇ ਹੋ ਰਹੀ ਸ਼੍ਰੇਣੀ-ਵੰਡ ਦੇ ਵਖਰੇਵਿਆਂ ਵੱਲ ਜ਼ਰਾ ਸਰਸਰੀ ਨਜ਼ਰ ਮਾਰੀਏ। ਸਿੱਖਿਆ ਦਾ ਖੇਤਰ ਹੀ ਲੈ ਲਵੋ, ਅਤੀ ਅਮੀਰ ਲੋਕਾਂ ਦੇ ਬੱਚਿਆਂ ਲਈ ਸਕੂਲ ਸਿੱਖਿਆ ਦੇ ਸਾਧਨਾਂ ਵਿਚ ਵਿਦੇਸ਼ਾਂ ਦੇ ਉਤਰੀ ਅਮਰੀਕਾ ਅਤੇ ਯੂਰਪ ਦੇ ਕੈਂਬਰਿਜ, ਆਕਸਫੋਰਡ, ਹਾਰਵਰਡ, ਸਟੈਨਫੋਰਡ ਇਤਿਆਦੀ ਨਾਵਾਂ ਦੀਆਂ ਸੰਸਥਾਵਾਂ ਸ਼ਾਮਲ ਹਨ। ਦੂਸਰੀ ਸ਼੍ਰੇਣੀ ਦੇ ਭਾਰਤੀ ਅਮੀਰਾਂ ਦੇ ਬੱਚਿਆਂ ਲਈ ਦੂਨ ਸਕੂਲ, ਸਟੀਫਨ ਸਕੂਲ, ਬੀ.ਸੀ.ਐਸ. ਮਾਓ ਕਾਲਜ, ਵੈਲਮ ਸਕੂਲ, ਸਨਾਵਰ ਸਕੂਲ, ਡੀ.ਪੀ.ਐਸ. ਇਤਿਆਦਿ ਹਨ। ਤੀਸਰੀ ਅਮੀਰ ਸ਼੍ਰੇਣੀ ਲਈ ਵਾਈ.ਪੀ.ਐਸ., ਪੀ.ਪੀ.ਐਸ., ਸੈਨਿਕ ਸਕੂਲਜ਼ ਅਤੇ ਹੋਰ ਕਾਨਵੈਂਟ ਤੇ ਪਬਲਿਕ ਸਕੂਲ ਹਨ ਚੌਥੀ ਸ਼੍ਰੇਣੀ ਲਈ ਕੇਂਦਰੀ ਵਿਦਿਆਲੇ ਅੰਗਰੇਜ਼ੀ ਮਾਧਿਅਮਾਂ ਵਾਲੇ ਸੀ.ਬੀ.ਐਸ.ਈ. ਦੀ ਮਾਨਤਾ ਪ੍ਰਾਪਤ ਪ੍ਰਾਈਵੇਟ ਪਬਲਿਕ ਸਕੂਲ ਤੇ ਪੰਜਵੀਂ ਤੇ ਆਖਰੀ ਸ਼੍ਰੇਣੀ ਲਈ ਸਰਕਾਰੀ ਸਕੂਲ ਜਾਂ ਸਰਕਾਰੀ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲ ਹਨ, ਜੋ ਕੇਵਲ ਉਨ੍ਹਾਂ ਗਰੀਬ ਬੱਚਿਆਂ ਲਈ ਹੀ ਰਹਿ ਗਏ ਹਨ ਜਿਨ੍ਹਾਂ ਦੇ ਮਾਪੇ ਉਨ੍ਹਾਂ ਦੀ ਦੂਸਰੇ ਸਕੂਲਾਂ ਦਾ ਖਰਚਾ ਉਠਾ ਸਕਣ ਦੇ ਸਮਰੱਥ ਨਹੀਂ ਹਨ। ਹੁਣ ਸਵਾਲ ਉਠਦਾ ਹੈ ਕਿ ਪੰਜਵੀ ਸ਼੍ਰੇਣੀ ਦੇ ਸਕੂਲਾਂ ਦੇ ਬੱਚਿਆਂ ਦੀ ਜ਼ਿੰਦਗੀ ਵਿਚ ਰਹਿ ਗਈਆਂ ਥੁੜਾਂ ਦੀ ਭਰਪਾਈ ਕੌਣ ਕਰੇਗਾ? ਉਹ ਆਪਣੇ ਜੀਵਨ ਵਿਚ ਮੌਕਿਆਂ ਦੀ ਦੌੜ ਵਿਚ ਕਿਸ ਦੀ ਬਰਾਬਰੀ ਕਰਨਗੇ? ਤੇ ਉਨ੍ਹਾਂ ਦਾ ਸਹਾਰਾ ਕੌਣ ਬਣੇਗਾ? ਉਹ ਜਿਉਂ-ਜਿਉਂ ਵੱਡੇ ਹੋ ਰਹੇ ਹਨ ਤਿਵੇਂ-ਤਿਵੇਂ ਸਮੇਂ ਦੇ ਨੰਗੇ ਸੱਚ ਤੇ ਤਲਖ਼ ਹਕੀਕਤਾਂ ਨੂੰ ਸਮਝ ਰਹੇ ਹਨ, ਉਨ੍ਹਾਂ ਦੀਆਂ ਹਸਰਤਾਂ ਤੇ ਉਮੀਦਾਂ ਖੰਭ ਲਾ ਕੇ ਉਡ ਰਹੀਆਂ ਹਨ।

ਮੌਕਿਆਂ ਦੀ ਤਲਾਸ਼ ਵਿਚ ਆਮ ਲੋਕ ਪਛੜ ਰਹੇ ਹਨ। ਮੌਕਿਆਂ ਉਤੇ ਸਮਾਜ ਦੇ ਵਿਸ਼ੇਸ਼ ਵਰਗ ਦੀਆਂ ਅਜ਼ਾਰੇਦਾਰੀਆਂ ਦੀ ਪਕੜ ਮਜ਼ਬੂਤ ਹੋ ਰਹੀ ਹੈ। ਸਮਾਜ ਵਿਚ ਸ਼੍ਰੇਣੀ-ਵੰਡ ਹਰ ਚੜ੍ਹਦੇ ਸੂਰਜ ਡੂੰਘੀ ਹੋ ਰਹੀ ਹੈ, ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ। ਵਿਸ਼ਵੀਕਰਨ ਦੀ ਤੇਜ਼-ਤਰਾਰ ਦੌੜ ਵਿਚ ਸੀਮਤ ਸਾਧਨਾਂ ਵਾਲੇ ਅਤੇ ਸਾਧਨਹੀਣ ਲੋਕ ਤੇਜ਼ੀ ਨਾਲ ਪਛੜ ਰਹੇ ਹਨ। ਇਮਾਰਤਾਂ ਉਸਾਰਨ ਵਾਲੇ ਉਸਰਈਆਂ ਨੂੰ ਬਾਅਦ ਵਿਚ ਉਨ੍ਹਾਂ ਹੀ ਇਮਾਰਤਾਂ ਦੇ ਨਜ਼ਦੀਕ ਵੱਸੀਆਂ ਉਨ੍ਹਾਂ ਦੀਆਂ ਆਪਣੀਆਂ ਬਸਤੀਆਂ ਵਿਚ ਵੀ ਨਹੀਂ ਵੱਸਣ ਦਿੱਤਾ ਜਾਂਦਾ। ਸੜਕਾਂ ਉਸਾਰਨ ਵਾਲਿਆਂ ਦਾ ਆਪਣੀਆਂ ਹੀ ਉਸਾਰੀਆਂ ਸੜਕਾਂ ਤੇ ਮਾਣ-ਮਟਕ ਨਾਲ ਤੁਰਨ ਦਾ ਹੀਆ ਨਹੀਂ ਪੈਂਦਾ। ਮਜ਼ਦੂਰ ਮਰ ਰਿਹਾ ਹੈ, ਕਿਸਾਨ ਖ਼ੁਦਕਸ਼ੀਆਂ ਕਰ ਰਿਹਾ ਹੈ, ਨੌਜਵਾਨ ਵਰਗ ਬੇ-ਰੁਜ਼ਗਾਰੀ ਦੀ ਸਲੀਬ ਤੇ ਲਟਕ ਰਿਹਾ ਹੈ ਤੇ ਮੱਧ-ਵਰਗ ਸਮੇਂ ਦੀ ਚਕਾ-ਚੌਂਧ ਘੁੰਮਣ ਘੇਰੀ ਵਿਚ ਫਸਿਆ ਪਿਆ ਹੈ।

ਭਾਰਤ ਦਾ ਸੰਮਿਲਤ ਵਿਕਾਸ 9% ਦੀ ਵਿਕਾਸ ਦਰ ਨਾਲ ਕੇਵਲ 9 ਜਾਂ 10 ਫੀਸਦੀ ਲੋਕਾਂ ਦੇ ਵਾਰੇ-ਨਿਆਰੇ ਕਰ ਰਿਹਾ ਹੈ ਤੇ ਬਾਕੀ ਦੇ 90% ਲੋਕ ਇਸ ਸੰਮਿਲਤ ਵਿਕਾਸ ਵਿਚੋਂ ਪੈਦਾ ਹੋਈ ਅਸਥਿਰਤਾ ਦੇ ਮਾਅਨਿਆਂ ਵਿਚੋਂ ਆਪਣੇ ਚੇਹਰਿਆਂ ਦੇ ਗੁਆਚੇ ਨਕਸ਼ ਪਹਿਚਾਨਣ ਦੀਆਂ ਕੋਸ਼ਿਸ਼ਾਂ ਵਿਚ ਹਨ।

ਦੇਸ਼ ਦੇ ਰਹਿਬਰ ਯਥਾਰਥ ਦੀ ਇਸ ਦਰਦ ਭਰੀ ਦਾਸਤਾਂ ਨੂੰ ਸੁਣ ਰਹੇ ਹਨ ਜਾਂ ਨਹੀਂ! ਜੇ ਸੁਣ ਰਹੇ ਹਨ ਤਾਂ ਸੰਭਲ ਜਾਓ! ਹੋਸ਼ ਵਿਚ ਆਓ, ਦੀਵਾਰ ਤੇ ਲਿਖਿਆ ਪੜ੍ਹੋ! ਏਸ ਤੋਂ ਪਹਿਲਾਂ ਕਿ ਸਮੇਂ ਦੇ ਵਾ-ਵਰੋਲੇ ਕਿਸੇ ਵੱਡੇ ਤੁਫਾਨ ਦਾ ਰੂਪ ਧਾਰ ਲੈਣ, ਇਸ ਤੁਫਾਨ ਤੋਂ ਪਹਿਲਾਂ ਦੀ ਖ਼ਾਮੋਸ਼ੀ ਨੂੰ ਸਮਝਣ ਦੀ ਕੋਸ਼ਿਸ਼ ਕਰੋ।

ਇਸ ਤੇਜ਼ ਰਫਤਾਰ ਵਿਕਾਸ ਦੀ ਦੌੜ ਵਿਚ ਆਮ ਆਦਮੀ ਕਿੱਥੇ ਖੜ੍ਹਾ ਹੈ? ਚਾਰੇ ਪਾਸੇ ਲੁੱਟ ਦਾ ਆਲਮ ਹੈ। ਅਫਸੋਸਨਾਕ ਮੰਜ਼ਰ ਇਹ ਹੈ ਕਿ ਭਾਰਤ ਦੇ ਲੋਕਤੰਤਰ ਦੇ ਤਿੰਨੇ ਹੀ ਥੰਮਾਂ-ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਵਿਚ ਵੱਡੇ-ਵੱਡੇ ਧਾੜਵੀ ਅਤੇ ਸ਼ਾਹਰਾਹ-ਲੁਟੇਰੇ ਇਨਸਾਨੀਅਤ ਦੇ ਬੁਰਕੇ ਪਾ ਕੇ ਉਪਰ ਦਰਜ ਸੰਸਥਾਵਾਂ ਵਿਚ ਘੁਸ-ਪੈਠ ਕਰ ਗਏ ਹਨ। ਏਸੇ ਲਈ ਚਾਰੇ ਪਾਸੇ ਪ੍ਰਸ਼ਾਸਨ ਦੀ ਬਜਾਏ ਕੁਸ਼ਾਸਨ ਦਾ ਬੋਲ-ਬਾਲਾ ਹੈ, ਭ੍ਰਿਸ਼ਟਾਚਾਰ ਅਤੇ ਲੁੱਟ-ਖਸੁੱਟ ਦੇ ਦੈਂਤ ਦਾ ਤਾਂਡਵ ਨਾਚ ਹਰ ਜਗ੍ਹਾ ਪ੍ਰਚੰਡ ਹੋ ਰਿਹਾ ਹੈ। ਅਜਿਹੇ ਵਿਚ ਆਮ ਆਦਮੀ ਕਿੱਥੇ ਹੈ?

ਇਸ ਲਈ ਸੰਮਿਲਤ-ਵਿਕਾਸ ਦੀ ਇਹ ਆਰਥਿਕ ਯੋਜਨਾਬੰਦੀ, ਦਰਅਸਲ ਇੱਕ ਗਿਣੇ-ਚੁਣੇ ਵਰਗ ਲਈ ਇੱਕ ਨਿਵੇਕਲੇ ਅਤੇ ਖ਼ਾਨਾਬੰਦ ਰਾਖਵੇਂ-ਵਿਕਾਸ ਦੀ ਲਕੀਰ ਬੰਦੀ ਹੀ ਕਰਦੀ ਹੈ। ਇਸ ਵਿਚ ਆਮ-ਆਦਮੀ ਦੇ ਪੱਲੇ ਕੁੱਝ ਨਹੀਂ ਪੈ ਰਿਹਾ। ਲੋੜ ਹੈ ਕਿ ਸਾਡੀ ਆਰਥਿਕਤਾ ਅਤੇ ਯੋਜਨਾਬੰਦੀ ਦੇ ਮਾਹਿਰ, ਇੱਕ ਮਿਲੇ-ਜੁਲੇ ਸਰਬ-ਸਾਂਝੇ ਵਿਕਾਸ ਮਾਡਲ ਦਾ ਨਿਰਮਾਣ ਕਰਨ ਜੋ ਸਹੀ ਮਾਹਨਿਆਂ ਵਿਚ ਸੰਮਿਲਤ-ਵਿਕਾਸ ਦੀ ਰੂਪ-ਰੇਖਾ ਦੀ ਨਿਸ਼ਾਨਦੇਹੀ ਕਰਨ ਦੇ ਸਮਰੱਥ ਹੋਵੇ। ਮਿਲੀ-ਜੁਲੀ ਆਰਥਿਕਤਾ ਦਾ ਵਿਕਾਸ ਮਾਡਲ ਹੀ ਗਰੀਬ ਅਤੇ ਆਮ ਲੋਕਾਂ ਦੀਆਂ ਤੰਗੀਆਂ ਅਤੇ ਥੁੜਾਂ ਦੂਰ ਕਰ ਸਕੇਗਾ। ਇਸ ਸੰਦਰਭ ਵਿਚ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਦਾ ਇਹ ਪਾਵਨ ਪਵਿੱਤਰ ਫ਼ੁਰਮਾਨ ਅੱਜ ਵੀ ਕਿੰਨਾ ਸਾਰਥਕ ਹੈ:

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥

ਅੰਤ ਵਿਚ ਏਹੋ ਕਹਾਂਗਾ ਕਿ ਦੇਸ਼ ਦੇ ਵਿਕਾਸ ਦੀ ਰਫ਼ਤਾਰ ਹਾਲੇ ਗਰੀਬਾਂ ਦੇ ਘਰਾਂ ਤੋਂ ਕੋਹਾਂ ਦੂਰ ਹੈ, ਉਨ੍ਹਾਂ ਦੇ ਚੇਹਰਿਆਂ ਦੀ ਉਦਾਸੀ ਤੇ ਬੇ-ਰੌਣਕੀ ਦੂਰ ਕਰਨ ਦੀ ਕੋਈ ਸਪੱਸ਼ਟ ਰੂਪ-ਰੇਖਾ ਹਾਲੇ ਨਜ਼ਰ ਨਹੀਂ ਆ ਰਹੀ, ਏਸੇ ਲਈ ਇਸ ਲੇਖ ਦਾ ਸਿਰਲੇਖ ਹੈ: "ਸੁਰਖ਼ ਗੁਲਾਬਾਂ ਦੇ ਮੌਸਮ ਵਿਚ, ਫੁੱਲਾਂ ਦੇ ਰੰਗ ਕਾਲੇ"

***ਸਾਬਕਾ ਡਿਪਟੀ ਸਪੀਕਰ ਪੰਜਾਬ**
**ਫੋਨ:91-98140-33362**

# ਕੁਲੀਨ ਵਰਗਾਂ ਲਈ ਕਾਰੂ ਦਾ ਖਜ਼ਾਨਾ ਨੇ ਸਵਿੱਸ ਬੈਂਕਾਂ


**-ਮਨੋਰਮਾ ਦੀਵਾਨ**

ਕੀ ਅਸੀਂ ਇਹ ਜਾਣਦੇ ਹਾਂ ਕਿ ਬਦੇਸ਼ੀ ਕੰਪਨੀਆਂ ਵਿਚ ਕੰਮ ਕਰਨ ਵਾਲੇ ਤੇ ਸਾਲ ਦੇ ਬਹੁਤ ਸਾਰੇ ਦਿਨ ਵਿਦੇਸ਼ਾਂ ਵਿਚ ਗੁਜ਼ਾਰਨ ਵਾਲੇ ਪ੍ਰਵਾਸੀ ਭਾਰਤੀਆਂ ਨੇ ਉਥੋਂ ਦੇ ਬੈਂਕਾਂ ਵਿਚ ਕਿੰਨੇ ਕਰੋੜ ਡਾਲਰ ਜਮ੍ਹਾਂ ਕਰ ਰੱਖੇ ਹਨ, ਜਿਨ੍ਹਾਂ 'ਤੇ ਇਨਕਮ ਟੈਕਸ ਉਹ ਭਾਰਤ ਨੂੰ ਨਹੀਂ ਦਿੰਦੇ? ਹੁਣੇ-ਹੁਣੇ ਭਾਰਤ ਦੇ ਇਨਕਮ ਟੈਕਸ ਵਿਭਾਗ ਨੇ ਇਕ ਸੌ ਪੈਂਤੀ ਭਾਰਤੀਆਂ ਦੀ ਆਮਦਨੀ ਦੇ ਸੰਬੰਧ ਵਿਚ ਵਿਦੇਸ਼ਾਂ ਤੋਂ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਭਾਰਤ ਦਾ ਵਿੱਤ ਮੰਤਰਾਲਾ ਇਹ ਜਾਣਨਾ ਚਾਹੁੰਦਾ ਹੈ ਕਿ ਇਨ੍ਹਾਂ ਲੋਕਾਂ ਦਾ ਵਿਦੇਸ਼ੀ ਬੈਂਕਾਂ ਵਿਚ ਕਿੰਨਾ ਪੈਸਾ ਜਮ੍ਹਾਂ ਹੈ। ਸਪੱਸ਼ਟ ਹੈ ਕਿ ਇਨ੍ਹਾਂ ਭਾਰਤੀਆਂ ਦੇ ਪੈਸੇ ਦਾ ਫਾਇਦਾ ਵਿਦੇਸ਼ੀ ਬੈਂਕਾਂ ਨੂੰ ਹੋ ਰਿਹਾ ਹੈ।

ਜਿਨ੍ਹਾਂ ਛੇ ਦੇਸ਼ਾਂ ਨੇ ਅਜਿਹੇ ਭਾਰਤੀਆਂ ਦੇ ਕਾਲੇ ਧਨ ਦੀ ਜਾਣਕਾਰੀ ਦਿੱਤੀ, ਉਨ੍ਹਾਂ ਵਿਚ ਅਮਰੀਕਾ, ਫਿਨਲੈਂਡ, ਜਾਪਾਨ, ਦੱਖਣੀ ਕੋਰੀਆ, ਡੈਨਮਾਰਕ ਅਤੇ ਨਿਊਜ਼ੀਲੈਂਡ ਸ਼ਾਮਲ ਹਨ। ਪਰ ਇਨ੍ਹਾਂ ਦੇਸ਼ਾਂ ਦੀਆਂ ਕੰਪਨੀਆਂ ਨੇ ਭਾਰਤੀਆਂ ਨੂੰ ਕਿੰਨਾ ਪੈਸਾ ਦਿੱਤਾ, ਇਸ ਦੀ ਪੂਰੀ ਜਾਣਕਾਰੀ ਤਾਂ ਪ੍ਰਾਪਤ ਨਹੀਂ ਹੋ ਸਕੀ। ਹਾਲਾਂਕਿ ਭਾਰਤ ਨੇ ਆਰਗੇਨਾਈਜ਼ੇਸ਼ਨ ਆਫ ਇਕਨਾਮਿਕ ਕੋਆਪਰੇਸ਼ਨ ਐਂਡ ਡਿਵੈਲਪਮੈਂਟ ਦੇ ਮੈਂਬਰ ਦੇਸ਼ਾਂ ਨਾਲ ਅਜਿਹੇ ਸਮਝੌਤੇ ਕੀਤੇ ਹਨ, ਜਿਨ੍ਹਾਂ ਦੇ ਤਹਿਤ ਉਸ ਨੂੰ ਭਾਰਤੀਆਂ ਦੀ ਇਨ੍ਹਾਂ ਦੇਸ਼ਾਂ ਵਿਚ ਆਮਦਨੀ ਬਾਰੇ ਪੂਰੀ ਜਾਣਕਾਰੀ ਮਿਲਣੀ ਚਾਹੀਦੀ ਹੈ, ਪਰ ਸਾਰੇ ਦੇਸ਼ ਇਸ ਮਾਮਲੇ ਵਿਚ ਸਹਿਯੋਗ ਨਹੀਂ ਕਰਦੇ।

ਸਵਿਟਜ਼ਰਲੈਂਡ ਵਰਗੇ ਬਹੁਤ ਸਾਰੇ ਅਜਿਹੇ ਦੇਸ਼ ਹਨ, ਜਿੱਥੋਂ ਦੇ ਬੈਂਕਾਂ ਵਿਚ ਭਾਰਤੀਆਂ ਅਤੇ ਹੋਰਨਾਂ ਬਦੇਸ਼ੀਆਂ ਦੇ ਵੱਡੇ ਖਾਤੇ ਹਨ, ਜਿਨ੍ਹਾਂ ਦੀ ਜਾਣਕਾਰੀ ਦੇਣ ਤੋਂ ਉਹ ਸਾਫ ਨਾਂਹ ਕਰਦੇ ਹਨ। ਸਵਿਟਜ਼ਰਲੈਂਡ ਵਿਚ ਜਨੇਵਾ, ਬਰਨ ਅਤੇ ਹੋਰ ਬਹੁਤ ਸਾਰੇ ਸ਼ਹਿਰਾਂ ਵਿਚ ਅਜਿਹੇ ਬੈਂਕਾਂ ਦੀ ਭਰਮਾਰ ਹੈ, ਜਿੱਥੇ ਖਰਬਾਂ ਡਾਲਰਾਂ ਦੇ ਖਾਤੇ ਸੁਰੱਖਿਅਤ ਪਏ ਹਨ। ਇਨ੍ਹਾਂ ਵਿਚ ਉਨ੍ਹਾਂ ਭਾਰਤੀਆਂ ਦੇ ਖਾਤੇ ਵੀ ਹਨ, ਜਿਨ੍ਹਾਂ ਨੇ ਕਰੋੜਾਂ ਦੇ ਸਮਝੌਤਿਆਂ ਵਿਚੋਂ ਭਾਰੀ ਕਮਿਸ਼ਨ ਹਾਸਲ ਕਰ ਕੇ ਉਸ ਨੂੰ ਇਨ੍ਹਾਂ ਸਵਿੱਸ ਬੈਂਕਾਂ ਵਿਚ ਸੁਰੱਖਿਅਤ ਰੱਖਿਆ ਹੋਇਆ ਹੈ। ਹਵਾਲੇ ਦੇ ਤਹਿਤ ਜਮ੍ਹਾਂ ਹੋਇਆ ਕਾਲਾ ਧਨ ਵੀ ਇਨ੍ਹਾਂ ਹੀ ਬੈਂਕਾਂ ਵਿਚ ਪਿਆ ਹੈ।

ਇਹ ਵੀ ਇਕ ਹਕੀਕਤ ਹੈ ਕਿ ਭਾਰਤ ਵਿਚ ਹਥਿਆਰਾਂ ਅਤੇ ਹੋਰ ਮਹਿੰਗੇ ਸਾਮਾਨ ਦੇ ਜਿੰਨੇ ਵੀ ਸੌਦੇ ਹੁੰਦੇ ਸਨ ਅਤੇ ਹੁਣ ਵੀ ਹੋ ਰਹੇ ਹਨ, ਉਨ੍ਹਾਂ ਦਾ ਇਕ ਨਿਰਧਾਰਤ ਕਮਿਸ਼ਨ ਜਨੇਵਾ ਦੇ ਬੈਂਕਾਂ ਵਿਚ ਜਮ੍ਹਾਂ ਹੋ ਜਾਂਦਾ ਹੈ। 'ਫਾਈਵ ਪ੍ਰਸੈਂਟ' ਜਾਂ 'ਟੈਨ ਪ੍ਰਸੈਂਟ' ਇਨ੍ਹਾਂ ਸੌਦਿਆਂ ਦੀ ਭਾਸ਼ਾ ਦਾ ਇਕ ਹਿੱਸਾ ਹੈ। ਇਹ ਕਮਿਸ਼ਨ ਸਰਕਾਰੀ ਅਹੁਦੇ ਮੁਤਾਬਕ ਤੈਅ ਹੁੰਦਾ ਹੈ। ਪਰ ਅਸੀਂ ਤਾਂ ਗੱਲ ਕਰ ਰਹੇ ਸਾਂ ਉਸ ਕਾਲੇ ਧਨ ਦੀ, ਜੋ ਭਾਰਤੀਆਂ ਨੇ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਰ ਰੱਖਿਆ ਹੈ ਅਤੇ ਆਪਣੀ ਇਸ ਕਮਾਈ ਉਤੇ ਉਹ ਭਾਰਤ ਸਰਕਾਰ ਨੂੰ ਇਨਕਮ ਟੈਕਸ ਵੀ ਨਹੀਂ ਦੇਂਦੇ।



ਤੁਹਾਨੂੰ ਯਾਦ ਹੋਵੇਗਾ ਕਿ ਹਾਲੇ ਕੁਝ ਮਹੀਨੇ ਪਹਿਲਾਂ ਹੀ ਭਾਰਤ ਦੇ ਵਿੱਤ ਮੰਤਰਾਲੇ ਦੀ ਸਵਿਟਜ਼ਰਲੈਂਡ ਦੇ ਵੱਡੇ ਬੈਂਕ ਨਾਲ ਇਸ ਕਾਲੇ ਧਨ ਬਾਰੇ ਗੱਲਬਾਤ ਹੋਈ ਸੀ। ਤਦ ਵੀ ਇਨ੍ਹਾਂ ਬੈਂਕਾਂ ਨੇ ਸਾਫ ਕਿਹਾ ਸੀ ਕਿ ਉਹ ਕੋਈ ਵੀ ਜਾਣਕਾਰੀ ਭਾਰਤ ਨੂੰ ਨਹੀਂ ਦੇਣਗੇ।

ਇਹ ਉਹ ਬੈਂਕ ਹਨ, ਜਿਥੇ ਕੇਵਲ ਇਨਕਮ ਟੈਕਸ ਚੋਰ, ਕਾਲੇ ਧਨ ਨੂੰ ਜਮ੍ਹਾਂ ਕਰਨ ਵਾਲੇ, ਭਾਰਤੀ ਹੀ ਨਹੀਂ, ਬਲਕਿ ਪਾਕਿਸਤਾਨ ਅਤੇ ਹੋਰਨਾਂ ਵਿਕਾਸਸ਼ੀਲ ਦੇਸ਼ਾਂ, ਜਿਨ੍ਹਾਂ ਵਿਚ ਅਰਬ ਦੇਸ਼ ਵੀ ਸ਼ਾਮਲ ਹਨ, ਦੇ ਲੋਕਾਂ ਦੀ ਵੀ ਵੱਡੀ ਗਿਣਤੀ ਹੈ। ਜਿਨ੍ਹਾਂ ਦੇ ਖਰਬਾਂ ਡਾਲਰ ਅਤੇ ਪੌਂਡ ਜਮ੍ਹਾਂ ਹਨ। ਇਥੋਂ ਦੇ ਲਾਕਰਾਂ ਵਿਚ ਕੀਮਤੀ ਹੀਰੇ-ਜਵਾਹਰਾਤ ਪਏ ਹਨ।

ਇਨ੍ਹਾਂ ਬੈਂਕਾਂ ਨੇ ਆਪਣਾ ਕਾਨੂੰਨ ਬਣਾ ਰੱਖਿਆ ਹੈ ਕਿ ਉਹ ਇਸ ਪੈਸੇ ਦੀ ਜਾਣਕਾਰੀ ਕਿਸੇ ਨੂੰ ਵੀ ਨਹੀਂ ਦੇਣਗੇ। ਇਹ ਹਿਸਾਬ ਲਾਉਣਾ ਤਾਂ ਮੁਸ਼ਕਲ ਹੈ ਕਿ ਇਨ੍ਹਾਂ ਬੈਂਕਾਂ ਦੇ ਲਾਕਰਾਂ ਵਿਚ ਕਿੰਨੀ ਦੌਲਤ ਭਰੀ ਪਈ ਹੈ। ਪਰ ਅਜਿਹਾ ਹੋ ਰਿਹਾ ਹੈ ਕਿ ਇੱਥੇ ਆਪਣੀ ਦੌਲਤ ਜਮ੍ਹਾਂ ਕਰ ਕੇ ਰੱਖਣ ਵਾਲੇ ਅਮੀਰ ਸੰਸਾਰ ਤੋਂ ਚਲੇ ਗਏ ਅਤੇ ਉਨ੍ਹਾਂ ਦਾ ਪੈਸਾ ਕਿਸੇ ਨੂੰ ਵੀ ਨਹੀਂ ਮਿਲਿਆ। ਬੈਂਕਾਂ ਦੇ ਨਿਯਮਾਂ ਮੁਤਾਬਕ ਇਕ ਨਿਰਧਾਰਤ ਸਮਾਂ ਬੀਤ ਜਾਣ ਉਤੇ ਇਸ ਦੌਲਤ ਉਤੇ ਬੈਂਕ ਦਾ ਕਬਜ਼ਾ ਹੋ ਜਾਂਦਾ ਹੈ ਅਤੇ ਅਜਿਹਾ ਹੋ ਵੀ ਰਿਹਾ ਹੈ।

ਜਿਵੇਂ ਕਿ ਮੈਂ ਪਹਿਲਾਂ ਵੀ ਦੱਸ ਚੁੱਕੀ ਹਾਂ ਕਿ ਸਭ ਤੋਂ ਪ੍ਰਮੁੱਖ ਸ਼ਹਿਰ ਜਨੇਵਾ (ਸਵਿਟਜ਼ਰਲੈਂਡ) ਹੈ, ਜਿੱਥੇ ਸੰਯੁਕਤ ਰਾਸ਼ਟਰ ਤੇ ਲੀਗ ਆਫ ਨੈਸ਼ਨਜ਼ ਦੇ ਮੁੱਖ ਦਫਤਰ ਰਹੇ ਹਨ ਤੇ ਹੋਰਨਾਂ ਸੰਸਥਾਵਾਂ ਦੇ ਦਫਤਰ ਹਨ। ਇਥੇ ਬਹੁਤ ਸਾਰੀਆਂ ਕੌਮਾਂਤਰੀ ਕਾਨਫਰੰਸਾਂ ਹੁੰਦੀਆਂ ਹਨ। ਇਕ ਬਹੁਤ ਵੱਡੀ ਬੈਂਕ ਸਟਰੀਟ ਇਥੇ ਮੌਜੂਦ ਹੈ। ਇਸ ਦੇ ਹੇਠਾਂ ਜਨੇਵਾ ਦੇ ਬਹੁਤ ਸਾਰੇ ਬੈਂਕਾਂ ਦੇ ਵਿਸ਼ਾਲ ਲਾਕਰ ਹਨ। ਬੈਂਕ ਕਰਮਚਾਰੀਆਂ ਦਾ ਕਹਿਣਾ ਹੈ ਕਿ ਜਦੋਂ ਇਹ ਲਾਕਰ ਖੁੱਲ੍ਹਦੇ ਹਨ ਤਾਂ ਹੀਰੇ-ਜਵਾਹਰਾਤ ਦੇਖ ਕੇ ਅੱਖਾਂ ਚੁੰਧਿਆ ਜਾਂਦੀਆਂ ਹਨ। ਇਹ ਖਜ਼ਾਨਿਆਂ ਦੀਆਂ ਗੁਫਾਵਾਂ ਵਾਂਗ ਹਨ ਜਿਨ੍ਹਾਂ ਦਾ ਦਰਵਾਜ਼ਾ ਖੁਲ੍ਹ ਜਾ ਸਿਮ ਸਿਮ ਕਹਿ ਕੇ ਖੋਲ੍ਹਿਆ ਜਾਂਦਾ ਸੀ। ਗੁਫਾ ਦਾ ਦਰਵਾਜ਼ਾ ਖੁੱਲ੍ਹਣ ਉਤੇ ਉਸ ਵਿਚ ਜਮ੍ਹਾਂ ਬੇਸ਼ੁਮਾਰ ਹੀਰਿਆਂ-ਜਵਾਹਰਾਤਾਂ ਦੀ ਚਮਕ ਅੱਖਾਂ ਨੂੰ ਬਿਲਕੁਲ ਅੰਨ੍ਹਿਆਂ ਕਰ ਦੇਂਦੀ ਸੀ। ਤੁਸੀਂ ਸ਼ਾਇਦ ਇਹ ਜਾਣਦੇ ਹੋਵੋਗੇ ਕਿ ਜਨੇਵਾ ਅਤੇ ਸਵਿਟਜ਼ਰਲੈਂਡ ਦੇ ਹੋਰਨਾਂ ਬੈਂਕਾਂ ਵਿਚ ਕੋਈ ਵੀ ਵਿਅਕਤੀ ਜਾ ਕੇ ਆਪਣਾ ਖਾਤਾ ਖੋਲ੍ਹ ਸਕਦਾ ਹੈ। ਬੈਂਕ ਵਿਚ ਖਾਤਾ ਖੋਲ੍ਹਣ ਵਾਲੇ ਕੋਲੋਂ ਉਸ ਤਰ੍ਹਾਂ ਦੇ ਲੰਮੇ-ਚੌੜੇ ਫਾਰਮ ਨਹੀਂ ਭਰਵਾਏ ਜਾਂਦੇ ਅਤੇ ਜਾਣਕਾਰੀ ਹਾਸਲ ਨਹੀਂ ਕੀਤੀ ਜਾਂਦੀ, ਜਿਵੇਂ ਸਾਡੇ ਦੇਸ਼ ਵਿਚ ਹੁੰਦਾ ਹੈ।

ਮੈਂ ਤੁਹਾਨੂੰ ਆਪਣਾ ਇਕ ਦਿਲਚਸਪ ਤਜਰਬਾ ਫਿਰ ਤੋਂ ਦੱਸਣਾ ਚਾਹਾਂਗੀ, ਜੋ ਮੈਨੂੰ ਜਨੇਵਾ ਦੇ ਇਕ ਬੈਂਕ ਵਿਚ ਹੋਇਆ। ਮੈਂ ਆਪਣੇ ਪਤੀ ਸਵਰਗੀ ਦੀਵਾਨ ਬੀਰੇਂਦਰਨਾਥ ਨਾਲ ਇਕ ਵੱਡੇ ਬੈਂਕ ਵਿਚ ਗਈ ਅਤੇ ਨਵਾਂ ਖਾਤਾ ਖੋਲ੍ਹਣ ਵਾਲੇ ਇੰਚਾਰਜ ਅਫਸਰ ਕੋਲੋਂ ਜਾਣਕਾਰੀ ਹਾਸਲ ਕਰਨੀ ਚਾਹੀ। ਉਸ ਨੇ ਇਕ ਛੋਟਾ ਜਿਹਾ ਫਾਰਮ ਸਾਨੂੰ ਭਰਨ ਲਈ ਦਿੱਤਾ, ਜਿਸ ਵਿਚ ਸਾਡੇ ਨਾਂ ਅਤੇ ਪਤੇ ਦੇ ਕਾਲਮ ਸਨ। ਇਨ੍ਹਾਂ ਵਿਚ ਸਪੱਸ਼ਟ ਲਿਖਿਆ ਹੋਇਆ ਸੀ ਕਿ ਸਾਡਾ ਨਾਂ ਅਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਏਗਾ। ਬੈਂਕ ਅਫਸਰ ਨੇ ਕਿਹਾ ਕਿ ਅਸੀਂ ਉਸੇ ਸਮੇਂ ਉਨ੍ਹਾਂ ਦੇ ਬੈਂਕ ਵਿਚ ਆਪਣਾ ਖਾਤਾ ਖੋਲ੍ਹ ਸਕਦੇ ਹਾਂ। ਸਾਰੀ ਕਾਰਵਾਈ 'ਤੇ ਕੇਵਲ ਪੰਦਰਾਂ ਮਿੰਟਾਂ ਦਾ ਸਮਾਂ ਲੱਗੇਗਾ। ਓਨੀ ਦੇਰ ਤੁਸੀਂ ਕੌਫੀ ਪੀਓ।

ਬੈਂਕ ਅਫਸਰ ਨੇ ਬੜੇ ਅਦਬ ਨਾਲ ਸਾਨੂੰ ਕਿਹਾ ਕਿ ਬੈਂਕ ਦੇ ਨਿਯਮ ਮੁਤਾਬਕ ਖਾਤਾ ਖੋਲ੍ਹਣ ਲਈ ਸਾਨੂੰ ਘੱਟ ਤੋਂ ਘੱਟ ਪੰਜਾਹ ਲੱਖ ਰੁਪਏ ਦੀ ਰਕਮ ਜਮ੍ਹਾਂ ਕਰਵਾਉਣੀ ਹੋਵੇਗੀ।

# ਖ਼ੁਦ ਕੋ ਹਰ ਰੋਜ਼ ਕਿਸੀ ਤਾਜ਼ਾ ਖ਼ਬਰ ਮੇਂ ਰਖਨਾ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਦਾਨ-ਪੁੰਨ ਦਾ ਭਲਾ ਕੰਮ ਕਰਨ ਵਾਲਿਆਂ ਲਈ ਜਿਨ੍ਹਾਂ ਸਮਿਆਂ ਵਿਚ ਇਹ ਸੁਝਾਅ ਹੋਂਦ ਵਿਚ ਆਇਆ ਹੋਵੇਗਾ ਕਿ ਜਦ ਸੱਜਾ ਹੱਥ ਦਾਨ ਕਰੇ ਤਾਂ ਖੱਬੇ ਹੱਥ ਨੂੰ ਪਤਾ ਨਾ ਲੱਗੇ, ਉਦੋਂ ਹਾਲੇ ਅਖ਼ਬਾਰਾਂ ਛਪਣੀਆਂ ਸ਼ੁਰੂ ਨਹੀਂ ਹੋਈਆਂ ਹੋਣੀਆਂ। ਇਹ ਕਥਨ ਘੜਨ ਵਾਲੇ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ ਅੱਗੇ ਐਸਾ 'ਘੋਰ ਅਖ਼ਬਾਰੀ ਯੁੱਗ' ਆਉਣ ਵਾਲਾ ਹੈ, ਜਿਸ ਵਿਚ ਸੱਜੇ ਹੱਥ ਦੇ ਕੀਤੇ ਦਾਨ-ਪੁੰਨ ਦਾ ਨਿਰਾ ਖੱਬੇ ਹੱਥ ਨੂੰ ਹੀ ਪਤਾ ਨਹੀਂ ਹੋਵੇਗਾ ਸਗੋਂ ਉਸ ਦਾ ਢੰਡੋਰਾ ਪੂਰੀ ਦੁਨੀਆਂ ਵਿਚ ਪਿੱਟ ਹੋਇਆ ਕਰੇਗਾ। ਅਖ਼ਬਾਰੀ ਯੁੱਗ ਦੇ ਬੋਲ ਬਾਲੇ ਨੇ 'ਗੁਪਤ ਦਾਨ-ਮਹਾਂ ਕਲਿਆਣ' ਵਾਲੇ ਮੁਹਾਵਰੇ ਦਾ ਪੂਰੀ ਤਰ੍ਹਾਂ 'ਕਲਿਆਣ' ਕਰਕੇ ਰੱਖ ਦਿੱਤਾ ਹੈ। ਹੁਣ ਇਹ ਨੇਕ ਮੁਹਾਵਰਾ ਇੰਜ ਹੋ ਗਿਆ ਹੈ;

"ਦਾਨ ਦਾ ਐਲਾਨ-ਸਾਡਾ ਹੋਵੇ ਨਾਮ-ਕੀ ਕਰਨਾ ਕਲਿਆਣ?"

ਦਾਨੀ ਸੱਜਣ ਸਕੂਲ ਵਿਚ ਕਿਤਿਓਂ ਸਸਤਾ ਜਿਹਾ ਪੱਖਾ ਲੈ ਕੇ ਲਗਵਾਉਂਦੇ ਨੇ ਇਕ, ਪਰ ਉਨ੍ਹਾਂ ਦੀ ਅਖ਼ਬਾਰਾਂ ਵਿਚ ਸਨਮਾਨਤ ਹੁੰਦਿਆਂ ਦੀ ਛਪੀ ਫੋਟੋ ਥੱਲੇ ਲਿਖਿਆ ਹੁੰਦਾ ਹੈ, "ਮਹਾਨ ਦਾਨੀ ਸ੍ਰੀ...ਸਿੰਘ ਨੇ "ਪੱਖਿਆਂ ਦੀ ਸੇਵਾ ਕਰਵਾਈ।" ਮਿਹਰਬਾਨ ਪੱਤਰਕਾਰ ਦੀ ਮਿਹਰ ਸਦਕਾ ਪੱਖਾ ਇਕ ਬਚਨ ਤੋਂ 'ਬਹੁ ਬਚਨ' ਬਣ ਜਾਂਦਾ ਹੈ।

ਇਸ਼ਤਿਹਾਰਤ ਕੇ ਇਸ ਦੌਰ ਮੇਂ,
ਜੀਨਾ ਹੈ ਅਗਰ,
ਖ਼ੁਦ ਕੋ ਹਰ ਰੋਜ਼,
ਕਿਸੀ ਤਾਜ਼ਾ ਖ਼ਬਰ ਮੇਂ ਰਖਨਾ!

ਆਪਣੇ ਆਪ ਨੂੰ ਖ਼ਬਰਾਂ ਵਿਚ ਰੱਖਣ ਦਾ ਭੁਸ ਅੱਜ ਇਕ ਮਹਾਂ-ਮਾਰੀ ਦਾ ਰੂਪ ਧਾਰ ਚੁੱਕਾ ਹੈ। ਜੇ ਭਲਾ ਕਰਕੇ ਅਖ਼ਬਾਰਾਂ ਵਿਚ ਆਪਣੀ ਚਰਚਾ ਕਰਾਉਣ ਤੱਕ ਹੀ ਗੱਲ ਸੀਮਿਤ ਰਹਿੰਦੀ ਤਾਂ ਵੀ ਕੋਈ ਹਰਜ਼ ਨਹੀਂ ਸੀ। ਚਲੋ ਇਸੇ ਬਹਾਨੇ ਲੋਕਾਈ ਦਾ ਭਲਾ ਹੁੰਦਾ ਰਹਿੰਦਾ। ਲੇਕਿਨ ਹੁਣ ਤਾਂ ਇਸ ਭੁੱਖ ਨੇ ਕਈ ਤਰ੍ਹਾਂ ਦੇ ਵਿਕਰਾਲ ਰੂਪ ਬਣਾ ਲਏ ਹੋਏ ਨੇ। ਬਦਨਾਮ ਗ਼ਰ ਹੋਂਗੇ ਤੋ ਕਿਆ ਨਾਮ ਨਾ ਹੋਗਾ? ਵਾਲਾ ਕਲਯੁਗੀ ਅਖਾਣ ਪ੍ਰਸਿੱਧੀ ਪ੍ਰਾਪਤ ਕਰਨ ਦਾ 'ਬੇਹਯਾ' ਸਾਧਨ ਬਣ ਚੁੱਕਾ ਹੈ।

ਕਹਿੰਦੇ ਕੋਈ ਭਲਾ ਪੁਰਸ਼ ਬਾਜ਼ਾਰ ਵਿਚੋਂ ਗੁਜ਼ਰ ਰਿਹਾ ਸੀ। ਉਸਨੇ ਦੇਖਿਆ ਕਿ ਇਕ ਚੰਗਾ ਭਲਾ ਬੰਦਾ ਆਪਣੀ ਜੁੱਤੀ ਆਪਣੇ ਹੀ ਸਿਰ ਮਾਰੀ ਜਾਵੇ। ਕੁਝ ਤਮਾਸ਼ਬੀਨ ਹੱਸੀ ਤਾਂ ਜਾ ਰਹੇ ਸਨ, ਪਰ ਉਸਨੂੰ ਹਟਾਉਣ ਦਾ ਯਤਨ ਕੋਈ ਨਹੀਂ ਸੀ ਕਰ ਰਿਹਾ। ਨੇਕ ਬੰਦੇ ਨੇ ਸੋਚਿਆ ਕਿ ਇਹ ਕੋਈ ਪਾਗਲ ਹੋਵੇਗਾ। ਇਹ ਵਿਚਾਰ ਕੇ ਉਹ ਅੱਗੇ ਚਲਾ ਗਿਆ। ਆਪਣਾ ਕੰਮ ਕਾਰ ਨਿਬੇੜਨ ਮਗਰੋਂ ਜਦ ਉਹ ਬੰਦਾ ਅੱਧੇ ਕੁ ਘੰਟੇ ਬਾਅਦ ਵਾਪਸ ਉਥੇ ਪਹੁੰਚਿਆ ਤਾਂ ਸਿਰ 'ਚ ਜੁੱਤੀਆਂ ਮਾਰਨ ਵਾਲਾ ਬੰਦਾ ਵਾਹੋ-ਦਾਹੀ ਉਸੇ ਕੰਮ 'ਤੇ ਡਟਿਆ ਹੋਇਆ ਸੀ। ਨੇਕ ਬੰਦੇ ਨੂੰ ਤਰਸ ਆ ਗਿਆ। ਉਸਨੇ ਅੱਗੇ ਵਧ ਕੇ ਉਸ ਬੰਦੇ ਹੱਥੋਂ ਜੁੱਤੀ ਖੋਹਣ ਦਾ ਯਤਨ ਕੀਤਾ ਅਤੇ ਪੁੱਛਿਆ ਕਿ ਭਲਿਆ ਮਾਣਸਾ, ਲਗਾਤਾਰ ਜੁੱਤੀਆਂ ਦੀ ਸੱਟ ਨਾਲ ਤੇਰਾ ਸਿਰ ਲਾਲ ਹੋਇਆ ਪਿਆ ਐ। ਇਹ ਪਾਗਲਪਣ ਕਿਉਂ?

ਆਪਣੇ-ਆਪ ਨੂੰ ਜੁੱਤੀਆਂ ਨਾਲ ਭੰਨ ਰਿਹਾ ਬੰਦਾ ਪਲ ਦੀ ਪਲ ਰੁਕ ਕੇ ਉਸ ਨੇਕ ਪੁਰਸ਼ ਨੂੰ ਪੁੱਛਣ ਲੱਗਾ, "ਕੀ ਤੁਸੀਂ ਕੋਈ ਪੱਤਰਕਾਰ ਹੋ?" ਨੇਕ ਬੰਦੇ ਮੂੰਹੋਂ 'ਨਹੀਂ' ਦਾ ਜਵਾਬ ਸੁਣ ਕੇ, ਆਪਣੇ ਸਿਰ ਵਿਚ ਉਸੇ ਰਫ਼ਤਾਰ ਨਾਲ ਜੁੱਤੀਆਂ ਮਾਰਦਾ ਹੋਇਆ ਉਹ ਬੰਦਾ ਬੋਲਿਆ, "ਫਿਰ ਜਾਓ...ਤੁਹਾਡਾ ਇਥੇ ਕੀ ਕੰਮ?... ਮੈਂ ਤਾਂ ਕਿਸੇ ਪੱਤਰਕਾਰ ਨੂੰ ਉਡੀਕ ਰਿਹਾਂ... ਕੋਈ ਨਾ ਕੋਈ ਆਵੇਗਾ ਹੀ... ਇਸ 'ਆਸਾਨ ਜਿਹੇ' ਕੰਮ ਬਦਲੇ ਮੇਰੀ ਫੋਟੋ ਅਖ਼ਬਾਰਾਂ ਵਿਚ ਛਪੇਗੀ, ਮੁਫ਼ਤੋ-ਮੁਫ਼ਤੀ।"

ਪੰਜਾਬ ਦੇ ਇਕ ਸ਼ਹਿਰ ਦਾ ਪੱਤਰਕਾਰ ਆਪਣੇ ਦਫ਼ਤਰ ਬੈਠਾ ਸੀ। ਘੰਟੀ ਵੱਜੀ 'ਤੇ ਉਸ ਨੇ ਫੋਨ ਚੁੱਕਿਆ। ਸਤਿ ਸ੍ਰੀ ਅਕਾਲ ਦਾ ਜਵਾਬ ਦੇ ਕੇ ਉਹ ਫੋਨ 'ਤੇ ਗੱਲਾਂ ਕਰਨ ਲੱਗਾ... ਨਹੀਂ ਨਹੀਂ... ਗਿੱਲ ਸਾਹਿਬ, ਸ਼ੁਕਰੀਆ ਕਰਕੇ ਸ਼ਰਮਿੰਦਾ ਨਾ ਕਰੋ। ਇਹ ਤਾਂ ਸਾਡਾ ਫਰਜ਼ ਐ ਜੀ... ਲਓ, ਲਓ... ਆਪਣੇ ਖਾਸ ਬੰਦਿਆਂ ਨੂੰ ਅਸੀਂ ਕਿਵੇਂ ਭੁੱਲ ਸਕਦੇ ਹਾਂ... ਗਿੱਲ ਸਾਹਿਬ ਦਾ ਨਾਂ ਤਾਂ ਪਹਿਲਾਂ ਮਾ'ਰਾਜ!! ਹੱਦ ਹੋ ਗਈ, ਧੰਨਵਾਦ ਨਾ ਕਹੋ ਸਰ ਜੀ... ਇੰਨਾ ਕੰਮ ਵੀ ਨਹੀਂ ਕਰ ਸਕਦੇ ਅਸੀਂ? ਹੈਂ ਸਪਲੀਮੈਂਟ?...ਹਾਂ..ਹਾਂ ਪੱਕਾ ਵਿਸਾਖੀ 'ਤੇ...ਬਿਲਕੁਲ ਜੀ, ਤੁਹਾਡੇ ਸਿਰ 'ਤੇ ਹੀ ਤਾਂ ਬੈਠੇ ਹਾਂ ਮਾਲਕੋ!!!" ਸਿਰੇ ਦੀ ਫਰਮਾਬਰਦਾਰ ਟੋਨ ਵਿਚ 'ਕੋਈ ਹੋਰ ਹੁਕਮ?' ਪੁੱਛ ਕੇ ਪੱਤਰਕਾਰ ਨੇ ਰਿਸੀਵਰ ਰੱਖ ਦਿੱਤਾ।



ਪੁੱਠੇ ਕੰਮੀਂ ਖਬਰਾਂ 'ਚ ਰਹਿਣ ਵਾਲੀ ਰਾਖੀ ਸਾਵੰਤ

ਰਿਸੀਵਰ ਰੱਖਦਿਆਂ ਸਾਰ ਪੱਤਰਕਾਰ ਜ਼ੋਰ ਦੀ ਕਹਿਕਹਾ ਮਾਰ ਕੇ ਹੱਸਿਆ ਤੇ ਕੋਲ ਬੈਠੇ ਆਪਣੇ ਦੋਸਤ ਪ੍ਰੋਫੈਸਰ ਦੇ ਪੱਟ 'ਤੇ ਹੱਥ ਮਾਰਦਿਆਂ ਕਹਿੰਦਾ, "ਲਓ ਜੀ, ਕਰ ਲਓ ਗੱਲ। ਇਨ੍ਹਾਂ ਲੋਕਾਂ ਦੇ ਕਿਹੜੀ ਜਾਗਰੂਕਤਾ ਦੇ ਟੀਕੇ ਲਾ ਦਿਉਂਗੇ ਤੁਸੀਂ ਪ੍ਰੋਫੈਸਰ ਸਾਹਿਬ?" ਕਿਉਂਕਿ ਇਹ ਦੋਵੇਂ ਮਿੱਤਰ ਫੋਨ ਦੀ ਘੰਟੀ ਵੱਜਣ ਤੋਂ ਪਹਿਲਾਂ ਪੰਜਾਬ ਦੇ ਸਮਾਜਿਕ ਨਿਘਾਰਾਂ ਬਾਰੇ ਚਰਚਾ ਵਿਚ ਖੁੱਭੇ ਹੋਏ ਸਨ। ਇਸ ਕਰਕੇ ਪੱਤਰਕਾਰ ਨੇ ਵਿਅੰਗ-ਟੋਨ 'ਚ ਪ੍ਰੋਫੈਸਰ ਨੂੰ ਸਵਾਲ ਕੀਤਾ। ਪ੍ਰੋਫੈਸਰ ਨੂੰ ਕੀ ਪਤਾ ਸੀ ਕਿ ਫੋਨ 'ਤੇ ਕਿਹੜੇ ਗਿੱਲ ਨਾਲ, ਕਿਸ ਵਿਸ਼ੇ 'ਤੇ ਗੱਲ ਹੋਈ ਹੈ ਪੱਤਰਕਾਰ ਦੀ? ਇਸ ਲਈ ਪ੍ਰੋਫੈਸਰ ਵਲੋਂ 'ਕੀ ਮਤਲਬ?' ਕਹੇ ਜਾਣ 'ਤੇ ਪੱਤਰਕਾਰ ਨੇ 'ਗਿੱਲ ਦੇ ਸ਼ੁਕਰੀਏ'ਦਾ ਭੇਤ ਖੋਲ੍ਹਿਆ-

"ਕਲ੍ਹ ਆਪਣੇ ਵਾਰਡ ਦੇ ਐਮ. ਸੀ. ਭੱਲਾ ਸਾਹਿਬ ਦਾ ਅੰਤਿਮ ਸੰਸਕਾਰ ਹੋਇਆ ਸੀ। ਉਨ੍ਹਾਂ ਦੇ ਜਨਾਜ਼ੇ ਨਾਲ ਸਬਜ਼ੀ ਮੰਡੀ ਵਾਲਾ ਆੜ੍ਹਤੀ ਗਿੱਲ ਵੀ ਗਿਆ ਸੀ। ਫਿਊਨਰਲ ਦੀ ਖ਼ਬਰ ਵਿਚ ਮੈਂ ਹੋਰ ਸਰਕਰਦਾ ਸ਼ਖਸੀਅਤਾਂ ਦੇ ਨਾਲ ਗਿੱਲ ਦਾ ਨਾਂ ਵੀ ਪਾ ਦਿੱਤਾ ਸੀ। 'ਸਦਮੇ' ਦੇ ਸਿਰਲੇਖ ਹੇਠ ਛਪੀ ਹੋਈ ਨਿੱਕੀ ਜਿਹੀ ਖ਼ਬਰ ਵਿਚ ਆਪਣਾ ਨਾਮ ਪੜ੍ਹ ਕੇ ਫੁੱਲ ਕੇ ਕੁੱਪਾ ਹੋ ਰਹੇ ਗਿੱਲ ਨੇ ਫੋਨ 'ਤੇ ਮੇਰਾ ਧੰਨਵਾਦ ਤੱਕ ਕਰ ਦਿੱਤਾ। ਇਸੇ 'ਖੁਸ਼ੀ' ਵਿਚ ਆਉਂਦੀ ਵਿਸਾਖੀ ਦੇ ਸਪਲੀਮੈਂਟ ਲਈ ਅੱਧੇ ਸਫੇ ਦੇ ਇਸ਼ਤਿਹਾਰ ਲਈ ਵੀ ਅਗੇਤੀ 'ਯੈਸ' ਕਰ ਗਿਆ...ਹਾ...ਹਾ...ਹਾ...।"

ਪੱਤਰਕਾਰ ਹੱਸ ਰਿਹਾ ਸੀ ਪਰ ਗਿੱਲ ਦੀ ਫਿਤਰਤ ਬਾਰੇ ਸੋਚਦਿਆਂ, ਪ੍ਰੋਫੈਸਰ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ।

ਸਿਆਸੀ ਪਾਰਟੀ ਦੇ ਇਕ ਜ਼ਿਲਾ ਪੱਧਰੀ ਦਫ਼ਤਰ ਵਿਚ ਲੱਗੇ ਹੋਏ ਇਕ ਸੇਵਾਦਰ ਨੇ ਖ਼ਬਰਾਂ ਵਿਚ ਆਪਣਾ ਨਾਮ ਦਰਜ ਕਰਵਾਉਣ ਲਈ ਵੱਖਰਾ ਤਰੀਕਾ ਅਪਨਾਇਆ। ਦਫ਼ਤਰ ਵਿਚ ਹੋਈਆਂ ਮੀਟਿੰਗਾਂ ਦੀ ਕਵਰੇਜ ਕਰਨ ਪਹੁੰਚੇ ਪੱਤਰਕਾਰਾਂ ਮੂਹਰੇ ਪਕੌੜਿਆਂ ਜਾਂ ਸਮੋਸਿਆਂ ਦੀਆਂ ਪਲੇਟਾਂ ਅੱਗੇ ਨੂੰ ਕਰਦਿਆਂ ਉਸਨੇ ਕਹੀ ਜਾਣਾ, "ਲੈ ਬਈ ਮਿੱਤਰੋ, ਸਾਡੀ ਪਾਰਟੀ ਦੀ ਟੌਹਰ ਵਾਲੀ ਖ਼ਬਰ ਬਣਾਇਓ, ਮੇਰਾ ਨਾਂ ਬੇਸ਼ੱਕ ਨਾ ਲਿਖਿਓ। ਆਪਣੀ ਤਾਂ 'ਗੁਪਤੀ ਸੇਵਾ' ਈ ਠੀਕ ਐ।" ਪਰ ਦੂਸਰੇ ਦਿਨ ਦੀਆਂ ਜਿਨ੍ਹਾਂ-ਜਿਨ੍ਹਾਂ ਅਖ਼ਬਾਰਾਂ ਵਿਚ ਉਹਦਾ ਨਾਮ ਨਹੀਂ ਸੀ ਛਪਿਆ ਹੁੰਦਾ। ਉਨ੍ਹਾਂ ਦੇ ਪੱਤਰਕਾਰਾਂ ਨੂੰ ਉਹ ਚੋਂਦੀਆਂ-ਚੋਂਦੀਆਂ ਗਾਲ੍ਹਾਂ ਕੱਢਦਾ।

ਪੰਜਾਬ ਦੇ ਕਈ ਇਲਾਕਿਆਂ ਵਿਚ ਆਏ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਸੀ। ਹੜ੍ਹ ਮਾਰੇ ਲੋਕਾਂ ਦੀਆਂ ਤਕਲੀਫਾਂ ਭਰੀਆਂ ਖ਼ਬਰਾਂ ਪੜ੍ਹ-ਪੜ੍ਹ ਕੇ ਰੋਜ਼ ਹੀ ਦਿਲ ਦੁਖੀ ਹੁੰਦਾ। ਦਰਿਆ ਦੇ ਬਿਲਕੁਲ ਨਾਲ ਵੱਸਦੇ ਇਕ ਪਿੰਡ ਰਹਿੰਦੇ ਮੇਰੇ ਜਾਣੂੰ ਦੇ ਮੁੰਡੇ ਦਾ ਫੋਨ ਆਇਆ। ਜਿਵੇਂ ਕਿਤੇ ਉਹਦੇ ਕੋਲੋਂ ਚਾਅ ਸਾਂਭੇ ਨਾ ਜਾਂਦੇ ਹੋਣ, ਉਹ ਲੁੱਡੀਆਂ ਪਾਉਣ ਵਾਂਗ ਕਹਿੰਦਾ, "ਚਾਚਾ ਜੀ, ਅੱਜ ਫਲਾਣੀ ਅਖ਼ਬਾਰ ਦਾ ਸਫਾ ਨੰਬਰ ਅੱਠ ਦੇਖਿਆ ਤੁਸੀਂ?" ਮੇਰੇ ਮੂੰਹੋਂ 'ਨਹੀਂ' ਸੁਣ ਕੇ ਉਸੇ ਉਤਸ਼ਾਹ ਨਾਲ ਬੋਲਿਆ, "ਇੰਟਰਨੈਟ 'ਤੇ ਅਖ਼ਬਾਰ ਖੋਲ੍ਹ ਕੇ ਦੇਖੋ... ਮੇਰੀ ਫੋਟੋ ਛਪੀ ਹੈ ਤੇ ਨਾਲੇ ਮੇਰਾ ਨਾਂ ਵੀ।" ਇੰਨਾ ਕਹਿ ਕੇ ਉਸਨੇ ਫੋਨ ਕੱਟ ਦਿੱਤਾ ਅਤੇ ਜਾਂਦਾ-ਜਾਂਦਾ 'ਸਫਾ ਅੱਠ' ਘਰੋੜ ਕੇ ਕਹਿ ਗਿਆ। ਮਤਾਂ ਕਿਤੇ ਮੈਂ ਉਸਦੀ ਫੋਟੋ ਦੇਖਣ ਤੋਂ ਵਾਂਝਾ ਹੀ ਨਾ ਰਹਿ ਜਾਵਾਂ।

ਇਹ ਮੁੰਡਾ ਖੇਡਾਂ ਦੇ ਨਾਲ-ਨਾਲ ਪੜ੍ਹਾਈ ਵਿਚੋਂ ਵੀ ਹਮੇਸ਼ਾ ਵਧੀਆ ਰਿਜ਼ਲਟ ਦਿਖਾਉਂਦਾ ਆ ਰਿਹਾ ਸੀ। ਮੈਂ ਚਾਈਂ-ਚਾਈਂ ਇਹ ਸੋਚਦੇ ਹੋਏ, ਉਹਦੇ ਦੱਸੇ ਅਨੁਸਾਰ ਅਖ਼ਬਾਰ ਖੋਲ੍ਹਣ ਲੱਗਾ ਕਿ ਜਾਂ ਤਾਂ ਉਸਨੇ ਕਿਸੇ ਗੇਮ ਵਿਚ ਮਾਅਰਕਾ ਮਾਰਿਆ ਹੋਵੇਗਾ ਜਾਂ ਫਿਰ ਕਿਸੇ ਇਮਤਿਹਾਨ 'ਚੋਂ ਕੋਈ ਚੰਗੀ ਮੱਲ ਮਾਰੀ ਹੋਵੇਗੀ। ਨੈਟ 'ਤੇ ਅਖ਼ਬਾਰ ਕੱਢਦਾ ਹੋਇਆ ਮੈਂ ਉਸਦੇ ਮਾਂ-ਬਾਪ ਨੂੰ ਵਧਾਈਆਂ ਦੇਣ ਲਈ, ਮਨ ਹੀ ਮਨ ਚੋਣਵੇਂ ਸ਼ਬਦਾਂ ਦੀ ਜੜ੍ਹਤ ਬਣਾਉਣ ਲੱਗਾ। ਸਫਾ ਨੰਬਰ ਅੱਠ 'ਤੇ ਛਪੀ ਫੋਟੋ ਗਹੁ ਨਾਲ ਦੇਖੀ, ਜਿਸ ਵਿਚ ਉਹ ਮੁੰਡਾ ਆਪਣੇ ਹੋਰ ਪਿੰਡ ਵਾਸੀਆਂ ਨਾਲ ਖੜ੍ਹਾ ਸੀ। ਫੋਟੋ ਵਿਚ ਸਾਫ ਦਿਖਾਈ ਦੇ ਰਿਹਾ ਸੀ ਕਿ ਦਰਿਆ ਦੇ ਠਾਠਾਂ ਮਾਰਦੇ ਪਾਣੀ ਨੇ ਪਿੰਡ ਦੇ ਪਾਸੇ ਨੂੰ ਢਾਹ ਲਾਈ ਹੋਈ ਹੈ। ਦੋ-ਤਿੰਨ ਭਾਰੇ ਸਫੈਦਿਆਂ ਦੇ ਦਰੱਖਤ ਢਾਹ ਕਾਰਨ ਲੁੜਕੇ ਹੋਏ ਦਿਖ ਰਹੇ ਸਨ। ਮੱਕੀ ਵਾਲੇ ਖੇਤ ਨੂੰ ਦਰਿਆ ਖੋਰੀ ਜਾ ਰਿਹਾ ਸੀ ਅਤੇ ਲੰਮੇ-ਲੰਮੇ ਟਾਂਡੇ ਪਾਣੀ ਵੱਲ ਨੂੰ ਝੁਕੇ ਹੋਏ ਸਨ। ਜ਼ਿਲੇ ਦੇ ਡੀ. ਸੀ. ਅਤੇ ਹੋਰ ਅਫ਼ਸਰਾਂ ਸਮੇਤ ਪਿੰਡ ਦੇ ਪੰਚਾਇਤੀ ਸੱਜਣ ਇਸ ਘਟਨਾ ਸਥਾਨ 'ਤੇ ਖੜ੍ਹ ਕੇ ਦਰਿਆ ਦੇ ਵਹਿਣ ਦਾ ਅੰਦਾਜ਼ਾ ਲਗਾ ਰਹੇ ਸਨ। ਇਨ੍ਹਾਂ ਪਿੰਡ ਵਾਸੀਆਂ ਵਿਚ ਉਹ ਮੁੰਡਾ ਵੀ ਖੜ੍ਹਾ ਸੀ। ਫੋਟੋ ਥੱਲੇ ਲਿਖੀ ਹੋਈ ਖ਼ਬਰ ਹੋਰ ਵੀ ਭਿਆਨਕ ਸੀ, ਜਿਸ ਵਿਚ ਕੰਟਰੋਲ ਰੂਮ ਵਲੋਂ ਦਰਿਆ ਦੇ ਨਾਲ ਵਸਦੇ ਪਿੰਡਾਂ ਨੂੰ ਚੌਵੀ ਘੰਟਿਆਂ 'ਚ ਸੁਰੱਖਿਅਤ ਥਾਂਵਾਂ 'ਤੇ ਚਲੇ ਜਾਣ ਦੀ ਚੇਤਾਵਨੀ ਸੀ। ਇਸ ਇਲਾਕੇ ਵਿਚ ਇੰਜਣ-ਬੋਟ ਤੇ ਟੈਂਟ ਵਗੈਰਾ ਜਲਦੀ ਪੁਚਾਉਣ ਲਈ ਡੀ. ਸੀ. ਦੇ ਆਦੇਸ਼ਾਂ ਬਾਰੇ ਵੀ ਲਿਖਿਆ ਹੋਇਆ ਸੀ। ਅਖ਼ੀਰ ਵਿਚ ਮੌਕੇ 'ਤੇ ਹਾਜ਼ਰ ਵਿਅਕਤੀਆਂ ਦੇ ਨਾਂ ਸਨ। ਮੇਰੇ ਮਨ ਵਿਚ, ਉਸ ਮੁੰਡੇ ਦੇ ਮਾਪਿਆਂ ਨੂੰ ਵਧਾਈਆਂ ਦੇਣ ਵਾਲੀਆਂ ਉਠੀਆਂ ਉਮੰਗਾਂ ਨੂੰ ਦਰਿਆ ਦਾ ਤੇਜ਼ ਪਾਣੀ ਨਾਲ ਹੀ ਰੋੜ੍ਹ ਕੇ ਲੈ ਗਿਆ।

ਜਿਸ ਭੈਣ ਦਾ ਸੁੱਖਾਂ ਲੱਧਾ ਵੀਰ ਸਿਰ 'ਤੇ ਕਲਗੀ ਸਿਹਰੇ ਸਜਾ ਕੇ ਘੋੜੀ ਚੜ੍ਹਿਆ ਹੋਵੇ, ਉਹ ਤਾਂ ਇਹ ਸਤਰਾਂ ਗੁਣਗਣਾਂਦੀ ਚੰਗੀ ਲੱਗਦੀ ਹੈ, "ਮੈਨੂੰ ਦਿਓ ਵਧਾਈਆਂ ਜੀ, ਮੇਰਾ ਵੀਰ ਵਿਆਹੁਣ ਚੱਲਿਆ", ਲੇਕਿਨ ਜੇ ਕੋਈ ਬੁੱਢ ਵਲੇਟ ਕਹੇ ਕਿ ਮੈਨੂੰ ਅਹੁਦਾ ਮਿਲਣ ਦੀਆਂ ਵਧਾਈਆਂ ਦਿਓ, ਉਹ ਵੀ ਅਖ਼ਬਾਰਾਂ ਰਾਹੀਂ, ਹੋਇਆ ਨਾ ਖਬਰਾਂ ਵਿਚ ਆਪਣਾ ਨਾਮ ਦੇਖਣ ਦਾ ਖ਼ਬਤ।

ਵਿਦੇਸ਼ 'ਚ ਰਹਿੰਦੇ ਆਪਣੇ ਮਿੱਤਰ ਨੂੰ, ਦੇਸ਼ ਤੋਂ ਇਕ ਬੁੱਢੜੇ ਸਿਆਸੀ ਆਗੂ ਦਾ ਸੁਨੇਹਾ ਆਇਆ ਕਿ ਮੈਨੂੰ ਫਲਾਣਾ ਅਹੁਦਾ ਮਿਲ ਗਿਆ ਹੈ। ਇਸੇ ਖੁਸ਼ੀ ਵਿਚ 'ਬਾਹਰਲੇ ਮਿੱਤਰਾਂ' ਵਲੋਂ ਵਧਾਈਆਂ ਦੀ 'ਖ਼ਬਰ' ਲਵਾ ਦਿਓ। ਨਾਲ ਹੀ ਉਸਨੇ ਆਪਣੇ ਦੋ-ਚਾਰ ਪਰਵਾਸੀ ਮਿੱਤਰਾਂ ਦੇ ਨਾਂ ਗਿਣਾ ਦਿੱਤੇ, ਉਸ ਖ਼ਬਰ ਵਿਚ ਸ਼ਾਮਲ ਕਰਨ ਲਈ। ਮਿੱਤਰ ਨੇ 'ਕਨਫਰਮ' ਕਰਨ ਵਜੋਂ ਦੱਸੇ ਗਏ ਦੋਸਤਾਂ ਨੂੰ ਫੋਨ ਕੀਤੇ। ਉਨ੍ਹਾਂ ਭੱਦਰਪੁਰਸ਼ਾਂ ਨੂੰ ਇੰਨੀ ਖੁਸ਼ੀ ਦੇਸ਼ ਰਹਿੰਦੇ ਦੋਸਤ ਨੂੰ ਅਹੁਦਾ ਮਿਲਣ ਦੀ ਨਹੀਂ ਹੋਈ, ਜਿੰਨਾ ਚਾਅ ਅਖ਼ਬਾਰ ਵਿਚ ਨਾਂ ਛਪਣ ਦਾ ਮੌਕਾ ਮਿਲਣ ਦਾ ਚੜ੍ਹਿਆ। ਸ਼ੁਭ ਮੌਕੇ ਦਾ ਲਾਹਾ ਲੈਂਦਿਆਂ ਉਨ੍ਹਾਂ ਆਪਣੇ ਨਾਂਵਾਂ ਦੇ ਨਾਲ ਸੱਤ-ਅੱਠ ਨਾਂ ਹੋਰ ਲਿਖਾ ਦਿੱਤੇ। ਜਦੋਂ ਇਹ ਵਧਾਈਆਂ ਵਾਲੀ ਖ਼ਬਰ ਛਾਪਣ ਹਿਤ, ਸੰਬੰਧਤ ਅਖ਼ਬਾਰ ਦੇ ਰਿਪੋਰਟਰ ਨੂੰ ਭੇਜੀ, ਉਹ ਇਵੇਂ ਚਹਿਕਿਆ, ਜਿਵੇਂ ਕਿਤੇ ਉਹ ਇਸੇ ਭਾਗ ਭਰੀ ਖ਼ਬਰ ਨੂੰ ਉਡੀਕ ਰਿਹਾ ਹੁੰਦਾ ਹੈ। ਉਸਨੇ ਆਪਣੇ ਪਾਸ ਰੱਖੀ ਖ਼ਬਰਾਂ ਵਿਚ ਨਾਂ ਛਪਵਾਉਣ ਦੇ ਚਾਹਵਾਨ ਲੋਕਾਂ ਦੀ 'ਵੇਟਿੰਗ ਲਿਸਟ' ਵਿਚੋਂ ਛੇ-ਸੱਤ ਨਾਂ ਇਸ ਖ਼ਬਰ ਵਿਚ ਹੋਰ ਫਿੱਟ ਕਰ ਦਿੱਤੇ। ਬਣ ਗਿਆ ਬਾਤ ਦਾ ਬਤੰਗੜ।

ਉਮੀਦ ਹੈ, ਪਾਠਕਾਂ ਨੂੰ ਗਜ-ਗਜ ਲੰਬੀਆਂ ਉਨ੍ਹਾਂ ਖ਼ਬਰਾਂ ਦੀ 'ਪੈਦਾਇਸ਼' ਦਾ ਇਲਮ ਹੋ ਗਿਆ ਹੋਵੇਗਾ, ਜਿਨ੍ਹਾਂ ਵਿਚ 'ਖ਼ਬਰ' ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ, ਪਰ ਇਨ੍ਹਾਂ ਵਿਚ ਨਾਂ ਇੰਨੇ ਲਿਖੇ ਹੁੰਦੇ ਹਨ, ਜਿਵੇਂ ਬੇਰੁਜ਼ਗਾਰਾਂ ਦੀ ਲਿਸਟ ਬਣਾਈ ਹੋਈ ਹੋਵੇ।

# ਖਬਰਾਂ 'ਚ ਰਹਿਣ ਦਾ ਇਹ ਵੀ ਹੈ ਇਕ ਹਥਿਆਰ

ਪੰਜਾਬ ਟਾਈਮਜ਼ ਫੀਚਰਜ਼

ਸਾਡਾ ਆਜ਼ਾਦੀ ਦਿਹਾੜਾ ਇਸ ਸਾਲ ਅਤਿਵਾਦੀਆਂ, ਮਾਓਵਾਦੀਆਂ ਤੇ ਹੋਰ ਬਾਗੀ ਅਨਸਰਾਂ ਵਲੋਂ ਗੜਬੜ ਕੀਤੇ ਜਾਣ ਦੇ ਖਦਸ਼ਿਆਂ ਨੂੰ ਦੇਖਦਿਆਂ ਦੇਸ਼ ਭਰ 'ਚ ਪੁਲਿਸ ਅਤੇ ਸੁਰੱਖਿਆ ਬਲਾਂ ਦੇ 'ਅਲਰਟ' ਦਰਮਿਆਨ ਸ਼ਾਂਤੀਪੂਰਵਕ ਸੰਪੰਨ ਹੋ ਗਿਆ। ਆਜ਼ਾਦੀ ਦਿਵਸ ਸਮਾਰੋਹ 'ਚ ਸਖਤ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਸ੍ਰੀਨਗਰ ਦੇ ਬਖਸ਼ੀ ਸਟੇਡੀਅਮ 'ਚ ਸਮਾਗਮ ਦੌਰਾਨ ਇਕ ਮੁਅੱਤਲ ਏ.ਐਸ.ਆਈ. ਅਬਦੁਲ ਅਹਿਦ ਜਾਨ ਵਲੋਂ ਮੁੱਖ ਮੰਤਰੀ ਉਮਰ ਅਬਦੁੱਲਾ 'ਤੇ ਜੁੱਤੀ ਸੁੱਟਣ ਦੀ ਘਟਨਾ ਨੇ ਸਾਰੇ ਦੇਸ਼ ਨੂੰ ਹੈਰਾਨ ਕਰ ਦਿੱਤਾ ਹੈ ਪਰ ਪਿੱਛਿਓਂ ਸੁੱਟੀ ਗਈ ਇਹ ਜੁੱਤੀ ਉਮਰ ਨੂੰ ਨਹੀਂ ਲੱਗੀ।

ਅਬਦੁੱਲ ਅਹਿਦ ਜਾਨ ਨੇ ਪੁਛਗਿਛ ਦੌਰਾਨ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਵਿਰੋਧੀ ਧਿਰ ਦੇ ਇਕ ਨੇਤਾ ਨੇ ਮੁੱਖ ਮੰਤਰੀ 'ਤੇ ਜੁੱਤੀ ਸੁੱਟਣ ਲਈ ਉਕਸਾਇਆ ਸੀ। ਸੁਰੱਖਿਆ 'ਚ ਹੋਈ ਇਸ ਭੁੱਲ ਲਈ 4 ਪੁਲਿਸ ਅਧਿਕਾਰੀਆਂ ਤੇ 11 ਹੋਰ ਜਵਾਨਾਂ ਨੂੰ ਮੁਅੱਤਲ ਕੀਤਾ ਗਿਆ ਹੈ ਅਤੇ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਆਪਣੇ 'ਤੇ ਜੁੱਤੀ ਸੁੱਟੇ ਜਾਣ 'ਤੇ ਉਮਰ ਨੇ ਇਹ ਕਹਿ ਕੇ ਮਾਹੌਲ ਨੂੰ ਹਲਕਾ ਕਰਨਾ ਦੀ ਕੋਸ਼ਿਸ਼ ਕੀਤੀ, "ਕਸ਼ਮੀਰ ਵਿਚ ਭੀੜ 'ਚੋਂ ਜੇ ਕੋਈ ਮੇਰੇ 'ਤੇ ਜੁੱਤੀ ਸੁੱਟਦਾ ਹੈ ਤਾਂ ਇਹ ਬਿਹਤਰ ਸੰਕੇਤ ਹੈ, ਕਿਉਂਕਿ ਗੁੱਸੇ 'ਚ ਆਏ ਵਿਅਕਤੀ ਦੇ ਹੱਥ ਵਿਚ ਪੱਥਰ ਤਾਂ ਨਹੀਂ ਹੈ।"

ਕਿਸੇ ਸਿਆਸੀ ਆਗੂ ਵਿਰੁਧ ਰੋਸ ਪ੍ਰਗਟਾਉਣ ਲਈ ਲੋਕਾਂ ਵਲੋਂ ਉਸ ਵਿਰੁਧ ਹਾਏ-ਹਾਏ, ਨਾਅਰੇਬਾਜ਼ੀ ਕਰਨ, ਕਾਲੇ ਝੰਡੇ ਦਿਖਾਉਣ, ਪੁਤਲੇ ਸਾੜਨ ਆਦਿ ਦੀਆਂ ਘਟਨਾਵਾਂ ਤਾਂ ਹੁੰਦੀਆਂ ਰਹਿੰਦੀਆਂ ਹਨ ਪਰ ਕਿਸੇ ਨੇਤਾ 'ਤੇ ਸਿੱਧਾ ਹਮਲਾ ਕਰਨ ਦੀ ਘਟਨਾ ਸਾਬਕਾ ਮੰਤਰੀ ਅਰੁਣ ਸ਼ੋਰੀ ਦੀ ਇਕ ਕਿਤਾਬ 'ਤੇ ਰੋਸ ਪ੍ਰਗਟਾਉਂਦਿਆਂ ਉਨ੍ਹਾਂ ਦੇ ਮੂੰਹ 'ਤੇ ਨਾਰਾਜ਼ ਲੋਕਾਂ ਵਲੋਂ ਕਾਲਖ ਮਲਣ ਦੀ ਹੋਈ ਸੀ ਪਰ ਇਹ ਤਰੀਕਾ ਜ਼ਿਆਦਾ ਨਹੀਂ ਚਲ ਸਕਿਆ। ਹੁਣ ਨਾਰਾਜ਼ ਲੋਕਾਂ ਨੇ ਰਾਜਨੇਤਾਵਾਂ 'ਤੇ ਜੁੱਤੀਆਂ ਸੁੱਟ ਕੇ ਰੋਸ ਮੁਜ਼ਾਹਰਾ ਕਰਨ ਦਾ ਹੀ ਤਰੀਕਾ ਅਪਨਾ ਲਿਆ ਹੈ। ਇਸ ਦੀ ਸ਼ੁਰੂਆਤ 14 ਦਸੰਬਰ 2008 ਨੂੰ ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ 'ਤੇ ਬਗਦਾਦ 'ਚ ਇਕ ਪ੍ਰੈਸ ਕਾਨਫਰੰਸ ਦੌਰਾਨ ਇਰਾਕੀ ਪੱਤਰਕਾਰ ਮੁੰਤਜ਼ਰ ਅਲ ਜ਼ੈਦੀ ਨੇ ਜੁੱਤੀ ਸੁੱਟ ਕੇ ਕੀਤੀ ਸੀ।

2 ਫਰਵਰੀ 2009 ਨੂੰ ਕੈਂਬ੍ਰਿਜ ਵਿਚ ਭਾਸ਼ਣ ਦੇ ਰਹੇ ਚੀਨੀ ਪ੍ਰਧਾਨ ਮੰਤਰੀ ਵੇਨ ਜ਼ਿਆਬਾਓ 'ਤੇ ਇਕ ਵਿਦਿਆਰਥੀ ਨੇ ਜੁੱਤੀ ਸੁੱਟੀ। 7 ਅਪਰੈਲ 2009 ਨੂੰ ਨਵੀਂ ਦਿੱਲੀ 'ਚ ਇਕ ਪ੍ਰੈਸ ਕਾਨਫਰੰਸ 'ਚ ਇਕ ਪੱਤਰਕਾਰ ਜਰਨੈਲ ਸਿੰਘ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ 'ਤੇ ਜੁੱਤੀ ਸੁੱਟੀ ਸੀ।

16 ਅਪਰੈਲ 2009 ਨੂੰ ਮੱਧ ਪ੍ਰਦੇਸ਼ ਵਿਚ ਕਟਨੀ ਦੀ ਚੋਣ ਰੈਲੀ 'ਚ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ 'ਤੇ ਇਕ ਭਾਜਪਾ ਵਰਕਰ ਨੇ ਖੜਾਓਂ ਸੁੱਟੀ। 28 ਅਪਰੈਲ 2009 ਨੂੰ ਅਹਿਮਦਾਬਾਦ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਇਕ ਚੋਣ ਰੈਲੀ 'ਚ ਇਕ ਨੌਜਵਾਨ ਇੰਜੀਨੀਅਰ ਨੇ ਮੰਚ ਵਲ ਜੁੱਤੀ ਸੁੱਟੀ। ਉਨ੍ਹੀਂ ਦਿਨੀਂ ਹੀ ਕੁਰੂਕਸ਼ੇਤਰ 'ਚ ਸੰਸਦ ਮੈਂਬਰ ਨਵੀਨ ਜਿੰਦਲ 'ਤੇ ਇਕ ਸਾਬਕਾ ਅਧਿਆਪਕ ਨੇ ਵੀ ਜੁੱਤੀ ਸੁੱਟੀ ਸੀ। 4 ਨਵੰਬਰ 2009 ਨੂੰ ਆਸਟ੍ਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ ਜਾਨ ਹਾਵਰਡ 'ਤੇ ਵੀ ਕੈਂਬ੍ਰਿਜ ਯੂਨੀਵਰਸਿਟੀ 'ਚ ਭਾਸ਼ਣ ਦਿੰਦਿਆਂ ਇਕ ਨਾਰਾਜ਼ ਵਿਦਿਆਰਥੀ ਨੇ ਜੁੱਤੀ ਸੁੱਟੀ, ਜਿਸ ਨੂੰ ਉਥੇ ਤਾਇਨਾਤ ਇਕ ਸੁਰੱਖਿਆ ਅਧਿਕਾਰੀ ਨੇ ਰਾਹ 'ਚ ਹੀ ਬੋਚ ਲਿਆ ਸੀ।

20 ਨਵੰਬਰ 2009 ਨੂੰ ਸਰਬੀਅਨ ਪਾਰਲੀਮੈਂਟ ਦੇ ਡਿਪਟੀ ਸਪੀਕਰ 'ਤੇ ਰੈਡੀਕਲ ਪਾਰਟੀ ਦੀ ਸੰਸਦ ਮੈਂਬਰ ਗੋਰਡਿਨਾ ਪੋਪਲੋਸੀਓ ਨੇ ਆਪਣੀਆਂ ਦੋਵੇਂ ਜੁੱਤੀਆਂ ਇਕ-ਇਕ ਕਰਕੇ ਸੁੱਟੀਆਂ। ਇਸ ਸੰਸਦ ਮੈਂਬਰ ਨੂੰ 500 ਡਾਲਰ ਜੁਰਮਾਨਾ ਦੇਣ ਦੇ ਨਾਲ ਹੀ ਮੁਆਫੀ ਵੀ ਮੰਗਣੀ ਪਈ। 13 ਸਤੰਬਰ 2009 ਨੂੰ ਇਟਲੀ ਦੇ ਪ੍ਰਧਾਨ ਮੰਤਰੀ ਬਰਲੁਸਕੋਨੀ 'ਤੇ ਮਿਲਾਨ 'ਚ ਇਕ ਰੈਲੀ ਦੌਰਾਨ ਇਕ ਹਮਲਾਵਰ ਨੇ ਜੁੱਤੀ ਸੁੱਟ ਕੇ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ ਸੀ।

8 ਅਗਸਤ ਨੂੰ ਬ੍ਰਿਟੇਨ ਦੇ ਬਰਮਿੰਘਮ 'ਚ ਪਾਕਿਸਤਾਨ ਪੀਪਲਜ਼ ਪਾਰਟੀ ਦੀ ਰੈਲੀ ਨੂੰ ਸੰਬੋਧਨ ਕਰਦੇ ਸਮੇਂ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ 'ਤੇ ਇਕ ਬੁੱਢੇ ਪਾਕਿਸਤਾਨੀ ਮੁਹੰਮਦ ਸ਼ਮੀਮ ਖਾਨ ਨੇ ਨਾਰਾਜ਼ਗੀ ਪ੍ਰਗਟਾਉਂਦਿਆਂ ਜੁੱਤੀ ਸੁੱਟੀ। ਤੇ ਹੁਣ 15 ਅਗਸਤ ਨੂੰ ਸ੍ਰੀਨਗਰ ਵਿਚ ਉਮਰ ਅਬਦੁੱਲਾ ਵੀ ਉਨ੍ਹਾਂ ਨੇਤਾਵਾਂ ਦੀ ਸ਼੍ਰੇਣੀ 'ਚ ਆ ਗਏ, ਜਿਨ੍ਹਾਂ ਵਲ ਜੁੱਤੀ ਸੁੱਟੀ ਗਈ। ਇਨ੍ਹਾਂ ਜੁੱਤੀ ਕਾਂਡਾਂ ਨੇ ਕਈ ਨਵੇਂ ਸਵਾਲ ਖੜ੍ਹੇ ਕੀਤੇ ਹਨ:

*ਨੇਤਾਵਾਂ 'ਤੇ ਜੋ ਵੀ ਜੁੱਤੀਆਂ ਸੁੱਟੀਆਂ ਗਈਆਂ, ਉਨ੍ਹਾਂ 'ਚੋਂ ਨਿਸ਼ਾਨੇ 'ਤੇ ਕੋਈ ਵੀ ਕਿਉਂ ਨਹੀਂ ਲੱਗੀ? ਕੀ ਜੁੱਤੀ ਸੁੱਟਣ ਵਾਲੇ ਦਾ ਨਿਸ਼ਾਨਾ ਕਮਜ਼ੋਰ ਸੀ ਜਾਂ ਉਨ੍ਹਾਂ ਨੇ ਜਾਣ-ਬੁੱਝ ਕੇ ਇਸ ਤਰ੍ਹਾਂ ਸੁੱਟੀ ਕਿ ਉਹ ਨੇਤਾ ਨੂੰ ਨਾ ਲੱਗੇ ਪਰ ਉਨ੍ਹਾਂ ਦਾ ਨਾਰਾਜ਼ਗੀ ਪ੍ਰਗਟਾਉਣ ਅਤੇ ਕੌਮੀ ਤੇ ਕੌਮਾਂਤਰੀ ਪ੍ਰਚਾਰ ਖੱਟਣ ਦਾ ਟੀਚਾ ਪੂਰਾ ਹੋ ਜਾਵੇ?

*ਕੀ ਇਹ ਜੁੱਤੀ ਸੁੱਟਣ ਵਾਲੇ ਆਪਣੇ ਨਾਲ ਵੱਖਰੀ ਜੁੱਤੀ ਲਿਆਏ ਸਨ ਕਿਉਂਕਿ ਪੈਰ ਦੀ ਇਕ ਜੁੱਤੀ ਸੁੱਟਣ 'ਤੇ ਉਨ੍ਹਾਂ ਨੂੰ ਨੰਗੇ ਪੈਰੀਂ ਵਾਪਸ ਜਾਣਾ ਪੈਂਦਾ? ਇਸ ਦੇ ਨਾਲ ਹੀ ਕੀ ਉਹ ਨੇਤਾਵਾਂ 'ਤੇ ਸੁੱਟਣ ਲਈ ਨਵੀਂ ਜੁੱਤੀ ਖਰੀਦ ਕੇ ਲਿਆਏ ਸਨ ਤਾਂ ਕਿ ਉਨ੍ਹਾਂ ਨੂੰ ਲੋਕ ਇਹ ਨਾ ਕਹਿ ਸਕਣ ਕਿ ਉਹ ਕਿੰਨੀ ਗੰਦੀ ਜੁੱਤੀ ਪਹਿਨ ਕੇ ਆਇਆ ਸੀ?

*ਹੁਣ ਤਕ ਨੇਤਾਵਾਂ 'ਤੇ ਸਾਹਮਣਿਓਂ ਹੀ ਜੁੱਤੀਆਂ ਸੁੱਟੀਆਂ ਜਾਂਦੀਆਂ ਸਨ ਪਰ ਉਮਰ ਦੀ ਰੈਲੀ ਤੋਂ ਪਿੱਛਿਓਂ ਜੁੱਤੀ ਸੁੱਟਣ ਦਾ ਨਵਾਂ ਸਿਲਸਿਲਾ ਸ਼ੁਰੂ ਹੋ ਗਿਆ। ਇਸ ਲਈ ਹੁਣ ਨੇਤਾਵਾਂ ਦੀ ਸੁਰੱਖਿਆ ਲਈ ਮੰਚ 'ਤੇ ਅੱਗੇ-ਪਿੱਛੇ ਦੋਵੇਂ ਪਾਸਿਓਂ ਸੁਰੱਖਿਆ ਕਵਚ ਲਗਾਉਣੇ ਪੈਣਗੇ।


*ਸੁਰੱਖਿਆ ਪ੍ਰਬੰਧਾਂ ਲਈ ਚੌਕਸੀ ਵਜੋਂ ਹਥਿਆਰਾਂ, ਬੰਬਾਂ ਆਦਿ ਦਾ ਪਤਾ ਲਗਾਉਣ ਲਈ ਮੈਟਲ ਡਿਟੈਕਟਰ, ਸਕੈਨਿੰਗ ਤੇ ਤਲਾਸ਼ੀ ਦਾ ਪ੍ਰਬੰਧ ਹੁੰਦਾ ਹੈ। ਹੁਣ ਸ਼ਾਇਦ ਵਿਗਿਆਨੀਆਂ ਨੂੰ ਜੁੱਤੀ ਡਿਟੈਕਟਰ ਵੀ ਇਜਾਦ ਕਰਨਾ ਪਵੇ ਜਿਸ ਨਾਲ ਪਤਾ ਲਗਾਇਆ ਜਾ ਸਕੇ ਕਿ ਕੋਈ ਆਦਮੀ ਮੁੱਖ ਮਹਿਮਾਨ, ਰਾਜਨੇਤਾ 'ਤੇ ਜੁੱਤੀ ਸੁੱਟ ਸਕਦਾ ਹੈ।


ਇਹ ਜ਼ਰੂਰ ਹੈ ਕਿ ਇਨ੍ਹਾਂ ਜੁੱਤੀ ਸੁੱਟਣ ਵਾਲਿਆਂ 'ਚੋਂ ਸਾਰੇ ਫੜੇ ਗਏ ਅਤੇ ਉਨ੍ਹਾਂ ਦੀ ਸੁੱਰਖਿਆ ਮੁਲਾਜ਼ਮਾਂ ਨੇ ਪਿਟਾਈ ਵੀ ਕੀਤੀ।

ਉਨ੍ਹਾਂ ਨੇ ਵਿਰੋਧ ਪ੍ਰਗਟਾਉਣ ਦਾ ਇਹ ਤਰੀਕਾ ਸ਼ਾਇਦ ਉਦੋਂ ਹੀ ਅਪਨਾਇਆ, ਜਦੋਂ ਉਨ੍ਹਾਂ ਨੇ ਦੇਖਿਆ ਕਿ ਬਾਕੀ ਤਰੀਕੇ ਕਾਰਗਰ ਸਿੱਧ ਨਹੀਂ ਹੋ ਰਹੇ। ਇਸ ਨਾਲ ਹੋਰ ਕੁਝ ਨਾ ਸਹੀ, ਉਨ੍ਹਾਂ ਨੂੰ ਕੁਝ ਮਿੰਟਾਂ ਦੀ ਕੌਮੀ ਤੇ ਕੌਮਾਂਤਰੀ ਪ੍ਰਸਿੱਧੀ ਤਾਂ ਮਿਲ ਹੀ ਜਾਂਦੀ ਹੈ।

ਭਾਰਤੀ ਇਨਕਲਾਬੀ ਆਜ਼ਾਦੀ ਲਹਿਰ ਦੇ ਤਿੰਨ ਸੁੱਚੇ ਮੋਤੀ
ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਅਤੇ ਸ਼ਹੀਦ ਊਧਮ ਸਿੰਘ
ਨੂੰ ਸਮਰਪਿਤ

# ਗਦਰੀ ਬਾਬਿਆਂ ਦਾ ਮੇਲਾ







## 29 ਅਗਸਤ, 2010 (ਐਤਵਾਰ)

ਦੁਪਹਿਰ 1 ਵਜੇ ਤੋਂ ਸ਼ਾਮ 6 ਵਜੇ ਤੱਕ

ਸਥਾਨ: ਫਰਿਜ਼ਨੋ ਫੇਅਰ ਗਰਾਊਂਡ (ਇੰਡਸਟਰੀ ਕਾਮਰਸ ਬਿਲਡਿੰਗ)
1121 S. Chance Ave, Fresno, CA

**Directions: From Northbound 99**
Exit on Chestnut Ave, go North on Chestnut Ave, turn left on Kings Canyon Road, turn left on Chance Ave.
**Directions: From Southbound 99**
Exit on Ventura Ave, make left on Ventura, Ventura will become Kings Canyon Road. Turn right on Chance Ave.



ਮੁੱਖ ਮਹਿਮਾਨ
ਸਿੱਧੂ ਦਮਦਮੀ
*(ਸੀ ਈ ਓ-ਜੀ ਪੰਜਾਬ ਸਾਡਾ ਚੈਨਲ, ਸਾਬਕਾ ਸੰਪਾਦਕ ਪੰਜਾਬੀ ਟ੍ਰਿਬਿਊਨ)*

ਜਿਊਂਦੀਆਂ-ਜਾਗਦੀਆਂ ਕੌਮਾਂ ਆਪਣੇ ਮਹਾਨ ਸੂਰਬੀਰ ਯੋਧਿਆਂ-ਆਜ਼ਾਦੀ ਪਰਵਾਨਿਆਂ ਨੂੰ ਹਮੇਸ਼ਾ ਯਾਦ ਕਰਦੀਆਂ ਹਨ। ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦੀਆਂ ਹਨ। ਉਨ੍ਹਾਂ ਦੇ ਦਿਨ ਮਨਾਉਂਦੀਆਂ ਹਨ ਅਤੇ ਉਨ੍ਹਾਂ ਦੀ ਯਾਦ ਵਿਚ ਮੇਲੇ ਲਾਉਂਦੀਆਂ ਹਨ ਤਾਂ ਕਿ ਆਉਣ ਵਾਲੀ ਨੌਜਵਾਨ ਪੀੜ੍ਹੀ ਜਿਸ ਨੇ ਇਹ ਗੌਰਵਮਈ ਵਿਰਸਾ ਸੰਭਾਲਣਾ ਹੈ, ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਲੈ ਕੇ ਇਕ ਉਸਾਰੂ ਸੋਚ ਗ੍ਰਹਿਣ ਕਰ ਸਕੇ। ਇਕ ਨਰੋਏ ਸਵੱਛ ਸਮਾਜ ਦੀ ਉਸਾਰੀ ਵਿਚ ਅਹਿਮ ਰੋਲ ਅਦਾ ਕਰ ਸਕੇ। ਇਸ ਵੇਲੇ ਸਭਿਆਚਾਰ ਦੇ ਨਾਂ ਹੇਠ ਗੰਧਲੀ ਤੇ ਨਖਿਧ ਸੋਚ ਵਾਲੇ ਲੋਕ ਸਭਿਆਚਾਰਕ ਪ੍ਰਦੂਸ਼ਣ ਫੈਲਾ ਰਹੇ ਹਨ। ਨੌਜਵਾਨ ਪੀੜ੍ਹੀ ਉਨ੍ਹਾਂ ਲੋਕਾਂ ਦੀ ਪਹਿਚਾਣ ਕਰੇ ਅਤੇ ਉਨ੍ਹਾਂ ਨੂੰ ਪਛਾੜੇ ਵੀ।

ਇੰਡੋ-ਯੂ-ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਦੀ ਇਹ ਸਮਝ ਹੈ ਕਿ ਸਾਡੇ ਮਹਾਨ ਪੁਰਖਿਆਂ ਦੀ ਉਸਾਰੂ ਜਾਗਰੂਕ ਸੋਚ ਦਾ ਚਾਨਣ ਹਰ ਬੂਹੇ 'ਤੇ ਦਸਤਕ ਦੇਵੇ। ਇਸੇ ਲਈ ਇਹ ਸੰਸਥਾ ਮਹਾਨ ਗਦਰੀ ਬਾਬਿਆਂ ਦੀ ਸੋਚ 'ਤੇ ਪਹਿਰਾ ਦਿੰਦੀ ਹੋਈ ਹਰ ਸਾਲ ਉਨ੍ਹਾਂ ਦੀ ਯਾਦ ਵਿਚ ਤੁਹਾਡੇ ਸਹਿਯੋਗ ਨਾਲ ਇਕ ਵਿਸ਼ਾਲ ਮੇਲਾ ਮਨਾਉਂਦੀ ਹੈ। ਅਸੀਂ ਇਸ ਵਾਰ ਵੀ ਤੁਹਾਡੀ ਭਰਵੀਂ ਹਾਜ਼ਰੀ ਤੇ ਸਹਿਯੋਗ ਦੀ ਬਹੁਤ ਬਹੁਤ ਆਸ ਕਰਦੇ ਹਾਂ। ਆਓ ਇਹ ਸਾਂਝਾ ਕਾਰਜ ਰਲ ਕੇ ਕਰੀਏ ਤੇ ਮਨਾਈਏ।

### ਪ੍ਰੋਗਰਾਮ ਦਾ ਵੇਰਵਾ

* ਨਾਟਕ, ਸਕਿੱਟ, ਉਪੇਰਾ, ਕੋਰੀਓਗ੍ਰਾਫੀ
* ਕਵੀਸ਼ਰੀ, ਗਿੱਧਾ, ਭੰਗੜਾ, ਮਲਵਈ ਗਿੱਧਾ
* 4.0 ਤੇ ਵੱਧ GPA ਵਾਲੇ ਬੱਚਿਆਂ ਨੂੰ ਨਕਦ ਇਨਾਮ
* ਬੱਚਿਆਂ ਦੀਆਂ ਦਿਲਕਸ਼ ਆਈਟਮਾਂ
* ਫੋਟੋ ਪ੍ਰਦਰਸ਼ਨੀ, ਚਾਹ-ਪਾਣੀ ਤੇ ਲੰਗਰ ਦਾ ਪ੍ਰਬੰਧ
* ਸੰਸਥਾ ਦਾ ਮੈਗਜ਼ੀਨ ਮੁਫਤ ਵੰਡਿਆ ਜਾਵੇਗਾ
* ਮੁਫਤ ਡਾਕਟਰੀ ਕੈਂਪ
  *(ਡਾ. ਗੁਰਦਾਵਰ ਸਿੰਘ ਧਾਲੀਵਾਲ)*





ਲੋਕ ਗਾਇਕ ਮੁਹੰਮਦ ਸਦੀਕ ਤੇ ਸੁਖਜੀਤ ਕੌਰ, ਧਰਮਵੀਰ ਥਾਂਦੀ, ਪ੍ਰੀਤਮ ਸੋਹੀ ਅਤੇ ਰਾਜ ਬਰਾੜ ਸਰੋਤਿਆਂ ਦਾ ਮਨੋਰੰਜਨ ਕਰਨਗੇ

**ਪ੍ਰਬੰਧਕ ਕਮੇਟੀ:** ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ (ਪ੍ਰਧਾਨ), ਸਾਧੂ ਸਿੰਘ ਸੰਘਾ (ਮੀਤ ਪ੍ਰਧਾਨ), ਸੰਤੋਖ ਸਿੰਘ ਮਿਨਹਾਸ (ਜਨਰਲ ਸਕੱਤਰ), ਪਾਲ ਧਾਲੀਵਾਲ (ਸਹਾਇਕ ਸਕੱਤਰ), ਰਜਿੰਦਰ ਬਰਾੜ ਵੈਰੋਕੇ (ਵਿੱਤ ਸਕੱਤਰ), ਰਣਜੀਤ ਸਿੰਘ ਗਿੱਲ (ਵਿੱਤ ਸਕੱਤਰ), ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਨਿਰਮਲ ਸਿੰਘ ਗਿੱਲ, ਗੁਰਨੇਕ ਸਿੰਘ ਰਾਏ, ਅਜੀਤਪਾਲ ਸਿੰਘ ਢਿੱਲੋਂ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਬਿਕਰਮ ਸਿੰਘ ਕਾਹਲੋਂ, ਪੁਸ਼ਪਿੰਦਰ ਕੁਮਾਰ।

ਹੋਰ ਜਾਣਕਾਰੀ ਲਈ ਸੰਪਰਕ ਕਰੋ

559-707-2270, 559-283-6376, 559-457-8552, 559-942-6999

## ਇੰਡੋ-ਯੂ-ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ

# ਗੁੰਮ ਨੌਜਵਾਨ ਦਾ ਪਿੰਜਰ ਦਰਖਤ ਨਾਲ ਲਟਕਦਾ ਮਿਲਿਆ

**ਬੇਕਰਜ਼ਫੀਲਡ (ਮਨਦੀਪ ਮਾਨ):** ਪਿਛਲੇ 10 ਮਹੀਨਿਆਂ ਤੋਂ ਗੁੰਮ ਇਥੋਂ ਦੇ ਨੌਜਵਾਨ ਰਣਜੀਤ ਸਿੰਘ ਬੈਨੀਪਾਲ ਦਾ ਪਿੰਜਰ ਹਾਈਵੇ 155 ਦੇ ਨਾਲ ਪੈਂਦੇ ਜੰਗਲਾਂ ਵਿਚੋਂ ਮਿਲਿਆ ਹੈ। ਇਕ ਮੈਕਸਿਕਨ ਚਰਵਾਹੇ ਨੇ ਜਦੋਂ ਦਰਖਤ ਨਾਲ ਲਟਕਦੀ ਕੋਈ ਚੀਜ਼ ਵੇਖੀ ਤਾਂ ਉਸ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਿਸ 'ਤੇ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ



*ਰਣਜੀਤ ਸਿੰਘ ਬੈਨੀਪਾਲ*

ਪਿੰਜਰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਲਾਸ਼ ਦੀ ਪਹਿਚਾਣ ਲਈ ਡੀ ਐਨ ਏ ਟੈਸਟ ਲਈ ਭੇਜ ਦਿੱਤਾ।

ਪੁਲਿਸ ਸੂਤਰਾਂ ਅਨੁਸਾਰ ਜਦੋਂ ਰਿਕਾਰਡ ਦੀ ਪੜਤਾਲ ਕੀਤੀ ਗਈ ਤਾਂ ਪਿੰਜਰ ਦੇ ਡੀ ਐਨ ਏ ਨਮੂਨੇ ਡੀ ਯੂ ਆਈ (ਨਸ਼ੇ ਅਧੀਨ ਗੱਡੀ ਚਲਾਉਣਾ) ਦੇ ਕੇਸ ਵਿਚ ਰਣਜੀਤ ਸਿੰਘ ਦੇ ਨਮੂਨੇ ਨਾਲ ਮੇਲ ਖਾ ਗਏ ਜਿਸ ਤੋਂ ਪਤਾ ਲੱਗ ਗਿਆ ਕਿ ਇਹ ਲਾਸ਼ ਕਈ ਮਹੀਨਿਆਂ ਤੋਂ ਗੁੰਮ ਨੌਜਵਾਨ ਬੈਨੀਪਾਲ ਦੀ ਹੈ।

ਪਤਾ ਲੱਗਾ ਹੈ ਕਿ ਰਣਜੀਤ ਸਿੰਘ ਦਾ ਕੁਝ ਵਿਅਕਤੀਆਂ ਨਾਲ ਅੱਸੀ ਹਜ਼ਾਰ ਡਾਲਰ ਦਾ ਲੈਣ ਦੇਣ ਸੀ ਜੋ ਉਸ ਦਾ ਪੈਸਾ ਵਾਪਸ ਨਹੀਂ ਸੀ ਕਰ ਰਹੇ। ਆਰਥਿਕ ਤੌਰ 'ਤੇ ਪ੍ਰੇਸ਼ਾਨ ਰਣਜੀਤ ਸਿੰਘ ਵਲੋਂ ਖੁਦਕੁਸ਼ੀ ਕੀਤੀ ਗਈ ਸਮਝੀ ਜਾਂਦੀ ਹੈ। ਪੁਲਿਸ ਸਰਗਰਮੀ ਨਾਲ ਮਾਮਲੇ ਦੀ ਪੜਤਾਲ ਕਰ ਰਹੀ ਹੈ ਕਿ ਕਿਤੇ ਇਹ ਮਾਮਲਾ ਕਤਲ ਦਾ ਤਾਂ ਨਹੀਂ? 35 ਸਾਲਾ ਰਣਜੀਤ ਸਿੰਘ ਬੈਨੀਪਾਲ ਪੰਜਾਬ ਵਿਚ ਪਿੰਡ ਬੱਲਮਗੜ੍ਹ, ਸੰਗਰੂਰ ਤੋਂ ਸੀ ਅਤੇ ਉਸ ਦਾ ਸਾਰਾ ਪਰਿਵਾਰ ਪਿਛੇ ਪੰਜਾਬ ਵਿਚ ਹੈ।

# ਮਨਟੀਕਾ ਵਿਚ ਗ੍ਰੰਥੀ ਵਲੋਂ ਕੁੜੀ ਦਾ ਸਰੀਰਕ ਸੋਸ਼ਣ ਕਰਨ ਦੀ ਕੋਸ਼ਿਸ਼

**ਸਟਾਕਟਨ:** ਇਥੋਂ ਥੋੜੀ ਦੂਰ ਸਥਿਤ ਮਨਟੀਕਾ ਸ਼ਹਿਰ ਇਕ ਵਾਰ ਫਿਰ ਚਰਚਾ ਵਿਚ ਹੈ ਜਿਥੇ ਇਕ ਗੁਰੂਘਰ ਦੇ ਗ੍ਰੰਥੀ ਨੇ 13 ਸਾਲ ਦੀ ਇਕ ਲੜਕੀ ਨੂੰ ਵਰਗਲਾ ਕੇ ਬਾਥਰੂਮ ਵਿਚ ਉਸ ਨਾਲ ਸਰੀਰਕ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ ਪਰ ਸੰਗਤ ਨੂੰ ਵੇਲੇ ਸਿਰ ਪਤਾ ਲਗਣ ਤੇ ਇਹ ਅਨਰਥ ਵਾਪਰਨ ਤੋਂ ਰੋਕ ਲਿਆ ਗਿਆ।

ਰਿਪੋਰਟ ਅਨੁਸਾਰ ਗ੍ਰੰਥੀ ਦੀ ਚੰਗੀ ਛਿੱਤਰ ਪਰੇਡ ਕਰਨ ਉਪਰੰਤ ਉਸਨੂੰ ਤੁਰੰਤ ਗੁਰੂਘਰ ਵਿਚੋਂ ਕੱਢ ਦਿਤਾ ਗਿਆ। ਲੜਕੀ ਦੀ ਬਦਨਾਮੀ ਦੇ ਡਰੋਂ ਉਸਦੇ ਪਰਿਵਾਰ ਵਾਲਿਆਂ ਨੇ ਮਾਮਲਾ ਪੁਲਿਸ ਪਾਸ ਰਿਪੋਰਟ ਨਹੀਂ ਕੀਤਾ। ਇਥੇ ਜ਼ਿਕਰਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਵੀ ਇਕ ਗ੍ਰੰਥੀ ਵਲੋਂ ਇਕ ਵਿਆਹੁਤਾ ਬੀਬੀ ਨੂੰ ਵਰਗਲਾਏ ਜਾਣ ਤੋ ਮਨਟੀਕਾ ਖਬਰਾਂ ਵਿਚ ਰਿਹਾ ਹੈ। ਇਨ੍ਹਾਂ ਖਬਰਾਂ ਕਰਕੇ ਇਲਾਕੇ ਦਾ ਸਿੱਖ ਭਾਈਚਾਰਾ ਵੱਡੇ ਸਕਤੇ ਵਿਚ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਅਜਿਹੇ ਮਾਮਲੇ ਵਿਚ ਭਾਈਚਾਰੇ ਨੂੰ ਸਖਤੀ ਤੋਂ ਕੰਮ ਲੈਣਾ ਚਾਹੀਦਾ ਹੈ।

# ਮਿਸ ਤੇ ਮਿਸਜ਼ ਮੁਕਾਬਲੇ 26 ਸਤੰਬਰ ਨੂੰ

**ਫਰੀਮਾਂਟ:** ਇੰਡੋ-ਅਮੈਰੀਕਨ ਸੁਸਾਇਟੀ ਵਲੋਂ 26 ਸਤੰਬਰ ਨੂੰ ਸੰਨੀਵੇਲ ਮੰਦਿਰ ਵਿਚ ਮਿਸ ਐਂਡ ਮਿਸਜ਼ 2010 ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਮਿਸ 2010 ਮੁਕਾਬਲੇ 'ਚ ਹਿੱਸਾ ਲੈਣ ਲਈ ਉਮਰ 18 ਤੋਂ 26 ਸਾਲ ਹੋਣੀ ਚਾਹੀਦੀ ਹੈ ਤੇ ਪ੍ਰਤੀਯੋਗੀ ਕੁਆਰਾ ਹੋਵੇ। ਇਸ ਤੋਂ ਇਲਾਵਾ ਮਿਸਜ਼ 2010 ਮੁਕਾਬਲੇ ਵਿਚ ਹਿਸੱਾ ਲੈਣ ਲਈ ਉਮਰ 22 ਸਾਲ ਤੋਂ ਵੱਧ ਤੇ ਵਿਆਹੁਤਾ ਹੋਣਾ ਜ਼ਰੂਰੀ ਹੈ।

ਦੋਵਾਂ ਗਰੁੱਪਾਂ ਦੇ ਪ੍ਰਤੀਯੋਗੀਆਂ ਨੂੰ ਇੱਕੋ ਜਿਹੇ ਮੁਕਾਬਲਿਆਂ ਵਿਚੋਂ ਲੰਘਣਾ ਪਵੇਗਾ ਜਿਵੇਂਕਿ ਭਾਰਤੀ ਲੋਕ ਨਾਚ (ਸਮਾਂ 3-5 ਮਿੰਟ), ਖਾਸ ਪ੍ਰਤਿਭਾ ਦੀ ਪੇਸ਼ਕਾਰੀ (ਸਮਾਂ 2-3 ਮਿੰਟ) ਤੇ ਜੱਜਾਂ ਵੱਲੋਂ ਬੋਧਿਕ ਪੱਧਰ ਦੀ ਜਾਂਚ ਲਈ ਪੁੱਛੇ ਗਏ ਸਵਾਲਾਂ ਦੇ ਜਵਾਬ। ਜੇਤੂਆਂ ਨੂੰ ਨਕਦ ਇਨਾਮ ਤੋਂ ਇਲਾਵਾ ਸਰਟੀਫਿਕੇਟ ਦਿੱਤੇ ਜਾਣਗੇ।

ਹਿੱਸਾ ਲੈਣ ਦੇ ਇੱਛੁਕ ਹੋਰ ਜਾਣਕਾਰੀ ਤੇ ਰਜਿਸਟਰੇਸ਼ਨ ਕਰਾਉਣ ਲਈ ਫੋਨ: (831)-406-7940 ਜਾਂ e-mail: ashaasharma@yahoo.com 'ਤੇ ਆਸ਼ਾ ਸ਼ਰਮਾ ਨਾਲ ਸੰਪਰਕ ਕਰ ਸਕਦੇ ਹਨ।

# ਦਲਜੀਤ ਸਿੰਘ ਖਾਲਸਾ ਨੂੰ ਕਿਰਪਾਨ ਨਾਲ ਸਰਕਾਰੀ ਇਮਾਰਤ 'ਚ ਜਾਣ ਤੋਂ ਰੋਕਿਆ



**ਬੇਕਰਜ਼ਫੀਲਡ (ਮਨਦੀਪ ਮਾਨ):** ਇਥੋਂ ਦੇ ਵਾਸੀ ਅਤੇ ਸਿੱਖ ਯੂਥ ਆਫ ਅਮੈਰਿਕਾ ਦੇ ਆਗੂ ਭਾਈ ਦਲਜੀਤ ਸਿੰਘ ਖਾਲਸਾ ਨੂੰ ਉਸ ਸਮੇਂ ਇਕ ਸਰਕਾਰੀ ਦਫਤਰ ਵਿਚ ਕਿਰਪਾਨ ਪਹਿਨੀ ਹੋਣ ਕਾਰਨ ਅੰਦਰ ਦਾਖਲ ਹੋਣ ਤੋਂ ਰੋਕ ਦਿੱਤਾ ਜਦੋਂ ਉਹ ਇਸ ਇਮਾਰਤ ਵਿਚ ਟੈਕਸ ਭਰਨ ਲਈ ਗਏ। ਅੰਮ੍ਰਿਤਧਾਰੀ ਭਾਈ ਖਾਲਸਾ ਵਲੋਂ ਵਾਰ ਵਾਰ ਇਹ ਦੱਸੇ ਜਾਣ 'ਤੇ ਕਿ ਇਹ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ ਨਾ ਕਿ ਕੋਈ ਮਾਰੂ ਹਥਿਆਰ, ਸੁਰੱਖਿਆ ਅਧਿਕਾਰੀ ਟੱਸ ਤੋਂ ਮੱਸ ਨਾ ਹੋਏ। ਭਾਈ ਖਾਲਸਾ ਨੇ ਸਥਾਨਕ ਪੁਲਿਸ ਨੂੰ ਵੀ ਫੋਨ ਕੀਤਾ ਪਰ ਉਸ ਨੇ ਵੀ ਆਪਣੀ ਬੇਬਸੀ ਜਾਹਰ ਕੀਤੀ। ਭਾਈ ਖਾਲਸਾ ਬਿਨਾ ਟੈਕਸ ਭਰੇ ਹੀ ਵਾਪਸ ਪਰਤ ਆਏ।


ਭਾਈ ਖਾਲਸਾ ਨੇ ਆਖਿਆ ਕਿ ਪਿਛਲੇ ਇਕ ਅਰਸੇ ਤੋਂ ਕੈਲੀਫੋਰਨੀਆ ਵਿਚ ਸਿੱਖਾਂ ਦੇ ਕਿਰਪਾਨ ਪਹਿਨਣ ਦੇ ਅਧਿਕਾਰ ਬਾਰੇ ਚਰਚਾ ਚੱਲ ਰਹੀ ਹੈ ਪਰ ਸਰਕਾਰੀ ਅਧਿਕਾਰੀਆਂ ਨੂੰ ਸਿੱਖਾਂ ਦੇ ਇਸ ਧਾਰਮਿਕ ਚਿੰਨ੍ਹ ਪ੍ਰਤੀ ਜਾਣੂ ਨਹੀਂ ਕਰਵਾਇਆ ਗਿਆ। ਸਿੱਖ ਜਥੇਬੰਦੀਆਂ ਵਲੋਂ ਕੁਝ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ਪਰ ਇਸ ਸਬੰਧੀ ਰਲਮਿਲ ਕੇ ਨਿੱਗਰ ਯਤਨ ਕਰਨ ਦੀ ਲੋੜ ਹੈ। ਭਾਈ ਖਾਲਸਾ ਨਾਲ ਸੰਪਰਕ ਫੋਨ 661-319-6039 ਉਤੇ ਕੀਤਾ ਜਾ ਸਕਦਾ ਹੈ।







# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਬਾਬੇ ਨਾਨਕ ਦਾ ਵਿਆਹ ਪੁਰਬ 29 ਅਗਸਤ ਨੂੰ ਗੁਰਦੁਆਰਾ ਸੈਨ ਹੋਜੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

ਸਹਿਜ ਪਾਠ ਦਾ ਭੋਗ:29 ਅਗਸਤ 2010
ਉਪਰੰਤ ਗੁਰਬਾਣੀ ਕੀਰਤਨ



ਗੁਰਮੇਲ ਸਿੰਘ ਬਾਠ, ਕਮਲਜੀਤ ਸਿੰਘ, ਗੁਰਦੇਵ ਸਿੰਘ, ਗੁਰਮੇਜ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ, ਸੁਖਵਿੰਦਰ ਸਿੰਘ, ਸਤਵੀਰ ਸਿੰਘ, ਵਿਕਰਮ ਸਿੰਘ, ਰਾਣਾ ਕਾਹਲੋਂ, ਜਸਵਿੰਦਰ ਸਿੰਘ, ਰਵੀ ਸਿੰਘ ਰੰਧਾਵਾ, ਬਾਲੀ ਸਿੰਘ ਬੋਪਾਰਾਏ, ਬਲਜੀਤ ਸਿੰਘ (ਸਾਰੇ ਪਿੰਡ ਕਾਲਾ ਅਫਗਾਨਾ), ਮਨਦੀਪ ਸਿੰਘ, ਕੁਲਵਿੰਦਰ ਸਿੰਘ (ਰੂਪੋਵਾਲੀ), ਗੁਰਵਿੰਦਰ ਸਿੰਘ ਬਸਰਾ, ਅਵਤਾਰ ਸਿੰਘ ਸਰਪੰਚ, ਮਹਿੰਗਾ ਸਿੰਘ ਸਰਪੰਚ, ਨਿਰਮਲ ਸਿੰਘ ਸਰਪੰਚ, ਸਰਫਰਾਜ ਸਿੰਘ, ਹਰਿੰਦਰ ਸਿੰਘ, ਅਮਵੀਰ ਸਿੰਘ (ਸਾਰਚੂਰ), ਮਲਵਿੰਦਰ ਸਿੰਘ ਪਠਾਣਕੋਟ, ਹਰਮਿੰਦਰ ਸਿੰਘ ਸੋਢੀ, ਇੰਦਰਜੀਤ ਸਿੰਘ ਖਾਲਸਾ, ਸਰਬਜੀਤ ਸਿੰਘ ਗਿੱਲ, ਅਮਰਜੀਤ ਸਿੰਘ ਗਿੱਲ, ਸਤਬੀਰ ਸਿੰਘ, ਅਜੀਤ ਸਿੰਘ ਸ਼ੰਕਰਪੁਰਾ, ਹਰਜੀਤ ਸਿੰਘ ਖੋਪਰ, ਡਾ. ਸਰੂਪ ਸਿੰਘ ਮਾਂਗਟ, ਨਿਸ਼ਾਨ ਸਿੰਘ ਫਤਿਹਗੜ੍ਹ ਚੂੜੀਆਂ, ਜਸਪ੍ਰੀਤ ਸਿੰਘ ਵਿਰਕ, ਸਰਬਜੀਤ ਸਿੰਘ ਨਾਥਪੁਰ, ਰਾਜਵੰਤ ਸਿੰਘ ਸਰਫਕੋਟ, ਜੋਗਿੰਦਰ ਸਿੰਘ, ਨਿਰਵੈਰ ਸਿੰਘ ਭਾਗੋਵਾਲ, ਸੂਬਾ ਸਿੰਘ ਜਫਰਵਾਲ, ਹਰਪਾਲ ਸਿੰਘ ਚਾਹਲ, ਨੀਟਾ ਸਿੰਘ ਦਿਆਲਗੜ੍ਹ, ਜਗੀਰ ਸਿੰਘ, ਮਨਜੀਤ ਸਿੰਘ, ਸਾਧਾ ਸਿੰਘ, ਕਮਲ ਸਿੰਘ ਗੋਲਡੀ, ਗੁਰਵਿੰਦਰ ਸਿੰਘ ਭੋਪਰ, ਸਤਨਾਮ ਸਿੰਘ ਵਾਵਾਦਪੁਰ, ਸੁਖਵਿੰਦਰ ਸਿੰਘ ਨਬੀਪੁਰ, ਭਾਈ ਦਲਜੀਤ ਸਿੰਘ ਸਟਾਕਟਨ, ਬਲਜੀਤ ਸਿੰਘ ਚਾਹਲਕਲਾਂ, ਮਾਸਟਰ ਪ੍ਰੀਤਮ ਸਿੰਘ ਮਥਾਹਪੁਰ, ਬੌਬੀ ਸਿੰਘ, ਪਰਮਿੰਦਰ ਸਿੰਘ (ਰਣਸੀਂਹਕੇ), ਓ ਪੀ ਸਿੰਘ ਕਾਦੀਆਂ, ਜਤਿੰਦਰ ਸਿੰਘ ਸ਼ਾਹਬਾਦ, ਜਤਿੰਦਰ ਸਿੰਘ ਖੁਸਾਲਪੁਰ।

ਹੋਰ ਜਾਣਕਾਰੀ ਲਈ ਕਾਲ ਕਰੋ
ਮੁਖ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ 408-274-9373
ਨੀਟੂ ਸਿੰਘ ਸਰਹਾਲੀ 408-624-6525
ਬਲਜਿੰਦਰ ਸਿੰਘ ਸਾਰਚੂਰ ਫੋਨ 510-461-2219

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

# Dhillon Truck Stop
# Dhillon Road Service

Interstate 40, exit 356, San Jon, NM

*Gill Manj Gurdaspur Wale*

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

**Ph:575-576-4111, 317-918-6776**



* ਵਿਆਹ ਸ਼ਾਦੀਆਂ
* ਜਨਮ ਦਿਨ
* ਮੰਗਣੀ
* ਗਰੈਜੂਏਸ਼ਨ ਪਾਰਟੀ
* ਖੁਸ਼ੀ ਦੇ ਹੋਰ ਮੌਕੇ

* ਢੋਲੀ
* ਡਾਂਸਰ
* ਲਾਈਟਾਂ

» Explicit Dholis
» Dancers
» Intelligent Lighting

PUNJABI | HINDI | HIP HOP | RAP



# desi soundz

HOTTEST DJ IN BAY AREA

DJ Kamal 408.413.8350
DJ Kirna 510.648.4354
desi_soundz408@yahoo.com



# M.K. Nijjar DDS
# Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



## Are Worries Keeping You Awake?

*Watch Your Business AnyTime Any Place.*



# Attention Business Owners!!

Are You Worried About Your Business When You`re Not There?

Watch your business from anywhere on
**iPhone**
with our new technology

QuikStop Shell am pm 7 ELEVEN 76 Holiday Inn Denny's Arby's

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਊਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

# DVR UNLIMITED

*Call:1-800-780-0032* *www.dvrunlimited.com*



# G.M. Lawrence Insurance Brokerage ਅਤੇ Valley Truck Services

## ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

## ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  - *» New License Plates & Renewals*
- Interstate & Intrastate Permits
  - *» DOT #, MC #, CA #*
  - *» IFTA, UCR, MCP*
  - *» NM, KY, NY, OR Permits*
  - *» Highway Use Tax(2290)*
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
*Daljit Singh Khehra,*
*License No: 0522491*
*Tel: 209-474-2771*
*Fax: 209-474-0215*
*Daljit@gmlawernceins.com*

ਟਰੱਕਿੰਗ ਸੇਵਾਵਾਂ ਵਾਸਤੇ
*Rajwinder Khehra and Daljit Kaur*
*Tel: 209-390-8800*
*Fax: 209-594-1380*
*Raj@valleytruckservices.com*
*www.valleytruckservices.com*



ਟਰੱਕ ਇੰਸ਼ੋਰੈਂਸ ਵਿਚ ਸਾਡਾ 28 ਸਾਲ ਦਾ ਤਜਰਬਾ

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

**Ph:(209) 474-2771, (888) 474-2771**

7746 Lorraine Aenue #214, Stockton, CA 95210

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗ੍ਹਾ ਤੇ

# APNA PUNJAB ASSOCIATION

## INDO AMERICAN CULTURAL ORG,BAY AREA & N.California Sports Club

# ਪੰਜਾਬ ਮੇਲਾ

## AUGUST 28TH , 2010 8 AM-7 PM

**Calstate University (25800 Carlos Bee Blvd Hayward CA-94542)**






ਕਬੱਡੀ ਓਪਨ **Manake Live** "Paisa Paisa Fame" ਅੰਡਰ 21 ਅਤੇ ਵਾਲੀਬਾਲ

**Local Bay Area Artists**



STAGE
Asha Sharma















## ਇਹਨਾਂ ਖੇਡ ਮੁਕਾਬਲਿਆਂ ਨੂੰ ਵੇਖਣ ਲਈ ਸਮੂਹ ਭਾਈਚਾਰੇ ਨੂੰ ਸੱਦਾ ਦਿੱਤਾ ਜਾਂਦਾ ਹੈ।

LOTS OF FAMILY ACTIVITIES, BOOTHS, FOOD, ENTERTAINMENT AND SHOPPING, BHANGRA, GIDHA, INTERNATIONAL & LOCAL SINGERS, EXIBITIONS OF GADAR MOVEMENT, KOOKA MOVEMENT, NAMDHARI MOVEMENT, SIKH HISTORY&FREEDOM FIGHTERS.

**Executive Commitee:**

Kashmir Singh Dhugga (Chairman) 510-816-9044, Manjit Gill (Vice Chairman) 510-415-2368, Jaswant Sra (President) 510-715-9017 Avtar Singh Tari (President) 510-750-5152, Santokh S. Takhar (Vice President) 510-755-3607 ,Darshan Aujla (Secretary) 510-750-6116 Mehnga S. Sarpanch (Secretary) 510-755-0767, Manjit Singh Virk (Treasurer) 510-676-8992, Dr. Harbhajan Phull 510-206-6808 Kanwaljit Atwal 510-750- 4303 ,Rajwinder S Ablowal- 510-755-0989 ,Ranbir Gill 510-258-6348 & Surjit Sandhu & Malwinder Chahal



**1st Prize KABADDI**
in loving memory of S.Bakshish S.Dhugga
Sponsor:Dhugga Family

**TO ENTER YOUR TEAM**

**Kabaddi** : Darshan Aujla - 510.750.6116, Jaswant S.Sra- 510.755.0989
**Volleyball** : Santokh Takhar - 510.755.3607
**Bhangra/Gidha** : Judge Randhawa 510.366.1457

**SPONSORS:**
Gill Financial Insurance Services, Kash Fabrics, Four Way Trucking, Fairway Auto Body shop, R.D.Express, S.S. Trucking, Jeet Bazar, Mountain Mike Pizza, Global Hawk Insurance

**FOR BOOTH AND SPONSORSHIP CALL MANJIT S. GILL 510.415.2368**

**Supporters:**

Bhupinder Singh (Bay Area Trucking),Davinder Uppal Dentist, Gurnam S.Lallian ( Farmers), Saroop Singh,Inderjit Singh Birring, Sukhdev Baniwal,Bob Dhillon, Kirpal Atwal, Kulwant Singh Nijjar, Didar S Bains, Gurnam Singh Pamma, Davinder Singh Rania,Jasvir Singh Raje, John Gill, Dr.Bhupinder Singh Warraich, Tarlochan Singh Bahia, Dr.Prabhjot S. Khalsa, Tut brothers, Pritam Singh Grewal, Kenworth Dealers, Tribe Transport,American Realty and business corp, Jaswinder Sohal, Dr.Ramesh Kumar, Avninder Singh , Bhai Kanhaya Sewa Soceity, Kashmit singh Dhoot,Daulat Nijjar,Mangal Bhandal Brothers,Lachar Brothers,Atam Marg,Bhupinder S.Bahia Kot,Avninder Singh Bahia, Kala Tracy, Shinda Atwal, Raghbir S.Shergill,Santokh S.Judge (Sansar Resturant), Inderjit S.Thind,Raja Sweets, Dalwinder Singh Dhoot (Joe Plaza), Pal Sahota, Harnek Sanghera, Amritpal Nijjar, Tandoor Resturant, Gruvir Maroke,Surinder Dhanoa,Sukwant S.Dhillon,Kamaljit S.Atwal.Harjinder Singh,Manjit Singh Sandhu,Lehmber Singh Sandhu, Jagwinder Singh Bittu, Sukhwinder Singh,Kulwant Singh Jagga,Balwant Singh Banka,Major Singh Gakhal, Sohan Singh Gakhal, Parkash Singh,Amrik Randhawa,Jaspal Saini,Sukhjit Singh Sandhu,Surjit &Sarbjit Atwal (Merced),Pardes Times,Kuldip Shergill,Rubal Singh,Uncle Ajmer Singh,Vikram Singh,Ajaypal Ram, Gurdev Ram (Attorney at law), Harjap Singh, Attorney Pardeep Grewal, Sucha Ram Bharta, Malhi Brothers, Dr.Gagan Sandhu D.D.S.,Dr.Dalvir Pannu D.D.S, Dr.Rajinder Bhandari M.D., Satwant S.Sra,Randhir S.Gill (Manila),Jasvir Pawar, Sarbjot Singh Sawaddi, Fremont Fiedl Hockey Club, Sohal Bros, Radio Geet Sangeet, Amritpal Pathlaba,Tehal Singh Khattra, Jagwinder Singh Heer, Jarnail Singh Chauhan and Sons,Gurjit Singh Bajwa,Parminder Singh Shergill, Mohan Aheer,Shiv Kumar, Satkar Singh ,Sargan Singh Shergill,Fremont Printing,Pawan Tanda (Stop by market & Liquor),Ravinder Sandhu(Gandhi), Kulwinder Sandhu (Kinda),Dilbag S. Kalsi,Sukhdev Kalsi, Bhinder Sandhu (Bhinda),Jasvir S. Partapura, Harwinder Mithrah, Sukhwinder Rarhwa, Jasvir Shergill,Jasvir Mulhapuria,Gurinder Bhullar,Bittu Bhogpuria,Dr. Harjinder Sandhu, Davinder Chana, Pardeep Soni

## For Best Home Deals and Lowest Mortgage Rate, Contact:

# Golden State Realty

Real Estate and Loans
Under One Roof

# Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**

CA DRE Lic.#01180969

# Short Sale Specialist

## We can sell your house in short sale at no cost to you.

If your house is in foreclosure due to not making payments and you have recieved trustee sale date,even than we can sell your house in short sale and try to get you 2-6 month more time. Selling house in short sale damages your credit less than if you let it go to foreclosure.We can also sell your house in short sale If you are paying mortgage payments on time with difficulty and your house value is lot less than the loan.

Selling new and old Homes
from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**




**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**14434 Tiburon Rd, San Leandro CA 94577**
4 B rooms, 2 Full Bath, 2 Car Garage,1464 sq ft




**1512 Sonoma Dr Milpitas CA 95035**
4 Bedroom and 3 full bath
Large family room with wet bar & fireplace




**2370 Picasso Way Stockton 95206**
5 Bedrooms, 3 Baths, 2 Car Garage.
Area 2555 Sq. Ft - Lot 10,454 Sq. Ft




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft





**1802 Picasso Way Stockton, CA 95206**
3 Bedrooms, 3 Baths, 2 Car Garage




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**1231 Cracolice Way, Milpitas 95035**
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.



NOOR NISSAN PRODUCTION's
ਛੇਵਾਂ ਦਰਿਆ
The Sixth River...
CHHEVAN DARIYA
Written, Produced and Directed by
Ish Amitoj Kaur
Co-Producer Taranjit Singh | Executive Producer Aakesh Bhushan (Raju) | Music Jaidev Kumar | Cinematography Inderjit Bansel | Associate Director Khalid Azmi | Editor Omkarnath Bhakri
Choreographer Bhupinder Sayan (Bhuppi) | Singers Wadali Brothers, Manpreet Akhtar, Firoz Khan, Jaspinder Narula, Simerjit Kumar, Christa Cannon, Lakhwinder Wadali
Lyrics Kummar, Kulwant Singh, Aman Singh
AUDIO ON - POINT ZERO
www.sixthriverfilm.com
DOLBY DIGITAL
Publicity Design by - CP Grafix

# ਅਮਰੀਕਾ 10 ਸਰਵਸ੍ਰੇਸ਼ਠ ਦੇਸ਼ਾਂ ਵਿਚੋਂ ਬਾਹਰ

**ਵਾਸ਼ਿੰਗਟਨ :** ਮਜ਼ਬੂਤ ਅਰਥ-ਵਿਵਸਥਾ ਅਤੇ ਫੌਜੀ ਤਾਕਤ ਦੇ ਜ਼ੋਰ 'ਤੇ ਦੁਨੀਆ ਦੀ ਸੁਪਰ ਪਾਵਰ ਮੰਨਿਆ ਜਾਣ ਵਾਲਾ ਅਮਰੀਕਾ ਦੁਨੀਆ ਦੇ ਸਰਵਸ੍ਰੇਸ਼ਠ 10 ਦੇਸ਼ਾਂ ਦੀ ਸੂਚੀ ਵਿਚ ਪਹਿਲੇ ਨੰਬਰ ਤੋਂ ਵੀ ਬਾਹਰ ਹੋ ਗਿਆ ਹੈ।

ਨਿਊਜ਼ਵੀਕ ਅਖ਼ਬਾਰ ਵਿਚ ਛਪੀ ਰਿਪੋਰਟ ਅਨੁਸਾਰ ਸਿੱਖਿਆ, ਸਿਹਤ, ਆਰਥਿਕ ਸਥਿਤੀ, ਜੀਵਨ ਪੱਧਰ ਅਤੇ ਸਿਆਸੀ ਮਾਹੌਲ ਵਰਗੇ ਮਾਪਦੰਡਾਂ ਨੂੰ ਅਧਾਰ ਮੰਨ ਕੇ ਤਿਆਰ ਰਿਪੋਰਟ ਦੇ ਆਧਾਰ 'ਤੇ ਅਮਰੀਕਾ ਕਾਫੀ ਪਛੜ ਗਿਆ ਹੈ। ਨਿਊਜ਼ਵੀਕ ਦੀ ਰਿਪੋਰਟ ਅਨੁਸਾਰ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਅਮਰੀਕਾ ਨੂੰ 26ਵੇਂ ਨੰਬਰ 'ਤੇ ਰੱਖਿਆ ਗਿਆ ਹੈ, ਜਦਕਿ ਜੀਵਨ ਪੱਧਰ ਦੇ ਮਾਮਲੇ ਵਿਚ ਇਹ 9ਵੇਂ ਅਤੇ ਸਿਆਸੀ ਸਥਿਰਤਾ ਦੇ ਮਾਮਲੇ ਵਿਚ 14ਵੇਂ ਨੰਬਰ 'ਤੇ ਹੈ। ਸਾਰੇ ਮਾਪਦੰਡਾਂ ਦੇ ਅਧਾਰ 'ਤੇ ਅਮਰੀਕਾ ਨੂੰ ਟਾਪ 10 ਦੇਸ਼ਾਂ ਦੀ ਸੂਚੀ ਵਿਚ 11ਵੇਂ ਨੰਬਰ 'ਤੇ ਰੱਖਿਆ ਗਿਆ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੀ ਸਿੱਖਿਆ, ਸਿਹਤ ਵਰਗੇ ਮਾਪਦੰਡਾਂ ਵਿਚ ਅਮਰੀਕਾ ਦੇ ਪਿਛੜਨ ਦੀ ਸਥਿਤੀ ਨੂੰ ਦੇਖ ਰਹੇ ਹਨ। ਬਰਾਕ ਓਬਾਮਾ ਸਮੇਂ-ਸਮੇਂ 'ਤੇ ਅਮਰੀਕਾ ਨੂੰ ਭਾਰਤ ਅਤੇ ਚੀਨ ਤੋਂ ਮਿਲ ਰਹੀਆਂ ਚੁਣੌਤੀਆਂ ਦਾ ਜ਼ਿਕਰ ਕਰਦੇ ਰਹੇ ਹਨ। ਅਮਰੀਕਾ ਦੀ ਸਿੱਖਿਆ ਸਕੱਤਰ ਨੇ ਵੀ ਕਿਹਾ ਸੀ ਕਿ ਅਮਰੀਕੀ ਨੌਜਵਾਨਾਂ ਵਿਚ ਤਕਨੀਕੀ ਸਿੱਖਿਆ ਪ੍ਰਤੀ ਰੁਚੀ ਘੱਟ ਹੁੰਦੀ ਜਾ ਰਹੀ ਹੈ। ਏਸ਼ੀਆਈ ਦੇਸ਼ਾਂ ਵਿਚ ਜਾਪਾਨ ਹੀ ਪਹਿਲੇ 10 ਵਿਚ ਥਾਂ ਬਣਾ ਸਕਿਆ ਹੈ। ਬਰਤਾਨੀਆ ਨੂੰ 14ਵੇਂ ਨੰਬਰ 'ਤੇ ਰੱਖਿਆ ਗਿਆ ਹੈ। ਦੱਖਣੀ ਏਸੀਆਈ ਦੇਸ਼ਾਂ ਵਿਚ ਵਿਸ਼ਵ ਦੀ ਨਵੀਂ ਆਰਥਿਕ ਮਹਾਂ ਸ਼ਕਤੀ ਚੀਨ 59ਵੇਂ, ਭਾਰਤ 78ਵੇਂ ਅਤੇ ਪਾਕਿਸਤਾਨ 89ਵੇਂ ਨੰਬਰ 'ਤੇ ਹੈ। ਦੁਨੀਆ ਦੇ ਕੁਝ ਹੋਰ ਵਿਕਸਿਤ ਦੇਸ਼ਾਂ ਵਿਚ 'ਬੈਸਟ 100 ਨੇਸ਼ਨ' ਦੀ ਸੂਚੀ ਵਿਚ ਕੈਨੇਡਾ ਨੂੰ 7ਵੇਂ, ਜਰਮਨੀ ਨੂੰ 12ਵੇਂ, ਫਰਾਂਸ ਨੂੰ 16ਵੇਂ, ਇਟਲੀ ਨੂੰ 23ਵੇਂ ਅਤੇ ਰੂਸ ਨੂੰ 51ਵੇਂ ਨੰਬਰ 'ਤੇ ਰੱਖਿਆ ਗਿਆ ਹੈ। ਬ੍ਰਾਜ਼ੀਲ 48ਵੇਂ ਨੰਬਰ 'ਤੇ ਹੈ। ਫਿਨਲੈਂਡ ਨੂੰ ਪਹਿਲੇ ਨੰਬਰ 'ਤੇ ਰੱਖਿਆ ਗਿਆ ਹੈ, ਜਦਕਿ ਸਵਿੱਟਰਜ਼ਲੈਂਡ ਨੂੰ ਦੂਜੇ, ਸਵੀਡਨ ਨੂੰ ਤੀਸਰੇ, ਆਸਟ੍ਰੇਲੀਆ ਨੂੰ ਚੌਥੇ ਅਤੇ ਲਕਸ਼ਮਬਰਗ ਨੂੰ ਪੰਜਵੇਂ ਅਤੇ ਨਾਰਵੇ ਨੂੰ 6ਵੇਂ ਨੰਬਰ 'ਤੇ ਰੱਖਿਆ ਗਿਆ ਹੈ।

# ਅਮਰੀਕੀਆਂ ਦੇ ਭਾਣੇ ਓਬਾਮਾ ਹੈ ਮੁਸਲਮਾਨ

**ਵਾਸ਼ਿੰਗਟਨ :** ਡੇਢ ਸਾਲ ਤੋਂ ਅਮਰੀਕਾ 'ਚ ਸੱਤਾ 'ਚ ਰਹਿ ਰਹੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਦੇਸ਼ ਦਾ ਹਰ 5ਵਾਂ ਵਿਅਕਤੀ ਮੁਸਲਮਾਨ ਮੰਨਦਾ ਹੈ ਅਤੇ ਦੇਸ਼ 'ਚ ਅਜਿਹੀ ਮਾਨਤਾ ਰੱਖਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪਿਵ ਰਿਸਰਚ ਸੈਂਟਰ ਦੇ ਇਕ ਤਾਜ਼ਾ ਸਰਵੇਖਣ 'ਚ ਕਿਹਾ ਗਿਆ ਹੈ ਕਿ ਓਬਾਮਾ ਦੇ ਹਮਾਇਤੀਆਂ ਦੇ ਮੁਕਾਬਲੇ ਉਨ੍ਹਾਂ ਦੇ ਸਿਆਸੀ ਵਿਰੋਧੀਆਂ 'ਚ ਇਹ ਧਾਰਨਾ ਵਿਆਪਕ ਤੌਰ 'ਤੇ ਫੈਲੀ ਹੋਈ ਹੈ ਕਿ ਉਹ ਮੁਸਲਮਾਨ ਹਨ। ਸੈਂਟਰ ਦੀ ਰਿਪੋਰਟ ਅਨੁਸਾਰ 18 ਫੀਸਦੀ ਅਮਰੀਕੀ ਓਬਾਮਾ ਨੂੰ ਮੁਸਲਮਾਨ ਮੰਨਦੇ ਹਨ। ਮਾਰਚ 2009 'ਚ ਕੀਤੇ ਗਏ ਸਰਵੇ ਅਨੁਸਾਰ ਸਿਰਫ 11 ਫੀਸਦੀ ਲੋਕ ਅਜਿਹਾ ਮੰਨਦੇ ਸਨ। ਬਾਲਗ ਲੋਕਾਂ 'ਚੋਂ ਸਿਰਫ ਇਕ ਤਿਹਾਈ ਅਰਥਾਤ 34 ਫੀਸਦੀ ਲੋਕ ਹੀ ਓਬਾਮਾ ਨੂੰ ਇਸਾਈ ਮੰਨਦੇ ਹਨ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਕੰਮ-



ਕਾਰ ਨਾਲ ਇਤਫਾਕ ਰੱਖਣ ਵਾਲਿਆਂ ਦੀ ਗਿਣਤੀ ਵਿਚ ਜ਼ਬਰਦਸਤ ਗਿਰਾਵਟ ਆਈ ਹੈ। ਗੈਲਪ ਪੋਲ ਅਨੁਸਾਰ 9 ਤੋਂ 15 ਅਗਸਤ ਦੌਰਾਨ ਉਨ੍ਹਾਂ ਦੀ ਲੋਕਪ੍ਰਿਅਤਾ ਡਿੱਗ ਕੇ ਸਭ ਤੋਂ ਘੱਟ 42 ਫੀਸਦੀ ਤੱਕ ਜਾ ਪਹੁੰਚੀ ਹੈ। ਇਸ ਹਫਤੇ ਦੇ ਅੰਤ ਵਿਚ ਓਬਾਮਾ ਦੇ ਕੰਮ ਦੀ ਰੇਟਿੰਗ ਵਿਚ ਵੀ ਗਿਰਾਵਟ ਆਈ ਹੈ। ਰੇਟਿੰਗ ਵਿਚ ਕਿਹਾ ਗਿਆ ਹੈ ਕਿ ਇਸ ਤੋਂ ਪਹਿਲਾਂ ਓਬਾਮਾ ਦਾ ਤਿੰਨ ਦਿਨਾਂ ਵਿਚ ਸਭ ਤੋਂ ਘੱਟ ਪ੍ਰਦਰਸ਼ਨ 44 ਫੀਸਦੀ ਦਾ ਸੀ। ਇਸ ਦੇ ਨਾਲ ਹੀ 13 ਤੋਂ 15 ਅਗਸਤ ਦੌਰਾਨ ਪਹਿਲੀ ਵਾਰ ਓਬਾਮਾ ਨਾਲ ਅਸਹਿਮਤੀ ਰੱਖਣ ਵਾਲਿਆਂ ਦੀ ਰੇਟਿੰਗ 50 ਫੀਸਦੀ ਜਾ ਪਹੁੰਚੀ ਹੈ।

# ਸਿਟੀ ਅਦਾਲਤ ਦਾ ਭਾਰਤ ਦੇ ਹੱਕ 'ਚ ਫੈਸਲਾ

**ਨਿਊਯਾਰਕ :** ਭਾਰਤ ਨੇ ਨਿਊਯਾਰਕ ਸਿਟੀ ਦੀ ਆਪਣੇ ਸਫਾਰਤੀ ਮਿਸ਼ਨਾਂ ਵਾਲੀਆਂ ਇਮਾਰਤਾਂ ਤੋਂ 4 ਕਰੋੜ 24 ਲੱਖ ਅਮਰੀਕੀ ਡਾਲਰ ਸੰਪਤੀ ਟੈਕਸ ਲੈਣ ਦੀ ਮੰਗ ਸਬੰਧੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਲੜਾਈ ਜਿੱਤ ਲਈ ਹੈ। ਮਨਹੱਟਨ 'ਚ ਸੈਕਿੰਡ ਯੂ.ਐਸ. ਸਰਕਟ ਕੋਰਟ ਆਫ ਅਪੀਲਜ਼ ਨੇ ਸਰਬਸੰਮਤੀ ਨਾਲ ਫੈਸਲਾ ਸੁਣਾਉਂਦਿਆਂ ਕਿਹਾ ਕਿ ਭਾਰਤ ਤੇ ਮੰਗੋਲੀਆ ਦੋਵਾਂ ਦੀ ਜਾਇਦਾਦ ਕਰ ਦੇ ਰੂਪ 'ਚ ਨਿਊਯਾਰਕ ਸਿਟੀ ਨੂੰ ਚਾਰ ਕਰੋੜ ਸੱਤਰ ਲੱਖ ਡਾਲਰ ਦੀ ਕੋਈ ਦੇਣਦਾਰੀ ਨਹੀਂ ਹੈ।

ਅਦਾਲਤ ਨੇ 2009 ਦੇ ਵਿਦੇਸ਼ ਮੰਤਰਾਲੇ ਦੇ ਦਖ਼ਲ ਦੇ ਫੈਸਲੇ ਨੂੰ ਵੀ ਬਹਾਲ ਰੱਖਿਆ ਹੈ। ਵਿਦੇਸ਼ ਵਿਭਾਗ ਨੇ ਵਿਦੇਸ਼ੀ ਸਰਕਾਰਾਂ ਦੀਆਂ ਜਾਇਦਾਦਾਂ ਤੇ ਸੰਯੁਕਤ ਰਾਸ਼ਟਰ ਦੇ ਮਿਸ਼ਨਾਂ ਜਿਨ੍ਹਾਂ 'ਚ ਸਫਾਰਤੀ ਸਟਾਫ ਰਹਿੰਦਾ ਹੈ, ਦੀਆਂ ਮਾਲਕੀਆਂ ਨੂੰ ਜਾਇਦਾਦ ਕਰ ਤੋਂ ਛੋਟ ਦਿੱਤੀ ਸੀ।

ਨਿਊਯਾਰਕ ਡੇਲੀ ਨਿਊਜ਼ 'ਚ ਛਪੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਸੱਤ ਸਾਲ ਪੁਰਾਣੇ ਇਸ ਕੇਸ 'ਚ ਤਿੰਨ ਜੱਜਾਂ 'ਤੇ ਆਧਾਰਤ ਅਪੀਲਾਂ ਸਬੰਧੀ ਪੈਨਲ ਨੇ ਕਿਹਾ ਕਿ ਇੱਥੇ ਨਿਊਯਾਰਕ ਲਈ ਕੁਝ ਅਨਿਆਂਪੂਰਨ ਜਾਪ ਸਕਦਾ ਹੈ, ਜਦੋਂ ਸੰਘ ਸਰਕਾਰ ਨੇ ਸ਼ਹਿਰ ਵਲੋਂ ਵਿਦੇਸ਼ੀ ਸਰਕਾਰਾਂ ਦੀਆਂ ਸੰਪਤੀਆਂ 'ਤੇ ਲਾਏ ਗਏ ਸੰਪਤੀ ਕਰ ਨੂੰ ਪ੍ਰਤੀਕ੍ਰਿਆਤਮਕ ਰੂਪ 'ਚ ਗੈਰ ਵਾਜਬ ਕਰਾਰ ਦੇ ਦਿੱਤਾ, ਪਰ ਸੰਘ ਸਰਕਾਰ ਦੀ ਵਿਦੇਸ਼ੀ ਸਬੰਧਾਂ ਦੇ ਪ੍ਰਬੰਧਨ ਲਈ ਅਜਿਹੀ ਪ੍ਰਭੂਸੱਤਾ ਜ਼ਰੂਰੀ ਹੈ, ਜਿਸ 'ਤੇ ਕੋਈ ਸੁਆਲ ਨਹੀਂ ਕੀਤਾ ਜਾ ਸਕਦਾ।

ਸੰਯੁਕਤ ਰਾਸ਼ਟਰ ਦੇ ਨੇੜੇ ਭਾਰਤ ਸਰਕਾਰ ਦੀ 26 ਮੰਜ਼ਲਾ ਇਮਾਰਤ ਹੈ। 2008 'ਚ ਮਨਹੱਟਨ ਦੀ ਸੰਘੀ ਅਦਾਲਤ ਦੇ ਜੱਜ ਨੇ ਭਾਰਤ ਨੂੰ 4 ਕਰੋੜ 24 ਲੱਖ ਡਾਲਰ ਤੇ ਮੰਗੋਲੀਆ ਨੂੰ 43 ਲੱਖ ਡਾਲਰ ਰਕਮ ਸੰਪਤੀ ਕਰ ਵਜੋਂ ਸਿਟੀ ਨੂੰ ਅਦਾ ਕਰਨ ਲਈ ਕਿਹਾ ਸੀ।

# ਪ੍ਰੇਮੀ ਜੋੜਿਆਂ ਦੀ ਰਾਖੀ ਲਈ 'ਲਵ ਕਮਾਂਡੋ'

**ਨਵੀਂ ਦਿੱਲੀ :** ਜੇ ਤੁਸੀਂ ਕਿਸੇ ਨਾਲ ਪ੍ਰੇਮ ਕਰਦੇ ਹੋ ਅਤੇ ਉਸਦੇ ਪ੍ਰਗਟਾਵੇ ਲਈ ਕੋਈ ਯਤਨ ਵੀ ਕਰ ਰਹੇ ਹੋ ਪਰ ਜੇ ਤੁਹਾਨੂੰ ਜ਼ਮਾਨੇ ਦੀ ਨਜ਼ਰ ਲੱਗ ਜਾਵੇ ਤਾਂ ਹੁਣ ਹਿਫਾਜ਼ਤ ਲਈ ਸਵੈ ਸੇਵੀ ਸੰਗਠਨ 'ਲਵ ਕਮਾਂਡੋ' ਦੇ ਵਰਕਰ ਹਾਜ਼ਰ ਹਨ। ਜੋ ਇਕ ਫੋਨ ਕਾਲ ਜਾਂ ਐਸ.ਐਮ. ਐਸ. ਕਰਨ 'ਤੇ ਤੁਰੰਤ ਤੁਹਾਡੇ ਕੋਲ ਪਹੁੰਚ ਜਾਣਗੇ ਅਤੇ ਲੋਕਾਂ ਦੇ ਗੁੱਸੇ ਤੋਂ ਤੁਹਾਡੀ ਰਾਖੀ ਕਰਨਗੇ।

ਦੁਨੀਆ ਦੇ ਪੁਰਾਤਨ ਪੰਥੀ ਲੋਕਾਂ ਦੀ ਨਜ਼ਰ 'ਚ ਪ੍ਰੇਮ ਕਰਨਾ ਅਤੇ ਉਸਨੂੰ ਜ਼ਾਹਿਰ ਕਰਨਾ ਭਾਵੇਂ ਗੁਨਾਹ ਹੋਵੇ ਪਰ ਲਵ ਕਮਾਂਡੋ ਜਥੇਬੰਦੀ ਦੇ ਮੁਖੀ ਸੰਜੇ ਸਚਦੇਵ ਅਨੁਸਾਰ ਜੇ ਅਜਿਹੇ ਪ੍ਰੇਮੀ ਜੋੜਿਆਂ ਨੂੰ ਸੁਰੱਖਿਆ ਨਾ ਦਿੱਤੀ ਗਈ ਤਾਂ ਅੱਜ ਦਾ ਨੌਜਵਾਨ ਮੁੱਖ ਧਾਰਾ ਨਾਲੋਂ ਕੱਟਿਆ ਜਾਵੇਗਾ। ਨੌਜਵਾਨ ਪੀੜ੍ਹੀ ਨੂੰ ਇਸ ਵਖਰੇਵੇਂ ਅਤੇ ਨਿਰਾਸ਼ਾ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਮੁਹੱਬਤ ਕਰਨ ਦੇ ਉਨ੍ਹਾਂ ਦੇ ਅਧਿਕਾਰ ਦੀ ਰਾਖੀ ਲਈ ਸਮਾਜ ਦੇ ਸਾਰੇ ਵਰਗਾਂ ਦੇ ਲੋਕ ਅੱਗੇ ਆਉਣ।

ਸ੍ਰੀ ਸਚਦੇਵਾ ਨੇ ਕਿਹਾ ਕਿ ਉਨ੍ਹਾਂ ਨੇ 10 ਸਾਲ ਪਹਿਲਾਂ ਵੈਲੇਨਟਾਈਨ-ਡੇ 'ਤੇ ਪ੍ਰੇਮੀਆਂ ਨੂੰ ਕੁਝ ਜਥੇਬੰਦੀਆਂ ਦੀ ਗੁੰਡਾਗਰਦੀ ਤੋਂ ਬਚਾਉਣ ਦਾ ਫੈਸਲਾ ਕੀਤਾ ਸੀ ਕਿਉਂਕਿ ਉਨ੍ਹਾਂ ਦਾ ਵਿਚਾਰ ਹੈ ਕਿ ਪ੍ਰੇਮ ਕਰਨਾ ਇਨਸਾਨੀ ਹੱਕ ਹੈ ਅਤੇ ਇਸ ਨੂੰ ਦਬਾਉਣ ਵਿਰੁਧ ਆਵਾਜ਼ ਉਠਣੀ ਚਾਹੀਦੀ ਹੈ। ਅੱਜ ਮੌਜੂਦਾ ਹਾਲਾਤ 'ਚ ਖਾਪ ਪੰਚਾਇਤਾਂ ਮਨੁੱਖ ਨੂੰ ਅਰਥ ਪ੍ਰਦਾਨ ਕਰਨ ਵਾਲੇ ਇਸ ਜਜ਼ਬੇ ਨੂੰ ਦਬਾਉਣ 'ਚ ਲੱਗੀਆਂ ਹਨ ਅਤੇ ਇਹ ਪ੍ਰੇਮੀ ਜੋੜਿਆਂ ਨੂੰ ਮਾਰ ਤੱਕ ਦਿੰਦੀਆਂ ਹਨ।

ਲਵ ਕਮਾਂਡੋ ਨੇ ਲੋਕਾਂ ਤਕ ਆਪਣੀ ਪਹੁੰਚ ਆਸਾਨ ਬਣਾਉਣ ਲਈ ਬਕਾਇਦਾ ਹੈਲਪ ਲਾਈਨ ਸ਼ੁਰੂ ਕੀਤੀ ਹੈ।

# ਰਾਜੀਵ ਤੋਂ ਜ਼ਿਆਦਾ ਪ੍ਰਤਿਭਾਸ਼ਾਲੀ ਏ ਰਾਹੁਲ – ਖੁਸ਼ਵੰਤ

## ਰਾਜੀਵ ਗਾਂਧੀ ਸਿਆਸਤ ਲਈ ਬਣੇ ਹੀ ਨਹੀਂ ਸਨ

**ਨਵੀਂ ਦਿੱਲੀ :** ਮੰਨੇ-ਪ੍ਰਮੰਨੇ ਲੇਖਕ ਖੁਸ਼ਵੰਤ ਸਿੰਘ ਦਾ ਵਿਚਾਰ ਹੈ ਕਿ ਕਾਂਗਰਸ ਜਨਰਲ ਸਕੱਤਰ ਰਾਹੁਲ ਗਾਂਧੀ ਆਪਣੇ ਸਵ. ਪਿਤਾ ਰਾਜੀਵ ਗਾਂਧੀ ਤੋਂ ਜ਼ਿਆਦਾ ਪ੍ਰਤਿਭਾਸ਼ਾਲੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਦਰਅਸਲ ਰਾਜੀਵ ਗਾਂਧੀ ਅਸਲ 'ਚ ਚੰਗੇ ਨੇਤਾ ਨਹੀਂ ਸਨ ਸਗੋਂ ਇਕ ਅਜਿਹੇ ਬੁਆਏ ਸਕਾਊਟ ਸਨ ਜਿਨ੍ਹਾਂ ਕੋਲ ਬਹੁਤ ਸਾਰੇ ਚੰਗੇ ਵਿਚਾਰ ਤਾਂ ਸਨ ਪਰ ਇਹ ਵਿਚਾਰ ਅਸਾਧਾਰਨ ਨਹੀਂ ਸਨ।



ਸ੍ਰੀ ਸਿੰਘ ਨੇ ਇਕ ਨੇਤਾ ਦੇ ਤੌਰ 'ਤੇ ਰਾਜੀਵ ਗਾਂਧੀ ਅਤੇ ਰਾਹੁਲ ਗਾਂਧੀ ਦੀ ਤੁਲਨਾ ਆਪਣੀ ਕਿਤਾਬ 'ਐਬਸੋਲਿਊਟ ਖੁਸ਼ਵੰਤ - ਦਿ ਲੋਡ ਡਾਊਨ ਆਨ ਲਾਈਵ, ਡੈੱਥ ਐਂਡ ਮੋਸਟ ਥਿੰਗਜ਼ ਇਨ ਬਿਟਵੀਨ' 'ਚ ਕੀਤੀ ਹੈ। ਖੁਸ਼ਵੰਤ ਸਿੰਘ ਨੇ ਇਹ ਕਿਤਾਬ ਕਾਲਮ ਨਵੀਸ ਹਮਰਾ ਕੁਰੈਸ਼ੀ ਨਾਲ ਮਿਲਕੇ ਲਿਖੀ ਹੈ।

ਉਨ੍ਹਾਂ ਲਿਖਿਆ ਹੈ ਕਿ ਰਾਹੁਲ ਗਾਂਧੀ ਕੋਲ ਦੂਰਦਰਸ਼ਤਾ ਹੈ ਜੋ ਕਾਫੀ ਮਾਇਨੇ ਰੱਖਦੀ ਹੈ। ਮੈਂ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹਾਂ। ਜਿਸ ਤਰ੍ਹਾਂ ਉਹ ਆਪਣੇ ਆਪ ਨੂੰ ਸੰਚਾਲਿਤ ਕਰਦੇ ਹਨ, ਉਸ ਤੋਂ ਵੀ ਮੈਂ ਪ੍ਰਭਾਵਿਤ ਹਾਂ। ਉਹ ਸਹੀ ਨਜ਼ਰੀਆ ਰੱਖਦੇ ਹਨ। 95 ਸਾਲਾ ਖੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ ਉਨ੍ਹਾਂ ਦੀ ਸੋਚ ਸਹੀ ਹੈ। ਖੁਸ਼ੰਤ ਸਿੰਘ ਨੇ ਰਾਹੁਲ ਦੀ ਇਸ ਗੱਲ ਨੂੰ ਲੈ ਕੇ ਪ੍ਰਸੰਸਾ ਕੀਤੀ ਹੈ ਕਿ ਉਨ੍ਹਾਂ ਨੇ ਮਾਇਆਵਤੀ ਅਤੇ ਸ਼ਿਵ ਸੈਨਾ ਦੇ ਗੜ੍ਹ 'ਚ ਦਲਿਤਾਂ ਨਾਲ ਬੈਠ ਕੇ ਅਤੇ ਖਾਣਾ ਖਾ ਕੇ ਦੇਸ਼ ਦੀ ਸ਼ਰਮਨਾਕ ਅਸਲੀਅਤ ਨੂੰ ਉਜਾਗਰ ਕੀਤਾ ਹੈ। ਖੁਸ਼ਵੰਤ ਸਿੰਘ ਨੇ ਆਪਣੀ ਕਿਤਾਬ 'ਚ ਲਿਖਿਆ ਹੈ ਕਿ ਉਹ ਸਾਡੇ ਦੇਸ਼ ਦੀ ਸ਼ਰਮਨਾਕ



ਸੱਚਾਈ ਨੂੰ ਸਾਹਮਣੇ ਲਿਆਏ ਸਨ। 21ਵੀਂ ਸਦੀ 'ਚ ਵੀ ਸਾਡੇ ਸਮਾਜ 'ਚ ਅਛੂਤ ਲੋਕ ਹਨ ਜੋ ਬਦਹਾਲ ਜੀਵਨ ਜੀ ਰਹੇ ਹਨ।

ਸ੍ਰੀ ਸਿੰਘ ਨੇ ਮੁੰਬਈ 'ਚ ਫਰਵਰੀ 2010 'ਚ ਰਾਹੁਲ ਵਲੋਂ ਸ਼ਿਵ ਸੈਨਾ ਨਾਲ ਨਜਿੱਠਣ ਦੇ ਤਰੀਕੇ ਦੀ ਪ੍ਰਸੰਸਾ ਕੀਤੀ ਹੈ। ਗੈਰ-ਮਰਾਠੀ ਲੋਕਾਂ 'ਤੇ ਹਮਲਾ ਕਰਨ ਵਾਲਿਆਂ ਨੂੰ ਰਾਹੁਲ ਨੇ ਕਰੜੇ ਹੱਥੀਂ ਲਿਆ ਹੈ ਅਤੇ ਜਨਤਕ ਤੌਰ 'ਤੇ ਕਿਹਾ ਹੈ ਕਿ ਮੁੰਬਈ ਸਾਰੇ ਦੇਸ਼ਵਾਸੀਆਂ ਦੀ ਹੈ। ਉਹ ਨਿੱਡਰ ਹੋ ਕੇ ਸ਼ੇਰ ਦੇ ਘੁਰਨੇ 'ਚ ਗਏ ਅਤੇ ਸੜਕਾਂ ਤੋਂ ਇਲਾਵਾ ਉਥੋਂ ਦੀ ਲੋਕਲ ਗੱਡੀ 'ਚ ਸਫਰ ਕੀਤਾ। ਉਨ੍ਹਾਂ ਦੀ ਮੁਬਈ ਯਾਤਰਾ 'ਚ ਸ਼ਿਵ ਸੈਨਾ ਗੁੰਡੇ ਪੂਰੀ ਤਰ੍ਹਾਂ ਅਸਫਲ ਸਿੱਧ ਹੋਏ ਅਤੇ ਸ਼ਾਇਦ ਹੀ ਕੋਈ ਮਰਾਠੀ ਸ਼ਿਵ ਸੈਨਾ ਵਲੋਂ ਰਾਹੁਲ ਦੇ ਵਿਰੋਧ 'ਚ ਆਯੋਜਿਤ ਮੁਜ਼ਾਹਰੇ 'ਚ ਸ਼ਾਮਿਲ ਹੋਇਆ ਹੋਵੇ। ਰਾਹੁਲ ਅਤੇ ਉਨ੍ਹਾਂ ਦੇ ਸਲਾਹਕਾਰਾਂ ਦਾ ਇਹ ਕਾਫੀ ਸੋਚਿਆ-ਸਮਝਿਆ ਕਦਮ ਸੀ।

ਖੁਸ਼ਵੰਤ ਸਿੰਘ ਨੇ ਰਾਜੀਵ ਗਾਂਧੀ ਬਾਰੇ

## ਰਾਹੁਲ ਨੇ ਮਾਇਆ ਤੇ ਸ਼ਿਵ ਸੈਨਾ ਦੇ ਗੜ੍ਹ 'ਚ ਮਾਤ ਦਿੱਤੀ

ਕਿਹਾ ਹੈ ਕਿ ਉਨ੍ਹਾਂ ਨੂੰ ਜਬਰੀ ਅਜਿਹੀ ਸਥਿਤੀ 'ਚ ਧੱਕ ਦਿੱਤਾ ਗਿਆ ਸੀ ਜਿਸ ਨਾਲ ਨਜਿੱਠਣ ਲਈ ਉਹ ਤਿਆਰ ਨਹੀਂ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਰਾਜੀਵ ਗਾਂਧੀ ਕਾਫੀ ਸ਼ਾਂਤ ਸੁਭਾਅ ਦੇ ਸਨ। ਉਨ੍ਹਾਂ ਕੋਲ ਕੁਝ ਚੰਗੇ ਵਿਚਾਰ ਸਨ ਪਰ ਇਹ ਵਿਚਾਰ ਅਸਾਧਾਰਨ ਨਹੀਂ ਸਨ।

ਸ੍ਰੀ ਸਿੰਘ ਅਨੁਸਾਰ ਰਾਜੀਵ ਗਾਂਧੀ ਅਸਲ 'ਚ ਨੇਤਾ ਨਹੀਂ ਸਨ ਅਤੇ ਉਹ ਸਿਆਸਤ ਲਈ ਨਹੀਂ ਬਣੇ ਸਨ। ਉਹ ਸਿਰਫ ਆਪਣੀ ਮਾਂ ਦੇ ਪਦ ਚਿੰਨ੍ਹਾਂ 'ਤੇ ਚਲਦੇ ਸਨ ਅਤੇ ਉਨ੍ਹਾਂ ਨੇ ਵੀ ਇੰਦਰਾ ਗਾਂਧੀ ਵਾਂਗ ਕਈ ਗਲਤੀਆਂ ਦੁਹਰਾਈਆਂ। ਹਾਲਾਂਕਿ ਉਨ੍ਹਾਂ ਨੇ ਇੰਦਰਾ ਗਾਂਧੀ ਦੀ ਮਿਆਦ 'ਚ ਦੂਰਸੰਚਾਰ ਅਤੇ ਕੰਪਿਊਟਰੀਕਰਨ ਦੀ ਸ਼ੁਰੂਆਤ ਕਰਕੇ ਕੁਝ ਹਾਂ-ਪੱਖੀ ਕੰਮ ਵੀ ਕੀਤੇ।

ਖੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ ਸ੍ਰੀਲੰਕਾ 'ਚ ਦਖਲ ਦੇਣ ਦੀ ਗਲਤੀ ਤੋਂ ਇਲਾਵਾ ਉਨ੍ਹਾਂ ਨੇ ਇਕ ਜਲਸੇ 'ਚ ਇਕ ਮੰਤਰੀ 'ਤੇ ਆਪਣੀ ਨਾਰਾਜ਼ਗੀ ਜਤਾਈ। ਇਸ ਤੋਂ ਇਲਾਵਾ ਸ਼ਾਹਬਾਨੋ ਅਤੇ ਬਾਬਰੀ ਮਸਜਿਦ ਮਾਮਲਿਆਂ 'ਚ ਉਨ੍ਹਾਂ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜਿਸਦੇ ਚਲਦਿਆਂ ਕਾਂਗਰਸ ਨੂੰ ਲੰਬੇ ਸਮੇਂ ਦਾ ਨੁਕਸਾਨ ਸਹਿਣਾ ਪਿਆ। ਸਾਲ 1984 'ਚ ਇੰਦਰਾ ਗਾਂਧੀ ਦੀ ਹੱਤਿਆ ਦੌਰਾਨ ਹੋਏ ਸਿੱਖ ਦੰਗਿਆ ਬਾਰੇ ਰਾਜੀਵ ਦੇ ਉਸ ਬਿਆਨ ਦੀ ਖੁਸ਼ਵੰਤ ਸਿੰਘ ਨੇ ਆਲੋਚਨਾ ਕੀਤੀ ਜਿਸ 'ਚ ਉਨ੍ਹਾਂ ਕਿਹਾ ਸੀ ਕਿ ਜਦੋਂ ਵੱਡਾ ਦਰਖਤ ਡਿੱਗਦਾ ਹੈ, ਜ਼ਮੀਨ ਹਿੱਲਦੀ ਹੈ। ਸੰਜੇ ਗਾਂਧੀ ਬਾਰੇ ਖੁਸ਼ਵੰਤ ਸਿੰਘ ਨੇ ਲਿਖਿਆ ਹੈ ਕਿ ਉਹ ਗਤੀਸ਼ੀਲ ਅਤੇ ਸਰਗਰਮ ਸਨ ਜਦਕਿ ਰਾਜੀਵ ਗਾਂਧੀ ਸਿਰਫ ਸਕਾਊਟ ਬੁਆਏ ਵਾਂਗ ਸਨ। ਉਨ੍ਹਾਂ ਲਿਖਿਆ ਹੈ ਕਿ ਜੇ ਕਾਂਗਰਸ 2014 ਦੀਆਂ ਲੋਕ ਸਭਾ ਚੋਣਾਂ 'ਚ ਜਿੱਤ ਹਾਸਲ ਕਰਦੀ ਹੈ ਤਾਂ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣ ਸਕਦੇ ਹਨ।

# ਬੰਗਲਾਦੇਸ਼ 'ਚ ਵੇਸਵਾਗਮਨੀ ਨੂੰ ਪੇਸ਼ੇ ਦਾ ਦਰਜਾ

**ਢਾਕਾ :** ਬੰਗਲਾਦੇਸ਼ ਦੇ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਨਵੇਂ ਬਣਨ ਵਾਲੇ ਵੋਟਰ ਸ਼ਨਾਖਤੀ ਪੱਤਰ ਵਿਚ ਵੇਸਵਾਗਮਨੀ ਨੂੰ ਇਕ ਪੇਸ਼ੇ ਦੇ ਰੂਪ ਵਿਚ ਦਰਜ ਕੀਤਾ ਜਾਵੇਗਾ।

ਇਸ ਲਈ ਮੁਹਿੰਮ ਚਲਾਉਣ ਵਾਲੇ ਸਮੂਹਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਚੋਣ ਕਮਿਸ਼ਨ ਦੀ ਇਸ ਪਹਿਲ ਦਾ ਸਵਾਗਤ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦਫਤਰਾਂ ਅਤੇ ਜਨਤਕ ਥਾਵਾਂ 'ਤੇ ਸੈਕਸ ਵਰਕਰਾਂ ਨੂੰ ਜਿਹੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਵਿਚ ਕਮੀ ਆਏਗੀ। ਵਿਸ਼ਵ ਦੇ ਹੋਰ ਦੇਸ਼ਾਂ ਦੀ ਤਰ੍ਹਾਂ ਬੰਗਲਾਦੇਸ਼ ਵਿਚ ਵੀ ਸੈਕਸ ਵਰਕਰਾਂ ਨੂੰ ਸਾਲਾਂ ਤੋਂ ਅਪਮਾਨ ਅਤੇ ਤ੍ਰਿਸਕਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੀ ਸਥਿਤੀ ਵਿਚ ਸੁਧਾਰ ਲਈ ਕੰਮ ਕਰਨ ਵਾਲੇ ਸੰਗਠਨਾਂ ਦਾ ਕਹਿਣਾ ਹੈ ਕਿ ਪੁਲਸ ਅਤੇ ਉਨ੍ਹਾਂ ਦੇ ਗਾਹਕ, ਉਨ੍ਹਾਂ ਦੀ ਕੁੱਟਮਾਰ ਅਤੇ ਬੇਇੱਜ਼ਤੀ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸੈਕਸ ਵਰਕਰਾਂ ਨੂੰ ਮੁਸ਼ਕਿਲ ਸਥਿਤੀਆਂ ਵਿਚ ਕੰਮ ਕਰਨਾ ਪੈਂਦਾ ਹੈ। ਇਸ ਲਈ ਸਮਾਜ ਵਿਚ ਉਨ੍ਹਾਂ ਨੂੰ ਅਧਿਕਾਰ ਅਤੇ ਸਨਮਾਨ ਦੇਣ ਦੀ ਲੋੜ ਹੈ।

ਚੋਣ ਕਮਿਸ਼ਨਰ ਸ਼ੇਖਾਵਤ ਹੁਸੈਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੈਕਸ ਵਰਕਰਾਂ ਨੂੰ ਵੋਟਰ ਸ਼ਨਾਖਤੀ ਕਾਰਡ ਵਿਚ ਵੇਸਵਾਗਨੀ ਨੂੰ ਪੇਸ਼ੇ ਦੇ ਰੂਪ ਵਿਚ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰ ਸੰਗਠਨਾਂ ਦੀ ਸਲਾਹ 'ਤੇ ਕਮਿਸ਼ਨ ਨੇ ਇਸ ਨੂੰ ਪੇਸ਼ੇ ਦੇ ਰੂਪ ਵਿਚ ਦਰਜ ਕਰਨ ਦਾ ਫੈਸਲਾ ਕੀਤਾ ਹੈ। ਵੋਟਰ ਸ਼ਨਾਖਤੀ ਕਾਰਡ ਲਈ ਕੇਵਲ 25 ਤਰ੍ਹਾਂ ਦੇ ਕੰਮਾਂ ਨੂੰ ਮਾਨਤਾ ਦਿੱਤੀ ਗਈ ਹੈ, ਪਰ ਹੁਣ ਇਸ ਵਿਚ ਪੱਤਰਕਾਰ, ਪੁਜਾਰੀ ਅਤੇ ਮਨੁੱਖੀ ਅਧਿਕਾਰ ਵਰਕਰਾਂ ਵਰਗੇ ਪੇਸ਼ਿਆਂ ਨੂੰ ਵੀ ਜੋੜਨ ਦਾ ਫੈਸਲਾ ਕੀਤਾ ਗਿਆ ਹੈ। ਚੋਣ ਕਮਿਸ਼ਨ ਦੇ ਇਸ ਫੈਸਲੇ ਦਾ ਸਾਰੇ ਬੰਗਲਾਦੇਸ਼ ਵਿਚ ਭਰਵਾਂ ਸਵਾਗਤ ਹੋਇਆ ਹੈ।

# ਅਮਰੀਕਾ ਦੇ ਬੇਰੁਜ਼ਗਾਰਾਂ ਦੀ ਗਿਣਤੀ 'ਚ ਵਾਧਾ

**ਵਾਸ਼ਿੰਗਟਨ :** ਅਮਰੀਕਾ ਵਿਚ ਬੇਰੁਜ਼ਗਾਰੀ ਭੱਤੇ ਲਈ ਦਾਅਵਾ ਕਰਨ ਵਾਲਿਆਂ ਦੀ ਗਿਣਤੀ ਪਿਛਲੇ 9 ਮਹੀਨਿਆਂ ਵਿਚ ਸਭ ਤੋਂ ਜ਼ਿਆਦਾ ਹੈ। ਇਸ ਨਾਲ ਅਰਥ-ਵਿਵਸਥਾ ਵਿਚ ਸੁਧਾਰ ਆਉਣ ਦੀਆਂ ਉਮੀਦਾਂ ਇਕ ਵਾਰੀ ਫਿਰ ਢਹਿ-ਢੇਰੀ ਹੁੰਦੀਆਂ ਨਜ਼ਰ ਆਉਣ ਲੱਗ ਪਈਆਂ ਹਨ। ਰਾਸ਼ਟਰਪਤੀ ਬਰਾਕ ਓਬਾਮਾ ਨੇ ਸੰਸਦ ਮੈਂਬਰਾਂ ਨੂੰ ਇਕ ਮੁਲਤਵੀ ਹੋਏ ਬਿੱਲ ਨੂੰ ਪਾਸ ਕਰਨ ਦੀ ਮੰਗ ਕਰਦੇ ਹੋਏ ਕਿਹਾ ਕਿ ਬੇਰੁਜ਼ਗਾਰਾਂ ਦੀ ਵਧਦੀ ਗਿਣਤੀ ਸਾਨੂੰ ਕਾਰਵਾਈ ਕਰਨ ਲਈ ਮਜਬੂਰ ਕਰ ਰਹੀ ਹੈ। ਪ੍ਰਸਤਾਵਿਤ ਬਿੱਲ ਪਾਸ ਹੋਣ ਤੋਂ ਬਾਅਦ ਛੋਟੇ-ਮੋਟੇ ਵਪਾਰਾਂ ਵਿਚ ਹੋਣ ਵਾਲੇ ਮਹੱਤਵਪੂਰਨ ਨਿਵੇਸ਼ ਵਿਚ ਟੈਕਸ ਖਤਮ ਹੋ ਜਾਵੇਗਾ। ਕਿਰਤ ਵਿਭਾਗ ਅਨੁਸਾਰ 14 ਅਗਸਤ ਨੂੰ ਖਤਮ ਹੋਏ ਹਫਤੇ ਵਿਚ ਬੇਰੁਜ਼ਗਾਰੀ ਭੱਤੇ ਲਈ ਦਾਅਵਾ ਕਰਨ ਵਾਲਿਆਂ ਦੀ ਗਿਣਤੀ ਵਿਚ 12 ਹਜ਼ਾਰ ਵਾਧਾ ਹੋਇਆ ਹੈ ਅਤੇ ਇਹ ਇਕ ਹਫਤਾ ਪਹਿਲਾਂ ਦੇ 4,88,000 ਤੋਂ ਵਧ ਕੇ 5 ਲੱਖ ਤੱਕ ਪਹੁੰਚ ਗਿਆ ਹੈ। ਇਹ ਅੰਕੜੇ ਅਰਥ-ਸ਼ਾਸਤਰੀਆਂ ਦੇ ਅਨੁਮਾਨ ਤੋਂ ਇਕਦਮ ਉਲਟ ਹਨ। ਉਨ੍ਹਾਂ ਅੰਕੜੇ 4,75,000 ਤੱਕ ਰਹਿਣ ਦਾ ਅਨੁਮਾਨ ਲਾਇਆ ਸੀ। ਇਹ ਬੇਰੁਜ਼ਗਾਰੀ ਦੇ ਸਪਤਾਹਿਕ ਅੰਕੜਿਆਂ ਦੀ ਬਜਾਏ ਚਾਰ ਹਫਤੇ ਦੀ ਔਸਤ ਹੈ, ਜੋ ਕਿ ਆਮ ਤੌਰ 'ਤੇ ਘਟਣ-ਵਧਣ ਵਾਲਾ ਹੁੰਦਾ ਹੈ।

# ਲਾਲੂ ਪ੍ਰਧਾਨ ਮੰਤਰੀ, ਮੁੰਡੇ ਸਪੀਕਰ ਬਣਿਆ!

**ਨਵੀਂ ਦਿੱਲੀ :** ਬੀਤੇ ਦਿਨੀਂ ਕਈ ਵਾਰ ਮੁਲਤਵੀ ਹੋਣ ਤੋਂ ਬਾਅਦ ਲੋਕ ਸਭਾ ਨੂੰ ਪੂਰੇ ਦਿਨ ਲਈ ਮੁਲਤਵੀ ਕੀਤੇ ਜਾਣ ਉਤੇ ਭਾਜਪਾ, ਰਾਜਦ ਅਤੇ ਸਪਾ ਦੇ ਮੈਂਬਰਾਂ ਨੇ ਸਦਨ ਵਿਚ ਡਟੇ ਰਹਿ ਕੇ ਇਕ ਸਵਾਂਗ ਰਚਿਆ ਅਤੇ ਯੂ.ਪੀ.ਏ. ਸਰਕਾਰ ਨੂੰ ਬਰਖਾਸਤ ਕਰਦੇ ਹੋਏ ਰਾਜਦ ਪ੍ਰਧਾਨ ਲਾਲੂ ਯਾਦਵ ਦੀ ਅਗਵਾਈ ਵਿਚ ਨਵੀਂ ਕੌਮੀ ਸਰਕਾਰ ਕਾਇਮ ਕੀਤੀ। ਲੋਕ ਸਭਾ ਵਿਚ ਭਾਜਪਾ ਦੇ ਉਪ ਨੇਤਾ ਗੋਪੀਨਾਥ ਮੁੰਡੇ ਨੂੰ ਲੋਕ ਸਭਾ ਦਾ 'ਸਪੀਕਰ' ਬਣਾਇਆ ਗਿਆ, ਜਦਕਿ ਸਪਾ ਪ੍ਰਧਾਨ ਮੁਲਾਇਮ ਸਿੰਘ ਯਾਦਵ ਨੂੰ ਸਦਨ ਅਤੇ ਸਰਕਾਰ ਦੇ ਕਨਵੀਨਰ। ਰਾਜਦ, ਸਪਾ, ਜਨਤਾ ਦਲ (ਯੂ) ਅਤੇ ਬਸਪਾ ਮੈਂਬਰ 20 ਅਗਸਤ ਨੂੰ ਸਵੇਰ ਤੋਂ ਹੀ ਐਮ.ਪੀਜ਼ ਦੀ ਤਨਖਾਹ ਨੂੰ ਤਿੰਨ ਗੁਣਾ ਵਧਾਉਣ ਦਾ ਵਿਰੋਧ ਕਰਦੇ ਹੋਏ ਇਸ ਨੂੰ 5 ਗੁਣਾ ਵਧਾਉਣ ਦੀ ਮੰਗ ਕਰਦੇ ਰਹੇ। ਉਨ੍ਹਾਂ ਦੇ ਹੰਗਾਮੇ ਕਾਰਨ ਸਦਨ ਦੀ ਕਾਰਵਾਈ ਦੋ ਵਾਰ ਮੁਲਤਵੀ ਕਰਨ ਤੋਂ ਬਾਅਦ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਅਹਿਮ ਬਿੱਲ ਬਿਨਾਂ ਚਰਚਾ ਦੇ ਪਾਸ ਕਰਵਾਉਣ ਦਾ ਸਰਕਾਰ ਦੇ ਕਦਮ ਦਾ ਅਨੋਖੇ ਅੰਦਾਜ਼ ਵਿਚ ਵਿਰੋਧ ਕਰਦੇ ਹੋਏ ਸਦਨ ਉਠ ਜਾਣ ਤੋਂ ਬਾਅਦ ਭਾਜਪਾ, ਸਪਾ, ਰਾਜਦ ਅਤੇ ਬਸਪਾ ਦੇ ਮੈਂਬਰ ਧਰਨੇ 'ਤੇ ਬੈਠ ਗਏ।






ਕੁਝ ਦੇਰ ਬਾਅਦ ਇਨ੍ਹਾਂ ਮੈਂਬਰਾਂ ਨੇ ਸਦਨ ਵਿਚ ਯੂ.ਪੀ.ਏ. ਸਰਕਾਰ ਨੂੰ 'ਬਰਖਾਸਤ' ਕਰਕੇ ਲਾਲੂ ਯਾਦਵ ਦੀ ਅਗਵਾਈ ਵਿਚ ਨਵੀਂ ਸਰਕਾਰ ਕਾਇਮ ਕਰਨ ਦਾ ਸਵਾਂਗ ਰਚਿਆ। ਇਸ ਤੋਂ ਬਾਅਦ ਸਦਨ ਦੀ 'ਬੈਠਕ' ਸ਼ੁਰੂ ਕਰਕੇ ਐਮ.ਸੀ.ਆਈ. ਸੋਧ ਬਿੱਲ 'ਤੇ 'ਚਰਚਾ' ਕਰਵਾਈ।

# ਭੁਪਿੰਦਰ ਸਿੰਘ ਹੁੱਡਾ ਬਣੇ ਜੁੱਤੀਮਾਰਾਂ ਦੇ ਅਗਲੇ ਸ਼ਿਕਾਰ

**ਚੰਡੀਗੜ੍ਹ :** ਹਰਿਆਣਾ ਦੀ ਰਾਜਨੀਤੀ 'ਚ ਬੀਤੀ 22 ਅਗਸਤ ਨੂੰ ਉਸ ਸਮੇਂ ਭਾਰੀ ਹਲਚਲ ਪੈਦਾ ਹੋ ਗਈ, ਜਦੋਂ ਮਹੇਂਦਰਗੜ੍ਹ 'ਚ ਇਕ ਰਾਜਨੀਤਕ ਰੈਲੀ ਦੌਰਾਨ ਇਕ ਨੌਜਵਾਨ ਨੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵਲ ਜੁੱਤਾ ਵਗਾਹ ਮਾਰਿਆ। ਇਸ ਘਟਨਾ ਨਾਲ ਰਾਜਨੀਤਕ ਗਲਿਆਰਿਆਂ 'ਚ ਕਾਫ਼ੀ ਰੌਲਾ ਪੈ ਗਿਆ।



ਮੁੱਖ ਮੰਤਰੀ ਮਹੇਂਦਰਗੜ੍ਹ ਵਿਖੇ ਆਈ ਟੀ ਆਈ ਗਰਾਊਂਡ 'ਚ ਇਕ ਰੈਲੀ 'ਚ ਬੈਠੇ ਸਨ ਤੇ ਪ੍ਰੈੱਸ ਗੈਲਰੀ 'ਚ ਮੀਡੀਆ ਫੋਟੋਗ੍ਰਾਫ਼ਰਾਂ ਦੇ ਪਿੱਛੇ ਬੈਠੇ ਇਕ ਨੌਜਵਾਨ ਨੇ ਮੁੱਖ ਮੰਤਰੀ ਵਲ ਜੁੱਤਾ ਵਗਾਹ ਮਾਰਿਆ। ਮੁੱਖ ਮੰਤਰੀ ਮੀਡੀਆ ਗੈਲਰੀ ਤੋਂ ਕਾਫ਼ੀ ਦੂਰ ਹੋਣ ਕਾਰਨ ਜੁੱਤਾ ਉਨ੍ਹਾਂ ਤੱਕ ਤਾਂ ਨਹੀਂ ਪਹੁੰਚ ਸਕਿਆ। ਮੌਕੇ 'ਤੇ ਹਾਜ਼ਰ ਕਾਂਗਰਸੀਆਂ ਨੇ ਜੁੱਤਾ ਸੁੱਟ ਕੇ ਦੌੜ ਰਹੇ ਨੌਜਵਾਨ ਦਾ ਕੁਟਾਪਾ ਚਾੜ੍ਹਿਆ। ਬਾਅਦ 'ਚ ਨੌਜਵਾਨ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ।

ਨੌਜਵਾਨ ਦੀ ਪਹਿਚਾਣ ਮੁੱਖ ਮੰਤਰੀ ਦੇ ਹੀ ਜ਼ਿਲ੍ਹੇ ਦੇ ਪਿੰਡ ਬਨੀਆਨੀ ਦੇ 21 ਸਾਲਾ ਸ਼ਕਤੀ ਸਿੰਘ ਵਜੋਂ ਹੋਈ ਹੈ। ਸ਼ਕਤੀ ਸਿੰਘ ਨੇ ਜੁੱਤਾ ਸੁੱਟਣ ਦਾ ਕਾਰਨ ਸਰਕਾਰ ਪ੍ਰਤੀ ਗੁੱਸਾ ਤੇ ਰੋਸ ਦੱਸਿਆ। ਉਸ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਹ ਪੁਲਿਸ ਦੀ ਗੋਲ਼ੀ ਲੱਗਣ ਨਾਲ ਜ਼ਖ਼ਮੀ ਹੋ ਗਿਆ ਸੀ। ਉਦੋਂ ਸੂਬਾ ਸਰਕਾਰ ਨੇ ਉਸ ਨੂੰ ਨੌਕਰੀ ਤੇ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਸੀ, ਪਰ ਕਈ ਵਾਰ ਨੌਕਰੀ ਤੇ ਮੁਆਵਜ਼ੇ ਸਬੰਧੀ ਬਿਨੈ ਪੱਤਰ ਦੇਣ ਦੇ ਬਾਵਜੂਦ ਉਸ ਨੂੰ ਕੁਝ ਨਾ ਦਿੱਤਾ ਗਿਆ, ਜਿਸ ਕਾਰਨ ਉਸ ਨੇ ਮੁੱਖ ਮੰਤਰੀ ਵਲ ਜੁੱਤਾ ਵਗਾਹ ਮਾਰਿਆ। ਜਦੋਂ ਕਿ ਦੂਜੇ ਪਾਸੇ ਮਹੇਂਦਰਗੜ੍ਹ ਦੇ ਪੁਲਿਸ ਸੁਪਰਡੈਂਟ ਜਗਦੀਸ਼ ਨਾਗਰ ਨੇ ਅਜਿਹੀ ਕਿਸੇ ਵੀ ਘਟਨਾ ਤੋਂ ਸਾਫ਼ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਨੇ ਮੁੱਖ ਮੰਤਰੀ ਵਲ ਜੁੱਤਾ ਜਾਂ ਹੋਰ ਕੋਈ ਚੀਜ਼ ਨਹੀਂ ਸੁੱਟੀ। ਇਸ ਸਬੰਧੀ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਸ ਘਟਨਾ ਨੂੰ ਵਿਰੋਧੀ ਰਾਜਨੀਤਕ ਪਾਰਟੀਆਂ ਦੇ ਇਸ਼ਾਰੇ 'ਤੇ ਸਮਾਜ ਵਿਰੋਧੀ ਅਨਸਰਾਂ ਵਲੋਂ ਕੀਤਾ ਕਾਰਾ ਦੱਸਿਆ।

## ਉਮਰ ਅਬਦੁੱਲਾ ਜੁੱਤੀ ਮਾਰਨ ਵਾਲੇ ਨੂੰ ਮਿਲੇ

**ਸ੍ਰੀਨਗਰ:** ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ 'ਤੇ ਜੁੱਟੀ ਸੁੱਟਣ ਵਾਲੇ ਵਿਅਕਤੀ ਨੂੰ ਮੁਆਫ ਕਰ ਦਿੱਤਾ ਹੈ। ਉਨ੍ਹਾਂ ਪੁਲਿਸ ਨੂੰ ਇਸ ਵਿਅਕਤੀ ਨੂੰ ਰਿਹਾਅ ਕਰਨ ਲਈ ਕਿਹਾ ਹੈ। ਇਕ ਸਰਕਾਰੀ ਬੁਲਾਰੇ ਨੇ ਬੀਤੀ 18 ਅਗਸਤ ਨੂੰ ਦੱਸਿਆ ਕਿ ਉਮਰ ਅਬਦੁੱਲਾ ਨੇ ਅਹਿਮਦ ਜਾਨ ਨਾਮਕ ਇਸ ਵਿਅਕਤੀ ਨੂੰ ਘਰ ਬੁਲਾ ਕੇ ਉਸ ਦੀ ਗੱਲ ਸੁਣੀ ਅਤੇ ਉਸ ਤੋਂ ਬਾਅਦ ਪੁਲਿਸ ਨੂੰ ਉਸ ਨੂੰ ਤੁਰੰਤ ਰਿਹਾਅ ਕਰਨ ਲਈ ਕਿਹਾ। ਸ੍ਰੀਨਗਰ 'ਚ ਆਜ਼ਾਦੀ ਦਿਵਸ ਸਮਾਗਮ ਦੌਰਾਨ ਉਸ ਨੇ ਵੀ ਆਈ ਪੀ ਗੈਲਰੀ ਤੋਂ ਮੁੱਖ ਮੰਤਰੀ 'ਤੇ ਜੁੱਤੀ ਸੁੱਟੀ ਸੀ।

# ਕਾਮਰੇਡ ਧਾਲੀਵਾਲ ਦੀ 5ਵੀਂ ਬਰਸੀ ਮਨਾਈ

**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਜ਼ਿਲ੍ਹਾ ਮੋਗਾ ਵਿਚ ਪੈਂਦੇ ਹਲਕਾ ਨਿਹਾਲ ਸਿੰਘ ਵਾਲਾ ਤੋਂ ਸਾਬਕਾ ਵਿਧਾਇਕ ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ ਦੀ 5ਵੀਂ ਬਰਸੀ ਮੌਕੇ ਧਾਲੀਵਾਲ ਪਰਿਵਾਰ ਤੇ ਇੰਡੋ-ਅਮੈਰਿਕਨ ਹੈਰੀਟੇਜ਼ ਫੋਰਮ ਵੱਲੋਂ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਸ੍ਰੀ ਧਾਲੀਵਾਲ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਅਹਿਮ ਯੋਗਦਾਨ ਪਾਇਆ ਸੀ ਤੇ ਉਹ ਸੰਨ 1962 'ਚ ਹਲਕਾ ਨਿਹਾਲ ਸਿੰਘ ਵਾਲਾ ਤੋਂ ਕਮਿਊਨਿਸਟ ਪਾਰਟੀ ਵੱਲੋਂ ਚੋਣ ਲੜ ਕੇ ਵਿਧਾਇਕ ਬਣੇ ਸਨ।

ਸੰਨ 1988 ਵਿਚ ਉਹ ਆਪਣੇ ਪੁੱਤਰਾਂ ਬਲਦੇਵ ਸਿੰਘ ਧਾਲੀਵਾਲ ਤੇ ਨਵਦੀਪ ਸਿੰਘ ਧਾਲੀਵਾਲ ਕੋਲ ਅਮਰੀਕਾ ਆ ਗਏ। ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸੰਨ 2000 ਵਿਚ ਇੰਡੋ-ਅਮੈਰਿਕਨ ਹੈਰੀਟੇਜ਼ ਫੋਰਮ ਨਾਂ ਦੀ ਸੰਸਥਾ ਬਣਾਈ ਜੋ ਦੇਸ਼ ਭਗਤ ਗਦਰੀ ਬਾਬਿਆਂ ਨੂੰ ਸਮਰਪਿਤ ਹੈ। ਸ੍ਰੀ ਧਾਲੀਵਾਲ 16 ਅਗਸਤ 2005 ਵਿਚ ਸਵਰਗ ਸਧਾਰ ਗਏ ਸਨ। ਇਸ ਸਮਾਰੋਹ ਦੀ ਸ਼ੁਰੂਆਤ ਵਿਚ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਨੇ ਸ਼ਰਧਾਂਜਲੀ ਭੇਟ ਕੀਤੀ ਤੇ ਇਸ ਤੋਂ ਬਾਅਦ ਰਮਾ ਕਾਂਤ ਡਾਬਰ ਤੇ ਅਸ਼ਰਫ ਗਿੱਲ ਨੇ ਕਵਿਤਾ ਨਾਲ ਹਾਜ਼ਰੀ ਲਵਾਈ। ਇਸ ਤੋਂ ਇਲਾਵਾ ਮਹਿੰਦਰ ਸਿੰਘ ਗਰੇਵਾਲ, ਅਮਨਦੀਪ ਕੌਰ, ਜਸਵੰਤ ਸਿੰਘ ਮਾਨ, ਲਛਮਣ ਸਿੰਘ ਰਠੌਰ, ਡਾ. ਗੁਰੂਮੇਲ ਸਿੱਧੂ, ਕਰਨਲ ਹਰਦੇਵ ਸਿੰਘ ਗਿੱਲ, ਡਾ. ਸੁਰਦਸ਼ਨ ਕਪੂਰ, ਗੁਰਦੀਪ ਸਿੰਘ ਅਣਖੀ, ਹਰਜਿੰਦਰ ਢੇਸੀ, ਸੁੱਖੀ ਧਾਲੀਵਾਲ, ਜਗਜੀਤ ਸਿੰਘ ਥਿੰਦ, ਕਰਮ ਸਿੰਘ ਮਾਨ ਨੇ ਵੀ ਸ਼ਰਧਾਂਜਲੀ ਭੇਟ ਕੀਤੀ। ਮਨਜੀਤ ਸਿੰਘ ਪੱਤੜ ਨੇ ਕਵੀਸ਼ਰੀ ਪੇਸ਼ ਕੀਤੀ। ਉਸਦਾਦ ਲਾਲ ਚੰਦ ਯਮਲਾ ਜੱਟ ਦੇ ਸ਼ਗਿਰਦ ਰਾਜ ਬਰਾੜ ਨੇ ਗੀਤ ਪੇਸ਼ ਕੀਤਾ। ਸਟੇਜ ਦੀ ਕਾਰਵਾਈ ਫੋਰਮ ਦੇ ਸੈਕਟਰੀ ਸੁਰਿੰਦਰ ਮੰਡਾਲੀ ਨੇ ਨਿਭਾਈ। ਸਮਾਗਮ ਦੇ ਆਖਰ ਵਿਚ ਗੁਰਬਖਸ਼ ਸਿੰਘ ਧਾਲੀਵਾਲ ਦੀ ਪੋਤਰੀ ਤੇ ਫੋਰਮ ਦੀ ਇਸਤਰੀ ਵਿੰਗ ਦੀ ਜਰਨਲ ਸਕੱਤਰ ਸ਼ਰਨਜੀਤ ਧਾਲੀਵਾਲ ਨੇ ਆਏ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ।

# ਵੀਜ਼ਾ ਫੀਸ 'ਚ ਵਾਧੇ ਬਾਰੇ ਅਮਰੀਕਾ ਨਾਲ ਗੱਲ ਕਰਾਂਗੇ-ਪ੍ਰਨੀਤ ਕੌਰ

**ਪਟਿਆਲਾ :** ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਬੀਤੀ 22 ਅਗਸਤ ਨੂੰ ਇਥੇ ਕਿਹਾ ਕਿ ਉਹ ਨਵੰਬਰ ਵਿਚ ਅਮਰੀਕਾ ਦੇ ਦੌਰੇ ਦੌਰਾਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਵੀਜ਼ਾ ਫੀਸ ਦੇ ਪ੍ਰਸਤਾਵਤ ਵਾਧੇ ਦੇ ਮੁੱਦੇ 'ਤੇ ਗੱਲਬਾਤ ਕਰਨਗੇ। ਉਨ੍ਹਾਂ ਕਿਹਾ ਕਿ ਭਾਰਤ ਪਹਿਲਾਂ ਹੀ ਅਮਰੀਕਾ ਕੋਲ ਆਪਣੀ ਚਿੰਤਾ ਜ਼ਾਹਰ ਕਰ ਚੁੱਕਾ ਹੈ। ਹੁਣ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀ ਆਪਣੀ ਫੇਰੀ ਦੌਰਾਨ ਸ੍ਰੀ ਓਬਾਮਾ ਨਾਲ ਇਸ ਮੁੱਦੇ 'ਤੇ ਗੱਲਬਾਤ ਕਰਨਗੇ। ਉਨ੍ਹਾਂ ਕਿਹਾ ਕਿ ਅਮਰੀਕੀ ਸਰਕਾਰ ਵੀਜ਼ਾ ਅਰਜ਼ੀ ਫੀਸ ਵਧਾਉਣ ਬਾਰੇ ਵਿਚਾਰ ਕਰ ਰਹੀ ਹੈ, ਪਰ ਉਨ੍ਹਾਂ ਨੂੰ ਆਸ ਹੈ ਕਿ ਨਵੰਬਰ ਵਿਚ ਦੋਵਾਂ ਮੁਲਕਾਂ ਦੇ ਮੁਖੀਆਂ ਦਰਮਿਆਨ ਗੱਲਬਾਤ ਮਗਰੋਂ ਕੋਈ ਹਾਂ-ਪੱਖੀ ਸਿੱਟਾ ਨਿਕਲੇਗਾ। ਜ਼ਿਕਰਯੋਗ ਹੈ ਕਿ ਅਮਰੀਕਾ ਵਲੋਂ ਐਚ-1 ਬੀ ਅਤੇ ਐਲ-1 ਵੀਜ਼ਾ ਫੀਸ ਵਧਾਉਣ ਦੇ ਪ੍ਰਸਤਾਵ 'ਤੇ ਭਾਰਤੀ ਆਈ.ਟੀਜ਼ ਵਿਚਾਲੇ ਕਾਫੀ ਰੋਸ ਹੈ। ਇੰਡਸਟਰੀ ਮਾਹਰਾਂ ਦਾ ਮੰਨਣਾ ਹੈ ਕਿ ਵੀਜ਼ਾ ਫੀਸਾਂ ਵਿਚ ਵਾਧੇ ਨਾਲ ਭਾਰਤ ਦੀਆਂ ਆਈ.ਟੀਜ਼ ਕੰਪਨੀਆਂ ਲਈ ਨਵਾਂ ਸੰਕਟ ਖੜ੍ਹਾ ਹੋ ਜਾਵੇਗਾ। ਇਸ ਵਾਧੇ ਨਾਲ ਕੰਪਨੀਆਂ ਨੂੰ 25 ਕਰੋੜ ਡਾਲਰ ਦੇਣੇ ਪੈਣਗੇ। ਉਨ੍ਹਾਂ ਹੋਰ ਦੱਸਿਆ ਕਿ ਵਿਦੇਸ਼ ਮੰਤਰਾਲੇ ਨੇ ਵਿਸ਼ੇਸ਼ ਯਤਨ ਕਰਕੇ ਲਿਬੀਆ ਵਿਚ ਫਸੇ 116 ਭਾਰਤੀਆਂ ਸਮੇਤ ਕੁਝ ਹੋਰ ਦੇਸ਼ਾਂ ਵਿਚੋਂ ਵੀ ਭਾਰਤੀਆਂ ਨੂੰ ਛੁਡਾ ਕੇ ਵਤਨ ਵਾਪਸ ਲਿਆਂਦਾ ਹੈ। ਇਨ੍ਹਾਂ ਵਿਚੋਂ ਕਈ ਨੌਜਵਾਨ ਅਗਲੇ ਕੁਝ ਦਿਨਾਂ ਵਿਚ ਵਤਨ ਵਾਪਸ ਆ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਸ਼ਮੀਰੀ ਸਿੱਖਾਂ ਨਾਲ ਕੋਈ ਧੱਕੇਸ਼ਾਹੀ ਨਹੀ ਹੋਣ ਦੇਵੇਗੀ, ਉਥੋਂ ਦੇ ਸਮੂਹ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ । ਉਨ੍ਹਾਂ ਦਾ ਕਿਸੇ ਪ੍ਰਕਾਰ ਦਾ ਉਜਾੜਾ ਨਹੀਂ ਹੋਣ ਦਿੱਤਾ ਜਾਵੇਗਾ। ਕੁਝ ਫਿਰਕਾਪ੍ਰਸਤ ਲੋਕ ਅਜਿਹੀਆਂ ਸਾਜ਼ਿਸ਼ਾਂ ਘੜ ਰਹੇ ਹਨ ਜੋ ਕਾਮਯਾਬ ਨਹੀਂ ਹੋਣ ਦਿਤੀਆਂ ਜਾਣਗੀਆਂ।



# ਲੁਧਿਆਣਾ ਦੇ ਵਿਗਿਆਨੀ ਨੇ ਸਟੈਮ ਸੈੱਲ ਤਿਆਰ ਕਰਨ ਦਾ ਢੰਗ ਲੱਭਿਆ

**ਚੰਡੀਗੜ੍ਹ :** ਨਿਊ ਸਾਊਥ ਵੇਲਜ਼ ਯੂਨੀਵਰਸਿਟੀ (ਆਸਟਰੇਲੀਆ) ਵਿਖੇ ਐਸੋਸੀਏਟ ਪ੍ਰੋਫੈਸਰ ਕੁਲਦੀਪ ਸਿੰਘ ਸਿੱਧੂ ਦੀ ਅਗਵਾਈ ਵਾਲੀ ਵਿਗਿਆਨੀਆਂ ਦੀ ਟੀਮ ਨੇ ਮਨੁੱਖੀ ਚਮੜੀ ਤੋਂ ਸਟੈਮ ਸੈਲ ਤਿਆਰ ਕਰਨ ਦਾ ਢੰਗ ਲੱਭ ਲਿਆ ਹੈ ਜਿਨ੍ਹਾਂ ਨੂੰ ਕਿ ਆਈ.ਪੀ.ਐਸ.ਸੈਲਾਂ ਵਜੋਂ ਜਾਣਿਆ ਜਾਂਦਾ ਹੈ। ਪ੍ਰੋ. ਕੁਲਦੀਪ ਸਿੰਘ ਸਿੱਧੂ ਆਸਟਰੇਲੀਆ ਜਾਣ ਤੋਂ ਪਹਿਲਾਂ ਲੁਧਿਆਣਾ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਜ਼ੁਆਲੋਜੀ ਪੜ੍ਹਾਉਂਦੇ ਸਨ। ਉਨ੍ਹਾਂ ਦੱਸਿਆ ਕਿ ਵਿਸ਼ਵ ਵਿਚ ਇਹ ਆਪਣੀ ਤਰ੍ਹਾਂ ਦੀ ਪਹਿਲੀ ਖੋਜ ਹੈ ਜਦਕਿ ਮੁੱਢਲੇ ਤੌਰ 'ਤੇ ਇਹ ਤਕਨੀਕ 2007 ਵਿਚ ਜਪਾਨੀ ਵਿਗਿਆਨੀਆਂ ਨੇ ਵਿਕਸਤ ਕੀਤੀ ਸੀ। ਸਟੈਮ ਸੈਲ ਤਿਆਰ ਕਰਨ ਦੀ ਤਕਨੀਕ ਲੱਭਣ ਕਾਰਨ ਅਲਜ਼ਾਈਮਰ, ਪਾਰਕਿਨਸਨ ਤੇ ਹਨਟਿੰਗਟਨ ਜਿਹੀਆਂ ਬਿਮਾਰੀਆਂ ਦੇ ਇਲਾਜ ਵਿਚ ਮਦਦ ਮਿਲਣ ਦੀ ਉਮੀਦ ਹੋਰ ਵਧ ਗਈ ਹੈ। ਵਿਗਿਆਨੀਆਂ ਅਨੁਸਾਰ ਅਲਜ਼ਾਈਮਰ ਦੇ ਇਲਾਜ ਵਾਸਤੇ ਮਰੀਜ਼ ਦੀ ਚਮੜੀ ਦਾ ਸੈਂਪਲ ਲਿਆ ਜਾਵੇਗਾ ਤੇ ਫਿਰ ਨਵੇਂ ਬਰੇਨ ਸੈਲ ਤਿਆਰ ਕਰਕੇ ਟਰਾਂਸ ਪਲਾਂਟ ਕੀਤੇ ਜਾਣਗੇ।





## ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।


**Surajvanshi Pharmacy (R)**
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ...ਤੇ ਤੁਰ ਗਿਆ ਗਦਰ ਸੰਗਰਾਮ ਦਾ ਇਕ ਹੋਰ ਚਸ਼ਮਦੀਦ ਗਵਾਹ !

## ਸ਼ਰਧਾਂਜਲੀ

ਕੈਲੀਫੋਰਨੀਆ ਗਦਰੀ ਬਾਬਿਆਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਸ ਧਰਤੀ ਤੋਂ ਹੀ ਗਦਰ ਸੰਗਰਾਮ ਦੇ ਸੂਰਮੇ, ਸਿਰਾਂ 'ਤੇ ਕਫਨ ਬੰਨ੍ਹ, ਆਪਣੀ ਜਨਮ ਭੂਮੀ ਭਾਰਤ ਨੂੰ ਆਜ਼ਾਦ ਕਰਾਉਣ ਲਈ ਗਏ ਸਨ। ਉਨ੍ਹਾਂ ਅਕਹਿ ਤਸੀਹੇ ਝੱਲੇ, ਫਾਂਸੀਆਂ ਦੇ ਰੱਸੇ ਚੁੰਮੇ, ਅੰਗਰੇਜ਼ ਸਾਮਰਾਜੀਆਂ ਦੀਆਂ ਬੰਦੂਕਾਂ ਅੱਗੇ ਛਾਤੀਆਂ ਡਾਹ ਕੇ ਸ਼ਹਾਦਤਾਂ ਦੇ ਜਾਮ ਪੀਤੇ ਅਤੇ ਕਾਲੇ ਪਾਣੀਆਂ ਦਾ ਨਰਕ ਭੋਗਿਆ।

ਭਾਈ ਭਗਵਾਨ ਸਿੰਘ ਦੇ ਪਰਿਵਾਰ ਦੀ ਕਹਾਣੀ ਬੜੀ ਵੇਦਨਾ ਭਰੀ ਹੈ। ਉਨ੍ਹਾਂ ਦੀ ਪਤਨੀ ਜਦੋਂ ਆਪਣੇ ਬੱਚਿਆਂ ਸਮੇਤ ਦੇਸ਼ ਪਰਤੀ ਤਾਂ ਅੰਗਾਂ ਸਾਕਾਂ, ਰਿਸ਼ਤੇਦਾਰਾਂ ਦਰਵਾਜ਼ੇ ਬੰਦ ਕਰ ਲਏ ਕਿ ਉਹ ਗਦਰੀ ਭਗਵਾਨ ਸਿੰਘ ਦੀ ਪਤਨੀ ਤੇ ਉਸ ਦੇ ਬੱਚੇ ਹਨ। ਸਭ ਡਰ ਗਏ ਕਿ ਅੰਗਰੇਜ਼ੀ ਸਰਕਾਰ ਦਾ ਕਹਿਰ ਉਨ੍ਹਾਂ ਤੇ ਵੀ ਨਾ ਟੁੱਟ ਪਏ। ਉਹ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਬੈਠੀ ਆਪਣੇ ਭੁੱਖੇ ਬੱਚਿਆਂ ਨੂੰ ਇਹ ਆਖ ਕੇ ਤਸੱਲੀ ਦਿੰਦੀ ਰਹੀ ਕਿ 'ਵਾਹਿਗੁਰੂ ਦਾ ਨਾਮ ਜਪੋ ਤਾਂ ਭੁੱਖ ਨਹੀਂ ਲਗਦੀ ਅਤੇ ਸਭ ਦੁੱਖ ਦੂਰ ਹੋ ਜਾਂਦੇ ਹਨ।' ਬਾਅਦ ਵਿਚ ਭਾਈ ਭਗਵਾਨ ਸਿੰਘ ਦੇ ਇਕ ਪੁਰਾਣੇ ਸਾਥੀ ਨੇ ਉਨ੍ਹਾਂ ਨੂੰ ਆਪਣੇ ਘਰ ਲਿਜਾ ਕੇ ਰੋਟੀ ਖਵਾਈ ਅਤੇ ਕੱਪੜੇ ਦਿੱਤੇ। ਫਿਰ ਉਨ੍ਹਾਂ ਨੂੰ ਸ. ਕਿਸ਼ਨ ਸਿੰਘ ਦੇ ਘਰ ਪੁੱਜਦਾ ਕਰ ਦਿੱਤਾ ਜਿੱਥੇ ਉਸ ਦੀ ਛੋਟੀ ਧੀ ਸ਼ਹੀਦ ਭਗਤ ਸਿੰਘ ਨਾਲ ਬਚਪਨ ਵਿਚ ਖੇਡਦੀ ਰਹੀ।



*ਸੂਬੇਦਾਰ ਜਗਪਾਲ ਸਿੰਘ*

ਖੂਨ ਦੇ ਮਹਿੰਗੇ ਮੁੱਲ ਆਜ਼ਾਦੀ ਆਈ ਤਾਂ ਅੰਗਰੇਜ਼ਪ੍ਰਸਤਾਂ ਗਿਰਗਿਟ ਵਾਂਗ ਰੰਗ ਬਦਲੇ ਅਤੇ ਆਜ਼ਾਦੀ ਦੀ ਦੇਵੀ ਨੂੰ ਰਾਤੋ-ਰਾਤ ਉਧਾਲ ਲਿਆ। ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਤੇ ਉਨ੍ਹਾਂ ਦੇ ਪਰਿਵਾਰ ਨੂੰ ਅਣਗੌਲਿਆਂ ਕਰ ਦਿੱਤਾ ਗਿਆ। ਇਤਿਹਾਸ ਦੇ ਸ਼ਾਨਾਂਮੱਤੇ ਵਰਕਿਆਂ 'ਤੇ ਧੂੜਾਂ ਜੰਮ ਗਈਆਂ। ਅਣਫੋਲੇ ਵਰਕੇ ਸਮੇਂ ਦੀ ਧੂੜ ਹੇਠ ਦਬ ਗਏ। ਅਖੌਤੀ ਬੁੱਧੀਜੀਵੀ ਸਰਕਾਰ ਵਲੋਂ ਸੁੱਟੇ ਟੁਕੜਿਆਂ ਨੂੰ ਬੋਚਦੇ ਰਹੇ ਅਤੇ ਅੰਗਰੇਜ਼ਪ੍ਰਸਤਾਂ ਨੂੰ ਦੇਸ਼ ਭਗਤ ਬਣਾ ਕੇ ਪੇਸ਼ ਕਰਦੇ ਰਹੇ।

ਹੁਣ ਤਾਂ ਸ਼ਾਇਦ ਹੀ ਗਦਰ ਸੰਗਰਾਮ ਦੀ ਕੋਈ ਆਖਰੀ ਨਿਸ਼ਾਨੀ ਬਚੀ ਹੋਵੇ। ਉਨ੍ਹਾਂ ਦੇ ਪੁੱਤ, ਧੀਆਂ ਵੀ ਹੌਲੀ ਹੌਲੀ ਤੁਰਦੇ ਜਾ ਰਹੇ ਹਨ। ਪਿਛਲੇ ਦਿਨੀਂ ਬਾਬਾ ਕਰਤਾਰ ਸਿੰਘ ਦੁੱਕੀ ਦਾ ਪੁੱਤਰ ਸੂਬੇਦਾਰ ਜਗਪਾਲ ਸਿੰਘ ਆਪਣੇ ਜੀਵਨ ਦੇ ਸੰਘਰਸ਼ਮਈ 84 ਵਰ੍ਹੇ ਪੂਰੇ ਕਰਕੇ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਿਆ ਹੈ।

ਬਹੁਤ ਘੱਟ ਲੋਕ ਜਾਣਦੇ ਹਨ ਕਿ ਸੂਬੇਦਾਰ ਜਗਪਾਲ ਸਿੰਘ ਆਜ਼ਾਦੀ ਸੰਗਰਾਮ ਦੇ ਸੂਰਮੇ ਉਸੇ ਹੀ ਬਾਬਾ ਕਰਤਾਰ ਸਿੰਘ ਦੁੱਕੀ ਦਾ ਪੁੱਤਰ ਸੀ ਜਿਹੜਾ ਸ਼ਹੀਦ ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ 'ਗਦਰ ਦੀ ਗੂੰਜ' ਅਖਬਾਰ ਛਾਪਦਾ ਰਿਹਾ ਸੀ।

ਸੂਬੇਦਾਰ ਜਗਪਾਲ ਸਿੰਘ ਦਾ ਜਨਮ 1 ਮਈ, 1926 ਨੂੰ ਪਿੰਡ ਲਤਾਲਾ, ਜ਼ਿਲ੍ਹਾ ਲੁਧਿਆਣਾ ਵਿਚ ਮਾਤਾ ਚੰਦ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਬਚਪਨ ਵੀ ਬਾਕੀ ਗਦਰੀਆਂ ਅਤੇ ਦੇਸ਼ ਭਗਤਾਂ ਦੇ ਬੱਚਿਆਂ ਵਾਂਗ ਹੀ ਬੀਤਿਆ। ਉਨ੍ਹਾਂ ਆਪਣੀ ਪੜ੍ਹਾਈ ਗੁੱਜਰਵਾਲ ਤੋਂ ਪੂਰੀ ਕੀਤੀ ਤੇ ਓਵਰਸੀਅਰ ਲੱਗ ਗਏ। ਕੁਝ ਦੇਰ ਬਾਅਦ ਨੌਕਰੀ ਛੱਡ ਦਿੱਤੀ ਅਤੇ ਫੌਜ ਵਿਚ ਭਰਤੀ ਹੋ ਗਏ। ਲੰਮਾ ਸਮਾਂ ਭਾਰਤੀ ਫੌਜ ਵਿਚ ਨੌਕਰੀ ਕਰਨ ਤੋਂ ਬਾਅਦ 1972 ਵਿਚ ਉਹ ਰਿਟਾਇਰ ਹੋਏ। ਫਿਰ ਉਹ ਆਪਣੇ ਅਮਰੀਕਾ ਨਿਵਾਸੀ ਬੇਟੇ ਜਗਦੀਸ਼ ਸਿੰਘ ਖੰਗੂੜਾ ਕੋਲ ਆ ਗਏ। ਅਮਰੀਕਾ ਆ ਕੇ ਸੂਬੇਦਾਰ ਜਗਪਾਲ ਸਿੰਘ ਨੇ ਚੁੱਪ-ਚਾਪ ਆਰਾਮ ਨਹੀਂ ਕੀਤਾ ਸਗੋਂ ਆਪਣੇ ਜੀਵਨ ਨੂੰ ਲੋਕ-ਹਿਤਾਂ ਅਤੇ ਸਮਾਜ ਦੇ ਕੰਮ ਵਿਚ ਲਾਈ ਰੱਖਿਆ। ਪਿੰਡ ਵਿਚ ਸਕੂਲ ਅਤੇ ਇਲਾਕੇ ਦੀ ਤਰੱਕੀ ਲਈ ਜੀਅ ਜਾਨ ਨਾਲ ਕੰਮ ਕੀਤਾ।

ਸੂਬੇਦਾਰ ਜਗਪਾਲ ਸਿੰਘ ਦੀ ਮਾਤਾ ਚੰਦ ਕੌਰ 1940 ਵਿਚ ਚਲਾਣਾ ਕਰ ਗਏ ਸਨ। ਫਿਰ ਉਨ੍ਹਾਂ ਦੀ ਪਤਨੀ ਸ੍ਰੀਮਤੀ ਹਰਜਿੰਦਰ ਕੌਰ ਦੀ 2003 ਵਿਚ ਮੌਤ ਹੋ ਗਈ ਸੀ। ਉਨ੍ਹਾਂ ਦੇ ਸਪੁੱਤਰ ਜਗਦੀਸ਼ ਸਿੰਘ ਖੰਗੂੜਾ ਦੇ ਮੁਤਾਬਕ ਮਾਤਾ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਸਿਹਤ ਵੀ ਠੀਕ ਨਹੀਂ ਸੀ ਰਹਿੰਦੀ। ਉਹ ਪਿਛਲੇ ਕਾਫੀ ਸਮੇਂ ਤੋਂ ਹਸਪਤਾਲ ਵਿਚ ਸਨ। ਜਗਦੀਸ਼ ਸਿੰਘ ਖੰਗੂੜਾ ਨੇ ਆਪਣੇ ਪਿਤਾ ਦੀ ਸੇਵਾ ਤੇ ਇਲਾਜ ਵਿਚ ਕੋਈ ਕਮੀ ਨਹੀਂ ਰਹਿਣ ਦਿੱਤੀ ਪਰ...

"ਉਧਰ ਦੇ ਜ਼ਰ ਜ਼ਰੇ ਇਕਦਮ ਬਲਾਂ ਤੋਂ ਹਾਰ ਗਏ ਰੋਗੀ।
ਉਨ੍ਹਾਂ ਨੂੰ ਮੋਤੀ ਮਾਰੇ ਵੀ ਤਬੀਬਾ ਕਾਟ ਨਹੀਂ ਕਰਦੇ।"

ਤੇ ਅੰਤ ਸੂਬੇਦਾਰ ਜਗਪਾਲ ਸਿੰਘ ਆਪਣੇ ਪਿੱਛੇ ਹੋਣਹਾਰ ਪੁੱਤਰ ਜਗਦੀਸ਼ ਸਿੰਘ ਖੰਗੂੜਾ, ਦੋ ਧੀਆਂ, ਇਕ ਪੋਤਰਾ ਪਵਨਜੋਤ, ਤਿੰਨ ਪੋਤਰੀਆਂ-ਪੂਨਮ, ਰੀਮਾ ਅਤੇ ਰਿਸ਼ਮ ਨੂੰ ਛੱਡ ਸਦੀਵੀ ਵਿਛੋੜਾ ਦੇ ਗਏ। ਸਿਮੀ ਵੈਲੀ, ਕੈਲੀਫੋਰਨੀਆ ਵਿਚ ਉਨ੍ਹਾਂ ਦੀ ਅੰਤਿਮ ਦਿਵਾਇਗੀ ਸਮੇਂ ਜਗਦੀਸ਼ ਸਿੰਘ ਖੰਗੂੜਾ ਦੇ ਬਹੁਤ ਹੀ ਨਜ਼ਦੀਕੀ ਪਰਿਵਾਰਕ ਮਿੱਤਰ ਤੇ ਉਘੇ ਸਮਾਜ ਸੇਵੀ ਗੁਰਚਰਨ ਸਿੰਘ ਬੈਂਸ ਨੇ ਸ. ਜਗਪਾਲ ਸਿੰਘ ਨਾਲ ਆਪਣੀਆਂ ਨਿੱਜੀ ਯਾਦਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ. ਜਗਪਾਲ ਸਿੰਘ ਦੇ ਬਚਪਨ ਦੇ ਸਾਥੀ, ਜਮਾਤੀ ਅਤੇ ਫੌਜ ਵਿਚ ਵੀ ਇਕੱਠੇ ਭਰਤੀ ਹੋਏ ਅਤੇ ਅੱਗੇ-ਪਿੱਛੇ ਹੀ ਰਿਟਾਇਰ ਹੋਏ, ਸ. ਸੁਰਜੀਤ ਸਿੰਘ ਖੰਗੂੜਾ ਨੇ ਬਾਬਾ ਕਰਤਾਰ ਸਿੰਘ ਦੁੱਕੀ ਅਤੇ ਹੋਰ ਬਹੁਤ ਸਾਰੇ ਗਦਰੀ ਬਾਬਿਆਂ ਬਾਰੇ ਯਾਦਾਂ ਸਾਂਝੀਆਂ ਕੀਤੀਆਂ।

ਗਲੋਬਲ ਆਰਗੇਨਾਈਜੇਸ਼ਨ ਦੇ ਚੇਅਰਮੈਨ ਸ. ਇੰਦਰ ਸਿੰਘ ਅਤੇ ਇੰਡੋ-ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਵਲੋਂ ਗਿਆਨ ਸਿੰਘ ਬਿਲਗਾ ਨੇ ਗਦਰੀ ਬਾਬਾ ਕਰਤਾਰ ਸਿੰਘ ਦੁੱਕੀ ਅਤੇ ਗਰਦੀ ਪਾਰਟੀ ਬਾਰੇ ਦਸਦਿਆਂ ਸ਼ਰਧਾਂਜਲੀ ਭੇਟ ਕੀਤੀ।

*-ਕਸ਼ਮੀਰ ਸਿੰਘ ਕਾਂਗਣਾ*

# ਗੁਰਦਾਸ ਮਾਨ ਨਾਲ ਫੋਟੋ ਖਿਚਾਉਣ ਦੇ ਚਾਹਵਾਨਾਂ ਨੂੰ ਹੋਈ ਨਿਰਾਸ਼ਾ

**ਸੈਕਰਾਮੈਂਟੋ:** ਆਪਣੀ ਗਾਇਕੀ ਦੇ ਸਿਰ ਪਿਛਲੇ 30 ਸਾਲਾਂ ਤੋਂ ਹਰਮਨ ਪਿਆਰੇ ਚਲੇ ਆ ਰਹੇ ਗਾਇਕ ਗੁਰਦਾਸ ਮਾਨ ਦੇ ਉਨ੍ਹਾਂ ਪ੍ਰਸ਼ੰਸਕਾਂ ਅਤੇ ਸਪਾਂਸਰਾਂ ਨੂੰ ਭਾਰੀ ਨਿਰਾਸ਼ਾ ਹੋਈ ਜੋ ਇਥੇ ਐਤਵਾਰ ਨੂੰ ਹੋਏ ਸ਼ੋਅ ਤੋਂ ਬਾਅਦ ਪਰਿਵਾਰਾਂ ਸਮੇਤ ਕਰੀਬ ਘੰਟਾ ਭਰ ਗੁਰਦਾਸ ਮਾਨ ਨਾਲ ਯਾਦਗਾਰੀ ਤਸਵੀਰ ਖਿਚਾਉਣ ਲਈ ਲਾਈਨਾਂ ਵਿਚ ਖੜੇ ਹੋ ਕੇ ਇੰਤਜਾਰ ਕਰਦੇ ਰਹੇ ਅਤੇ ਅਖੀਰ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰਦਾਸ ਮਾਨ ਤਾਂ ਕਦੋਂ ਦਾ ਉਥੋਂ ਜਾ ਚੁਕਾ ਹੈ। ਇਨ੍ਹਾਂ ਸੱਜਣਾਂ ਵਿਚ ਕੁਝ ਉਹ ਲੋਕ ਵੀ ਸ਼ਾਮਲ ਸਨ ਜਿਨ੍ਹਾਂ ਤੋਂ ਪ੍ਰਬੰਧਕਾਂ ਨੇ ਤਸਵੀਰ ਖਿਚਵਾਉਣ ਦੇ ਵਾਅਦੇ ਨਾਲ ਸਪਾਂਸਰਸ਼ਿਪ ਵਜੋਂ ਵਡੀਆਂ ਰਕਮਾਂ ਲਈਆਂ ਸਨ।



*ਸੈਕਰਾਮੈਂਟੋ 'ਚ ਗੁਰਦਾਸ ਮਾਨ ਦਾ ਇਕ ਅੰਦਾਜ਼:ਫੋਟੋ-ਲੌਂਗਮੈਨ ਸਟੂਡੀਓ*

ਆਪਣੇ ਆਪ ਨੂੰ ਠਗੇ ਗਏ ਮਹਿਸੂਸ ਕਰਦਿਆਂ ਇਨ੍ਹਾਂ ਪ੍ਰਸ਼ੰਸਕਾਂ ਅਤੇ ਸਪਾਂਸਰਾਂ ਨੇ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਰਾਤ ਕਰੀਬ 11 ਵਜੇ ਸ਼ੋਅ ਖਤਮ ਹੋਣ ਤੋਂ ਬਾਅਦ ਸ਼ੋਅ ਦੇ ਲੋਕਲ ਪ੍ਰਮੋਟਰਾਂ ਰਣਜੀਤ ਅਟਵਾਲ ਅਤੇ ਬਿੱਟੂ ਰੰਧਾਵਾ ਨੇ ਉਨ੍ਹਾਂ ਨੂੰ ਆਖਿਆ ਕਿ ਮਾਨ ਸਾਹਿਬ ਕਪੜੇ ਬਦਲ ਕੇ ਉਨ੍ਹਾਂ ਨਾਲ ਤਸਵੀਰ ਖਿਚਵਾਉਣਗੇ, ਤੁਸੀਂ ਸਿਰਫ 10 ਮਿੰਟ ਇੰਤਜ਼ਾਰ ਕਰੋ। 15-20 ਮਿੰਟ ਬੀਤ ਜਾਣ ਬਾਅਦ ਜਦੋਂ ਅਸੀਂ ਪੁਛਿਆ ਕਿ ਹੋਰ ਕਿੰਨਾ ਕੁ ਟਾਈਮ ਲਗੇਗਾ, ਕਿਉਂਕਿ ਸਵੇਰੇ ਬੱਚਿਆਂ ਨੇ ਸਕੂਲ ਜਾਣਾ ਹੈ ਅਤੇ ਅਸੀਂ ਆਪੋ-ਆਪਣੇ ਕੰਮਾਂ ਤੇ। ਸਿਕਿਓਰਟੀ ਵਾਲਿਆਂ ਨੇ ਉਨ੍ਹਾਂ ਸਭ ਨੂੰ ਲਾਈਨ ਵਿਚ ਖੜੇ ਹੋਣ ਲਈ ਆਖਿਆ ਅਤੇ ਉਹ ਕੋਈ 40 ਮਿੰਟ ਲਾਈਨ ਵਿਚ ਖੜੇ ਰਹੇ। ਸਿਕਿਓਰਟੀ ਵਾਲਿਆਂ ਦਰਵਾਜ਼ਾ ਬੰਦ ਕਰ ਲਿਆ ਅਤੇ ਥੋੜੀ ਥੋੜੀ ਦੇਰ ਬਾਅਦ ਇਹੋ ਆਖਦੇ ਰਹੇ ਕਿ ਥੋੜਾ ਇੰਤਜ਼ਾਰ ਕਰੋ। ਇੰਤਜ਼ਾਰ ਕਰ ਰਹੇ ਕੋਈ 150 ਪਰਿਵਾਰਾਂ ਨੂੰ ਉਸ ਵੇਲੇ ਬਹੁਤ ਹੈਰਾਨੀ ਅਤੇ ਨਿਰਾਸ਼ਾ ਹੋਈ ਜਦੋਂ ਪੱਤਰਕਾਰ ਹੁਸਨ ਲੜੋਆ ਬੰਗਾ ਤੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰਦਾਸ ਮਾਨ ਤਾਂ ਕਦੋਂ ਦਾ ਜਾ ਚੁਕਾ ਹੈ। ਇਹ ਪਤਾ ਲਗਣ ਤੇ ਪ੍ਰਸ਼ੰਸਕਾਂ ਨੇ ਭਾਰੀ ਇਤਰਾਜ ਕੀਤਾ ਪਰ ਸਿਕਿਓਰਟੀ ਵਾਲਿਆਂ ਨੇ ਉਨ੍ਹਾਂ ਨੂੰ ਦਬਕੇ ਮਾਰ ਕੇ ਬਾਹਰ ਕੱਢ ਦਿਤਾ। ਇਨ੍ਹਾਂ ਸਪਾਂਸਰਾਂ ਵਿਚ ਸ਼ਾਮਲ ਸ੍ਰੀ ਕਰਮਜੀਤ ਸਿੰਘ ਨੇ ਗੁੱਸੇ ਵਿਚ ਕਿਹਾ ਕਿ ਉਹ ਅਗੇ ਤੋਂ ਗੁਰਦਾਸ ਮਾਨ ਦਾ ਸ਼ੋਅ ਵੇਖਣ ਲਈ ਕਦੇ ਨਹੀਂ ਆਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਾਰੇ ਕਾਂਡ ਲਈ ਲੋਕਲ ਪ੍ਰਮੋਟਰਾਂ ਤੋਂ ਵੀ ਵੱਧ ਮੁਖ ਪ੍ਰਮੋਟਰ ਨਿਰਮਲ ਧਾਲੀਵਾਲ ਜ਼ਿੰਮੇਵਾਰ ਹੈ ਜੋ ਗੁਰਦਾਸ ਮਾਨ ਨੂੰ ਉਥੋਂ ਖਿਸਕਾ ਕੇ ਲੈ ਗਿਆ।


ਲਾਈਨ ਵਿਚ ਉਡੀਕ ਕਰ ਰਹੇ ਸੱਜਣਾਂ ਵਿਚ ਸਥਾਨਕ ਆਗੂ ਅਮਰੀਕ ਸਿੰਘ ਪਰਹਾਰ, ਫੋਰ ਪੁਆਇੰਟ ਹੋਟਲ ਦੇ ਮਾਲਕ ਸ੍ਰੀ ਬੌਬੀ ਗੋਸਲ, ਗੁਰਮੀਤ ਸਿੰਘ ਵੜੈਚ, ਮੱਖਣ ਸਿੰਘ ਚੱਠੂ, ਲਖਵੀਰ ਸਿੰਘ, ਜਸਵਿੰਦਰ ਬੰਗਾ ਵੀ ਸ਼ਾਮਲ ਸਨ। ਇਨ੍ਹਾਂ ਸਭ ਪਾਸ ਵੀ ਵੀ ਆਈ ਪੀ ਟਿਕਟਾਂ ਸਨ ਅਤੇ ਸਪਾਂਸਰਸ਼ਿਪ ਲਈ ਉਨ੍ਹਾਂ ਵਡੀਆਂ ਰਕਮਾਂ ਖਰਚੀਆਂ ਸਨ। ਕੁਝ ਲੋਕ ਰੀਨੋ (ਨਵਾਡਾ) ਅਤੇ ਵਾਲੇਹੋ ਜਿਹੇ ਦੁਰੇਡੇ ਕਸਬਿਆਂ ਤੋਂ ਸਨ। ਇਕ ਬੀਬੀ ਬੜੀ ਉਚੀ ਆਵਾਜ਼ ਵਿਚ ਕਹਿ ਰਹੀ ਸੀ ਕਿ ਮੇਰੇ ਕੋਲੋਂ ਸਿਰਫ ਫੋਟੋ ਲਈ ਵਖਰਾ 100 ਡਾਲਰ ਲਿਆ ਗਿਆ ਹੈ। ਸ੍ਰੀ ਅਮਰੀਕ ਸਿੰਘ ਪਰਹਾਰ ਨੇ ਕਿਹਾ ਕਿ ਅਸੀਂ ਆਪਣੇ ਬੱਚਿਆਂ ਕਰ ਕੇ ਇੰਤਜ਼ਾਰ ਕਰ ਰਹੇ ਸਾਂ ਪਰ ਅਸੀਂ ਬੁਰੀ ਤਰ੍ਹਾਂ ਨਿਰਾਸ਼ ਹੋਏ। ਚੰਗਾ ਹੁੰਦਾ ਜੇ ਪ੍ਰਮੋਟਰ ਸ਼ੁਰੂ ਵਿਚ ਹੀ ਦੱਸ ਦਿੰਦੇ ਕਿ ਗੁਰਦਾਸ ਮਾਨ ਪਾਸ ਟਾਈਮ ਨਹੀਂ ਹੈ ਅਤੇ ਅਸੀਂ ਇੰਤਜ਼ਾਰ ਨਾ ਕਰਦੇ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838



ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜੋ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ-ਜਾ ਸਕਣ।

ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।

ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ

ਫੋਨ:(510) 881-8008
ਸੈਲ:408-896-4518

Email: cctransinc@gmail.com



C and C Trans Inc., *Hayward, CA*

# ਬਰਤਾਨਵੀ ਆਵਾਸ ਨੀਤੀ 'ਚ ਸੋਧਾਂ ਬਾਰੇ ਮੰਤਰੀ ਦਾ ਸਪਸ਼ਟੀਕਰਨ

–ਡੇਮੀਅਨ ਗਰੀਨ *

ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਭਾਰਤ-ਬਰਤਾਨੀਆ ਸਬੰਧਾਂ ਨੂੰ ਵਧੇਰੇ ਮਜ਼ਬੂਤ, ਵਿਸ਼ਾਲ ਅਤੇ ਗਹਿਰਾ ਬਣਾਉਣ ਦੇ ਮੰਤਵ ਨਾਲ ਬੀਤੇ ਮਹੀਨੇ ਭਾਰਤ ਦਾ ਦੌਰਾ ਕੀਤਾ। ਸਾਡੇ ਭਾਰਤੀ ਹਮਰੁਤਬਾ ਅਤੇ ਮਿੱਤਰਾਂ ਨੇ ਉਨ੍ਹਾਂ ਦੀ ਇੱਛਾ ਦਾ ਸੁਆਗਤ ਕੀਤਾ। ਬਰਤਾਨੀਆ ਦਾ ਆਵਾਸ (ਇਮੀਗ੍ਰੇਸ਼ਨ) ਮੰਤਰੀ ਹੋਣ ਦੇ ਨਾਤੇ ਮੈਂ ਦੁਵੱਲੇ ਸਬੰਧਾਂ ਨੂੰ ਹੋਰ ਅੱਗੇ ਲਿਜਾਣ ਵਿਚ ਆਪਣੀ ਭੂਮਿਕਾ ਦੀ ਅਹਿਮੀਅਤ ਚੰਗੀ ਤਰ੍ਹਾਂ ਸਮਝਦਾ ਹਾਂ। ਮੈਂ ਆਪਣੇ ਭਾਰਤ ਦੌਰੇ ਮੌਕੇ ਬਰਤਾਨੀਆ ਦੀ ਆਵਾਸ ਪ੍ਰਣਾਲੀ ਵਿਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਅਤੇ ਉਨ੍ਹਾਂ ਦੇ ਕਾਰਨ ਸਪੱਸ਼ਟ ਕਰਨਾ ਚਾਹੁੰਦਾ ਹਾਂ। ਮੈਂ ਇਸ ਧਾਰਨਾ ਨੂੰ ਮੂਲੋਂ ਰੱਦ ਕਰਦਾ ਹਾਂ ਕਿ ਬਰਤਾਨੀਆ ਦੀ ਨਵੀਂ ਆਵਾਸ ਨੀਤੀ ਦਾ ਮਕਸਦ ਵਿਦੇਸ਼ੀਆਂ ਲਈ ਦੇਸ਼ ਦੇ ਬੂਹੇ ਬੰਦ ਕਰਨਾ ਹੈ। ਇਹ ਬਰਤਾਨੀਆ ਜਾਂ ਸਾਡੇ ਖੁੱਲ੍ਹੇ ਸਮਾਜ ਦੇ ਹਿੱਤ ਵਿਚ ਨਹੀਂ ਹੋਵੇਗਾ। ਲੰਬੇ ਸਮੇਂ ਤੋਂ ਸਾਡੇ ਦੇਸ਼ ਨੂੰ ਦੁਨੀਆਂ ਭਰ ਦੇ ਤੇ ਖਾਸਕਰ ਭਾਰਤੀ ਪਰਵਾਸੀਆਂ ਦੇ ਹੁਨਰ ਅਤੇ ਸਮਰੱਥਾ ਤੋਂ ਲਾਭ ਮਿਲਿਆ ਹੈ। ਆਵਾਸ ਕਾਰਨ ਬਰਤਾਨੀਆ ਦਾ ਸਭਿਆਚਾਰ ਅਮੀਰ ਹੋਣ ਦੇ ਨਾਲ-ਨਾਲ ਇੱਥੋਂ ਦੇ ਅਰਥਚਾਰੇ ਨੂੰ ਵੀ ਹੁਲਾਰਾ ਮਿਲਿਆ ਹੈ। ਮੁਲਕ ਦੀ ਨਵੀਂ ਗਠਜੋੜ ਸਰਕਾਰ ਇਸ ਨੂੰ ਜਾਰੀ ਰੱਖਣਾ ਚਾਹੁੰਦੀ ਹੈ ਪਰ ਫਾਇਦੇ ਲਈ ਆਵਾਸ ਨੂੰ ਸਹੀ ਢੰਗ ਨਾਲ ਕਾਬੂ ਵਿਚ ਰੱਖਣਾ ਜ਼ਰੂਰੀ ਹੈ। ਭਾਰਤ ਸਮੇਤ ਦੁਨੀਆਂ ਦੇ ਸਾਰੇ ਮੁਲਕ ਵਿਦੇਸ਼ੀਆਂ ਦੇ ਆਪਣੇ ਮੁਲਕਾਂ ਵਿਚ ਆਉਣ, ਕੰਮ ਕਰਨ ਜਾਂ ਵਸ ਜਾਣ ਉਤੇ ਕੁਝ ਪਾਬੰਦੀਆਂ ਲਗਾਉਂਦੇ ਹਨ।

ਬੀਤੇ ਕੁਝ ਸਾਲਾਂ ਦੌਰਾਨ ਬਰਤਾਨੀਆ ਵਿਚ ਆਵਾਸ ਵਿਚ ਰਿਕਾਰਡ ਵਾਧਾ ਹੋਇਆ ਹੈ। ਸਾਲ 2004 ਵਿਚ ਲਗਪਗ 25 ਹਜ਼ਾਰ ਪਰਵਾਸੀਆਂ ਨਾਲ ਇਹ ਸਿਖ਼ਰ 'ਤੇ ਪਹੁੰਚਿਆ ਸੀ। ਇਸ ਨਾਲ


ਡੇਮੀਅਨ ਗਰੀਨ

ਇੱਥੋਂ ਦੀਆਂ ਜਨਤਕ ਸੇਵਾਵਾਂ ਉਤੇ ਅਸਹਿ ਅਤੇ ਅਸਵੀਕਾਰਨਯੋਗ ਬੋਝ ਪਿਆ। ਇਸ ਕਾਰਨ ਬਰਤਾਨੀਆ ਦੇ ਕੁਝ ਖੇਤਰਾਂ ਵਿਚ ਵੱਖ-ਵੱਖ ਭਾਈਚਾਰਿਆਂ ਦਰਮਿਆਨ ਸਮਾਜਿਕ ਤਣਾਅ ਵਿਚ ਵਾਧਾ ਹੋਇਆ। ਇਸ ਲਈ ਮੌਜੂਦਾ ਸਰਕਾਰ 90ਵਿਆਂ ਦੇ ਮੁਕਾਬਲੇ ਪਰਵਾਸੀਆਂ ਦੀ ਗਿਣਤੀ ਘੱਟ ਕਰਨਾ ਚਾਹੁੰਦੀ ਹੈ। ਆਵਾਸ ਸਬੰਧੀ ਨਵੀਆਂ ਪੇਸ਼ਬੰਦੀਆਂ ਮਗਰੋਂ ਸਿਰਫ਼ ਉਹ ਹੁਨਰਮੰਦ ਵਿਅਕਤੀ ਹੀ ਬਰਤਾਨੀਆ ਆ ਸਕਣਗੇ ਜਿਨ੍ਹਾਂ ਦੇ ਹੁਨਰ ਦੀ ਸਾਨੂੰ ਲੋੜ ਹੈ ਅਤੇ ਜਿਨ੍ਹਾਂ ਲਈ ਉਥੇ ਨੌਕਰੀਆਂ ਹਨ। ਅਸੀਂ ਚੰਗੇ ਪੜ੍ਹੇ-ਲਿਖੇ ਯੋਗ ਅਤੇ ਅਯੋਗ ਲੋਕਾਂ ਵਿਚ ਨਿਖੇੜਾ ਜਾਰੀ ਰੱਖਾਂਗੇ। ਬਰਤਾਨੀਆ ਦੇ ਬੂਹੇ ਹੁਨਰਮੰਦ ਲੋਕਾਂ ਲਈ ਹਮੇਸ਼ਾ ਖੁੱਲ੍ਹੇ ਰਹਿਣਗੇ।

ਪਿਛਲੀ ਸਰਕਾਰ ਨੇ ਗ਼ੈਰ-ਹੁਨਰਮੰਦ ਕਾਮਿਆਂ ਦੇ ਦਾਖਲੇ ਉਤੇ ਪਾਬੰਦੀ ਲਾਈ ਸੀ ਅਤੇ ਅਸੀਂ ਪਾਬੰਦੀ ਜਾਰੀ ਰੱਖਾਂਗੇ। ਅਮਰੀਕਾ ਅਤੇ ਕੈਨੇਡਾ ਜਿਹੇ ਅਰਥਚਾਰਿਆਂ ਵਾਂਗੂੰ ਬਰਤਾਨੀਆ ਵਿਚ ਵੀ ਅਗਲੇ ਸਾਲ ਅਪਰੈਲ ਤੋਂ ਹੁਨਰਮੰਦ ਕਾਮਿਆਂ ਦੀ ਗਿਣਤੀ ਸਾਲਾਨਾ ਆਧਾਰ 'ਤੇ ਮਿਥੀ ਜਾਵੇਗੀ। ਬਰਤਾਨੀਆ ਦੀ ਆਰਥਿਕ ਹਾਲਤ ਅਤੇ ਲੋੜ ਦੇ ਆਧਾਰ 'ਤੇ ਹਰ ਸਾਲ ਨੌਕਰੀਆਂ ਦੀ ਸੀਮਾ ਤੈਅ ਕੀਤੀ ਜਾਵੇਗੀ। ਹੁਣ ਤੋਂ ਲੈ ਕੇ ਅਗਲੇ ਸਾਲ ਅਪਰੈਲ ਤੱਕ ਆਰਜ਼ੀ ਤੌਰ ਉਤੇ ਪਾਬੰਦੀ ਲਾਈ ਗਈ ਹੈ। ਅਜਿਹਾ ਇਸ ਕਰਕੇ ਕੀਤਾ ਗਿਆ ਹੈ ਤਾਂ ਕਿ ਅਪਰੈਲ ਤੋਂ ਪਹਿਲਾਂ ਇਸ ਬਾਰੇ ਲੋੜ ਤੋਂ ਵੱਧ ਅਰਜ਼ੀਆਂ ਨਾ ਆਉਣ। ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਬਰਤਾਨੀਆ ਕਾਰੋਬਾਰੀਆਂ ਦਾ ਸੁਆਗਤ ਕਰਦਾ ਹੈ। ਅਸੀਂ ਨਿਵੇਸ਼ਕਾਂ ਅਤੇ ਉਦਮੀਆਂ ਦੀ ਆਮਦ ਉਤੇ ਪਾਬੰਦੀਆਂ ਨਹੀਂ ਲਾਈਆਂ। ਬਰਤਾਨੀਆ ਦੋਵਾਂ ਮੁਲਕਾਂ ਦੇ ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣ ਵਾਲਿਆਂ ਦੀ ਆਮਦ ਚਾਹੁੰਦਾ ਹੈ। ਨਿਯਮਾਂ ਵਿਚ ਬਦਲਾਅ ਬਰਤਾਨਵੀ ਆਵਾਸ ਨੀਤੀ ਨੂੰ ਮੁੜ ਸੰਤੁਲਿਤ ਕਰਨ ਵਲ ਕਦਮ ਹੈ। ਅਸੀਂ ਵਿਦਿਆਰਥੀਆਂ ਲਈ ਵੀ ਬਿਹਤਰੀਨ ਪ੍ਰਬੰਧ ਕਰਨਾ ਚਾਹੁੰਦੇ ਹਾਂ। ਯੂਨੀਵਰਸਿਟੀਆਂ ਅਤੇ ਵਿਗਿਆਨ ਸਬੰਧੀ ਮੰਤਰੀ ਡੇਵਿਡ ਵਿਲੈਟਸ ਨੇ ਭਾਰਤ ਦੌਰੇ ਦੌਰਾਨ ਕਿਹਾ ਸੀ ਕਿ ਬਰਤਾਨੀਆ ਹੁਨਰਮੰਦ ਭਾਰਤੀ ਵਿਦਿਆਰਥੀਆਂ ਦਾ ਸੁਆਗਤ ਕਰਦਾ ਹੈ ਪਰ ਵਿਦਿਆਰਥੀ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਾਲੇ ਮਾਨਤਾ ਪ੍ਰਾਪਤ ਕਾਲਜ ਵਿਚ ਹੀ ਦਾਖਲਾ ਲੈਣ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਕੋਲ ਇਨ੍ਹਾਂ ਕੋਰਸਾਂ ਲਈ ਲੋੜੀਂਦੀ ਯੋਗਤਾ ਹੋਵੇ। ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਦੁਨੀਆਂ ਭਰ ਤੋਂ ਆਪਣੇ ਪਰਿਵਾਰ ਦੇ ਜੀਆਂ ਨੂੰ ਮਿਲਣ ਲਈ ਇਥੋਂ ਦਾ ਵੀਜ਼ਾ ਲੈਣ ਵਾਲੇ ਸਚਮੁੱਚ ਆਪਣੇ ਪਰਿਵਾਰਾਂ ਨੂੰ ਹੀ ਮਿਲਣ, ਨਾ ਕਿ ਬਰਤਾਨੀਆ ਦੀ ਆਵਾਸ ਪ੍ਰਣਾਲੀ ਦਾ ਫਾਇਦਾ ਚੁੱਕਣ। ਇਸ ਦੇ ਚਿਰਕਾਲੀ ਨਤੀਜੇ ਨਿਕਲਣਗੇ। ਬਰਤਾਨਵੀ ਸਿਆਸਤ ਵਿਚ ਆਵਾਸ ਮੁੱਖ ਅਤੇ ਗੰਭੀਰ ਮੁੱਦਾ ਹੈ। ਮੈਂ ਇਸ ਹਾਲਤ ਨੂੰ ਬਦਲਣਾ ਚਾਹੁੰਦਾ ਹਾਂ। ਇਥੋਂ ਦੇ ਲੋਕਾਂ ਨੂੰ ਵਿਦੇਸ਼ੀ ਨਾਗਰਿਕਾਂ ਦੀ ਗਿਣਤੀ ਕਾਬੂ ਹੇਠ ਹੋਣ ਦਾ ਯਕੀਨ ਦਿਵਾ ਕੇ ਅਤੇ ਇਥੇ ਆਉਣ ਵਾਲਿਆਂ ਲਈ ਚੰਗੀ ਅਤੇ ਨਿਆਂਪੂਰਕ ਪ੍ਰਣਾਲੀ ਮੁਹੱਈਆ ਕਰਵਾ ਕੇ ਹੀ ਅਜਿਹਾ ਕੀਤਾ ਜਾ ਸਕਦਾ ਹੈ। ਨੀਤੀ ਵਿਚ ਤਬਦੀਲੀਆਂ ਦਾ ਮੰਤਵ ਬਰਤਾਨਵੀ ਲੋਕਾਂ ਅਤੇ ਇਥੇ ਆਉਣ ਵਾਲਿਆਂ ਨੂੰ ਲਾਭ ਪਹੁੰਚਾਉਣਾ ਹੈ। ਹਮੇਸ਼ਾ ਦੀ ਤਰ੍ਹਾਂ ਬਰਤਾਨੀਆ ਸਮਰੱਥਾਵਾਨ, ਹੁਨਰਮੰਦ ਅਤੇ ਕਾਰੋਬਾਰੀ ਲੋਕਾਂ ਦਾ ਸੁਆਗਤ ਕਰਦਾ ਰਹੇਗਾ। ਭਾਰਤ ਅਜਿਹੇ ਵਿਅਕਤੀਆਂ ਦਾ ਮੁੱਖ ਸਰੋਤ ਰਿਹਾ ਹੈ। ਇਹ ਆਵਾਸ ਪ੍ਰਣਾਲੀ ਦੋਵਾਂ ਮੁਲਕਾਂ ਦੇ ਸਬੰਧ ਵਧੇਰੇ ਮਜ਼ਬੂਤ, ਵਿਸ਼ਾਲ ਅਤੇ ਗਹਿਰੇ ਬਣਾਉਣ ਵਿਚ ਕਾਰਗਰ ਸਾਬਤ ਹੋਵੇਗੀ।

*ਬਰਤਾਨਵੀ ਆਵਾਸ ਮੰਤਰੀ

## ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਬੈਠਕ

**ਸੈਕਰਾਮੈਂਟੋ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਬੈਠਕ ਇਥੇ ਪ੍ਰਬੰਧਕੀ ਸਕੱਤਰ ਦਲਵੀਰ ਦਿਲ ਨਿਜਰ ਦੇ ਗ੍ਰਹਿ ਹਰਬੰਸ ਸਿੰਘ ਜਗਿਆਸੂ ਦੀ ਪ੍ਰਧਾਨਗੀ ਵਿਚ ਹੋਈ।

ਦਿਲ ਨਿਜਰ ਨੇ ਇਕ ਗਜ਼ਲ ਹਰਮੋਨੀਅਮ ਨਾਲ ਗਾ ਕੇ ਸਭਾ ਦਾ ਅਰੰਭ ਕੀਤਾ। ਸਭਾ ਦੀ ਜਨਰਲ ਸਕੱਤਰ ਜੋਤੀ ਸਿੰਘ ਨੇ ਇਕ ਸ਼ਬਦ ਸੁਣਾਇਆ। ਸਭਾ ਦੀ ਨਵੀਂ ਬਣੀ ਮੈਂਬਰ ਬੀਬੀ ਸੁਰਜੀਤ ਕੌਰ ਨੇ ਆਪਣੀਆਂ ਕੁਝ ਗਜ਼ਲਾਂ ਤੇ ਗੀਤ ਹਰਮੋਨੀਅਮ ਨਾਲ ਗਾ ਕੇ ਸੁਣਾਏ। ਰਾਬਿੰਦਰ ਸਿੰਘ ਅਟਵਾਲ ਦੀ ਕਹਾਣੀ "ਮੁਸ਼ਟੰਡਾ" ਤਤਿੰਦਰ ਕੌਰ ਨੇ ਪੜ੍ਹ ਕੇ ਸੁਣਾਈ। ਉਪਰੰਤ ਤਤਿੰਦਰ ਕੌਰ ਨੇ ਆਪਣੀ ਕਹਾਣੀ "ਜਾਲੀਵਾਲਾ ਦੁਪੱਟਾ" ਸੁਣਾਈ। ਸ. ਨਰਿੰਦਰ ਹੁੰਦਲ ਨੇ ਆਪਣੇ ਨਵੇਂ ਸ਼ੁਰੂ ਕੀਤੇ ਅਖਬਾਰ ਅਮੈਰਿਕਨ ਪੰਜਾਬੀ ਨਿਊਜ਼ ਬਾਰੇ ਜਾਣਕਾਰੀ ਦਿੱਤੀ।

ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਨੇ ਸਭਾ ਵਲੋਂ ਛਪਵਾਏ ਜਾ ਰਹੇ ਸੋਵੀਨਾਰ, ਸਾਲਾਨਾ ਕਾਨਫਰੰਸ ਅਤੇ ਹੋਰ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ। ਸਭਾ ਦੇ ਨਵੇਂ ਬਣੇ ਮੈਂਬਰਾਂ ਬੀਬੀ ਸੁਰਜੀਤ ਕੌਰ, ਪ੍ਰੋ. ਮੱਖਣ ਸਿੰਘ, ਡਾ. ਗੁਰਦੇਵ ਸਿੰਘ ਘਨਗਸ, ਸ. ਹਰਭਜਨ ਸਿੰਘ ਲੌਂਗਮੈਨ ਤੇ ਸ. ਪਰਮਿੰਦਰ ਸਿੰਘ ਔਜਲਾ ਦਾ ਸਵਾਗਤ ਕੀਤਾ।

ਇਸ ਮੌਕੇ ਮਨਜੀਤ ਸੇਖੋਂ, ਬੀਬੀ ਸੁਰਜੀਤ ਕੌਰ, ਡਾ. ਗੁਰਦੇਵ ਸਿੰਘ ਘਣਗਸ, ਮੁਹਿੰਦਰ ਸਿੰਘ ਘੱਗ, ਜੋਤੀ ਸਿੰਘ, ਪਰਮਿੰਦਰ ਸਿੰਘ ਰਾਇ, ਦਲਵੀਰ ਸਿੰਘ ਨਿਜਰ, ਪਰਮਿੰਦਰ ਸਿੰਘ ਔਜਲਾ, ਜਸਵੰਤ ਸਿੰਘ ਜੱਸੀ, ਗੁਰਬਚਨ ਸਿੰਘ ਭਾਟੀਆ, ਹਰਬੰਸ ਸਿੰਘ ਜਗਿਆਸੂ ਨੇ ਆਪਣੀਆਂ ਰਚਨਾਵਾਂ ਸੁਣਾਈਆਂ।

## ਭਾਰਤੀ ਵਿਦਿਆਰਥੀ ਹੁਣ ਗਣਿਤ ਵਲੋਂ ਮੂੰਹ ਮੋੜਨ ਲੱਗੇ

**ਹੈਦਰਾਬਾਦ :** ਸਦੀਆਂ ਪਹਿਲਾਂ ਗਣਿਤ ਵਿਚ ਭਾਰਤ ਦੀ ਕੁੱਲ ਦੁਨੀਆਂ ਵਿਚ ਝੰਡੀ ਸੀ। ਆਰੀਆ ਭੱਟ ਨੇ ਸਿਫ਼ਰ ਦੀ ਖੋਜ ਕਰ ਕੇ ਸੰਸਾਰ ਨੂੰ ਦਿੱਤੀ। ਉਨ੍ਹਾਂ ਮਗਰੋਂ ਉਨ੍ਹਾਂ ਦੇ ਚੇਲੇ ਭਾਸਕਰ ਤੇ ਅਗੋਂ ਰਾਮਾਨੁਜ ਨੇ ਗਣਿਤ ਵਿਚ ਭਾਰਤ ਦਾ ਝੰਡਾ ਉਚਾ ਰੱਖਿਆ, ਪਰ ਹੁਣ ਹਾਲਾਤ ਬਦਲ ਗਏ ਹਨ। ਭਾਰਤੀ ਗਣਿਤ ਵਿਚ ਆਪਣਾ ਜਾਦੂ ਦਿਨ-ਬ-ਦਿਨ ਗੁਆ ਰਹੇ ਹਨ। ਇਹ ਸਭ ਕੁਝ ਇਸ ਕਰ ਕੇ ਹੈ ਕਿਉਂਕਿ ਬੱਚਿਆਂ ਦੀ ਇਸ ਵਿਚ ਦਿਲਚਸਪੀ ਖ਼ਤਮ ਹੁੰਦੀ ਜਾ ਰਹੀ ਹੈ।

ਇਹ ਚਿੰਤਾਵਾਂ ਬੀਤੀ 21 ਅਗਸਤ ਨੂੰ ਇੱਥੇ ਗਣਿਤ ਮਾਹਿਰਾਂ ਦੀ ਕੌਮਾਂਤਰੀ ਕਾਂਗਰਸ ਵਿਚ ਬੁਲਾਰਿਆਂ ਨੇ ਸਾਂਝੀਆਂ ਕੀਤੀਆਂ। ਇਹ ਪਹਿਲਾ ਮੌਕਾ ਹੈ ਕਿ 113 ਸਾਲ ਪੁਰਾਣੀ ਇਸ ਸੰਸਥਾ ਦੇ ਇੰਨੇ ਵੱਡੇ ਸਮਾਗਮ ਦੀ ਭਾਰਤ ਮੇਜ਼ਬਾਨੀ ਕਰ ਰਿਹਾ ਹੈ। ਨੌਂ ਦਿਨਾਂ ਤੱਕ ਚੱਲਣ ਵਾਲੇ ਸਮਾਗਮ ਵਿਚ ਇਥੇ ਦੁਨੀਆਂ ਭਰ ਤੋਂ ਗਣਿਤ ਮਾਹਿਰ ਜੁੜੇ ਹੋਏ ਹਨ। ਇਸ ਸਮਾਗਮ ਦਾ ਮੁੱਖ ਉਦੇਸ਼ ਗਣਿਤ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਹੈ ਕਿ ਇਹ ਕੋਈ ਹਊਆ ਨਹੀਂ, ਸਗੋਂ ਆਸਾਨ ਤੇ ਦਿਲਚਸਪ ਵਿਸ਼ਾ ਹੈ।

ਚੇਨਈ ਸਥਿਤ ਗਣਿਤ ਵਿਗਿਆਨ ਸੰਸਥਾ ਦੇ ਆਰ.ਰਾਮਾਨੁਜ ਨੇ ਦੱਸਿਆ, "ਸਾਡੇ ਭਾਰਤ ਦੇ ਸੰਦਰਭ ਵਿਚ ਸਭ ਤੋਂ ਵੱਡੀ ਮੁਸ਼ਕਿਲ ਸਕੂਲੀ ਸਿੱਖਿਆ ਵੇਲੇ ਤੋਂ ਸ਼ੁਰੂ ਹੁੰਦੀ ਹੈ। ਗਣਿਤ ਦੇ ਅਧਿਆਪਕ ਇਸ ਵਿਸ਼ੇ ਨੂੰ ਦਿਲਚਸਪ ਬਣਾਉਣ ਲਈ ਡੂੰਘਾਈ ਨਾਲ ਅਧਿਐਨ ਨਹੀਂ ਕਰਦੇ। ਇਸ ਕਾਰਨ ਅੱਜ ਦੇ ਯੁੱਗ ਵਿਚ ਗਣਿਤ ਵਲ ਕੋਈ ਮੂੰਹ ਨਹੀਂ ਕਰ ਰਿਹਾ, ਸਗੋਂ ਸੂਚਨਾ ਤਕਨੀਕ ਵਲ ਸਭ ਦਾ ਝੁਕਾਅ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਸਾਡੀ ਇਕ ਪੂਰੀ ਪੀੜ੍ਹੀ ਗਣਿਤ ਤੋਂ ਦੂਰ ਹੋ ਚੁੱਕੀ ਹੈ। ਬੰਗਲੌਰ ਦੀ ਭਾਰਤੀ ਵਿਗਿਆਨ ਸੰਸਥਾ ਦੇ ਜੀ.ਰੰਗਾਰਾਜਨ ਨੇ ਕਿਹਾ ਕਿ ਗਣਿਤ ਵਿਚ ਖੋਜ ਕਰਨ ਲਈ ਨੌਜਵਾਨਾਂ ਨੂੰ ਉਤਸ਼ਾਹਤ ਕੀਤਾ ਜਾਵੇ। ਯੂਨੀਵਰਸਿਟੀ ਆਫ ਕੈਂਬਰਿਜ ਦੇ ਡਬਲਿਊ.ਟੀ. ਗਾਵਰਜ ਨੇ ਦੱਸਿਆ ਕਿ ਗਣਿਤ ਪੜ੍ਹਾਉਣ ਦੀ ਤਕਨੀਕ ਸੌਖੀ ਹੋਣੀ ਚਾਹੀਦੀ ਹੈ।

ਭਾਰਤੀ ਡੈਲੀਗੇਟਾਂ ਵਿਚੋਂ ਬਹੁਤਿਆਂ ਦੀ ਇਹੀ ਰਾਇ ਸੀ ਕਿ ਵਿਦਿਆਰਥੀਆਂ ਵਲੋਂ ਇੰਜੀਨੀਅਰਿੰਗ ਤੇ ਮੈਨੇਜਮੈਂਟ ਕੋਰਸਾਂ ਵਿਚ ਜਾਣ ਕਾਰਨ ਗਣਿਤ ਦੇਸ਼ 'ਚ ਅਣਜਾਣ ਜਿਹਾ ਵਿਸ਼ਾ ਬਣਦਾ ਜਾ ਰਿਹਾ ਹੈ। ਗਣਿਤ ਬਾਰੇ ਕਈ ਕਿਤਾਬਾਂ ਦੇ ਲੇਖਕ ਟੀ.ਕੇ.ਵੀ. ਆਇੰਗਰ ਨੇ ਕਿਹਾ ਕਿ ਸਕੂਲ ਪੱਧਰ ਤੱਕ ਗਣਿਤ ਪੜ੍ਹਨ ਵਾਲੇ ਬਹੁਗਿਣਤੀ ਵਿਦਿਆਰਥੀ ਹੀ ਇੰਜੀਨੀਅਰਿੰਗ ਦੇ ਕੋਰਸਾਂ ਵਿਚ ਜਾ ਰਹੇ ਹਨ।

ਹੈਦਰਾਬਾਦ ਯੂਨੀਵਰਸਿਟੀ ਦੇ ਗਣਿਤ ਵਿਭਾਗ ਦੇ ਮੁਖੀ ਰਜਤ ਟੰਡਨ ਨੇ ਕਿਹਾ ਕਿ ਕਿਸੇ ਪੇਸ਼ਾਵਰ ਗਰੈਜੂਏਟ ਨੂੰ ਗਣਿਤ ਗਰੈਜੂਏਟ ਨਾਲੋਂ ਵਧ ਪੈਕੇਜ ਮਿਲਣ ਕਾਰਨ ਵਿਦਿਆਰਥੀ ਇਸ ਵਿਸ਼ੇ ਤੋਂ ਮੂੰਹ ਮੋੜ ਰਹੇ ਹਨ।

ਇਹ ਕਾਂਗਰਸ ਚਾਰ ਸਾਲਾਂ ਵਿਚ ਇਕ ਵਾਰ ਹੁੰਦੀ ਹੈ। ਸਭ ਤੋਂ ਪਹਿਲਾਂ ਇਹ ਜਿਊਰਿਖ 'ਚ 1897 ਵਿਚ ਹੋਈ ਸੀ। ਪਹਿਲੀ ਵਾਰ ਹੈ, ਜਦੋਂ ਇਹ ਭਾਰਤ ਵਿਚ ਹੋ ਰਹੀ ਹੈ। ਇਥੇ ਕਰੀਬ 3000 ਡੈਲੀਗੇਟ 70 ਦੇਸ਼ਾਂ ਵਿਚੋਂ ਆਏ ਹਨ। 23 ਅਗਸਤ ਨੂੰ 60 ਸਕੂਲਾਂ ਦੇ ਵਿਦਿਆਰਥੀ ਯੂਨੀਵਰਸਿਟੀ ਆਫ ਆਕਲੈਂਡ ਦੇ ਬਿੱਲ ਬੈਰਟਨ ਤੇ 24 ਅਗਸਤ ਨੂੰ ਬਰਲਿਨ ਮੈਥਸ ਸਕੂਲ ਦੇ ਗੰਟਰ ਜ਼ੀਏਹਾਲਰ ਦਾ ਭਾਸ਼ਣ ਹੋਇਆ। ਸ਼ਤਰੰਜ ਦੇ ਗਰੈਂਡ ਮਾਸਟਰ ਵਿਸ਼ਵਨਾਥਨ ਆਨੰਦ 40 ਗਣਿਤ ਮਾਹਿਰਾਂ ਨਾਲ ਇੱਕੋ ਵੇਲੇ ਸ਼ਤਰੰਜ ਖੇਡੇ।

**ਕਿਸੇ ਵੀ ਭਾਰਤੀ ਨੂੰ ਇਨਾਮ ਨਾ ਮਿਲਿਆ**–ਭਾਰਤ ਨੇ ਭਾਵੇਂ ਕਿਸੇ ਵੇਲੇ ਸੰਸਾਰ ਨੂੰ 'ਸਿਫ਼ਰ' ਦਾ ਸੰਕਲਪ ਦਿੱਤਾ ਪਰ ਇਥੇ ਗਣਿਤ ਮਾਹਿਰਾਂ ਦੀ ਕੌਮਾਂਤਰੀ ਕਾਂਗਰਸ ਵਿਚ ਉੱਚ ਇਨਾਮ ਹਾਸਲ ਕਰਨ ਵਾਲਿਆਂ ਵਿਚ ਇਕ ਵੀ ਭਾਰਤੀ ਨਹੀਂ ਸੀ। ਕਾਂਗਰਸ ਦੌਰਾਨ ਗਣਿਤ ਦੇ ਖੇਤਰ ਵਿਚ ਯੋਗਦਾਨ ਪਾਉਣ ਲਈ 7 ਮੁੱਖ ਇਨਾਮ ਦਿੱਤੇ ਗਏ। ਇਨ੍ਹਾਂ ਵਿਚ ਚਾਰ ਫੀਲਡਸ ਮੈਡਲ ਵੀ ਸ਼ਾਮਲ ਹਨ। ਇਹ ਮੈਡਲ ਨੋਬਲ ਪੁਰਸਕਾਰ ਦੇ ਬਰਾਬਰ ਮੰਨੇ ਜਾਂਦੇ ਹਨ। ਇਹ ਮੈਡਲ ਹਰ ਚਾਰ ਸਾਲ ਬਾਅਦ 40 ਸਾਲ ਤੱਕ ਉਮਰ ਦੇ ਗਣਿਤ ਮਾਹਿਰਾਂ ਨੂੰ ਦਿੱਤੇ ਜਾਂਦੇ ਹਨ। ਭਾਰਤੀ ਮੂਲ ਦੇ ਤਿੰਨ ਗਣਿਤ ਮਾਹਿਰਾਂ ਮੰਜੂ ਭਾਰਗਵ (ਕੈਨੇਡਾ), ਅਕਸ਼ੈ ਵੈਂਕਟੇਸ਼ (ਆਸਟਰੇਲੀਆ) ਅਤੇ ਕਾਨਨ ਸੁੰਦਰਰਾਜਨ (ਅਮਰੀਕਾ) ਦਾ ਨਾਂ ਮੈਡਲ ਲਈ ਵੱਜ ਰਿਹਾ ਸੀ ਪਰ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਇਹ ਮੈਡਲ ਨਾ ਮਿਲਿਆ। 1936 ਤੋਂ ਸ਼ੁਰੂ ਕੀਤੇ ਇਹ ਵੱਕਾਰੀ ਮੈਡਲ ਨਗੋ ਬਾਓ ਚਾਓ (ਫਰਾਂਸ), ਸੈਡਰਿਕ ਵਿਲਾਨੀ (ਫਰਾਂਸ), ਐਲਨ ਲਿੰਡਨ ਸਤਰਾਸ (ਇਸਰਾਈਲ) ਅਤੇ ਸਤਾਨੀਸਲਾਵ ਸਮਿਰਨੋਵ (ਸਵਿਟਜ਼ਰਲੈਂਡ) ਨੂੰ ਮਿਲੇ।


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ
ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.


Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਪਾਕਿਸਤਾਨੀ ਲੀਡਰਾਂ ਦੀ ਲਾਲਸਾ ਹੜ੍ਹ ਪੀੜਤਾਂ ਨੂੰ ਵੀ ਚੂੰਡਣ ਲੱਗੀ

**-ਜਤਿੰਦਰ ਪਨੂੰ**

ਪਾਕਿਸਤਾਨ ਇਸ ਵਕਤ ਹੜ੍ਹਾਂ ਦੀ ਮਾਰ ਹੇਠ ਹੈ। ਆਪਣੇ ਮੂਲ ਵਜੋਂ ਸਾਡੇ ਪੁਰਾਣੇ ਅੰਗ-ਸਾਕ ਹੋਣ ਕਰ ਕੇ ਪਾਕਿਸਤਾਨੀ ਲੋਕਾਂ ਨਾਲ ਸਾਡੀ ਓਨੀ ਹੀ ਹਮਦਰਦੀ ਹੈ, ਜਿੰਨੀ ਕਿਸੇ ਨੇਕ-ਦਿਲ ਗੁਆਂਢੀ ਨੂੰ ਹੋਣੀ ਚਾਹੀਦੀ ਹੈ। ਭਾਰਤ ਸਰਕਾਰ ਨੇ ਕਿਸੇ ਵੀ ਹੋਰ ਦੇਸ਼ ਤੋਂ ਪਹਿਲਾਂ ਪਾਕਿਸਤਾਨ ਨੂੰ ਇਹ ਪੇਸ਼ਕਸ਼ ਕੀਤੀ ਸੀ ਕਿ ਉਸ ਨੂੰ ਹੜ੍ਹਾਂ ਤਂ ਪੀੜਤ ਲੋਕਾਂ ਲਈ ਜਿੰਨੀ ਮਦਦ ਚਾਹੀਦੀ ਹੈ, ਅਸੀਂ ਦੇਣ ਲਈ ਤਿਆਰ ਹਾਂ। ਉਥੋਂ ਦੀ ਸਰਕਾਰ ਨੇ ਇਨਕਾਰ ਵੀ ਨਹੀਂ ਸੀ ਕੀਤਾ ਤੇ ਹੁੰਗਾਰਾ ਵੀ ਨਹੀਂ ਸੀ ਭਰਿਆ। ਪੂਰੇ ਛੇ ਦਿਨ ਇਸ ਜੱਕੋ-ਤੱਕੀ ਵਿਚ ਗੁਜ਼ਰ ਗਏ ਸਨ। ਫੇਰ ਉਨ੍ਹਾਂ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਅਮਰੀਕਾ ਵਿਚ ਜਾ ਕੇ ਇਹ ਐਲਾਨ ਕੀਤਾ ਕਿ ਉਹ ਭਾਰਤ ਦੀ ਮਦਦ ਲੈਣ ਲਈ ਤਿਆਰ ਹਨ। ਆਖਰ ਕਾਰਨ ਕੀ ਸੀ ਇਸ ਝਿਜਕ ਦਾ, ਕੋਈ ਵੀ ਸਮਝ ਨਹੀਂ ਸਕਿਆ। ਇਸ ਦੌਰਨ ਜਿਹੜੀ ਗੱਲ ਹਰ ਕਿਸੇ ਨੇ ਮਹਿਸੂਸ ਕੀਤੀ, ਉਹ ਇਹ ਸੀ ਕਿ ਪਾਕਿਸਤਾਨ ਦੇ ਲੋਕ ਜ਼ਰੂਰ ਦੁਖੀ ਸਨ, ਉਨ੍ਹਾਂ ਦੇ ਹੁਕਮਰਾਨ ਇਸ ਔਖੀ ਘੜੀ ਵਿਚ ਵੀ ਕੋਈ ਗੁੱਝੀ ਖੇਡ ਖੇਡ ਰਹੇ ਸਨ।

ਪਹਿਲੀ ਗੱਲ ਤਾਂ ਇਹੋ ਹੈਰਾਨੀ ਵਾਲੀ ਸੀ ਕਿ ਜਦੋਂ ਕੁਦਰਤੀ ਕਹਿਰ ਵਰਤਦਾ ਪਿਆ ਸੀ, ਮੁਲਕ ਦਾ ਰਾਸ਼ਟਰਪਤੀ ਆਸਿਫ ਜ਼ਰਦਾਰੀ ਆਪਣਾ ਦੇਸ਼ ਛੱਡ ਕੇ ਬਰਤਾਨੀਆ ਦੇ ਦੌਰੇ ਨੂੰ ਤੁਰ ਗਿਆ। ਕਿਹਾ ਤਾਂ ਇਹ ਕਿ ਬਰਤਾਨਵੀ ਪ੍ਰਧਾਨ ਮੰਤਰੀ ਕੈਮਰੂਨ ਵਲੋਂ ਭਾਰਤ ਵਿਚ ਆ ਕੇ ਪਾਕਿਸਤਾਨ ਵਿਰੁਧ ਕੀਤੀ ਟਿੱਪਣੀ ਦਾ ਮਾਮਲਾ ਸਾਫ ਕਰਨਾ ਹੈ, ਪਰ ਦੋਵਾਂ ਦੀ ਮੀਟਿੰਗ ਜਦੋਂ ਹੋਈ ਤਾਂ ਇਹ ਮੁੱਦਾ ਹੀ ਨਾ ਵਿਚਾਰਿਆ ਗਿਆ। ਅਸਲ ਕੰਮ ਇਹ ਸੀ ਕਿ ਉਸ ਦਾ ਪੁੱਤਰ ਬਿਲਾਵਲ ਹੁਣ ਜਵਾਨ ਹੋ ਰਿਹਾ ਹੈ, ਉਸ ਦੀ ਰਾਜਨੀਤਕ ਉਡਾਣ ਲਈ ਰਨ-ਵੇਅ ਤਿਆਰ ਕੀਤਾ ਜਾਵੇ। ਇਸ ਮਕਸਦ ਲਈ ਕਈ ਮੀਟਿੰਗਾਂ ਰੱਖ ਲਈਆਂ ਸਨ। ਅਜਿਹੀ ਇਕ ਮੀਟਿੰਗ ਮੌਕੇ ਇਕ ਪਾਕਿਸਤਾਨੀ ਮੂਲ ਦੇ ਬੰਦੇ ਨੇ ਛਿੱਤਰ ਸਟੇਜ ਵਲ ਸੁੱਟ ਦਿੱਤੇ ਤੇ ਅੱਗੋਂ ਮੀਟਿੰਗਾਂ ਦਾ ਸਿਲਸਿਲਾ ਠੱਪ ਹੋ ਗਿਆ। ਮੁੰਡੇ ਦੀ ਹਾਲਤ ਤਾਂ 'ਨ੍ਹਾਤੀ-ਧੋਤੀ ਰਹਿ ਗਈ' ਵਾਲੀ ਬਣੀ ਪਈ ਸੀ, ਜ਼ਰਦਾਰੀ ਸਾਹਿਬ ਨੇ ਵੀ ਨਵਾਂ ਬਹਾਨਾ ਇਹ ਘੜ ਲਿਆ ਕਿ ਹੜ੍ਹ ਪੀੜਤਾਂ ਲਈ ਮਦਦ ਇਕੱਠੀ ਕਰਨ ਵਾਸਤੇ ਮੀਟਿੰਗਾਂ ਰੱਖੀਆਂ ਹਨ। ਇਹ ਉਹ ਗੱਲ ਸੀ, ਜਿਸ ਨੇ ਜ਼ਰਦਾਰੀ ਨੂੰ ਹੋਰ ਕਸੂਤੇ ਫਸਾ ਦਿੱਤਾ। ਕਈ ਸਾਲ ਪਹਿਲਾਂ ਜਨਰਲ ਪਰਵੇਜ਼ ਮੁਸ਼ੱਰਫ ਦੀ ਸਰਕਾਰ ਵੇਲੇ ਪਾਕਿਸਤਾਨ ਵਿਚ ਭੁਚਾਲ ਨੇ ਤਬਾਹੀ ਮਚਾਈ ਸੀ ਤਾਂ ਜ਼ਰਦਾਰੀ ਨੇ ਉਦੋਂ ਵੀ ਬਰਤਾਨੀਆ ਤੋਂ ਮਦਦ ਇਕੱਠੀ ਕੀਤੀ ਸੀ। ਉਦੋਂ ਬਰਤਾਨੀਆ ਤੋਂ ਪੈਂਤੀ ਸੌ ਕਰੋੜ ਪੌਂਡ ਇਕੱਠੇ ਹੋਏ ਸਨ, ਜਿਹੜੇ ਭਾਰਤੀ ਕਰੰਸੀ ਦੇ ਹਿਸਾਬ ਨਾਲ ਢਾਈ ਹਜ਼ਾਰ ਕਰੋੜ ਰੁਪਏ ਬਣਦੇ



ਸਨ, ਪਾਕਿਸਤਾਨ ਦੇ ਹਿਸਾਬ ਇਸ ਤੋਂ ਵੀ ਡਿਓਢੇ ਬਣਨਗੇ, ਪਰ ਉਹ ਕਦੇ ਵੀ ਪਾਕਿਸਤਾਨ ਦੇ ਲੋਕਾਂ ਤੱਕ ਨਹੀਂ ਸਨ ਪਹੁੰਚੇ। ਹੁਣ ਮਦਦ ਮੰਗਣ ਉਤੇ ਹਰ ਕੋਈ ਇਹ ਪੁੱਛ ਰਿਹਾ ਸੀ ਕਿ ਜ਼ਰਦਾਰੀ ਸਾਹਿਬ ਪਹਿਲਾਂ ਉਸ ਪੁਰਾਣੇ ਫੰਡ ਦਾ ਲੇਖਾ-ਪੱਤਾ ਵੀ ਦੱਸ ਦੇਣ। ਜ਼ਰਦਾਰੀ ਸਾਹਿਬ ਨੇ ਇਹ ਨਾਖੁਸ਼ਗਵਾਰ ਕੰਮ ਕਰਨ ਦੀ ਬਜਾਏ ਅਗਲਾ ਦਾਅ ਇਹ ਖੇਡਿਆ ਕਿ 'ਜ਼ਰੂਰੀ ਕੰਮ' ਦਾ ਬਹਾਨਾ ਲਾ ਕੇ ਰੂਸ ਦਾ ਪ੍ਰੋਗਰਾਮ ਬਣਾਉਣ ਲੱਗ ਪਏ।

ਜਿੱਥੋਂ ਤੱਕ ਪਾਕਿਸਤਾਨ ਦੇ ਲੋਕਾਂ ਦੇ ਹਕੀਕੀ ਦੁਖਾਂਤ ਦਾ ਸੰਬੰਧ ਹੈ, ਉਹ ਬਹੁਤ ਵੱਡਾ ਹੈ। ਪੂਰੇ ਦੇਸ਼ ਦਾ ਪੰਜਵਾਂ ਹਿੱਸਾ ਹੜ੍ਹਾਂ ਦੀ ਮਾਰ ਹੇਠ ਦੱਸਿਆ ਜਾ ਰਿਹਾ ਹੈ। ਫਿਰ ਵੀ ਜੇ ਉਥੋਂ ਦੇ ਲੀਡਰ ਚਾਹੁਣ ਤਾਂ ਬਾਹਰੀ ਮਦਦ ਤੋਂ ਬਿਨਾਂ ਸਾਰ ਸਕਦੇ ਹਨ। ਆਸਿਫ ਅਲੀ ਜ਼ਰਦਾਰੀ ਦੀ ਜਾਇਦਾਦ ਡੇਢ ਲੱਖ ਕਰੋੜ ਰੁਪਏ ਤੋਂ ਵੱਧ ਹੈ ਤੇ ਨਵਾਜ਼ ਸ਼ਰੀਫ ਦੀ ਵੀ ਇਸ ਦੇ ਅੱਧ ਨੂੰ ਪਹੁੰਚਦੀ ਹੈ। ਜੇ ਉਹ ਦੋਵੇਂ ਜਣੇ ਅਮਰੀਕੀ ਸੇਠਾਂ ਵਾਂਗ ਦੋ ਫੀਸਦੀ ਵੀ ਦਾਨ ਕਰ ਦੇਣ ਤਾਂ ਬਾਹਰੋਂ ਮਦਦ ਲਿਆਉਣ ਦੀ ਲੋੜ ਹੀ ਨਹੀਂ। ਇਸ ਦੇ ਬਾਵਜੂਦ ਬਾਹਰੋਂ ਮਦਦ ਮੰਗੀ ਜਾ ਰਹੀ ਹੈ ਤਾਂ ਇਸ ਲਈ ਕਿ ਪੀੜਤਾਂ ਲਈ ਕੁਝ ਆਵੇਗਾ ਤਾਂ ਲੀਡਰਾਂ ਜੋਗਾ ਦਸਵੰਧ (ਜ਼ਰਦਾਰੀ ਨੂੰ 'ਮਿਸਟਰ ਟੈਨ ਪਰਸੈਂਟ' ਕਿਹਾ ਜਾਂਦਾ ਹੈ) ਕੱਢਿਆ ਜਾ ਸਕਦਾ ਹੈ।

ਹਕੀਕੀ ਹਾਲਤਾਂ ਕੀ ਹਨ? ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਹੜ੍ਹ ਪੀੜਤਾਂ ਲਈ ਤਿੰਨ ਰਾਹਤ ਕੈਂਪਾਂ ਵਿਚ ਜਾ ਕੇ 'ਪੀੜਤਾਂ' ਨੂੰ ਸਾਮਾਨ ਵੰਡਿਆ ਸੀ। ਤਿੰਨਾਂ ਵਿਚੋਂ ਦੋ ਥਾਵਾਂ ਤੋਂ ਉਸੇ ਸ਼ਾਮ ਇਹ ਰਿਪੋਰਟ ਟੀ ਵੀ ਚੈਨਲਾਂ ਨੇ ਪੇਸ਼ ਕਰ ਦਿੱਤੀ ਕਿ ਪੀੜਤ ਉਥੇ ਕੋਈ ਨਹੀਂ ਸਨ ਆਏ, ਅਧਿਕਾਰੀਆਂ ਨੇ ਇਧਰ-ਉਧਰ ਦੇ ਬੰਦੇ ਪੇਸ਼ ਕਰਕੇ ਉਨ੍ਹਾਂ ਨੂੰ ਮਦਦ ਦੇ ਪੈਕੇਟ ਦਿਵਾ ਕੇ ਰਸਮ ਪੂਰੀ ਕਰ ਦਿੱਤੀ ਸੀ। ਏਨਾ ਵੱਡਾ ਝੂਠ ਕਿ ਮੁਲਕ ਦਾ ਪ੍ਰਧਾਨ ਮੰਤਰੀ ਆਵੇ ਤਾਂ ਲੋਕਾਂ ਨਾਲ ਮਿਲਣ ਨਾ ਦਿੱਤਾ ਜਾਵੇ ਤੇ ਫਰਜ਼ੀ ਰਾਹਤ ਕੈਂਪ ਲਾ ਕੇ ਉਸ ਨੂੰ ਮੋੜ ਦਿੱਤਾ ਜਾਵੇ, ਇਹ ਸਿਰਫ ਪਾਕਿਸਤਾਨ ਵਿਚ ਹੀ ਹੋ ਸਕਦਾ ਹੈ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਸਾਰਾ ਭੇਦ ਖੁੱਲ੍ਹ ਜਾਣ ਪਿੱਛੋਂ ਉਥੋਂ ਦੀ ਸਰਕਾਰ ਨੇ ਨਾ ਕੋਈ ਜਾਂਚ ਕਰਵਾਈ, ਨਾ ਕਿਸੇ ਨੂੰ ਝਾੜ ਹੀ ਪਾਈ, ਚੁੱਪ ਵੱਟ ਲਈ ਹੈ।

ਸਥਿਤੀ ਦਾ ਤੀਸਰਾ ਪੱਖ ਇਹ ਹੈ ਕਿ ਪਾਕਿਸਤਾਨ ਦੀ ਕੌਮੀ ਅਸੈਂਬਲੀ ਅੰਦਰ ਹੜ੍ਹ ਪੀੜਤਾਂ ਦੀ ਮਦਦ ਦਾ ਮੁੱਦਾ ਵਿਚਾਰਨ ਵਾਸਤੇ ਮੁਲਕ ਦੇ ਸਿਹਤ ਸਕੱਤਰ ਨੂੰ ਸੱਦਿਆ ਗਿਆ ਸੀ। ਸਿਹਤ ਸਕੱਤਰ ਗਿਆ ਤਾਂ ਇਹ ਕਹਿ ਕੇ ਆਪਣੀ ਜ਼ਿੰਮੇਵਾਰੀ ਨਿਭਾ ਆਇਆ ਕਿ ਰਾਹਤ ਭੇਜਣ ਲਈ ਹਵਾਈ ਜਹਾਜ਼ਾਂ ਨੇ ਜਿੱਥੋਂ ਉਡਾਰੀ ਭਰਨੀ ਹੈ, ਉਨ੍ਹਾਂ ਹਵਾਈ ਅੱਡਿਆਂ 'ਤੇ ਅਮਰੀਕੀ ਹਵਾਈ ਫੌਜ ਦਾ ਕਬਜ਼ਾ ਹੈ, ਇਸ ਕਰ ਕੇ ਅਸੀਂ ਕੁਝ ਵੀ ਨਹੀਂ ਕਰ ਸਕਦੇ।

ਇਸ ਤੋਂ ਦੋ ਗੱਲਾਂ ਸਪੱਸ਼ਟ ਹੋ ਗਈਆਂ। ਪਹਿਲੀ ਇਹ ਕਿ ਪਾਕਿਸਤਾਨ ਦੀ ਸਰਕਾਰ ਬਾਹਰ ਭਾਵੇਂ ਜਿੰਨਾ ਵੀ ਮੁੱਕਰਦੀ ਰਹੇ, ਅੰਦਰ ਇਸ ਦਾ ਸੀਨੀਅਰ ਅਫਸਰ ਆਪਣੀ ਕੌਮੀ ਅਸੈਂਬਲੀ ਦੇ ਮੈਂਬਰਾਂ ਮੂਹਰੇ ਬਾਕਾਇਦਾ ਤੌਰ 'ਤੇ ਮੰਨ ਚੁੱਕਾ ਹੈ ਕਿ ਉਨ੍ਹਾਂ ਦੇ ਹਵਾਈ ਅੱਡੇ ਅਮਰੀਕੀ ਫੌਜ ਨੂੰ ਸੌਂਪੇ ਪਏ ਹਨ। ਦੂਜੀ ਇਹ ਕਿ ਸਰਕਾਰ ਜਾਂ ਤਾਂ ਏਨੀ ਲਾਪਰਵਾਹ ਹੈ ਤੇ ਜਾਂ ਫਿਰ ਏਨੀ ਬੇਵੱਸ ਕਿ ਉਹ ਆਪਣੇ ਮੁਲਕ ਦੇ ਮੁਸੀਬਤ ਦੇ ਮੂੰਹ ਆਏ ਲੋਕਾਂ ਦੀ ਮਦਦ ਵੀ ਨਹੀਂ ਕਰ ਸਕਦੀ। ਜੇ ਉਸ ਦਾ ਕੁਝ ਕਰਨ ਦਾ ਇਰਾਦਾ ਹੀ ਹੁੰਦਾ ਤਾਂ ਦੂਜੀਆਂ ਹਵਾਈ ਸੇਵਾਵਾਂ ਵੀ ਹਨ, ਪ੍ਰਾਈਵੇਟ ਕੰਪਨੀਆਂ ਵੀ ਹਨ ਤੇ ਚੋਣਾਂ ਮੌਕੇ ਵਰਤੇ ਜਾਂਦੇ ਹੈਲੀਕਾਪਟਰਾਂ ਦੀ ਡਾਰ ਵੀ ਹੈ, ਪਰ ਉਥੋਂ ਦੀ ਸਰਕਾਰ ਨੇ ਇਨ੍ਹਾਂ ਦੀ ਵਰਤੋਂ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਸਾਫ ਹੈ ਕਿ ਜਿੰਨੀ ਕੁ ਚਿੰਤਾ ਰਾਸ਼ਟਰਪਤੀ ਜ਼ਰਦਾਰੀ ਨੂੰ ਹੈ, ਓਨੀ ਕੁ ਬਾਕੀਆਂ ਨੂੰ ਹੈ, ਕੰਮ ਕੋਈ ਕਰ ਹੀ ਨਹੀਂ ਰਿਹਾ।

ਮਾੜੀ ਕਿਸਮਤ ਪਾਕਿਸਤਾਨ ਦੀ ਸਰਕਾਰ ਚਲਾਉਣ ਵਾਲਿਆਂ ਦੀ ਕਿ ਉਨ੍ਹਾਂ ਦੇ ਸਿਹਤ ਸਕੱਤਰ ਦੇ ਇਸ ਬਿਆਨ ਨੇ ਅਮਰੀਕੀ ਹਕੂਮਤ ਨੂੰ ਚੁੱਪ ਤੋੜਨ ਲਈ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਦੇ ਫੌਜੀ ਕਮਾਂਡਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਿੱਥੇ ਅਮਰੀਕੀ ਹਵਾਈ ਫੌਜ ਦੇ ਟਿਕਾਣੇ ਹਨ, ਉਨ੍ਹਾਂ ਦੇ ਨਾਲ ਪਾਕਿਸਤਾਨ ਦੀ ਹਵਾਈ ਫੌਜ ਦੇ ਟਿਕਾਣੇ ਹਨ, ਉਨ੍ਹਾਂ ਦੇ ਨਾਲ ਪਾਕਿਸਤਾਨ ਦੀ ਹਵਾਈ ਫੌਜ ਵੀ ਓਥੇ ਹੀ ਹੈ ਤੇ ਉਸ ਦੇ ਆਪਣੇ ਜਹਾਜ਼ ਰੋਜ਼ ਆਪਣੀਆਂ ਉਡਾਰੀਆਂ ਲਾਉਂਦੇ ਕਦੇ ਵੀ ਰੋਕੇ ਨਹੀਂ ਗਏ। ਇਹੋ ਨਹੀਂ, ਜਦੋਂ ਪੀੜਤਾਂ ਦੀ ਰਾਹਤ ਸਮੱਗਰੀ ਭੇਜਣ ਲਈ ਪਾਕਿਸਤਾਨ ਦੇ ਅਧਿਕਾਰੀਆਂ ਨੇ ਮਦਦ ਮੰਗੀ, ਅਮਰੀਕੀ ਹਵਾਈ ਫੌਜ ਨੇ ਆਪਣੇ ਜਹਾਜ਼ ਵੀ ਭੇਜੇ ਹਨ। ਅਮਰੀਕੀ ਹਵਾਈ ਫੌਜ ਦੇ ਇਸ ਬਿਆਨ ਨੇ ਵੀ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਪਾਕਿਸਤਾਨ ਦੀ ਸਰਕਾਰ ਅਤੇ ਅਧਿਕਾਰੀ ਸਿਰਫ ਗੱਲਾਂ ਕਰ ਕੇ ਡੰਗ ਸਾਰਨਾ ਚਾਹੁੰਦੇ ਹਨ, ਪੀੜਤਾਂ ਦੀ ਮਦਦ ਕਰਨ ਲਈ ਉਹ ਗੰਭੀਰ ਹੀ



ਨਹੀਂ।

ਹੁਣ ਆਈਏ ਇਸ ਗੱਲ ਵਲ ਕਿ ਭਾਰਤ ਤੋਂ ਮਦਦ ਕਰਨ ਦੀ ਪੇਸ਼ਕਸ਼ ਨੂੰ ਪਾਕਿਸਤਾਨ ਸਰਕਾਰ ਨੇ ਹੁੰਗਾਰਾ ਭਰਨ ਵਿਚ ਕਈ ਦਿਨ ਜੱਕੋ-ਤੱਕੀ ਕਿਉਂ ਵਿਖਾਈ ਸੀ? ਇਸ ਦਾ ਅਸਲੀ ਕਾਰਨ ਸਮਝਣ ਲਈ ਇਕ ਹੋਰ ਮਾਮਲਾ ਪਹਿਲਾਂ ਵਿਚਾਰਨਾ ਬਣਦਾ ਹੈ, ਜਿਹੜਾ ਪਾਕਿਸਤਾਨ ਸਰਕਾਰ ਦੀ ਹੇਠੀ ਦਾ ਕਾਰਨ ਬਣਿਆ ਹੈ।

ਏਸੇ ਹਫਤੇ ਦੇ ਇਕ ਦਿਨ ਸੰਸਾਰ ਦੀ ਸਾਂਝੀ ਪੰਚਾਇਤ ਮੰਨੀ ਜਾਂਦੀ ਯੂ ਐਨ (ਸੰਯੁਕਤ ਰਾਸ਼ਟਰ) ਅੰਦਰ ਇਹ ਗੱਲ ਬਹਿਸ ਦਾ ਵਿਸ਼ਾ ਬਣ ਗਈ ਕਿ ਪਾਕਿਸਤਾਨ ਅੰਦਰ ਹੜ੍ਹ ਪੀੜਤਾਂ ਲਈ ਕੈਂਪ ਦਹਿਸ਼ਤਗਰਦਾਂ ਨੇ ਲਾਏ ਹੋਏ ਹਨ। ਜਦੋਂ ਇਹ ਗੱਲ ਸੰਯੁਕਤ ਰਾਸ਼ਟਰ ਵਿਚ ਵਿਚਾਰ ਅਧੀਨ ਆ ਗਈ, ਬਾਕੀ ਪਾਸੇ ਵੀ ਆਉਣੀ ਸੀ। ਇਕ ਪਿੱਛੋਂ ਦੂਜੇ ਟੀ ਵੀ ਚੈਨਲ ਅਤੇ ਅਖ਼ਬਾਰਾਂ ਨੇ ਪਾਕਿਸਤਾਨ ਦੇ ਅੰਦਰੋਂ ਇਸ ਦੀ ਤਾਈਦ ਕਰ ਦਿੱਤੀ ਕਿ ਗੱਲ ਏਸੇ ਤਰ੍ਹਾਂ ਹੀਹੈ, ਸਰਕਾਰ ਕਿਧਰੇ ਲੱਭਦੀ ਨਹੀਂ ਤੇ ਲਸ਼ਕਰੇ-ਤੋਇਬਾ, ਤਾਲਿਬਾਨ ਅਤੇ ਅਲ ਕਾਇਦਾ ਦੀਆਂ ਵੱਖ-ਵੱਖ ਸ਼ਾਖਾਵਾਂ ਵਲੋਂ ਕੈਂਪ ਲਾਏ ਜਾ ਰਹੇ ਹਨ। ਉਨ੍ਹਾਂ ਕੈਂਪਾਂ ਲਈ ਆ ਰਿਹਾ ਸਾਮਾਨ ਸੰਸਾਰ ਦੇ ਕੁਝ ਖਾਸ ਦੇਸ਼ ਭੇਜ ਰਹੇ ਹਨ ਤੇ ਜਦੋਂ ਵੰਡਿਆ ਜਾਂਦਾ ਹੈ ਤਾਂ ਪਾਕਿਸਤਾਨ ਦੀ ਸਰਕਾਰ ਦੇ ਅਧਿਕਾਰੀ ਅਤੇ ਜ਼ਿੰਮੇਵਾਰ ਸਥਾਨਕ ਆਗੂ ਵੀ ਉਥੇ ਮੌਜੂਦ ਹੁੰਦੇ ਹਨ। ਲੋਕ ਉਨ੍ਹਾਂ ਕੈਂਪਾਂ ਵਿਚੋਂ ਮਦਦ ਪ੍ਰਾਪਤ ਕਰਦੇ ਵੀ ਵਿਖਾ ਦਿੱਤੇ ਗਏ।

ਗੱਲ ਰਾਹਤ ਕੈਂਪਾਂ ਦੀ ਨਹੀਂ, ਇਸ ਪਿੱਛੇ ਹੋ ਰਹੀ ਇਕ ਖਤਰਨਾਕ ਖੇਡ ਦੀ ਹੈ। ਜਦੋਂ ਸਰਕਾਰ ਨੇ ਕਿਸੇ ਥਾਂ ਲੋਕਾਂ ਦੀ ਮਦਦ ਦਾ ਕੈਂਪ ਲਾਉਣਾ ਨਹੀਂ ਤੇ ਦਹਿਸ਼ਤਗਰਦ ਜਥੇਬੰਦੀਆਂ ਨੇ ਇਹ ਕੰਮ ਕਰਨਾ ਹੈ, ਸਥਾਨਕ ਲੋਕਾਂ ਅੰਦਰ ਉਨ੍ਹਾਂ ਲਈ ਇਸ ਪੱਖੋਂ ਹਮਦਰਦੀ ਪੈਦਾ ਹੋਵੇਗੀ ਕਿ ਇਨ੍ਹਾਂ ਨੇ ਔਖ ਵੇਲੇ ਉਨ੍ਹਾਂ ਦੀ ਬਾਂਹ ਫੜੀ ਸੀ। ਚਰਚਾ ਇਹ ਛਿੜ ਗਈ ਹੈ ਕਿ ਅਜਿਹਾ ਸਹਿਜ ਸੁਭਾਅ ਨਹੀਂ ਹੋ ਰਿਹਾ। ਅਸਲ ਵਿਚ ਪਾਕਿਸਤਾਨ ਦੀ ਸਰਕਾਰ ਅਤੇ ਹੇਠਲੇ ਪੱਧਰ ਦੇ ਪ੍ਰਸ਼ਾਸਨ ਅੰਦਰ ਉਹ ਅਨਸਰ ਮੌਜੂਦ ਹਨ, ਜਿਹੜੇ ਮੁਸੀਬਤ ਦੇ ਮੌਕੇ ਮਦਦ ਦੀ ਕਾਰਵਾਈ ਜਾਣ-ਬੁੱਝ ਕੇ ਰੋਕਦੇ ਅਤੇ ਦਹਿਸ਼ਤਗਰਦ ਸੰਗਠਨਾਂ ਨੂੰ ਲੋਕਾਂ ਦੇ ਨੇੜੇ ਹੋਣ ਦਾ ਮੌਕਾ ਦੇ ਰਹੇ ਹਨ। ਇਲਾਕਾ ਇਹ ਓਹੋ ਹੈ, ਜਿੱਥੇ ਆਏ ਦਿਨ ਅਮਰੀਕੀ ਫੌਜ ਵਲੋਂ ਮਨੁੱਖ ਰਹਿਤ ਡਰੋਨ ਜਹਾਜ਼ਾਂ ਰਾਹੀਂ ਹਮਲੇ ਕੀਤੇ ਜਾਣ ਕਾਰਨ ਸਥਾਨਕ ਵਸੋਂ ਪਹਿਲਾਂ ਹੀ ਵਿਦੇਸ਼ੀ ਫੌਜ ਅਤੇ ਉਸ ਦੀ ਹਮਾਇਤ ਕਰਨ ਵਾਲੇ ਆਪਣੇ ਮੁਲਕ ਦੇ ਹਾਕਮਾਂ ਨਾਲ ਨਾਰਾਜ਼ ਚਲ ਰਹੀ ਹੈ।

ਭਾਰਤ ਵਲੋਂ ਮਦਦ ਦੀ ਪੇਸ਼ਕਸ਼ ਬਾਰੇ ਪਾਕਿਸਤਾਨ ਸਰਕਾਰ ਦਾ ਹੁੰਗਾਰਾ ਨਾ ਭਰਨਾ ਵੀ ਇਸੇ ਖੇਡ ਦਾ ਹਿੱਸਾ ਹੈ। ਉਹ ਤਾਂ ਆਪਣੇ ਲੋਕਾਂ ਨੂੰ ਹਿੰਦੁਸਤਾਨ ਅਤੇ ਅਮਰੀਕਾ ਨੂੰ ਇੱਕੋ ਜਿਹੀ ਨਫਰਤ ਦੀ ਪੁੱਠ ਚਾੜ੍ਹਨ ਲੱਗੀ ਹੋਈ ਹੈ ਤੇ ਜਦੋਂ ਹਿੰਦੁਸਤਾਨੀ ਮਦਦ ਪਹੁੰਚੇਗੀ, ਉਸ ਦੀ ਇਸ ਨੀਤੀ ਬਾਰੇ ਲੋਕ ਦੂਜੇ ਪੱਖ ਤੋਂ ਸੋਚਣਾ ਸ਼ੁਰੂ ਕਰ ਸਕਦੇ ਹਨ। ਇਹੋ ਕਾਰਨ ਹੈ ਕਿ ਜਿਸ ਪਾਕਿਸਤਾਨ ਸਰਕਾਰ ਨੇ ਆਪਣੇ ਕਬਜ਼ੇ ਹੇਠਲੇ ਕਸ਼ਮੀਰ ਵਿਚ ਭੁਚਾਲ ਆਏ ਤੋਂ ਭਾਰਤੀ ਮਦਦ ਲੈਣ ਵਿਚ ਪਲ ਨਹੀਂ ਸੀ ਲਾਇਆ, ਤਾਲਿਬਾਨ ਨਾਲ ਟੱਕਰ ਵਾਲਾ ਖੇਤਰ ਹੜ੍ਹ ਦੀ ਮਾਰ ਹੇਠ ਆਉਣ 'ਤੇ ਉਹ ਭਾਰਤ ਦਾ ਹੱਥ ਫੜਨ ਨੂੰ ਵੀ ਤਿਆਰ ਨਹੀਂ। ਅਜਿਹੀ ਮਦਦ ਦੀ ਪੇਸ਼ਕਸ਼ ਪ੍ਰਵਾਨ ਕਰਨ ਦਾ ਐਲਾਨ ਉਸ ਨੇ ਉਦੋਂ ਹੀ ਕੀਤਾ, ਜਦੋਂ ਅਮਰੀਕਾ ਵਾਲਿਆਂ ਨੇ ਘੂਰੀ ਵੱਟ ਕੇ ਕਿਹਾ ਤੇ ਅਮਰੀਕਾ ਵਾਲਿਆਂ ਨੇ ਵੀ ਉਦੋਂ ਹੀ ਕਿਹਾ, ਜਦੋਂ ਦਹਿਸ਼ਤਗਰਦਾਂ ਰਾਹੀਂ ਰਾਹਤ ਵੰਡਣ ਦੀ ਖੇਡ ਬੇਪਰਦ ਹੋ ਗਈ ਸੀ। ਫਿਰ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਮਦਦ ਵੀ ਮੰਨ ਲਈ ਤੇ ਧੰਨਵਾਦ ਵੀ ਕਰ ਦਿੱਤਾ।

ਸੱਚ ਹੁਣ ਸਭ ਦੇ ਸਾਹਮਣੇ ਹੈ, ਉਨ੍ਹਾਂ ਦੇ ਵੀ, ਜਿਹੜੇ ਹੁਣ ਤੱਕ ਇਸ ਨੂੰ ਪ੍ਰਵਾਨ ਨਹੀਂ ਸਨ ਕਰਦੇ। ਅਮਰੀਕਾ ਦੀ ਇਹ ਧਾਰਨਾ ਗ਼ਲਤ ਨਿਕਲੀ ਹੈ ਕਿ ਦਹਿਸ਼ਤਗਰਦੀ ਵਿਰੁਧ ਲੜਾਈ ਵਿਚ ਪਾਕਿਸਤਾਨ ਦੀ ਸਰਕਾਰ ਉਸ ਦਾ ਸਾਥ ਦੇ ਰਹੀ ਹੈ। ਅਸਲ ਵਿਚ ਉਸ ਦੇਸ਼ ਦੇ ਹਾਕਮਾਂ ਨੂੰ ਕਮਾਈ ਦਾ ਇਕ ਸੌਖਾ ਫਾਰਮੂਲਾ ਸਮਝ ਆ ਗਿਆ ਹੈ ਕਿ ਜਦੋਂ ਤੱਕ ਦਹਿਸ਼ਤਗਰਦੀ ਹੈ, ਉਦੋਂ ਤੱਕ ਲੜਾਈ ਹੈ ਤੇ ਜਦੋਂ ਤੱਕ ਲੜਾਈ ਹੈ, ਅਮਰੀਕਾ-ਬਰਤਾਨੀਆ ਤੋਂ ਗਰਾਂਟਾਂ ਦੇ ਗੱਫੇ ਮਿਲਦੇ ਰਹਿਣਗੇ। ਇਸ ਕਰ ਕੇ ਉਹ ਦਹਿਸ਼ਤਗਰਦੀ ਵਿਰੁਧ ਜੰਗ ਵਿਚ ਸਾਥ ਦੇਣ ਦਾ ਸਾਂਗ ਕਰਦੇ ਹੋਏ ਵੀ ਅੰਦਰਖਾਤੇ ਇਹ ਯਤਨ ਜਾਰੀ ਰੱਖਦੇ ਹਨ ਕਿ ਸਾਰੇ ਨਾਟਕ ਦਾ ਭੋਗ ਨਾ ਪੈ ਜਾਵੇ। ਹੁਣ ਜਦੋਂ ਮੁਲਕ ਦੇ ਲੋਕ ਮੁਸੀਬਤ ਦੇ ਮੂੰਹ ਆਏ ਹੋਏ ਹਨ, ਪਾਕਿਸਤਾਨ ਦੀ ਸਰਕਾਰ ਉਦੋਂ ਵੀ ਦਹਿਸ਼ਤਗਰਦਾਂ ਨੂੰ ਲੋਕਾਂ ਅੰਦਰ ਆਪਣਾ ਆਧਾਰ ਬਣਾਉਣ ਦਾ ਮੌਕਾ ਦੇ ਰਹੀ ਹੈ, ਕਿਉਂਕਿ ਲੋਕਾਂ ਦੀ ਲੋੜ ਤਾਂ ਅੱਜ ਜਿੰਦਾ ਰਹਿਣ ਦੀ ਹੈ, ਹਾਕਮਾਂ ਦੀ ਅੱਖ ਭਲਕ ਉੱਤੇ ਵੀ ਹੈ।

# ਭਾਰਤ ਤੋਂ ਮਦਦ ਲੈਣ ਦਾ ਮੁੱਦਾ ਪਾਕਿ ਲਈ ਸੰਕਟ ਬਣਿਆ

**-ਪੰਜਾਬ ਟਾਈਮਜ਼ ਬਿਊਰੋ**

**ਲਾਹੌਰ:** ਅਮਰੀਕਾ ਦੀ ਦਖ਼ਲਅੰਦਾਜ਼ੀ ਤੋਂ ਬਾਅਦ ਭਾਰਤ ਵਲੋਂ ਹੜ੍ਹ ਪੀੜਤਾਂ ਲਈ ਦਿੱਤੀ 50 ਲੱਖ ਅਮਰੀਕੀ ਡਾਲਰ ਦੀ ਸਹਾਇਤਾ ਨੂੰ ਸਵੀਕਾਰ ਕਰਨ ਉਪਰੰਤ ਬੀਤੀ 22 ਅਗਸਤ ਨੂੰ ਪਾਕਿਸਤਾਨ ਨੇ ਇਹ ਦਾਅਵਾ ਕੀਤਾ ਕਿ ਉਸ ਦੀ ਇਸ ਪਹਿਲਕਦਮੀ ਨਾਲ ਉਸ ਦੀ ਕੂਟਨੀਤਕ ਸਾਖ ਵਿਚ ਵਾਧਾ ਹੋਇਆ ਹੈ ਜਦੋਂ ਕਿ ਇਸ ਵਿੱਤੀ ਸਹਾਇਤਾ ਤੋਂ ਇਨਕਾਰ ਕਰਨ ਨਾਲ ਦੋਵਾਂ ਦੇਸ਼ਾਂ ਦੀ ਗੱਲਬਾਤ 'ਤੇ ਅਸਰ ਪੈਣਾ ਸੀ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਕਿਹਾ ਕਿ ਭਾਰਤ ਵਲੋਂ ਭੇਜੀ ਸਹਾਇਤਾ ਨੂੰ ਸਵੀਕਾਰ ਕਰਨ ਦੀ ਪਹਿਲਕਦਮੀ ਨਾਲ ਪਾਕਿਸਤਾਨ ਦੀ ਕੂਟਨੀਤਕ ਸਾਖ ਵਿਚ ਵਾਧਾ ਹੋਇਆ ਅਤੇ ਭਾਰਤ ਵਲੋਂ ਭੇਜੀ ਸਹਾਇਤਾ ਨੂੰ ਸਵੀਕਾਰ ਕਰਨ ਦਾ ਵਿਰੋਧ ਕਰਨ ਵਾਲਿਆਂ ਨੂੰ ਉਨ੍ਹਾਂ ਸਵਾਲ ਕੀਤਾ ਕਿ ਉਹ ਇਸ ਸਹਾਇਤਾ ਦਾ ਵਿਰੋਧ ਕਰਨ ਪਿੱਛੇ ਆਪਣਾ ਸਟੈਂਡ ਸਪਸ਼ਟ ਕਰਨ। ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਗਿਲਾਨੀ ਨੇ ਕਿਹਾ, "ਮੈਂ ਭਾਰਤੀ ਸਹਾਇਤਾ ਦਾ ਵਿਰੋਧ ਕਰਨ ਵਾਲਿਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਆਧਾਰ 'ਤੇ ਸਾਨੂੰ ਇਸ ਸਹਾਇਤਾ ਤੋਂ ਇਨਕਾਰ ਕਰਨਾ ਚਾਹੀਦਾ ਹੈ। ਜੇ ਅਸੀਂ ਭਾਰਤੀ ਸਹਾਇਤਾ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਾਂ ਤਾਂ ਇਹ ਤੰਗਦਿਲੀ ਵਾਲੀ ਪਹੁੰਚ ਹੋਵੇਗੀ।"

ਯਾਦ ਰਹੇ ਵਿਦੇਸ਼ ਮੰਤਰੀ ਐਮ.ਐਸ. ਕ੍ਰਿਸ਼ਨਾ ਨੇ ਆਪਣੇ ਪਾਕਿਸਤਾਨੀ ਹਮ-ਅਹੁਦਾ ਸ਼ਾਹ ਮਹਿਮੂਦ ਕਰੈਸ਼ੀ ਨਾਲ ਫੋਨ 'ਤੇ ਗੱਲਬਾਤ ਕੀਤੀ ਸੀ ਅਤੇ 50 ਲੱਖ ਡਾਲਰ ਦੀ ਸਹਾਇਤਾ ਦੀ ਪੇਸ਼ਕਸ਼ ਕੀਤੀ ਸੀ। ਪਾਕਿਸਤਾਨ ਵਲੋਂ ਭਾਰਤ ਦੀ ਪੇਸ਼ਕਸ਼ ਦਾ ਕੋਈ ਹੁੰਗਾਰਾ ਨਹੀਂ ਭਰੇ ਜਾਣ ਦਰਮਿਆਨ ਅਮਰੀਕਾ ਨੇ ਕਿਹਾ ਸੀ ਕਿ ਕੁਦਰਤੀ ਆਫਤਾਂ 'ਚ ਸਿਆਸਤ ਨਹੀਂ ਹੋਣੀ ਚਾਹੀਦੀ ਅਤੇ ਪਾਕਿਸਤਾਨ ਨੂੰ ਭਾਰਤ ਦੀ ਸਹਾਇਤਾ ਦੀ ਪੇਸ਼ਕਸ਼ ਪ੍ਰਵਾਨ ਕਰ ਲੈਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਦੀ ਇਸ ਉਸਾਰੂ ਪਹੁੰਚ ਦਾ ਦੇਸ਼ ਦੇ ਹੀ ਕੁਝ ਰਾਜਸੀ ਆਗੂਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ। ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਸੈਨੇਟਰ ਰਾਜਾ ਜ਼ਫ਼ਰ ਉਲ-ਹੱਕ ਨੇ ਪਾਕਿਸਤਾਨ ਸਰਕਾਰ ਦੀ ਇਸ ਪਹਿਲਕਦਮੀ 'ਤੇ ਟਿੱਪਣੀ ਕਰਦਿਆਂ ਕਿਹਾ, "ਸਰਕਾਰ ਨੇ ਭਾਰਤੀ ਸਹਾਇਤਾ ਅਮਰੀਕਾ ਤੋਂ ਫੋਨ ਆਉਣ ਬਾਅਦ ਸਵੀਕਾਰ ਕੀਤੀ ਹੈ।" ਅਖ਼ਬਾਰ 'ਜੰਗ' ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਪਹਿਲਾਂ ਮੀਡੀਆ ਵਿਚ ਇਸ ਤਰ੍ਹਾਂ ਦੀਆਂ ਖ਼ਬਰਾਂ ਆਈਆਂ ਸਨ ਪਰ ਸ਼ੁੱਕਰਵਾਰ ਨੂੰ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਬਿਆਨ ਦੇ ਕੇ ਇਸ ਨੂੰ ਜੱਗ-ਜ਼ਾਹਰ ਕਰ ਦਿੱਤਾ। ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਚ ਆਏ ਹੜ੍ਹਾਂ ਕਾਰਨ ਲਗਪਗ ਦੋ ਹਜ਼ਾਰ ਨਾਗਰਿਕ ਮਾਰੇ ਗਏ ਹਨ ਅਤੇ 36 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਪਾਕਿਸਤਾਨ ਦੀ ਸਹਾਇਤਾ ਲਈ ਕੌਮਾਂਤਰੀ ਭਾਈਚਾਰੇ ਨੂੰ ਸੰਯੁਕਤ ਰਾਸ਼ਟਰ ਵਲੋਂ 4600 ਲੱਖ ਅਮਰੀਕੀ ਡਾਲਰ ਦੀ ਕੀਤੀ ਸਹਾਇਤਾ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਹੁਣ ਤੱਕ ਪਾਕਿਸਤਾਨ ਲਈ 2630 ਲੱਖ ਡਾਲਰ ਪ੍ਰਾਪਤ ਹੋਏ ਹਨ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬੀਤੀ 19 ਅਗਸਤ ਨੂੰ ਆਪਣੇ ਪਾਕਿਸਤਾਨੀ ਹਮ-ਅਹੁਦਾ ਯੂਸਫ ਰਜ਼ਾ ਗਿਲਾਨੀ ਨਾਲ ਟੈਲੀਫ਼ੋਨ 'ਤੇ ਗੱਲਬਾਤ ਕੀਤੀ ਅਤੇ ਉਥੇ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ ਨਾਲ ਨਜਿੱਠਣ ਲਈ ਹੋਰ ਸਹਾਇਤਾ ਦੇਣ ਦੀ ਪੇਸ਼ਕਸ਼ ਕੀਤੀ। ਪਾਕਿਸਤਾਨ ਨੇ ਭਾਰਤ ਵਲੋਂ ਪਿਛਲੇ ਹਫਤੇ 50 ਲੱਖ ਡਾਲਰ ਸਹਾਇਤਾ ਦੇਣ ਦੀ ਪੇਸ਼ਕਸ਼ ਬਾਰੇ ਉਦੋਂ ਤੱਕ ਕੋਈ ਹੁੰਗਾਰਾ ਨਹੀਂ ਭਰਿਆ ਸੀ। ਇਸ ਦੌਰਾਨ ਭਾਰਤ ਤੇ ਪਾਕਿਸਤਾਨ ਦੀਆਂ ਮੋਹਰੀ ਹਸਤੀਆਂ ਨੇ ਮੰਗ ਕੀਤੀ ਹੈ ਕਿ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਭਰਮ-ਭੁਲੇਖਿਆਂ ਅਤੇ ਸ਼ੰਕਿਆਂ ਵਿਚੋਂ ਉਭਰ ਕੇ ਪਾਕਿਸਤਾਨ ਵਿਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਸਹਿਯੋਗ ਕਰਨਾ ਚਾਹੀਦਾ ਹੈ।

ਦੂਜੇ ਪਾਸੇ ਇਹ ਅਫਵਾਹਾਂ ਵੀ ਆਪਣੇ ਜੋਬਨ 'ਤੇ ਹਨ ਕਿ ਪਾਕਿਸਤਾਨ ਵਿਚ ਆਏ ਭਿਆਨਕ ਹੜ੍ਹਾਂ ਦਰਮਿਆਨ ਇਥੋਂ ਦੀ ਫ਼ੌਜ ਸਰਕਾਰ ਦਾ ਤਖ਼ਤਾ ਪਲਟਣ ਦੀ ਤਿਆਰੀ ਵਿਚ ਹੈ। ਸਥਾਨਕ ਮੀਡੀਆ ਵਿਚ ਆਈਆਂ ਖ਼ਬਰਾਂ ਮੁਤਾਬਕ ਇਸ ਗੱਲ ਦੇ ਸੰਕੇਤ ਹਨ ਕਿ ਪਾਕਿਸਤਾਨੀ ਫ਼ੌਜ ਅਤੇ ਇਸ ਦੇ ਸਹਿਯੋਗੀ ਪੀ.ਪੀ.ਪੀ. ਦੀ ਗਠਜੋੜ ਸਰਕਾਰ ਨੂੰ ਹਟਾ ਕੇ ਨਵੀਂ ਸਰਕਾਰ ਗਠਤ ਕਰਨ ਬਾਰੇ ਵਿਚਾਰ ਕਰ ਰਹੇ ਹਨ। ਰਿਪੋਰਟਾਂ ਮੁਤਾਬਕ ਦੇਸ਼ ਵਿਚ ਆਏ ਹੜ੍ਹਾਂ ਨਾਲ ਨਜਿੱਠਣ ਲਈ ਕੀਤੇ ਜਾ ਰਹੇ ਯਤਨਾਂ ਦਾ ਸਿਹਰਾ ਮੌਜੂਦਾ ਫ਼ੌਜ ਮੁਖੀ ਜਨਰਲ ਅਸ਼ਫ਼ਾਕ ਕਿਆਨੀ ਨੂੰ ਜਾਂਦਾ ਹੈ।

ਮੀਡੀਆ ਰਿਪੋਰਟਾਂ 'ਚ ਇਹ ਵੀ ਆਖਿਆ ਗਿਆ ਹੈ ਕਿ ਹੜ੍ਹਾਂ ਤੋਂ ਬਾਅਦ ਜਦੋਂ ਸਰਕਾਰ ਸਾਹਮਣੇ ਦੇਸ਼ ਦੇ ਪੁਨਰ ਨਿਰਮਾਣ ਦੀ ਚੁਨੌਤੀ ਹੋਵੇਗੀ ਤਾਂ ਜਨਰਲ ਕਿਆਨੀ ਹੀ ਇਹ ਜ਼ੁੰਮੇਵਾਰੀ ਨਿਭਾਅ ਸਕਦੇ ਹਨ। ਜਦਕਿ ਪਾਕਿਸਤਾਨ ਸਰਕਾਰ ਨੇ ਅਜਿਹੇ ਖ਼ਦਸ਼ਿਆਂ ਤੋਂ ਇਨਕਾਰ ਕੀਤਾ ਹੈ। ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਦੇਸ਼ ਦੀ ਫ਼ੌਜ ਪ੍ਰਧਾਨ ਮੰਤਰੀ ਦੇ ਆਦੇਸ਼ਾਂ 'ਤੇ ਆਪਣੀ ਡਿਊਟੀ ਨਿਭਾਅ ਰਹੀ ਹੈ। ਕੁਰੈਸ਼ੀ ਨੇ ਇਸ ਗੱਲ ਦਾ ਵੀ ਖੰਡਨ ਕੀਤਾ ਕਿ ਅੱਤਵਾਦੀ ਜਥੇਬੰਦੀਆਂ ਨੇ ਹੜ੍ਹ ਪੀੜਤਾਂ ਲਈ ਰਾਹਤ ਕੈਂਪ ਲਗਾਏ ਹਨ। ਕੁਰੈਸ਼ੀ ਨੇ ਅਜਿਹੀਆਂ ਰੀਪੋਰਟਾਂ ਨੂੰ ਅੱਤਵਾਦੀਆਂ ਦਾ ਪ੍ਰਚਾਰ ਕਰਾਰ ਦਿੱਤਾ।

## ਜੰਜੂਆ ਤੇ ਕ੍ਰਿਪਾ ਸ਼ੰਕਰ ਬਹਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਦੋਸ਼ 'ਚ ਮੁਅੱਤਲ 1989 ਬੈਚ ਦੇ ਦੋ ਆਈ.ਏ.ਐਸ. ਅਧਿਕਾਰੀਆਂ ਨੂੰ ਬਹਾਲ ਕਰ ਦਿੱਤਾ ਹੈ। ਜੰਜੂਆ ਨੂੰ ਉਦਯੋਗ ਵਿਭਾਗ 'ਚ ਤਾਇਨਾਤੀ ਸਮੇਂ ਰਿਸ਼ਵਤ ਲੈਣ ਦੇ ਦੋਸ਼ 'ਚ ਵਿਜੀਲੈਂਸ ਵਿਭਾਗ ਵਲੋਂ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ ਜਿਸ ਤੋਂ ਬਾਅਦ ਉਨ੍ਹਾਂ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ। ਉਹ ਕਾਫੀ ਸਮੇਂ ਤੋਂ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਕਾਰਦੇ ਆ ਰਹੇ ਹਨ। ਰਾਜ ਸਰਕਾਰ ਦੀ ਮਨਜ਼ੂਰੀ ਤੋਂ ਬਾਅਦ ਵਿਜੀਲੈਂਸ ਨੇ ਕੋਰਟ 'ਚ ਉਨ੍ਹਾਂ ਦੇ ਖਿਲਾਫ ਚਲਾਨ ਪੇਸ਼ ਕਰ ਦਿੱਤਾ ਸੀ, ਇਸ ਲਈ ਹੁਣ ਉਨ੍ਹਾਂ ਦਾ ਮਾਮਲਾ ਕੋਰਟ 'ਚ ਵਿਚਾਰਅਧੀਨ ਹੈ। ਜੰਜੂਆ ਨੂੰ ਬਹਾਲ ਕਰਨ ਕਰਨ ਤੋਂ ਬਾਅਦ ਫਰੀਡਮ ਫਾਈਟਰ ਵਿਭਾਗ ਦਾ ਸਕੱਤਰ ਨਿਯੁਕਤ ਕਰ ਦਿੱਤਾ ਗਿਆ ਹੈ।

ਉਧਰ ਕ੍ਰਿਪਾ ਸ਼ੰਕਰ ਜਿਨ੍ਹਾਂ ਨੂੰ ਰਾਜ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਮੁਅੱਤਲ ਕਰ ਦਿੱਤਾ ਸੀ, ਨੂੰ ਵੀ ਕੋਰਟ ਦੇ ਫੈਸਲੇ ਦੇ ਆਧਾਰ 'ਤੇ ਬਹਾਲ ਕਰ ਦਿੱਤਾ ਗਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬਹਾਲ ਤਾਂ ਕਰ ਦਿੱਤਾ ਗਿਆ ਹੈ ਪਰ ਅਜੇ ਤੱਕ ਕਿਤੇ ਤਾਇਨਾਤ ਨਹੀਂ ਕੀਤਾ ਗਿਆ। ਇਸ ਸਬੰਧ 'ਚ ਜਦੋਂ ਮੁੱਖ ਸਕੱਤਰ ਐਸ.ਸੀ. ਅਗਰਵਾਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਇਸ ਦੀ ਪੁਸ਼ਟੀ ਕੀਤੀ।

# ਮੁੰਡਾ ਮੇਰਾ ਰੋਵੇ ਅੰਬ ਨੂੰ

**ਸ਼ਬਦ-ਝਰੋਖਾ**

ਬਲਜੀਤ ਬਾਸੀ
ਫੋਨ:734-454-4958

ਭਾਰਤ ਵਿਚ ਫਲਾਂ ਦੇ ਰਾਜੇ ਅੰਬਾਂ ਦੀ ਬਹਾਰ ਆਪਣੀ ਅਖੀਰ 'ਤੇ ਹੈ ਅਤੇ ਜਿਹੜੇ ਲੋਕ ਪੁੱਜ ਵਾਲੇ ਹਨ ਉਹ ਅੰਬ ਖਾ ਖਾ ਕੇ ਅੱਕੇ ਵੀ ਪਏ ਹੋਣਗੇ ਪਰ ਏਧਰ ਅਮਰੀਕਾ ਵਿਚ ਬੈਠੇ ਭਾਰਤੀ ਦੇਸੀ ਅੰਬਾਂ ਨੂੰ ਤਰਸ ਰਹੇ ਹਨ, ਲੰਗੜੇ ਜਾਂ ਚੌਸੇ ਦਾ ਨਾਂ ਲੈਂਦਿਆਂ ਹੀ ਮੂੰਹ ਵਿਚ ਪਾਣੀ ਆ ਜਾਂਦਾ ਹੈ। ਭਾਵੇਂ ਭਾਰਤੀ ਐਲਫੌਂਸੋ ਅੰਬ ਹੁਣ (ਮੋਟਰ ਸਾਈਕਲਾਂ ਬਦਲੇ) ਏਧਰ ਮਿਲਣ ਲੱਗੇ ਹਨ ਪਰ ਦੋ ਡਾਲਰ ਦਾ ਅੰਬ ਤਾਂ ਛਿੱਲ ਲੁਹਾਉਣ ਵਾਲੀ ਗੱਲ ਹੀ ਹੈ ਨਾ ਜੋ ਇਸਦੀਆਂ ਛਿੱਲਾਂ ਤੇ ਗਿਟਕਾਂ ਖਾ ਕੇ ਹੀ ਪੂਰੇ ਹੋ ਸਕਦੇ ਹਨ। ਨਾਲੇ ਮੁਹਾਵਰਾ ਹੈ ਆਮ ਕੇ ਆਮ ਗੁਠਲੀਓਂ ਕੇ ਦਾਮ। ਮੈਕਸੀਕਨ ਅੰਬਾਂ 'ਚ ਭਾਰਤੀ ਅੰਬਾਂ ਜਿਹੀ ਲਜ਼ਤ ਤੇ ਖੁਸ਼ਬੂ ਕਿਥੇ? ਤੇ ਕਿਥੇ ਹੈ ਏਨੀ ਵੰਨਗੀ? ਦੁਸਹਿਰੀ, ਚੌਸਾ, ਲੰਗੜਾ, ਕਲਮੀ, ਖਜੂਰਾ, ਸੰਧੂਰੀ-ਕਿਸ ਕਿਸ ਦਾ ਨਾਂ ਲਈਏ, ਸਭ ਦਾ ਆਪਣਾ ਸੁਆਦ, ਆਪਣਾ ਰੰਗ ਤੇ ਆਪਣੀ ਮਹਿਕ। ਫਿਰ ਗਧਾ ਅੰਬ, ਤੋਤਾਪਰੀ, ਲਖਨਊ ਕੀ ਕੁੱਪੀ ਜਿਹੇ ਸੁਹਾਵੇ ਨਾਂ ਕਿਤੇ ਲਭਣੇ ਹਨ? ਭਾਵੇਂ ਮਲੇਸ਼ੀਆ 'ਚ ਵੀ ਅੰਬਾਂ ਦੀਆਂ ਕਿਸਮਾਂ ਉਪਲਭਧ ਹਨ ਪਰ ਦੁਨੀਆਂ ਦੇ ਅੱਧੇ ਅੰਬ ਭਾਰਤ ਵਿਚ ਹੀ ਹਨ। ਅੰਬ ਅਸਲ ਵਿਚ ਹੈ ਹੀ ਭਾਰਤੀ ਮੂਲ ਦਾ ਫਲ ਜੋ ਭਾਰਤ-ਬਰਮਾ ਖੇਤਰ ਵਿਚ ਕੋਈ ਚਾਰ ਹਜ਼ਾਰ ਸਾਲ ਪਹਿਲਾਂ ਤੋਂ ਪਾਇਆ ਜਾਂਦਾ ਹੈ।

ਗੌਰਤਲਬ ਹੈ ਕਿ ਪੁਰਾਣੇ ਜ਼ਮਾਨਿਆਂ ਤੋਂ ਹੀ ਭਿਕਸ਼ੂਆਂ, ਮਿਸ਼ਨਰੀਆਂ, ਸੌਦਾਗਰਾਂ, ਮਲਾਹਾਂ ਆਦਿ ਨੇ ਇਕ ਦੇਸ 'ਚ ਪੈਦਾ ਹੁੰਦੀਆਂ ਚੀਜ਼ਾਂ ਦੂਜੇ ਦੇਸ ਵਿਚ ਪਹੁੰਚਾਈਆਂ ਤੇ ਨਾਲ ਹੀ ਸ਼ਬਦ। ਭਾਰਤੀ 'ਛੀਟ' ਸ਼ਬਦ ਸਮੇਤ ਯੂਰਪ 'ਚ ਪਹੁੰਚ ਗਈ। ਦੱਖਣੀ ਅਮਰੀਕੀ ਟਮਾਟਰ, ਪੁਰਤਗੀਜ਼ ਬਾਲਟੀ ਸੌਦਾਗਰਾਂ ਨੇ ਭਾਰਤ ਲਿਆ ਸੁੱਟੇ। ਪੰਜਵੀਂ ਸਦੀ ਈਸਾ ਪੂਰਵ ਤੱਕ ਅੰਬ ਬੋਧੀ ਭਿਕਸ਼ੂਆਂ ਨੇ ਚੀਨ, ਜਾਪਾਨ, ਮਲਾਇਆ, ਫਿਲਪਾਈਨ ਪਹੁੰਚਾ ਦਿੱਤੇ। ਫਿਰ ਦਸਵੀਂ ਸਦੀ ਤੱਕ ਇਹ ਪੂਰਬੀ ਅਫਰੀਕਾ ਹੁੰਦੇ ਹੋਏ ਬਰਾਜ਼ੀਲ, ਵੈਸਟ ਇੰਡੀਜ਼ ਤੇ ਮੈਕਸੀਕੋ ਪੁੱਜੇ। ਫਲੋਰੀਡਾ 'ਚ ਅੰਬ 1830 ਅਤੇ ਕੈਲੀਫੋਰਨੀਆ 'ਚ 1880 ਵਿਚ ਪਹੁੰਚਾ। ਯੂਰਪ ਵਿਚ ਇਹ ਫਲ ਪਹੁੰਚ ਤਾਂ ਗਿਆ ਪਰ ਕੇਵਲ ਸਪੇਨ ਦੀ ਧਰਤੀ ਹੀ ਇਸ ਨੂੰ ਉਗਾ ਸਕੀ। ਕਹਿੰਦੇ ਹਨ ਕਿ ਸਿਕੰਦਰ ਮਹਾਨ ਅਤੇ ਚੀਨੀ ਯਾਤਰੀ ਹਿਊਨ ਸਾਂਗ ਨੇ ਭਾਰਤ ਆ ਕੇ ਅੰਬਾਂ ਦਾ ਸੁਆਦ ਚਖਿਆ ਸੀ। ਅਕਬਰ ਨੇ ਇਕ ਲੱਖ ਅੰਬਾਂ ਦੇ ਬੂਟੇ ਦਰਭੰਗਾ ਵਿਚ ਲਾਏ। ਸ਼ਾਇਰ ਗਾਲਿਬ ਅੰਬਾਂ ਦਾ ਬਹੁਤ ਸ਼ੌਕੀਨ ਸੀ ਜਿਸ ਬਾਰੇ ਲਤੀਫ਼ਾ ਮਸ਼ਹੂਰ ਹੈ ਕਿ ਕਿਸੇ ਨੇ ਗ਼ਾਲਿਬ ਨੂੰ ਵਿਅੰਗ ਕੱਸਿਆ, "ਦੇਖੋ, ਗਧੇ ਵੀ ਆਮ ਨਹੀ ਖਾਤੇ।" ਗ਼ਾਲਿਬ ਨੇ ਪੋਲੇ ਜਿਹੇ ਕਿਹਾ, "ਹਾਂ, ਗਧੇ ਹੀ ਆਮ ਨਹੀ ਖਾਤੇ!"

ਪੰਜਾਬ ਨੂੰ ਪ੍ਰਾਚੀਨ ਕਾਲ ਤੋਂ ਜੇ ਕੋਈ ਚੱਜ ਦਾ ਫਲ ਜੁੜਿਆ ਹੈ ਤਾਂ ਉਹ ਅੰਬ ਹੀ ਹੈ। ਏਥੋਂ ਦੇ ਨੀਮ-ਪਹਾੜੀ ਇਲਾਕਿਆਂ ਹੁਸ਼ਿਆਰਪੁਰ, ਰੋਪੜ ਆਦਿ ਵਿਚ ਚੂਪਣ ਵਾਲੇ ਅੰਬ ਹੁੰਦੇ ਸਨ। ਰੋਪੜ ਦੇ ਕਸਬੇ ਮੋਰਿੰਡਾ ਨੂੰ ਤਾਂ ਅੰਬਾਂ ਕਰਕੇ ਕਿਹਾ ਹੀ ਬਾਗਾਂਵਾਲੀ ਜਾਂਦਾ ਹੈ। ਹੇਠਾਂ ਡਿਗੇ ਪੱਕੇ ਅੰਬਾਂ ਨੂੰ ਟਪਕਾ ਕਿਹਾ ਜਾਂਦਾ ਹੈ ਤੇ ਬਾਅਦ 'ਚ ਪਕਾਏ ਅੰਬਾਂ ਨੂੰ ਪੈਲੀ ਅੰਬ। ਪਹਿਲੀਆਂ 'ਚ ਲੋਕ ਹੁਸ਼ਿਆਰਪੁਰ ਜ਼ਿਲੇ 'ਚ ਅੰਬ ਚੂਪਣ ਜਾਇਆ ਕਰਦੇ ਸਨ। ਇਕ ਲੋਕ ਗੀਤ ਹੈ:

ਅੰਬੀਆਂ ਨੂੰ ਤਰਸੇਂਗੀ ਛਡ ਕੇ ਦੇਸ ਦੁਆਬਾ...।

ਧਾਰਮਿਕ-ਸੰਸਕ੍ਰਿਤਕ ਮਹੱਤਤਾ ਗ੍ਰਹਿਣ ਕਰ ਚੁਕੇ ਇਸ ਫਲ ਨੂੰ ਭਾਰਤ ਦੇ ਰਾਸ਼ਟਰੀ ਫਲ ਦਾ ਦਰਜਾ ਦਿੱਤਾ ਗਿਆ ਹੈ। ਮੋਹਨ ਸਿੰਘ ਦੀ ਕਵਿਤਾ 'ਅੰਬੀ ਦਾ ਬੂਟਾ' ਵਿਚੋਂ ਇਸ ਦੀ ਰੁਮਾਂਸਕਤਾ ਝਲਕਦੀ ਹੈ। ਮੁਹਾਲੀ ਵਿਚ ਇਕ ਗੁਰਦਵਾਰਾ ਅੰਬ ਸਾਹਿਬ ਹੈ ਜਿਥੇ ਦੰਦ ਕਥਾ ਅਨੁਸਾਰ ਗੁਰੂ ਹਰ ਰਾਇ ਨੇ ਆਪਣੇ ਇਕ ਸਿੱਖ ਦੇ ਅੰਬ ਦੇ ਰੁੱਖ ਨੂੰ ਬੇਮੌਸਮੇ ਅੰਬ ਲਗਾ ਦਿੱਤੇ ਸਨ। ਪਾਉਂਟਾ ਸਾਹਿਬ ਜਾਂਦਿਆਂ ਹਿਮਾਚਲ 'ਚ 'ਅੰਬ' ਨਾਂ ਦਾ ਨਗਰ ਆਉਂਦਾ ਹੈ ਪਰ ਅੰਬਾਲਾ ਸ਼ਹਿਰ ਦਾ ਨਾਂ ਮੇਰੀ ਜਾਚੇ ਅੰਬ ਤੋਂ ਨਹੀਂ ਬਲਕਿ ਅੰਬਾ ਦੇਵੀ ਤੋਂ ਪਿਆ ਜਿਸ ਦਾ ਪ੍ਰਸਿਧ ਮੰਦਿਰ ਏਥੇ ਸਥਿਤ ਹੈ। ਤ੍ਰਿਸ਼ਨਾ ਤੇ ਖੁਸ਼ਹਾਲੀ ਦਾ ਪ੍ਰਤੀਕ ਅੰਬੀ ਦਾ ਨਮੂਨਾ ਭਾਰਤੀ ਕਪੜਿਆਂ, ਜੁੱਤੀਆਂ, ਚਿੱਤਰਾਂ, ਗਹਿਣਿਆਂ ਆਦਿ ਵਿਚ ਆਮ ਹੀ ਪਾਇਆ ਜਾਂਦਾ ਹੈ। ਸਰਸਵਤੀ-ਪੂਜਾ ਸਮੇਂ ਅੰਬ ਚੜ੍ਹਾਏ ਜਾਂਦੇ ਹਨ। ਸ਼ੁਭ ਸ਼ਗਨ ਵਜੋਂ ਵਿਆਹ-ਸ਼ਾਦੀਆਂ ਸਮੇਂ ਘਰ ਦੇ ਮੁਖ ਦੁਆਰ ਅੱਗੇ ਅੰਬਾਂ ਦੇ ਪੱਤਿਆਂ ਦਾ ਬੰਦਨਵਾਰ ਜਾਂ ਤੋਰਣ ਲਟਕਾਇਆ ਜਾਂਦਾ ਹੈ। ਵਸੰਤਦੂਤ, ਮਧੂਦੂਤ, ਕਾਮਾਂਗ, ਕਾਮਵਲਭ ਆਦਿ ਇਸ ਦੇ ਕਾਵਿਕ ਨਾਂ ਹਨ। ਅੰਬੀ ਨਾਲ ਸ਼ਕਲ ਮਿਲਣ ਕਾਰਨ ਅੱਕ ਦੇ ਡੋਡੇ ਨੂੰ ਵੀ ਅੰਬੀ ਕਹਿ ਦਿੰਦੇ ਹਨ। ਅਨੇਕਾਂ ਮੁਹਾਵਰੇ ਕਹਾਵਤਾਂ ਵਿਚ ਅੰਬ ਸ਼ਬਦ ਆਉਂਦਾ ਹੈ ਜਿਵੇਂ ਅੰਬ ਲੈਣੇ ਹਨ ਜਾਂ ਪੇੜ ਗਿਣਨੇ ਹਨ; ਤੂੰ ਮੈਤੋਂ ਅੰਬ ਲੈਣਾ? ਕੋਇਲ ਦਾ ਤਾਂ ਵਾਸਾ ਹੀ ਅੰਬਾਂ ਦੇ ਰੁੱਖਾਂ 'ਚ ਮੰਨਿਆ ਜਾਂਦਾ ਹੈ ਤੇ ਇਸ ਦੀ ਮਿੱਠੀ ਕੂ-ਕੂ ਤੋਂ ਅੰਬ ਆਪਣੀ ਮਿਠਾਸ ਲੈਂਦੇ ਸਮਝੇ ਜਾਂਦੇ ਹਨ। ਤਾਂ ਹੀ ਅੰਬ ਨੂੰ ਕੋਕਿਲੀਵਾਸ ਕਿਹਾ ਜਾਂਦਾ ਹੈ। ਗੁਰਬਾਣੀ 'ਚ ਇਸ ਮੇਲ ਦਾ ਖੂਬ ਜ਼ਿਕਰ ਹੈ:

ਜਿਉ ਕੋਕਿਲ ਕਉ ਅੰਬ ਬਾਲਹਾ
ਤਿਉ ਮੇਰੈ ਮਨਿ ਰਾਮਈਆ॥-ਭਗਤ ਨਾਮਦੇਵ
ਕੋਕਿਲ ਹੋਵਾ ਅੰਬਿ ਬਸਾ
ਸਹਿਜ ਸਬਦ ਬੀਚਾਰ॥ -ਗੁਰੂ ਨਾਨਕ

ਇਕ ਮਸ਼ਹੂਰ ਪਾਕਿਸਤਾਨੀ ਗੀਤ ਹੈ:

ਅੰਬੀਆਂ ਦੇ ਬੂਟਿਆਂ ਨੂੰ ਲੱਗ ਗਿਆ ਬੂਰ ਨੀ,
ਰੁਤ ਵੇ ਮਿਲਾਪਾਂ ਵਾਲੀ ਚੰਨ ਮੇਰਾ ਦੂਰ ਨੀ।



ਅੰਬਾਂ ਦੇ ਤਾਂ ਬਾਗਾਂ ਦੇ ਰਾਖੇ ਦੀ ਵੀ ਕਿੰਨੀ ਮਹੱਤਤਾ ਹੈ:

ਬਾਗਾਂ ਦਿਆ ਰਾਖਿਆ ਵੇ, ਅੰਬ ਮੈਨੂੰ ਤੋੜ ਦੇ
ਬਦਲੀਆਂ ਛਾਈਆਂ, ਸਾਨੂੰ ਛੇਤੀ ਘਰ ਮੋੜ ਦੇ।

ਇਕ ਭਾਰੋਪੀ ਮੂਲ ਹੈ om- ਜਿਸ ਦਾ ਅਰਥ 'ਕੱਚਾ' ਹੁੰਦਾ ਹੈ। ਇਸੇ ਤੋਂ ਯੂਨਾਨੀ omos ਬਣਿਆ ਤੇ ਅਗਾਂਹ ਅੰਗਰੇਜ਼ੀ Omophagous ਅਰਥਾਤ 'ਕੱਚਾ ਮਾਸ ਖਾਣ ਵਾਲਾ'। 'ਕੱਚਾਪਣ' ਦੇ ਅਰਥਾਂ ਵਾਲੇ ਸੰਸਕ੍ਰਿਤ ਧਾਤੂ 'ਅਮ' ਦਾ ਇਸ ਭਾਰੋਪੀ ਮੂਲ ਨਾਲ ਰਿਸ਼ਤਾ ਹੈ ਤੇ ਇਸੇ ਤੋਂ ਅੰਬ ਸ਼ਬਦ ਬਣਿਆ ਹੈ। ਹਰ ਮਿੱਠਾ ਫਲ ਪਹਿਲਾਂ ਕੱਚਾ, ਕੌੜਾ ਤੇ ਖੱਟਾ ਹੁੰਦਾ ਹੈ। ਇਸ ਲਈ ਇਸ ਤੋਂ ਬਣੇ ਸ਼ਬਦਾਂ ਵਿਚ ਕਚਿਆਈ, ਖੱਟਾਪਣ ਤੇ ਕੌੜਾਪਣ ਦੇ ਭਾਵ ਸਮਾਏ ਹੁੰਦੇ ਹਨ। ਕੱਚੇ ਅੰਬ ਨੂੰ 'ਅੰਬੀ' ਕਹਿੰਦੇ ਹਨ ਤੇ ਇਹ ਅੰਬੀ ਖੱਟੀ ਵੀ ਹੁੰਦੀ ਹੈ। ਇਹ ਅਚਾਰ ਪਾਉਣ ਤੇ ਚਟਣੀ ਬਣਾਉਣ ਦੇ ਕੰਮ ਆਉਂਦੀ ਹੈ। ਇਸੇ ਤੋਂ ਪੱਕ ਕੇ ਮਿੱਠੇ ਹੋਏ ਫਲ ਅੰਬ ਨੂੰ ਇਹ ਨਾਂ ਮਿਲਿਆ। 'ਇਮਲੀ' ਸ਼ਬਦ ਵੀ ਏਸੇ ਧਾਤੂ ਤੋਂ ਬਣਿਆ ਜਿਸ ਵਿਚ ਵੀ ਏਹੀ 'ਕੱਚਾਪਣ' ਤੇ ਖਟਿਆਈ ਦੇ ਗੁਣ ਨਜ਼ਰ ਆਉਂਦੇ ਹਨ। ਤਿਜ਼ਾਬ ਨੂੰ 'ਅਮਲ' ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦਾ ਸੁਆਦ ਵੀ ਖੱਟਾ ਹੁੰਦਾ ਹੈ। ਇਕ ਹੋਰ ਫਲ ਹੈ 'ਔਲਾ' ਜੋ ਪਹਿਲਾਂ ਤਾਂ ਖੱਟਾ ਹੁੰਦਾ ਹੈ ਪਰ ਖਾਣ ਤੋਂ ਬਾਅਦ ਹੀ ਸਿਆਣੇ ਦੇ ਕਹੇ ਦੀ ਤਰ੍ਹਾਂ ਸੁਆਦ ਦਿੰਦਾ ਹੈ। ਇਹ ਵੀ ਇਸੇ ਧਾਤੂ ਤੋਂ ਵਿਉਤਪਤ ਹੁੰਦਾ ਪਹਿਲਾਂ 'ਆਮਲਕ' ਫਿਰ 'ਆਵਲਾ' ਤੋਂ ਬਦਲਦਾ ਔਲਾ ਬਣ ਗਿਆ। ਅਮਲਤਾਸ ਦੀ ਵੀ ਏਹੋ ਕਹਾਣੀ ਹੈ। ਏਥੋਂ ਤੱਕ ਕਿ ਅੰਗਰੇਜ਼ੀ ਸ਼ਬਦ ਮੈਂਗੋ ਵੀ ਭਾਰਤੀ ਮੂਲ ਦਾ ਹੈ। ਤਾਮਿਲ 'ਚ 'ਕੇ' ਦਾ ਅਰਥ ਹੁੰਦਾ ਹੈ 'ਫਲ'। 'ਅੰਮ' ਦੇ ਨਾਲ 'ਕੇ' ਜੁੜ ਕੇ ਪਹਿਲਾਂ ਤਾਮਿਲ 'ਚ ਬਣਿਆ 'ਅੰਮਕੇ' (ਅਮਫਲ) ਪਰ ਬਾਅਦ 'ਚ ਇਹ ਕੇਵਲ 'ਮੰਕੇ' ਰਹਿ ਗਿਆ। ਏਥੋਂ ਪੁਰਤਗੀਜ਼ ਸੌਦਾਗਰਾਂ ਨੇ ਇਸ ਨੂੰ 'ਮੰਗਾ' ਰੂਪ 'ਚ ਆਪਣੇ ਦੇਸ ਪਹੁੰਚਾਇਆ ਤੇ ਅੱਗੋਂ ਅੰਗਰੇਜ਼ੀ ਵਾਲਿਆਂ ਇਸਨੂੰ ਮੈਂਗੋ ਰੂਪ 'ਚ ਗ੍ਰਹਿਣ ਕੀਤਾ। ਯੂਰਪ ਤੇ ਏਸ਼ੀਆ ਦੀਆਂ ਬਹੁਤ ਸਾਰੀਆਂ ਬੋਲੀਆਂ ਵਿਚ ਇਸ ਫਲ ਦਾ ਨਾਂ 'ਮੈਂਗੋ' ਨਾਲ ਮਿਲਦਾ ਜੁਲਦਾ ਹੈ। ਦੁਨੀਆਂ ਭਰ ਦੀਆਂ ਭਾਸ਼ਾਵਾਂ ਵਿਚ ਇਸ ਫਲ ਦੇ ਨਾਂ ਇਨ੍ਹਾਂ ਦੋਨੋਂ ਭਾਰਤੀ ਮੂਲ ਦੇ ਸ਼ਬਦਾਂ ਤੇ ਆਧਾਰਤ ਹਨ। ਅਫਰੀਕੀ ਭਾਸ਼ਾ ਸਹੇਲੀ ਵਿਚ ਇਸ ਨੂੰ ਐਂਬੇ ਕਿਹਾ ਜਾਂਦਾ ਹੈ।



*ਅੰਬ ਦਾ ਨਮੂਨਾ*

ਰਾਜਨੀਤਕ ਲੋਕ ਕਿਸੇ ਨੂੰ ਡਿਨਰ ਖੁਆ ਕੇ ਆਪਣੇ ਪੱਖ 'ਚ ਕਰਨ ਦੀ ਕੂਟਨੀਤੀ ਰਚਦੇ ਹਨ, ਇਸ ਨੂੰ ਡਿਨਰ ਡਿਪਲੋਮੇਸੀ ਕਿਹਾ ਜਾਂਦਾ ਹੈ। ਭਾਰਤ-ਪਾਕਿਸਤਾਨ 'ਚ ਮੈਂਗੋ ਡਿਪਲੋਮੇਸੀ ਚਲਦੀ ਰਹੀ ਹੈ। ਇੰਦਰਾ ਗਾਂਧੀ ਤੇ ਜ਼ਿਆ ਉਲ ਹੱਕ ਇਕ ਦੂਜੇ ਨੂੰ ਅੰਬਾਂ ਦੀਆਂ ਪੇਟੀਆਂ ਭੇਜ ਕੇ ਸਬੰਧਾਂ ਦੀ ਕੁੜੱਤਣ ਦੂਰ ਕਰਨ ਦੀ ਕੋਸ਼ਿਸ਼ 'ਚ ਸਨ। ਕਹਿੰਦੇ ਹਨ ਜਿਸ ਜਹਾਜ਼ ਹਾਦਸੇ 'ਚ ਜ਼ਿਆ ਮਰਿਆ ਸੀ ਉਸ ਵਿਚ ਜ਼ਹਿਰੀਲੀਆਂ ਗੈਸਾਂ ਦਾ ਛਿੜਕਾਅ ਕਰਕੇ ਅੰਬਾਂ ਦੀਆਂ ਪੇਟੀਆਂ ਰੱਖੀਆਂ ਗਈਆਂ ਸਨ।

ਅੰਬ ਦੀਆਂ ਗੁਠਲੀਆਂ ਨੂੰ ਪੀਸ ਕੇ ਰੋਟੀ ਬਣਾ ਲਈ ਜਾਂਦੀ ਹੈ। ਅੰਬ ਦੇ ਨਾ-ਖਾਣਯੋਗ ਪੱਤੇ ਗਾਈਆਂ ਨੂੰ ਖੁਆ ਕੇ ਇਸ ਦੇ ਪਿਸ਼ਾਬ ਤੋਂ ਪੀਲਾ ਰੰਗ ਤਿਆਰ ਕੀਤਾ ਜਾਂਦਾ ਸੀ ਪਰ ਬਾਅਦ ਵਿਚ ਇਸ 'ਤੇ ਪਾਬੰਦੀ ਲਾਈ ਗਈ। ਅੰਬ ਤੋਂ ਬਣਦੇ ਅੰਬਚੂਰ ਨੂੰ ਮਸਾਲੇ ਵਜੋਂ ਵਰਤਿਆ ਜਾਂਦਾ ਹੈ। ਇਸ ਦੇ ਗੁੱਦੇ ਨੂੰ ਸੁਕਾ ਕੇ ਅੰਬਪਾਪੜ ਬਣਾਏ ਜਾਂਦੇ ਹਨ। ਡਲਹੌਜ਼ੀ ਨੂੰ ਜਾਂਦੀ ਸੜਕ 'ਤੇ ਇਕ ਨਗਰ ਆਉਂਦਾ ਹੈ ਦੁਨੇਰਾ, ਜਿਥੇ ਖੱਟੇ-ਮਿੱਠੇ ਹਰ ਤਰ੍ਹਾਂ ਦੇ ਅੰਬਪਾਪੜ ਬਣਦੇ ਹਨ ਤੇ ਇਨ੍ਹਾਂ ਨੂੰ ਥਾਨਾਂ ਵਾਂਗ ਵਲੇਟਿਆ ਜਾਂਦਾ ਹੈ। ਡਲਹੌਜ਼ੀ ਤੋਂ ਵਾਪਿਸ ਆਉਂਦਿਆਂ ਇਕ ਵਾਰੀ ਮੇਰੀ ਪਤਨੀ ਨੇ ਅੰਬਪਾਪੜ ਦੇ 'ਥਾਨਾਂ ਦੇ ਥਾਨ' ਪਤਵਾ ਕੇ ਮੇਰੀ ਛਿਲ ਲੁਹਾ ਸੁੱਟੀ।

# ਪਹਿਲਾ ਪ੍ਰਧਾਨ ਮੰਤਰੀ ਸ਼ਹੀਦ ਭਗਤ ਸਿੰਘ ਤੇ ਸਭ ਤੋਂ ਇਮਾਨਦਾਰ 'ਲੂਥਰਾ'

**ਸਵਰਨ ਸਿੰਘ ਟਹਿਣਾ***

63ਵਾਂ ਆਜ਼ਾਦੀ ਦਿਹਾੜਾ ਸੁੱਖੀਂ-ਸਾਂਦੀਂ ਲੰਘਣ ਕਰਕੇ 'ਉੱਪਰਲਿਆਂ' ਨੂੰ ਮਸੀਂ ਸੁੱਖ ਦਾ ਸਾਹ ਆਇਐ। 'ਜਨਤਾ ਦੇ ਸੇਵਕਾਂ' ਨੇ ਹਰ ਵਾਰ ਦੀ ਤਰ੍ਹਾਂ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਤਿਰੰਗੇ ਲਹਿਰਾਏ ਤੇ ਭਾਰਤ ਨੂੰ ਤਰੱਕੀ ਦੇ ਸਿਖਰ 'ਤੇ ਪੁਚਾਉਣ ਦਾ ਘਿਸਿਆ-ਪਿਟਿਆ ਰਾਗ



ਸਵਰਨ ਸਿੰਘ ਟਹਿਣਾ

## ਕੀ ਮੈਂ ਝੂਠ ਬੋਲਿਐ...

ਮੁੜ ਅਲਾਪ ਛੋਡਿਆ। ਜਾਣਦੇ ਲੋਕ ਵੀ ਸਭ ਕੁਝ ਨੇ ਤੇ ਭੁੱਲੇ ਲੀਡਰ ਵੀ ਕੁਝ ਨਹੀਂ, ਪਰ ਇਕ-ਦੂਜੇ ਦੇ ਮੂੰਹਾਂ ਵਲ ਵੇਖਣਾ ਦੋਹਾਂ ਦੀ ਆਦਤ ਜਿਹੀ ਬਣ ਗਈ ਏ। ਆਜ਼ਾਦੀ ਦਿਹਾੜੇ ਦੀ ਪਰੇਡ ਮੌਕੇ ਝਾਕੀਆਂ ਤੇ ਦੇਸ ਭਗਤੀ ਵਾਲੇ ਗੀਤ ਪੇਸ਼ ਹੁੰਦੇ ਨੇ, ਸਨਮਾਨ ਕੀਤੇ ਜਾਂਦੇ ਨੇ ਤੇ ਫੇਰ ਥੋੜ੍ਹੇ ਸਮੇਂ ਬਾਅਦ ਵਿਚਾਰਾ ਤਿਰੰਗਾ ਹਵਾ ਨਾਲ ਕਿਹਣੇ ਦੁੱਖ ਫੋਲਦੈ, ਸੁਣਨ ਲਈ ਸਟੇਡੀਅਮ 'ਚ ਕੋਈ ਨਹੀਂ ਬਚਦਾ।

ਭਾਰਤ ਦਾ ਕੋਈ ਵੀ ਲੀਡਰ ਜ਼ਮੀਰ ਦੀ ਸਹੁੰ ਖਾ ਕੇ ਨਹੀਂ ਕਹਿ ਸਕਦਾ ਕਿ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਉਹਨੇ 63 ਦਿਨ ਵੀ ਇਮਾਨਦਾਰੀ ਨਾਲ ਕੰਮ ਕੀਤਾ, ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਤਾਣ ਲਾਇਆ ਤੇ ਗ਼ਰੀਬਾਂ ਨੂੰ ਜਿਊਣ ਦਾ ਹੱਕ ਦੇਣ ਲਈ ਯਤਨ ਕੀਤਾ।

ਬੜੇ ਲੋਕਾਂ ਮੂੰਹੋਂ ਸੁਣੀਦੈ ਕਿ ਏਸ ਆਜ਼ਾਦੀ ਨਾਲੋਂ ਤਾਂ ਗੁਲਾਮੀ ਚੰਗੀ ਸੀ...ਪਹਿਲਾਂ ਸਾਡੇ ਗਲਾਂ 'ਚ ਪਏ ਗੁਲਾਮੀ ਦੇ ਸੰਗਲ ਅੰਗਰੇਜ਼ਾਂ ਦੇ ਹੱਥਾਂ 'ਚ ਸਨ ਤੇ ਹੁਣ ਉਹ ਦੇਸੀ ਲੀਡਰਾਂ ਦੇ ਹੱਥਾਂ 'ਚ ਆ ਗਏ ਨੇ।

ਜਿਹੜੇ ਸ਼ਹੀਦਾਂ ਨੇ ਆਪਣੀ ਜਾਨ ਦੀ ਥਾਂ ਆਜ਼ਾਦੀ ਦੀ ਪ੍ਰਵਾਹ ਕੀਤੀ, ਅੱਜ ਨਵੀਂ ਪੀੜ੍ਹੀ ਉਨ੍ਹਾਂ ਦੀਆਂ ਘਾਲਣਾਵਾਂ ਤੋਂ ਅਣਜਾਣ ਦਿਸ ਰਹੀ ਏ। ਸ਼ਹੀਦਾਂ ਬਾਰੇ ਇਕ ਅੱਧ ਪਾਠ ਸਿਲੇਬਸ ਦੀਆਂ ਕਿਤਾਬਾਂ ਤੱਕ ਸੀਮਤ ਹੋ ਕੇ ਰਹਿ ਗਿਆ ਏ ਤੇ ਉਸ ਨੂੰ ਵੀ ਇਸ ਤਰ੍ਹਾਂ ਪੜ੍ਹਿਆ ਜਾਂਦੈ ਕਿ ਜੇ ਇਹਦੇ 'ਚੋਂ ਸਵਾਲ ਆ ਗਿਆ ਤਾਂ ਪੰਜ ਨੰਬਰਾਂ ਦਾ ਘਾਟਾ ਨਾ ਪਵੇ।

ਇਸ ਵਾਰ ਆਜ਼ਾਦੀ ਦਿਹਾੜੇ ਤੋਂ ਕੁਝ ਦਿਨ ਪਹਿਲਾਂ ਇਕ ਹਿੰਦੀ ਅਖ਼ਬਾਰ ਵਲੋਂ ਜਿਹੜੀ ਕਹਾਣੀ ਨਸ਼ਰ ਕੀਤੀ ਗਈ, ਉਹ ਪੜ੍ਹ ਕੇ ਹੈਰਾਨੀ ਦੀ ਕੋਈ ਹੱਦ ਨਾ ਰਹੀ। ਅਖ਼ਬਾਰ ਵਲੋਂ ਤੀਹ ਸਕੂਲਾਂ ਦੇ ਛੇਵੀਂ ਤੋਂ ਗਿਆਰ੍ਹਵੀਂ ਤੱਕ ਦੇ ਇਕ ਹਜ਼ਾਰ ਬੱਚਿਆਂ ਨੂੰ ਭਾਰਤ ਦੇ ਸ਼ਹੀਦਾਂ ਨਾਲ ਸਬੰਧਤ ਨੌਂ ਸਵਾਲ ਪੁੱਛੇ ਗਏ ਤੇ ਅੱਗੋਂ ਜਿਹੜੇ ਜਵਾਬ ਮਿਲੇ, ਉਨ੍ਹਾਂ ਦੱਸ ਦਿੱਤਾ ਕਿ ਸ਼ਹੀਦਾਂ ਦੀ ਸੋਚ ਨੂੰ ਨਵੀਆਂ ਨਸਲਾਂ ਕਿੰਨਾ ਕੁ ਚਿਰ ਜਿਊਂਦਾ ਰੱਖਣਗੀਆਂ।

'ਭਗਤ ਸਿੰਘ ਕੌਣ ਸੀ?' ਦੇ ਜਵਾਬ 'ਚ ਬਿਆਸੀ ਫ਼ੀਸਦੀ ਬੱਚਿਆਂ ਵਲੋਂ ਆਖਿਆ ਗਿਆ ਕਿ ਉਹ 'ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਨ।' ਕਈਆਂ ਆਖਿਆ, 'ਉਹ ਫਿਲਮਾਂ ਦੇ ਹੀਰੋ ਸਨ।' ਕਿਉਂਕਿ ਉਨ੍ਹਾਂ ਨੇ ਭਗਤ ਸਿੰਘ ਨੂੰ ਸਿਰਫ਼ ਫਿਲਮਾਂ ਦਾ ਹੀਰੋ ਬੰਦਾ ਦੇਖਿਆ ਸੀ।

'ਚੰਦਰ ਸ਼ੇਖਰ ਕੌਣ ਸਨ?' ਦਾ ਜਵਾਬ ਸੀ, 'ਉਹ ਦੇਸ ਦੇ ਵੱਡੇ ਗੱਦਾਰ ਸਨ।'

'ਰਾਜਗੁਰੂ ਕੌਣ ਸਨ?' ਦਾ ਜਵਾਬ ਸੀ, 'ਉਹ ਗੁਰੂ ਨਾਨਕ ਦੇਵ ਸਨ।'

ਭਾਰਤ ਦਾ ਸੰਵਿਧਾਨ ਕਦੋਂ ਲਾਗੂ ਹੋਇਆ?




ਪੰਦਰਾਂ ਅਗਸਤ ਦੀ ਕੀ ਮਹੱਤਤਾ ਹੈ? ਮਹਾਤਮਾ ਗਾਂਧੀ ਕੌਣ ਸਨ ਤੇ ਜਵਾਹਰ ਲਾਲ ਨਹਿਰੂ ਦੀ ਕੀ ਖਾਸੀਅਤ ਸੀ? ਦੇਸ ਦੇ ਪ੍ਰਧਾਨ ਮੰਤਰੀ ਨੇ ਪਹਿਲੀ ਵਾਰ ਝੰਡਾ ਕਦੋਂ ਲਹਿਰਾਇਆ? ਸਵਾਲਾਂ ਨੇ ਵਿਦਿਆਰਥੀਆਂ ਨੂੰ ਇੰਜ ਡੌਰ-ਭੌਰ ਕਰ ਦਿੱਤਾ ਜਿਵੇਂ ਉਨ੍ਹਾਂ ਤੋਂ ਕਿਸੇ ਹੋਰ ਮੁਲਕ ਬਾਰੇ ਸਵਾਲ ਪੁੱਛੇ ਜਾ ਰਹੇ ਹੋਣ।

ਛੇਵੀਂ ਕਲਾਸ ਵਿਚ ਪੜ੍ਹਦੇ ਬੱਚੇ ਦੀ ਉਮਰ ਬਾਰਾਂ ਦੇ ਨੇੜੇ-ਤੇੜੇ ਹੋਵੇਗੀ ਤੇ ਗਿਆਰਵੀਂ ਵਾਲੇ ਦੀ ਸਤਾਰਾਂ-ਅਠਾਰਾਂ ਸਾਲ ਤੇ ਜਿਨ੍ਹਾਂ ਨੂੰ ਏਸ ਉਮਰ ਵਿਚ ਉਨ੍ਹਾਂ ਲੋਕਾਂ ਬਾਰੇ ਗਿਆਨ ਨਹੀਂ, ਜਿਨ੍ਹਾਂ ਮੁਲਕ ਖ਼ਾਤਰ ਜਾਨਾਂ ਵਾਰੀਆਂ, ਜੇਲ੍ਹਾਂ ਕੱਟੀਆਂ, ਜਲ੍ਹਿਆਂ ਵਾਲਾ ਬਾਗ ਕਾਂਡ ਦਾ ਬਦਲਾ ਲਿਆ ਅਤੇ ਅੰਗਰੇਜ਼ ਹਕੂਮਤ ਨੂੰ ਵਖਤ ਪਾਈ ਰੱਖਿਆ, ਉਹ ਭਵਿੱਖ 'ਚ ਦੇਸ ਲਈ ਕਿਹੋ ਜਿਹਾ ਜਜ਼ਬਾ ਪਾਲਣਗੇ, ਇਸ ਬਾਰੇ ਅੰਦਾਜ਼ਾ ਲਾਉਣਾ ਔਖਾ ਨਹੀਂ। ਇਸ ਹਾਲਤ ਵਿਚ ਅਸੀਂ ਬੱਚਿਆਂ ਨੂੰ ਇੰਜੀਨੀਅਰ, ਡਾਕਟਰ, ਮਾਸਟਰ, ਪਾਇਲਟ, ਵਿਗਿਆਨੀ ਜਾਂ ਹੋਰ ਕੁਝ ਵੀ ਬਣਾ ਲਈਏ, ਉਨ੍ਹਾਂ ਨੂੰ ਦੇਸ ਦੇ ਜ਼ਿੰਮੇਵਾਰ ਨਾਗਰਿਕ ਕਦੇ ਨਹੀਂ ਬਣਾ ਸਕਦੇ।

ਅਗਲੀ ਗੱਲ ਹੋਰ ਵੀ ਹੈਰਾਨੀਜਨਕ ਹੈ, ਜਦੋਂ ਬੱਚਿਆਂ ਦੇ ਇਹੋ ਜਿਹੇ ਗਿਆਨ ਬਾਰੇ ਸਕੂਲ ਅਧਿਆਪਕਾਂ ਅਤੇ ਸੀਨੀਅਰ ਅਧਿਕਾਰੀਆਂ ਨਾਲ ਗੱਲ ਹੋਈ ਤਾਂ ਜ਼ਿਆਦਾਤਰ ਦਾ ਜਵਾਬ ਸੀ, 'ਤੁਸੀਂ ਇਹ ਸਵਾਲ ਸਿਲੇਬਸ ਤੋਂ ਬਾਹਰੋਂ ਪੁੱਛੇ' ਤੇ ਕਈਆਂ ਆਖਿਆ, 'ਸਰਕਾਰੀ ਸਕੂਲਾਂ 'ਚ ਨਿਆਣੇ ਪੜ੍ਹਨ ਲਈ ਨਹੀਂ, ਸਗੋਂ ਮਿੱਡ ਡੇਅ ਮੀਲ ਖ਼ਾਤਰ ਆਉਂਦੇ ਨੇ।' ਜਦਕਿ ਹਰ ਬੰਦਾ ਜਾਣਦੈ ਕਿ ਸਕੂਲਾਂ ਵਿਚਲੇ ਮਿੱਡ ਡੇਅ ਮੀਲ ਦਾ ਪੱਧਰ ਕੀ ਹੈ?

ਜਲੰਧਰ ਜ਼ਿਲੇ ਦੇ ਤੀਹ ਸਕੂਲਾਂ ਦੇ ਸਰਵੇ ਤੋਂ ਹੀ ਪਤਾ ਲੱਗ ਗਿਆ ਕਿ ਹਮੇਸ਼ਾ ਵੱਧ ਤਨਖਾਹਾਂ ਤੇ ਸਹੂਲਤਾਂ ਲਈ ਰੌਲਾ ਪਾਉਣ ਵਾਲੇ ਅਧਿਆਪਕ ਪੱਚੀ-ਪੱਚੀ, ਤੀਹ-ਤੀਹ ਹਜ਼ਾਰ ਰੁਪਏ ਤਨਖਾਹ ਦੇ ਕਿੰਨੇ ਕੁ ਹੱਕਦਾਰ ਨੇ?

ਇਮਾਨਦਾਰੀ ਸਾਡੇ ਮੁਲਕ 'ਚੋਂ ਜਿਸ ਕਦਰ ਨੱਠੀ ਹੈ, ਉਹਨੇ ਮਿਲਖਾ ਸਿੰਘ ਦੇ ਰਿਕਾਰਡ ਵੀ ਤੋੜ ਦਿੱਤੇ ਨੇ। ਜਦੋਂ-ਜਦੋਂ ਵੀ ਗ਼ਰੀਬ ਮੁਲਕਾਂ ਦੇ ਸਰਵੇ ਹੁੰਦੇ ਨੇ, ਭਾਰਤ ਮੂਹਰਲੀ ਕਤਾਰ 'ਚ ਆਉਂਦੈ ਤੇ ਜਦੋਂ ਵਿਕਾਸ ਜਾਂ ਇਮਾਨਦਾਰੀ ਦੀ ਗੱਲ ਛਿੜਦੀ ਏ ਤਾਂ ਭਾਰਤ ਅਖੀਰਲਿਆਂ 'ਚ ਆਉਂਦੈ।

ਪਿਛਲੀ ਵਾਰ ਜਦੋਂ ਪੰਜਾਬ 'ਚ ਅਕਾਲੀਆਂ ਦੀ ਸਰਕਾਰ ਸੀ ਤਾਂ ਵੱਡੇ ਬਾਦਲ ਨੇ ਐਲਾਨ ਕੀਤਾ ਸੀ ਕਿ ਹਰ ਸਾਲ ਉਸ ਅਧਿਕਾਰੀ ਨੂੰ ਸਨਮਾਨਿਤ ਕੀਤਾ ਜਾਵੇਗਾ, ਜਿਹੜਾ ਇਮਾਨਦਾਰੀ ਦੀ ਮਿਸਾਲ ਪੈਦਾ ਕਰੇਗਾ। ਪਰ ਕਮਾਲ ਇਹ ਹੋਈ ਸੀ ਕਿ ਪੰਜ ਸਾਲਾਂ 'ਚ ਇਕ ਵੀ ਇਮਾਨਦਾਰ ਅਜਿਹਾ ਨਾ ਲੱਭਿਆ, ਜੀਹਨੂੰ ਇਮਾਨਦਾਰੀ ਵਾਲਾ 'ਸਿਰੋਪਾਓ' ਪਾਇਆ ਜਾ ਸਕੇ।

ਏਸ ਵਾਰ ਜਿਹੜਾ 'ਇਮਾਨਦਾਰ' ਲੱਭਿਆ, ਉਹਦਾ ਰਿਕਾਰਡ ਜ਼ਿਆਦਾ ਹੀ ਪ੍ਰਾਪਤੀਆਂ ਵਾਲਾ ਏ। ਆਜ਼ਾਦੀ ਦਿਹਾੜੇ ਮੌਕੇ

(ਬਾਕੀ ਸਫਾ 37 'ਤੇ)

# ਯੂਨੀਵਰਸਿਟੀ ਦੇ ਧਰਮ ਅਧਿਐਨ ਵਿਭਾਗ

**ਡਾ. ਗੁਰਨਾਮ ਕੌਰ**

ਪੰਜਾਬੀ ਯੂਨੀਵਰਸਿਟੀ ਵਿਚ ਧਰਮ ਦੀ ਖੋਜ ਨਾਲ ਸਬੰਧਿਤ ਦੋ ਵਿਭਾਗ ਖੋਲ੍ਹੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀ ਸਥਾਪਨਾ 1965 ਵਿਚ ਪੰਜਾਬੀ ਯੂਨੀਵਰਸਿਟੀ ਦੇ ਮੁਢਲੇ ਖੋਜ ਵਿਭਾਗਾਂ ਨਾਲ ਉਦੋਂ ਹੀ ਹੋ ਗਈ ਸੀ ਜਦੋਂ ਯੂਨੀਵਰਸਿਟੀ ਬਣਾਈ ਗਈ। ਡਾ. ਤਾਰਨ ਸਿੰਘ ਇਸ ਦੇ ਬਾਨੀ ਮੁਖੀ ਲਾਏ ਗਏ। ਡਾ. ਤਾਰਨ ਸਿੰਘ ਪੀ.ਐਚ.ਡੀ ਦੇ ਨਾਲ ਪੰਜਾਬੀ ਅਤੇ ਅੰਗਰੇਜ਼ੀ ਵਿਚ ਐਮ.ਏ. ਸਨ। ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਡਿਵਿਨਿਟੀ ਦੇ ਪ੍ਰੋਫੈਸਰ ਵੀ ਰਹੇ ਅਤੇ ਉਦੋਂ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਨ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਲੱਗੇ। ਡਾ. ਭਾਈ ਜੋਧ ਸਿੰਘ, ਯੂਨੀਵਰਸਿਟੀ ਦੇ ਪਹਿਲੇ ਵੀ.ਸੀ, ਵੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ ਸਨ। ਯੂਨੀਵਰਸਿਟੀ ਵਿਚ ਡਾ. ਤਾਰਨ ਸਿੰਘ ਦੇ ਮਿਸ਼ਨਰੀ ਕਾਲਜ ਦੇ ਤਿੰਨ ਵਿਦਿਆਰਥੀ ਵੀ ਪ੍ਰੋਫੈਸਰ ਦੇ ਅਹੁਦਿਆਂ ਉਤੇ ਅਤੇ ਵਿਭਾਗਾਂ ਦੇ ਮੁਖੀ ਰਹੇ ਅਤੇ ਯੂਨੀਵਰਸਿਟੀ ਤੋਂ ਰਿਟਾਇਰ ਹੋ ਕੇ ਤਿੰਨਾਂ ਨੇ ਹੀ ਹੋਰ ਅਹੁਦੇ ਵੀ ਸੰਭਾਲੇ।



ਡਾ. ਗੁਰਨਾਮ ਕੌਰ

ਡਾ. ਕੇਹਰ ਸਿੰਘ ਪੋਲੀਟੀਕਲ ਸਾਇੰਸ ਵਿਭਾਗ ਵਿਚ ਪ੍ਰੋਫੈਸਰ ਅਤੇ ਮੁਖੀ ਰਹੇ ਅਤੇ ਰਿਟਾਇਰ ਹੋਣ ਤੋਂ ਪਹਿਲਾਂ ਹੀ ਪੰਜਾਬ ਸਕੂਲ ਸਿਖਿਆ ਬੋਰਡ ਦਾ ਚੇਅਰਮੈਨ ਲੱਗ ਗਏ। ਇਹ ਉਨ੍ਹਾਂ ਦੀ ਆਪਣੀ ਰਾਜਨੀਤਕ ਪ੍ਰਾਪਤੀ ਸੀ। ਡਾ. ਮੇਵਾ ਸਿੰਘ ਸਿੱਧੂ ਪੰਜਾਬੀ ਸਾਹਿਤ ਅਧਿਐਨ ਵਿਭਾਗ ਵਿਚ ਮੁਖੀ ਰਹੇ ਅਤੇ ਰਿਟਾਇਰਮੈਂਟ ਪਿਛੋਂ ਕਿਸੇ ਬੋਰਡ ਦੇ ਚੇਅਰਮੈਨ ਲੱਗ ਗਏ। ਡਾ. ਬਲਕਾਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਮੁਖੀ ਅਤੇ ਪ੍ਰੋਫੈਸਰ ਦੇ ਅਹੁਦੇ 'ਤੇ ਰਹੇ। ਸਿੰਘ ਸਾਹਿਬ ਭਾਈ ਹਰਭਜਨ ਸਿੰਘ ਯੋਗੀ (ਇਹ ਸਨਮਾਨ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਵਲੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਕਾਰਨ ਬਖਸ਼ਿਆ ਗਿਆ ਸੀ), ਜਿਨ੍ਹਾਂ ਕਾਰਨ ਅਨੇਕਾਂ ਅਮਰੀਕਨ ਵੀਰ ਅਤੇ ਬੀਬੀਆਂ ਸਿੰਘ ਸਜੇ, ਨੇ ਯੂਨੀਵਰਸਿਟੀ ਨਾਲ ਇਕ ਸਮਝੌਤਾ ਕੀਤਾ ਜਿਸ ਅਨੁਸਾਰ ਅਮਰੀਕਨ ਸਿੱਖ ਯੂਨੀਵਰਸਿਟੀ ਆ ਕੇ ਗੁਰਮੁਖੀ ਸਿੱਖਣ ਦੀ ਥਾਂ, ਅਮਰੀਕਾ ਦੀ ਨਿਊ ਮੈਕਸੀਕੋ ਸਟੇਟ ਦੇ ਸ਼ਹਿਰ ਐਸਪੇਨੋਲਾ ਵਿਖੇ ਯੂਨੀਵਰਸਿਟੀ ਵਲੋਂ ਖੋਲ੍ਹੇ ਕੇਂਦਰ ਵਿਚ ਪੰਜਾਬੀ ਸਿੱਖਣਗੇ। ਇਸ ਸੈਂਟਰ ਦੇ ਡਾਇਰੈਕਟਰ ਡਾ. ਬਲਕਾਰ ਸਿੰਘ ਨੂੰ ਪੰਜ ਸਾਲ ਵਾਸਤੇ ਲਾਇਆ ਗਿਆ। ਵਿਭਾਗ ਦੇ ਮੁਖੀ ਲੱਗਣ ਤੋਂ ਬਾਅਦ ਡਾ. ਤਾਰਨ ਸਿੰਘ ਡਾ. ਬਲਕਾਰ ਸਿੰਘ ਨੂੰ ਐਡਹਾਕ ਆਧਾਰ 'ਤੇ ਵਿਭਾਗ ਵਿਚ ਲੈ ਕੇ ਆਏ ਜੋ ਉਸ ਤੋਂ ਪਹਿਲਾਂ ਤਰਨਤਾਰਨ ਕਾਲਜ ਵਿਚ ਡਿਵਿਨਿਟੀ ਦੇ ਲੈਕਚਰਰ ਸਨ। ਪਰ ਜਦੋਂ ਪੱਕੇ ਹੋਣ ਲਈ ਇੰਟਰਵਿਊ ਹੋਈ ਤਾਂ ਡਾ. ਰਵਿੰਦਰ ਸਿੰਘ ਰਵੀ ਅਤੇ ਡਾ. ਬਲਕਾਰ ਸਿੰਘ ਦੀ ਥਾਂ ਇਕ ਬੀਬੀ ਕਿਸੇ ਦਰਸ਼ਨ ਸਿੰਘ ਨੂੰ ਰੱਖ ਲਿਆ ਗਿਆ। ਡਾ. ਰਵੀ ਪੰਜਾਬੀ ਸਾਹਿਤ ਅਧਿਐਨ ਵਿਭਾਗ ਅਤੇ ਫੇਰ ਪੱਤਰ-ਵਿਹਾਰ ਸਿੱਖਿਆ ਵਿਭਾਗ ਤੋਂ ਹੁੰਦੇ ਹੋਏ ਪੰਜਾਬੀ ਵਿਭਾਗ ਵਿਚ ਸੀਨੀਅਰ ਗਰੇਡ ਵਿਚ ਆਏ ਅਤੇ ਡਾ. ਬਲਕਾਰ ਸਿੰਘ ਖਾਲਸਾ ਕਾਲਜ ਪਟਿਆਲਾ ਵਿਚ ਪੰਜਾਬੀ ਅਤੇ ਡਿਵਿਨਿਟੀ ਪੜ੍ਹਾਉਣ ਲੱਗ ਗਏ। ਫਿਰ ਦੋ ਸਾਲ ਬਾਅਦ ਸੀਨੀਅਰ ਗਰੇਡ ਵਿਚ ਵਿਭਾਗ ਵਿਚ ਦੁਬਾਰਾ ਆ ਹਾਜ਼ਰੀ ਲੁਆਈ। ਇਹ ਦੱਸਣ ਤੋਂ ਮੇਰਾ ਇਕੋ ਇਕ ਮਕਸਦ ਹੈ ਕਿ ਡਾ. ਤਾਰਨ ਸਿੰਘ ਵਰਗੇ ਇਨਸਾਨ ਅਤੇ ਅਧਿਆਪਕ ਜਿਹੜੇ ਆਪਣੇ ਕੰਮ ਨਾਲ ਜੁੜੇ ਰਹਿੰਦੇ ਹਨ, ਕਈ ਵਾਰ ਚਾਹੁੰਦੇ ਹੋਏ ਵੀ ਆਪਣੀ ਮਰਜੀ ਨਹੀਂ ਮੰਨਵਾ ਸਕਦੇ ਅਤੇ ਘੱਟ ਕੰਮ ਕਰਨ ਵਾਲੇ ਪਰ ਗੱਲੀਂ ਵੱਡੇ ਮੁਖੀ ਆਪਣੀ ਮਰਜੀ ਮੰਨਵਾ ਲੈਂਦੇ ਹਨ। ਉਦੋਂ ਵਿਭਾਗਾਂ ਦਾ ਸਮਾਂ ਗੈਰ-ਅਧਿਆਪਨ ਦਫਤਰਾਂ ਵਾਂਗ ਸਵੇਰੇ 9-30 ਤੋਂ ਸ਼ਾਮ 4-30 ਤੱਕ ਹੁੰਦਾ ਸੀ। ਡਾ. ਤਾਰਨ ਸਿੰਘ ਕਿਉਂਕਿ ਆਪ ਸਮੇਂ ਦੇ ਬਹੁਤ ਪਾਬੰਦ ਸਨ, ਬਾਕੀ ਸਟਾਫ ਨੂੰ ਸਮੇਂ ਦੇ ਪਾਬੰਦ ਰੱਖਦੇ। ਨੌਂ ਵੱਜ ਕੇ ਪੈਂਤੀ ਮਿੰਟ 'ਤੇ ਹਾਜ਼ਰੀ ਰਜਿਸਟਰ ਉਨ੍ਹਾਂ ਦੇ ਟੇਬਲ 'ਤੇ ਪਹੁੰਚ ਜਾਂਦਾ ਅਤੇ ਸ਼ਾਮ ਨੂੰ ਸ਼ਹਿਰ ਤੋਂ ਆਉਣ ਵਾਲਾ ਸਟਾਫ ਯੂਨੀਵਰਸਿਟੀ ਬੱਸ ਲੈਣ ਲਈ ਚਾਰ ਵੱਜ ਕੇ ਪੰਦਰਾਂ ਮਿੰਟ 'ਤੇ ਉਠ ਖੜ੍ਹਦਾ ਸੀ ਪਰ ਕੈਂਪਸ ਵਾਲੇ ਡਾ. ਤਾਰਨ ਸਿੰਘ ਦੇ ਨਾਲ ਸਾਢੇ ਚਾਰ ਵਜੇ। ਗੁਰੂ ਨੂੰ ਅਤੇ ਅਕਾਲ ਪੁਰਖ ਨੂੰ ਸਿੱਖ ਅਰਦਾਸ ਵਿਚ ਨਿਮਾਣਿਆਂ ਦਾ ਮਾਣ ਅਤੇ ਨਿਥਾਵਿਆਂ ਦਾ ਥਾਂਵ ਕਹਿੰਦੇ ਹਾਂ ਪਰ ਸਾਡੇ ਗੁਰਦਵਾਰਿਆਂ ਦੀ ਸਥਿਤੀ ਕੁਝ ਇਸ ਕਿਸਮ ਦੀ ਹੋ ਗਈ ਹੈ ਕਿ ਜਿਸ ਕਿਸੇ ਨੂੰ ਮਹਿਜ ਪਾਠ ਕਰਨਾ ਆਉਂਦਾ ਹੋਵੇ ਅਤੇ ਉਸਨੂੰ ਹੋਰ ਕਿਧਰੇ ਕੰਮ ਨਾ ਮਿਲੇ ਉਹ ਗੁਰਦਵਾਰਾ ਸਾਹਿਬ ਵਿਚ ਗ੍ਰੰਥੀ ਲੱਗ ਜਾਂਦਾ ਹੈ ਜਦਕਿ ਦੂਸਰੇ ਧਰਮਾਂ ਵਿਚ ਪੂਰੀ ਤਰ੍ਹਾਂ ਉਸ ਧਰਮ ਦੇ ਖੇਤਰ ਵਿਚ ਯੋਗਤਾ ਪ੍ਰਾਪਤ ਇਨਸਾਨ ਨੂੰ ਹੀ ਪਾਦਰੀ ਜਾਂ ਪੁਜਾਰੀ ਲਾਇਆ ਜਾਂਦਾ ਹੈ। ਕੁਝ ਅਜਿਹੀ ਹੀ ਹਾਲਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੀ ਹੋ ਗਈ ਸੀ। ਪ੍ਰੋਫੈਸਰ ਨਾਰੰਗ ਜਿਹੋ ਜਿਹਾ ਬੰਦਾ ਦੇਖਦੇ ਸੀ, ਉਹੋ ਜਿਹਾ ਗਰੇਡ ਅਤੇ ਡੈਜ਼ੀਗਨੇਸ਼ਨ ਘੜ ਕੇ ਉਸ ਨੂੰ ਲਾ ਦਿੰਦੇ ਸੀ। ਇਸ ਤਰ੍ਹਾਂ ਵਿਭਾਗ ਵਿਚ ਬਹੁਤ ਸਾਰੀਆਂ ਫਿਕਸ ਤਨਖਾਹ ਤੇ ਬੈਕਡੋਰ ਐਂਟਰੀਆਂ ਬਿਨਾਂ ਇੰਟਰਵਿਊ ਦੇ ਹੋ ਗਈਆਂ। ਸਾਡਾ ਇਕ ਕੁਲੀਗ ਸੀਟ 'ਤੇ ਬੈਠ ਕੇ ਕੰਮ ਕਰਨ ਨਾਲੋਂ ਰਾਜਨੀਤੀ ਨੂੰ ਜਿਆਦਾ ਪ੍ਰਣਾਇਆ ਹੋਇਆ ਸੀ। ਡਾ. ਤਾਰਨ ਸਿੰਘ ਹਰ ਘੰਟੇ ਬਾਅਦ ਉਸ ਨੂੰ ਦੇਖਣ ਜਾਂਦੇ ਕਿ ਬੈਠਾ ਹੈ ਜਾਂ ਨਹੀਂ। ਡਾ. ਸਾਹਿਬ ਬਹੁਤ ਘੱਟ ਬੋਲਦੇ ਅਤੇ ਆਪਣੇ ਕੰਮ ਵਿਚ ਮਸਰੂਫ ਰਹਿੰਦੇ ਜਿਸ ਕਰਕੇ ਉਨ੍ਹਾਂ ਨੂੰ ਦਿਲ ਦੀ ਤਕਲੀਫ ਰਹਿਣ ਲੱਗ ਪਈ। ਡਾਕਟਰ ਨੇ ਸਲਾਹ ਦਿੱਤੀ ਕਿ ਲਗਾਤਾਰ ਬੈਠਣਾ ਨਹੀਂ ਹੈ। ਉਹ ਸਵੇਰੇ ਗਿਆਰਾਂ ਵਜੇ ਤੋਂ ਸਾਢੇ ਗਿਆਰਾਂ ਵਜੇ ਤੱਕ ਅਤੇ ਸ਼ਾਮ ਨੂੰ ਤਿੰਨ ਵਜੇ ਤੋਂ ਸਾਢੇ ਤਿੰਨ ਵਜੇ ਤੱਕ ਪੰਜਾਬੀ ਭਵਨ ਦੇ ਸਾਹਮਣੇ ਬਣੇ ਘਾਹ ਦੇ ਮੈਦਾਨ ਵਿਚ ਸੈਰ ਕਰਦੇ। ਇਸ ਸਬੰਧੀ ਮਨਚਲੇ ਅਧਿਆਪਕ ਸਾਨੂੰ ਛੇੜਨ ਲਈ ਮਖੌਲ ਵੀ ਕਰ ਲੈਂਦੇ। ਕਿਸੇ ਨੇ ਕਹਿਣਾ, "ਮੈਂ ਡਾ. ਤਾਰਨ ਸਿੰਘ ਦੀ ਸੈਰ ਦੇ ਸਮੇਂ ਨੂੰ ਦੇਖ ਕੇ ਆਪਣੀ ਘੜੀ ਸੈਟ ਕਰਦਾ ਹਾਂ"। ਡਾ. ਸਾਹਿਬ ਤੇਜ਼ ਕਦਮੀਂ ਪੂਰੇ ਮੈਦਾਨ ਦਾ ਗੋਲ ਚੱਕਰ ਕੱਟਦੇ ਰਹਿੰਦੇ। ਇਸ 'ਤੇ ਕਿਸੇ ਦੂਸਰੇ ਨੇ ਕਹਿਣਾ, "ਜੇ ਭਲਾ ਡਾ. ਸਾਹਿਬ ਦੇ ਮੋਢੇ 'ਤੇ ਬੰਦੂਕ ਰੱਖ ਦਿੱਤੀ ਜਾਵੇ?" ਮੈਨੂੰ ਇਸ ਗੱਲ ਦਾ ਬੜਾ ਗੁੱਸਾ ਲੱਗਣਾ ਕਿ ਪ੍ਰਗਤੀਵਾਦੀ ਕਹਾਉਣ ਵਾਲੇ ਕਾਮਰੇਡ ਕਿਸਮ ਦੇ ਲੋਕ ਸਾਡੇ ਵਿਭਾਗ ਦਾ ਧਰਮ ਨਾਲ ਜੁੜਿਆ ਹੋਣ ਕਰਕੇ ਮਖੌਲ ਉਡਾਉਂਦੇ ਸਨ।

ਡਾ. ਤਾਰਨ ਸਿੰਘ ਵਰਗੀ ਸ਼ਾਂਤ ਸੁਭਾ, ਠਹਿਰੀ ਹੋਈ, ਸਹਿਜ, ਕੰਮ ਨਾਲ ਲਗਾਉ ਰੱਖਣ ਵਾਲੀ ਸ਼ਖਸੀਅਤ ਕਦੇ ਕਦੇ ਹੀ ਪੈਦਾ ਹੁੰਦੀ ਹੈ। ਉਹ ਮਹੀਨੇ ਵਿਚ ਇਕ ਵਾਰ ਵਿਭਾਗ ਵਲੋਂ ਇਕ ਭਾਸ਼ਣ ਦਾ ਪ੍ਰਬੰਧ ਕਰਦੇ ਜੋ ਆਮ ਤੌਰ 'ਤੇ ਗੁਰੂ ਗੋਬਿੰਦ ਸਿੰਘ ਭਵਨ ਦੇ ਹਾਲ ਵਿਚ ਰੱਖਿਆ ਜਾਂਦਾ। ਇਹ ਲੈਕਚਰ ਯੂਨੀਵਰਸਿਟੀ ਦੇ ਕਿਸੇ ਵਿਦਵਾਨ ਪ੍ਰੋਫੈਸਰ ਵਲੋਂ ਸਿੱਖ ਧਰਮ ਦੇ ਕਿਸੇ ਪਹਿਲੂ 'ਤੇ ਹੁੰਦਾ। ਆਪਣੇ ਸਟਾਫ ਨੂੰ ਧਰਮ ਅਤੇ ਫਿਲਾਸਫੀ ਸਬੰਧੀ ਨਵੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ ਲਈ ਉਨ੍ਹਾਂ ਨੇ ਇਹ ਜ਼ਰੂਰੀ ਕਰ ਦਿੱਤਾ ਕਿ ਵਾਰੀ ਵਾਰੀ ਸਾਰੇ ਅਧਿਆਪਕ ਹਰ ਮਹੀਨੇ ਇਕ ਕਿਤਾਬ ਪੜ੍ਹਿਆ ਕਰਨਗੇ ਜਿਸ 'ਤੇ ਫਿਰ ਚਰਚਾ ਕੀਤੀ ਜਾਇਆ ਕਰੇਗੀ। ਮੈਨੂੰ ਉਨ੍ਹਾਂ ਨੇ ਹੋਰ ਕਿਸੇ ਦੇ ਹਾਂ ਨਾ ਕਰਨ 'ਤੇ ਇਹ ਮੀਟਿੰਗ ਕਰਨ ਲਈ ਸਕੱਤਰ ਚੁਣਿਆ। ਸਾਲ 1969 ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਦਾ ਵਰ੍ਹਾ ਸੀ (ਮੈਂ ਅਕਤੂਬਰ ਮਹੀਨੇ ਇਸੇ ਸਾਲ ਵਿਭਾਗ ਵਿਚ ਆਈ ਸੀ)। ਇਸ ਸਾਲ ਵੱਡੇ ਸਮਾਰੋਹਾਂ ਅਤੇ ਸੈਮੀਨਾਰ ਤੋਂ ਇਲਾਵਾ ਵਿਭਾਗ ਵਿਚ 'ਨਾਨਕ ਪ੍ਰਕਾਸ਼ ਪਤ੍ਰਿਕਾ' ਛਿਮਾਹੀ ਪਰਚਾ ਅਤੇ ਸਾਲਾਨਾ 'ਗੁਰੂ ਨਾਨਕ ਯਾਦਗਾਰੀ ਭਾਸ਼ਣ' ਵੀ ਸ਼ੁਰੂ ਕੀਤਾ ਗਿਆ। ਇਸ ਤੋਂ ਪਹਿਲਾਂ ਵਿਭਾਗ ਦਾ ਮੁੱਖ ਸਮਾਰੋਹ ਇਕ ਹੀ ਹੁੰਦਾ ਸੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਦਿਵਸ' ਜਿਸ ਦਿਨ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਨੇ 'ਗ੍ਰੰਥ ਸਾਹਿਬ' ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਸੀ। ਪਹਿਲਾਂ ਪਹਿਲ ਮਹਿੰਗਾਈ ਘੱਟ ਸੀ ਅਤੇ ਪ੍ਰਾਪਤ ਫੰਡਾਂ ਨਾਲ ਬੜਾ ਸੌਖਾ ਸਰ ਜਾਂਦਾ ਸੀ। ਇਸ ਲਈ ਪ੍ਰਕਾਸ਼ ਦਿਵਸ 'ਤੇ ਸਵੇਰ ਵੇਲੇ ਛੇ ਵਜੇ ਕਿਸੇ ਵਧੀਆ ਰਾਗੀ ਜਥੇ ਤੋਂ ਕੀਰਤਨ ਕਰਾਇਆ ਜਾਂਦਾ ਅਤੇ ਦੁਪਹਿਰ ਤੋਂ ਸ਼ਾਮ ਤੱਕ ਵੱਖ ਵੱਖ ਕਾਲਜਾਂ ਦੀਆਂ ਟੀਮਾਂ ਦਾ ਕੀਰਤਨ ਮੁਕਾਬਲਾ ਕਰਾਇਆ ਜਾਂਦਾ। ਆਮ ਤੌਰ 'ਤੇ ਇਹ ਮੁਕਾਬਲਾ ਪਟਿਆਲਾ ਦੇ ਲੜਕੀਆਂ ਦੇ ਸਰਕਾਰੀ ਕਾਲਜ ਦੀ ਟੀਮ ਜਿੱਤਦੀ। ਸਵੇਰ ਦੇ ਕੀਰਤਨ ਤੋਂ ਬਾਅਦ ਸਾਰੇ

**ਰੰਗ-ਬੇਰੰਗ**

ਵਿਭਾਗੀ ਸਟਾਫ ਨੂੰ ਨਾਸ਼ਤਾ ਡਾ. ਤਾਰਨ ਸਿੰਘ ਕੈਂਪਸ ਵਿਚ ਸਥਿਤ ਆਪਣੇ ਘਰ ਵਿਚ ਕਰਾਉਂਦੇ। ਇਹ ਪ੍ਰਥਾ ਉਨ੍ਹਾਂ ਨੇ ਧੁਰ ਤੱਕ ਨਿਭਾਈ। ਸਵਰਗੀ ਭਾਈ ਬਖਸ਼ੀਸ਼ ਸਿੰਘ ਦਾ ਕੀਰਤਨ ਪਹਿਲੀ ਵਾਰ ਮੈਂ ਵਿਭਾਗ ਵਿਚ ਹੀ ਸੁਣਿਆ। ਚਾਚਾ ਜੀ ਕਿਉਂਕਿ ਦੁਖਨਿਵਾਰਨ ਸਾਹਿਬ ਦੇ ਮੈਨੇਜਰ ਸਨ, ਇਸ ਲਈ ਡਾ. ਸਾਹਿਬ ਮੇਰੀ ਇਹ ਡਿਊਟੀ ਲਾਉਂਦੇ ਕਿ ਮੈਂ ਉਨ੍ਹਾਂ ਨੂੰ ਵਧੀਆ ਕੀਰਤਨੀ ਜਥਾ ਭੇਜਣ ਲਈ ਬੇਨਤੀ ਕਰਾਂ। ਅੱਜ ਕਲ੍ਹ ਪ੍ਰਕਾਸ਼ ਦਿਵਸ ਤੇ ਕੀਰਤਨ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਦੇ ਵਿਦਿਆਰਥੀ ਡਾ. ਗੁਰਨਾਮ ਸਿੰਘ ਦੀ ਰਹਿਨੁਮਾਈ ਵਿਚ ਪਰੰਪਰਿਕ ਤੰਤੀ ਸਾਜ਼ਾਂ ਨਾਲ ਯੂਨੀਵਰਸਿਟੀ ਗੁਰਦੁਆਰਾ ਸਾਹਿਬ ਵਿਚ ਕਰਦੇ ਹਨ ਅਤੇ ਗੁਰਦੁਆਰਾ ਸਾਹਿਬ ਵਿਚ ਹੀ ਵਿਭਾਗ ਵਲੋਂ ਕੀਰਤਨ ਅਤੇ ਕਥਾ ਤੋਂ ਬਾਅਦ ਲੰਗਰ ਛਕਾਇਆ ਜਾਂਦਾ ਹੈ। ਯੂਨੀਵਰਸਿਟੀ ਦੇ ਕਿਸੇ ਵਿਦਵਾਨ ਕੋਲੋਂ ਪ੍ਰਕਾਸ਼ ਦਿਵਸ ਸਬੰਧੀ ਭਾਸ਼ਣ ਕਰਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਨੂੰ ਛੱਡ ਕੇ ਯੂਨੀਵਰਸਿਟੀ ਦੇ ਸਾਰੇ ਖੋਜ ਵਿਭਾਗਾਂ ਕੋਲ ਬਾਕਾਇਦਾ ਪਰੂਫ ਰੀਡਰਾਂ ਦੀਆਂ ਅਸਾਮੀਆਂ ਤੇ ਪਰੂਫ ਰੀਡਰ ਕੰਮ ਕਰ ਰਹੇ ਸਨ। ਇਕ ਸਾਡਾ ਵਿਭਾਗ ਹੀ ਸੀ ਜਿਥੇ ਪਰੂਫ ਰੀਡਿੰਗ ਦਾ ਕੰਮ ਵੀ ਲੈਕਚਰਾਰਾਂ ਨੂੰ ਹੀ ਕਰਨਾ ਪੈਂਦਾ। ਇਸ ਤਰ੍ਹਾਂ ਖੋਜ ਵਿਚ ਲਾਉਣ ਵਾਲੇ ਕੀਮਤੀ ਸਮੇਂ ਦਾ ਬਹੁਤਾ ਹਿੱਸਾ ਪਰੂਫ ਰੀਡਿੰਗ ਵਿਚ ਨਸ਼ਟ ਹੋ ਜਾਂਦਾ। ਡਾ. ਤਾਰਨ ਸਿੰਘ ਨੇ ਅੰਗਰੇਜ਼ੀ ਦੀ ਪੁਸਤਕ 'ਓਰੀਜਨ ਐਂਡ ਡਿਵੈਲਪਮੈਂਟ ਆਫ ਰਿਲੀਜਨ' ਦਾ ਪੰਜਾਬੀ ਅਨੁਵਾਦ 'ਧਰਮ ਦੀ ਉਤਪਤੀ ਅਤੇ ਵਿਕਾਸ' ਵਿਚ ਕੀਤਾ। ਇਸ ਪੁਸਤਕ ਦੀ ਸਾਰੀ ਪਰੂਫ ਰੀਡਿੰਗ ਦੀ ਜ਼ਿੰਮੇਵਾਰੀ ਮੇਰੀ ਲੱਗੀ। ਬਹੁਤ ਪਿਛੋਂ ਜਾ ਕੇ, ਸ਼ਾਇਦ ਡਾ. ਪੁਆਰ ਦੇ ਵੇਲੇ ਵਿਭਾਗ ਨੂੰ ਪਰੂਫ ਰੀਡਰ ਦੀ ਅਸਾਮੀ ਦਿੱਤੀ ਗਈ। ਆਪਣੇ ਸਟਾਫ ਦੇ ਕੰਮ ਆ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਹੁੰਦੀ। ਵਿਭਾਗ ਵਿਚ ਕਲਰਕ ਲੱਗੀ ਇਕ ਲੜਕੀ ਦਾ ਵਿਆਹ ਇਕ ਐਸੇ ਲੜਕੇ ਨਾਲ ਹੋ ਗਿਆ ਜੋ ਘਰੋਂ ਤਾਂ ਠੀਕ ਠੀਕ ਹੀ ਸੀ ਪਰ ਬਹੁਤ ਅੱਛੇ ਨੰਬਰਾਂ ਨਾਲ ਅਰਥ ਸ਼ਾਸਤਰ ਦੀ ਮਾਸਟਰ ਡਿਗਰੀ ਕੀਤੀ ਹੋਈ ਸੀ। ਉਸ ਲੜਕੀ ਨੇ ਆਪਣੀ ਸਮੱਸਿਆ ਦਸੀ ਤਾਂ ਡਾ. ਤਾਰਨ ਸਿੰਘ ਨੇ ਝੱਟ ਉਸ ਲੜਕੀ ਦੀ ਮਦਦ ਕੀਤੀ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਸ. ਇੰਦਰਜੀਤ ਸਿੰਘ ਨੂੰ ਕਹਿ ਕੇ ਉਸ ਲੜਕੇ ਨੂੰ ਪਰੋਬੇਸ਼ਨਰੀ ਅਫਸਰ ਲਗਵਾ ਦਿੱਤਾ। ਇਸੇ ਤਰ੍ਹਾਂ ਵਿਭਾਗ ਦੇ ਸੇਵਾਦਾਰ ਪ੍ਰੇਮ ਸਿੰਘ ਦੀ ਲੜਕੀ ਦੇ ਵਿਆਹ 'ਤੇ ਸ਼ਗਨ ਇਕੱਠਾ ਕਰਕੇ ਸਾਰੇ ਵਿਭਾਗ ਨੂੰ ਨਾਲ ਲੈ ਕੇ ਲੜਕੀ ਦੇ ਵਿਆਹ ਵਿਚ ਉਸ ਦੇ ਪਿੰਡ ਹਾਜ਼ਰ ਹੋਏ ਪਰ ਜਦੋਂ ਉਨ੍ਹਾਂ ਨੇ ਦੇਖਿਆ ਕਿ ਘਰ ਦੇ ਸਾਰੇ ਮੈਂਬਰ ਬਰਾਤ ਨਾਲੋਂ ਵੀ ਵੱਧ ਸਟਾਫ ਵੱਲ ਤਵੱਜੋ ਦੇ ਰਹੇ ਹਨ ਤਾਂ ਝੱਟ ਪੱਟ ਸਾਨੂੰ ਉਥੋਂ ਲੈ ਤੁਰੇ। ਦੂਸਰਿਆਂ ਦੇ ਕੀਤੇ ਚੰਗੇ ਕੰਮ ਦੀ ਉਹ ਕਦਰ ਕਰਨੀ ਜਾਣਦੇ ਸਨ। ਕਲਰਕ ਬਲਦੇਵ ਸਿੰਘ ਦੀ ਅੰਗਰੇਜ਼ੀ ਦੀ ਵਧੀਆ ਟਾਈਪ ਲਈ ਇਕ ਵਾਰ ਉਨ੍ਹਾਂ ਨੇ ਆਪਣੀ ਜੇਬ ਵਿਚੋਂ ਸੌ ਰੁਪਿਆ ਇਨਾਮ ਦਿੱਤਾ। ਉਦੋਂ ਸੌ ਰੁਪਏ ਦੀ ਅੱਜ ਦੇ ਮੁਕਾਬਲੇ ਬਹੁਤ ਕੀਮਤ ਹੁੰਦੀ ਸੀ।



*ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੋਢੀ ਮੁਖੀ ਡਾ. ਤਾਰਨ ਸਿੰਘ, ਇਕ ਸੈਮੀਨਾਰ ਵਿਚ ਹਾਜ਼ਰੀ ਭਰਦੇ ਹੋਏ*

ਡਾ. ਤਾਰਨ ਸਿੰਘ ਨੂੰ ਸਰਬ ਧਰਮ ਸੰਮੇਲਨ ਵਿਚ ਸ਼ਮੂਲੀਅਤ ਲਈ ਸੱਦਾ ਆਇਆ ਜੋ ਸ਼ਾਇਦ ਸੋਵੀਅਤ ਰੂਸ ਦੀ ਰਾਜਧਾਨੀ ਮਾਸਕੋ ਵਿਚ ਹੋ ਰਿਹਾ ਸੀ। ਡਾ. ਸਾਹਿਬ ਬਹੁਤ ਖੁਸ਼ ਸਨ ਅਤੇ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਸਾਰੇ ਸਟਾਫ ਨਾਲ ਇਕੱਠੇ ਆਪਣੇ ਕਮਰੇ ਵਿਚ ਚਾਹ ਪੀਤੀ। ਉਨ੍ਹਾਂ ਦੀ ਸ਼ਮੂਲੀਅਤ ਲਈ ਫੰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਤਾ ਜਦੋਂ ਉਹ ਉਥੇ ਪਹੁੰਚੇ ਤਾਂ ਹੋਰ ਡੈਲੀਗੇਟਾਂ ਦੀ ਤਰ੍ਹਾਂ ਉਨ੍ਹਾਂ ਨੂੰ ਵੀ ਖਰਚਾ ਉਥੋਂ ਦੀ ਸਰਕਾਰ ਨੇ ਦਿੱਤਾ। ਵਾਪਸ ਆ ਕੇ ਡਾ. ਸਾਹਿਬ ਬਹੁਤ ਖੁਸ਼ ਸਨ ਅਤੇ ਹਰ ਇਕ ਸਟਾਫ ਮੈਂਬਰ ਨੂੰ ਉਸ ਦੇ ਕਮਰੇ ਵਿਚ ਮਿਲਣ ਗਏ। ਸ਼੍ਰੋਮਣੀ ਕਮੇਟੀ ਵਲੋਂ ਮਿਲਿਆ ਪੈਸਾ ਉਨ੍ਹਾਂ ਨੇ ਇਕਦਮ ਵਾਪਸ ਕਰ ਦਿੱਤਾ, ਪ੍ਰਧਾਨ ਜੀ ਦੇ ਕਹਿਣ 'ਤੇ ਵੀ ਨਹੀਂ ਰੱਖਿਆ ਅਤੇ, ਕਹਿੰਦੇ, "ਕੇ ਕਰਨਾ ਏ? ਜਦੋਂ ਮੈਨੂੰ ਉਨ੍ਹਾਂ ਕਰਾਇਆ ਦੇ ਛੋੜਿਆ ਏ"। ਮੈਨੂੰ ਵਿਭਾਗ ਵਿਚ ਆਉਣ ਤੇ ਜੋ ਪਹਿਲਾ ਪ੍ਰਾਜੈਕਟ ਮਿਲਿਆ, ਉਸ 'ਤੇ ਪਹਿਲਾਂ ਮੈਂ ਇਕੱਲੀ ਕੰਮ ਕਰ ਰਹੀ ਸੀ, ਜਿਸ ਦੀਆਂ ਲਿਸਟਾਂ ਬਣਾਉਣ ਦੇ ਨਾਲ ਨਾਲ ਮੈਂ ਅੱਧੇ ਤੋਂ ਵੱਧ ਐਂਟਰੀਆਂ ਵੀ ਲਿਖ ਲਈਆਂ ਸਨ। ਇਹ ਐਂਟਰੀਆਂ ਟਾਈਪ ਹੋਣ ਤੇ ਡਾ. ਤਾਰਨ ਸਿੰਘ ਫਾਈਨਲ ਪ੍ਰਵਾਨਗੀ ਦਿੰਦੇ ਫਿਰ ਸੁਧਾਈ ਤੋਂ ਪਿਛੋਂ ਦੁਬਾਰਾ ਟਾਈਪ ਹੁੰਦੀਆਂ। ਰਹਿੰਦੀਆਂ ਐਂਟਰੀਆਂ ਦੀਆਂ ਚਾਰ ਲਿਸਟਾਂ ਬਣਾ ਕੇ ਸਾਨੂੰ ਚਾਰ ਜਣਿਆਂ ਨੂੰ ਵੰਡ ਦਿੱਤੀਆਂ, ਜਿਨ੍ਹਾਂ ਵਿਚ ਸੀਨੀਅਰ ਫੈਲੋ ਸ. ਪਿਆਰਾ ਸਿੰਘ ਪਦਮ ਵੀ ਸ਼ਾਮਲ ਸਨ। ਉਨ੍ਹਾਂ ਨੇ ਕੋਈ ਐਂਟਰੀ ਨਾ ਲਿਖੀ ਅਤੇ ਉਨ੍ਹਾਂ ਦੇ ਹਿੱਸੇ ਦਾ ਕੰਮ ਵੀ ਅਸੀਂ ਕੀਤਾ। ਇਸ ਕੀਤੇ ਕਰਾਏ ਕੰਮ ਨੂੰ ਪਦਮ ਸਾਹਿਬ ਨੇ ਆਪਣੀ ਛਾਪ ਦੇ ਕੇ ਦੁਬਾਰਾ ਟਾਈਪ ਕਰਾਉਣਾ ਸ਼ੁਰੂ ਕਰ ਦਿੱਤਾ। ਟਾਈਪਿਸਟ ਲੜਕੀ ਸਾਰਾ ਪੁਲੰਦਾ ਚੁੱਕ ਕੇ ਮੇਰੇ ਕੋਲ ਆਈ ਅਤੇ ਬੋਲੀ, "ਭੈਣ ਜੀ! ਡਾ. ਸਾਹਿਬ ਵਲੋਂ ਸਹੀ ਕਰਕੇ ਕੀਤਾ ਹੋਇਆ ਕੰਮ ਪਦਮ ਸਾਹਿਬ ਆਪਣੀ ਲਿਖਤ ਵਿਚ ਟਾਈਪ ਕਰਾ ਰਹੇ ਹਨ। ਪਲੀਜ਼ ਮੇਰਾ ਨਾਮ ਨਾ ਲਈਓ ਪਰ ਕਿਉਂਕਿ ਪਹਿਲਾਂ ਵੀ ਮੈਂ ਹੀ ਟਾਈਪ ਕੀਤਾ ਸੀ, ਇਸ ਲਈ ਤੁਹਾਨੂੰ ਦੱਸਣ ਆ ਗਈ।" ਮੈਨੂੰ ਬਹੁਤ ਗੁੱਸਾ ਚੜ੍ਹਿਆ ਕਿਉਂਕਿ ਮੇਰਾ ਇਹ ਪਹਿਲਾ ਕੰਮ ਸੀ ਅਤੇ ਮੈਂ ਇਸ 'ਤੇ ਬਹੁਤ ਮਿਹਨਤ ਕੀਤੀ ਸੀ। ਮੈਂ ਆਪਣੇ ਦੋਹਾਂ ਸਾਥੀਆਂ ਨੂੰ ਲੈ ਕੇ ਡਾ. ਤਾਰਨ ਸਿੰਘ ਕੋਲ ਗਈ। ਭਾਵੇਂ ਮੇਰੀ ਕੁਲੀਗ ਜਾਣ ਦੀ ਜਿਆਦਾ ਇੱਛੁਕ ਨਹੀਂ ਸੀ। ਅਸੀਂ ਕਾਫੀ ਸਮਾਂ ਡਾ. ਸਾਹਿਬ ਨਾਲ ਇਸ ਬਾਰੇ ਗੱਲ ਕੀਤੀ। ਉਹ ਇਸ ਮਾਮਲੇ ਤੇ ਬਹੁਤ ਗੰਭੀਰ ਹੋ ਕੇ ਸੁਣਦੇ ਰਹੇ, ਦੁਖੀ ਵੀ ਹੋਏ ਪਰ ਕੁਝ ਨਹੀਂ ਕਰ ਸਕੇ। ਜਦੋਂ "ਡਿਕਸ਼ਨਰੀ ਆਫ ਐਲਿਯੂਜਨਜ ਐਂਡ ਰੈਫਰੈਂਸਜ" ਛਪ ਕੇ ਬਾਹਰ ਆਈ ਤਾਂ ਇਸ ਦਾ ਨਾਮ "ਸੰਕੇਤ ਕੋਸ਼" ਸੀ ਅਤੇ ਇਹ ਇਕ ਛੋਟੇ ਜਿਹੇ ਅਕਾਰ ਦੀ ਕਿਤਾਬ ਸੀ ਜਿਸ ਦਾ ਲੇਖਕ ਪਿਆਰਾ ਸਿੰਘ ਪਦਮ ਸੀ ਅਤੇ ਬਾਕੀ ਅਸੀਂ ਤਿੰਨੇ ਜਣੇ ਸਹਾਇਕ ਸਾਂ। ਆਪਣੇ ਕੀਤੇ ਫੈਸਲੇ ਦੀ ਉਲੰਘਣਾ ਨੂੰ ਚੁੱਪ ਕਰਕੇ ਸਹਿਣ ਦਾ ਇਹੀ ਸੁਭਾ, ਇਕ ਹੋਰ ਅਧਿਆਪਕ ਦੇ ਮਾਮਲੇ ਵਿਚ ਜਿਸ ਦੀ ਡਾ. ਸਾਹਿਬ ਨੇ ਸਾਰੀ ਉਮਰ ਮਦਦ ਕੀਤੀ ਸੀ, ਡਾ. ਸਾਹਿਬ ਦੇ ਆਖਰੀ ਅਤੇ ਜਾਨ ਲੇਵਾ ਹਾਰਟ ਅਟੈਕ ਦਾ ਕਾਰਨ ਬਣਿਆ ਅਤੇ ਰਾਜਿੰਦਰਾ ਹਸਪਤਾਲ ਵਿਚੋਂ ਉਨ੍ਹਾਂ ਦਾ ਮ੍ਰਿਤਕ ਸਰੀਰ ਹੀ ਘਰ ਪਹੁੰਚਿਆ।

## ਸਿਆਣਿਆਂ ਦਾ ਕਿਹਾ

(1) ਦ੍ਰਿੜ ਇਰਾਦਿਆਂ ਵਾਲੇ ਉਹੀ ਹੁੰਦੇ ਹਨ ਜਿਨ੍ਹਾਂ ਨੇ ਅਤਿ ਦੇ ਤਸੀਹਿਆਂ ਦਾ ਹੱਸ ਕੇ ਟਾਕਰਾ ਕੀਤਾ ਹੋਵੇ।

(2) ਸਿਆਸਤ ਕਹਿੰਦੀ ਹੈ ਮੌਕੇ ਦੀ ਨਬਜ਼ ਪਛਾਣੋ।

(3) ਕੱਲ ਨੂੰ ਸਿੱਖ ਕੌਮ ਦੇ ਵਾਰਸ ਬਣਨ ਵਾਲਿਆਂ ਨੂੰ ਸਿੱਖ ਵਿਰੋਧੀ ਤਾਕਤਾਂ ਵੱਲੋਂ ਅਮਲੀ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

(4) ਕਾਮਯਾਬੀ ਦੇ ਝੰਡੇ ਉਹੀ ਗਡਦੇ ਹਨ ਜੋ ਹਿੰਮਤਾਂ ਨਹੀਂ ਹਾਰਦੇ।

(5) ਭਾਰਤ ਵਿਚ ਜੰਮਿਆ ਹਰ ਬੱਚਾ ਹਿੰਦੂ ਹੁੰਦਾ ਹੈ ਇਹ ਹਿੰਦੂ ਦੀ ਲਲਕਾਰ-ਸਿੱਖ ਲਈ ਵੰਗਾਰ ਹੈ।

(6) ਜਿਨ੍ਹਾਂ ਸਾਡੇ ਲਈ ਲਹੂ ਵਹਾਇਆ-ਆਓ ਉਨ੍ਹਾਂ ਲਈ ਪਸੀਨਾ ਵਹਾਈਏ।

(7) ਕੱਟੜ ਹਿੰਦੂ ਸਿੱਖਾਂ ਦਾ ਨਾ ਤਾਂ ਭਰਾ, ਨਾ ਚੰਗਾ ਦੋਸਤ, ਨਾ ਹੀ ਚੰਗਾ ਗੁਆਂਢੀ ਬਣ ਕੇ ਰਹਿ ਸਕਦਾ ਹੈ।

(8) ਝੂਠਿਆਂ ਦੇ ਮੂੰਹੋਂ ਸਿਫਤਾਂ ਸੁਣ ਸੁਣ ਫੁੱਲੀ ਜਾਣਾ ਬੇਵਕੂਫੀ ਦੀ ਵੱਡੀ ਨਿਸ਼ਾਨੀ ਹੈ।

(9) ਆਜ਼ਾਦੀ ਅਤੇ ਇਨਸਾਫ ਲਈ ਜੂਝਣਾ ਹੀ ਸਿੱਖੀ ਹੈ।

(10) ਪੰਜਾਬ ਦੇ ਤਕਰੀਬਨ 12687 ਪਿੰਡਾਂ ਵਿਚੋਂ ਕੋਈ ਵੀ ਇੱਕ ਪਿੰਡ ਐਸਾ ਨਹੀਂ ਜਿਥੇ ਕਿਸੇ ਨਾ ਕਿਸੇ ਸਿੱਖ ਪਰਿਵਾਰ ਦਾ ਘੱਟੋ ਘੱਟ ਇੱਕ ਮੈਂਬਰ ਸਿੱਖ ਸੰਘਰਸ਼ ਦੀ ਭੇਟਾ ਨਾ ਚੜ੍ਹਿਆ ਹੋਵੇ।

(11) ਕੋਈ ਅਜਿਹਾ ਸਿੱਖ ਪਰਿਵਾਰ ਨਹੀਂ ਹੋਵੇਗਾ ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਪੰਜਾਬ ਦੇ ਦੁਖਾਂਤ ਤੋਂ ਪ੍ਰਭਾਵਤ ਨਾ ਹੋਇਆ ਹੋਵੇ।

(12) ਜਿਨ੍ਹਾਂ ਭਾਰਤ ਨਾਲ ਗੱਦਾਰੀ ਕੀਤੀ ਉਨ੍ਹਾਂ ਨੂੰ ਹਿੰਦੂ ਕੱਟੜਪ੍ਰਸਤਾਂ ਨੇ ਸਨਮਾਨਿਤ ਕੀਤਾ। ਸਿੱਖਾਂ ਨੇ ਆਪਣਾ ਸਭ ਕੁਝ ਭਾਰਤ ਲਈ ਲੁੱਟਾ ਦਿੱਤਾ ਤਾਂ ਵੀ ਉਹ ਸਾਨੂੰ ਦੇਸ਼ਧ੍ਰੋਹੀ ਕਹਿੰਦੇ ਹਨ।

(13) ਗੋਰਖਾ ਲਿਬਰੇਸ਼ਨ ਫਰੰਟ ਨੂੰ ਖੁਦ ਮੁਖਤਾਰੀ, ਨਾਗਿਆਂ ਨੂੰ-ਨਾਗਾਲੈਂਡ, ਮਰਾਠਿਆਂ ਨੂੰ-ਮਹਾਰਾਸ਼ਟਰ, ਰਾਜਪੂਤਾਂ ਨੂੰ-ਰਾਜਸਥਾਨ ਮਿਲ ਸਕਦਾ ਹੈ ਤਾਂ ਸਿੱਖਾਂ ਨੂੰ ਖਾਲਿਸਤਾਨ ਕਿਉਂ ਨਹੀਂ?

(14) ਇਸਾਈਆਂ, ਮੁਸਲਮਾਨਾਂ, ਹਿੰਦੂਆਂ ਕੋਲ ਆਪਣੇ ਮੁਲਕ ਹਨ ਪਰ ਸਿੱਖਾਂ ਕੋਲ ਆਪਣਾ ਮੁਲਕ ਕਿਉਂ ਨਹੀਂ?

(15) ਭਾਰਤ ਦੀ ਜਨਤਾ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਿੱਖਾਂ ਨੂੰ ਬੰਦੂਕ ਦੀ ਨੋਕ 'ਤੇ ਨਹੀਂ ਜਿੱਤਿਆ ਜਾ ਸਕਦਾ।

(16) ਚੇਤਾ ਰੱਖੋ, ਇਕ ਬੱਕਰੇ ਨੂੰ ਵੀ ਜੇ ਬੁਚੜਖਾਨੇ ਵਿਚ ਬੰਦ ਦਿੱਤਾ ਜਾਵੇ ਤਾਂ ਉਹ ਵੀ ਕਸਾਈ ਦੀ ਛੁਰੀ ਅਗੇ ਢੁੱਡ ਮਾਰਦਾ ਹੈ।

(17) ਜਦ ਵੀ ਪੰਜਾਬ ਖਾਲਿਸਤਾਨ ਦਾ ਨਾਗਰਿਕ ਆਪਣੇ ਸਿੱਖ ਵਿਧਾਨ ਅਤੇ ਹੱਕਾਂ ਦੀ ਗੱਲ ਕਰਦਾ ਹੈ ਤਾਂ ਹਿੰਦੂ ਅਤਿਵਾਦੀਆਂ ਨੂੰ ਸਭ ਤੋਂ ਵੱਧ ਤਕਲੀਫ ਹੁੰਦੀ ਹੈ।

(18) ਭਾਰਤ ਦਾ ਨਾਂ ਭਾਰਤ ਹੈ ਹਿੰਦੋਸਤਾਨ ਨਹੀਂ। ਹਿੰਦੂ ਭਰਾਵਾਂ ਨੂੰ ਜਦੋਂ ਉਹ ਹਿੰਦੋਸਤਾਨ ਨਾਂ ਇਸਤੇਮਾਲ ਕਰਦੇ ਹਨ ਉਸ ਸਮੇਂ ਉਨ੍ਹਾਂ ਨੂੰ ਫਿਰਕਾਪ੍ਰਸਤੀ ਨਜ਼ਰ ਨਹੀਂ ਆਉਂਦੀ? ਉਸ ਵੇਲੇ ਉਨ੍ਹਾਂ ਨੂੰ ਦੇਸ਼ਧ੍ਰੋਹ ਨਜ਼ਰ ਨਹੀਂ ਆਉਂਦਾ? ਪਰ ਜਦੋਂ ਸਿੱਖ ਪੰਜਾਬ ਨੂੰ ਖਾਲਿਸਤਾਨ ਕਹਿੰਦੇ ਹਨ ਤਾਂ ਉਨ੍ਹਾਂ ਨੂੰ ਸਿੱਖ ਦੇਸ਼ਧ੍ਰੋਹੀ ਨਜ਼ਰ ਆਉਂਦੇ ਹਨ।

(19) ਪੰਜਾਬ ਅਤੇ ਸਿੱਖ ਕੌਮ ਦੇ ਭਲੇ ਲਈ ਆਉਣ ਵਾਲੇ ਸਮੇਂ ਅੰਦਰ ਪੰਜਾਬ ਵਿਚ ਸਭ ਪੰਥਕ ਜਥੇਬੰਦੀਆਂ ਕਿਸੇ ਵੀ ਤਰ੍ਹਾਂ ਦੀਆਂ ਚੋਣਾਂ ਸਪਸ਼ਟ ਤੌਰ 'ਤੇ ਖਾਲਿਸਤਾਨ ਦੇ ਆਧਾਰ 'ਤੇ ਲੜਨ।

(20) ਜਿਹੜੀ ਸਿਆਸੀ ਪਾਰਟੀ ਅਕਲ ਨੂੰ ਧੱਕੇ ਮਾਰੇ ਅਤੇ ਜੋਰ-ਜ਼ਬਰ, ਲੁੱਟ, ਬਦਮਾਸ਼ੀ, ਸੀਨਾਜ਼ੋਰੀ ਨੂੰ ਤਰਜੀਹ ਦੇਵੇ, ਨਿਜੀ ਮੁਫਾਦ ਸਾਹਮਣੇ ਰੱਖੇ, ਉਹ ਪਾਰਟੀ ਰਾਜ ਜਾਂ ਤਰੱਕੀ ਜ਼ਿਆਦਾ ਚਿਰ ਨਹੀਂ ਕਰ ਸਕਦੀ।

(21) ਦਿਮਾਗ ਸਭ ਤੋਂ ਉਤਮ ਚੀਜ ਹੈ ਜੋ ਸਰੀਰ ਦੇ ਸਭ ਤੋਂ ਉੱਪਰ ਲੱਗਾ ਹੋਇਆ ਹੈ।

(22) ਤਾਕਤ ਉਦੋਂ ਇਸਤੇਮਾਲ ਕਰੀਦੀ ਹੈ ਜਦੋਂ ਲੋਹਾ ਗਰਮ ਹੋਵੇ।

(23) ਪਤਿਤ ਲੋਕ, ਪੰਥਕ ਜਥੇਬੰਦੀਆਂ ਵਿਚ ਘੁਸਪੈਠ ਕਰਕੇ ਸਿੱਖ ਵਿਚਾਰਧਾਰਾ ਨੂੰ ਕਰਾਰੀ ਸੱਟ ਮਾਰ ਰਹੇ ਹਨ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

### ਕਿਸੇ ਦਾ ਇਮਾਨ ਕੋਈ ਨਾ

# ਯਾਰਾ ਜੋ ਵੀ ਹੱਥ ਆਉਂਦਾ ਆਈ ਜਾਣ ਦੇ...

*ਨੱਚਦਿਆਂ ਮੋਚ ਸਿਰਫ ਉਨ੍ਹਾਂ ਦੇ ਗਿੱਟੇ ਵਿਚ ਆਉਂਦੀ ਹੈ, ਜਿਨ੍ਹਾਂ ਨੂੰ ਨੱਚਣਾ ਵੀ ਆਉਂਦਾ ਹੋਵੇ, ਨੱਚਣ ਨੂੰ ਜੀਅ ਵੀ ਕਰਦਾ ਹੋਵੇ ਪਰ ਸੰਗ ਖਹਿੜਾ ਨਾ ਛੱਡੇ। ਜਿਸ ਘਰ ਵਿਚ ਹੋਵੇ ਤਾਂ ਬੇਇਤਫਾਕੀ ਪਰ ਸਾਰਾ ਟੱਬਰ ਅਰਦਾਸ ਇਹ ਕਰੇ ਕਿ ਪੈਸੇ ਦੀਆਂ ਬਰਕਤਾਂ ਦਾ ਮੀਂਹ ਵਰ੍ਹੇ। ਫਿਰ ਰੱਬ ਵੀ ਕਹਿੰਦਾ ਹੋਣੈ 'ਸ੍ਰੀਨਗਰ ਬਠਿੰਡੇ ਵਾਲੇ ਰਾਹ ਨ੍ਹੀ ਆਉਂਦਾ, ਟ੍ਰੇਨ ਤਾਂ ਠੀਕ ਪਟੜੀ 'ਤੇ ਚਾੜ੍ਹੋ।' ਇਕ ਵਾਰ ਟਾਹਲੀ 'ਤੇ ਘੂੰ-ਘੂੰ ਕਰਦੀ ਘੁੱਗੀ ਨੂੰ ਇੱਲ ਨੇ ਪੁੱਛਿਆ, 'ਭੈਣੇ ਮਾਸ ਖਾਣਾ?' ਘੁੱਗੀ ਮੁਸਕਰਾ ਕੇ ਬੋਲੀ, 'ਤੁਹਾਡੇ ਆਲ੍ਹਣੇ 'ਚ ਉਹ ਵੀ ਨਹੀਂ ਹੁੰਦਾ।' ਫਿਰ ਉਹ ਘੁੱਗੀਆਂ ਦਾ ਮੁਹੱਲਾ ਹੀ ਛੱਡ ਕੇ ਚਲੀ ਗਈ। ਕਾਂ ਨੇ ਕਬੂਤਰੀ ਨੂੰ ਕਿਹਾ, 'ਆ ਜਾ ਪਿਆਰ ਕਰੀਏ।' ਉਹ ਟੁੱਟ ਕੇ ਪੈ ਗਈ, 'ਚੱਲ ਬੇਸ਼ਰਮ ਕਿਸੇ ਥਾਂ ਦਾ। ਅਹੁ ਵੇਖ ਕਬੂਤਰ ਮੇਰੇ ਲਈ ਚੋਗੇ ਦੀ ਚੁੰਝ ਭਰੀ ਆਉਂਦੈ।' ਦਰਖਤ ਹੇਠ ਬੈਠਾ ਵਿਆਹਿਆ ਵਰ੍ਹਿਆ ਪ੍ਰੇਮੀ ਜੋੜਾ ਸ਼ਰਮਿੰਦਾ ਹੋ ਕੇ ਖਿਸਕ ਗਿਆ। ਹਾਲੇ ਤੀਕਰ ਜੰਗਲ 'ਚੋਂ ਕਿਸੇ ਵੀ ਜਾਨਵਰ ਦੇ ਬਿਮਾਰ ਹੋਣ ਦੀ ਕਦੇ ਖ਼ਬਰ ਨਹੀਂ ਆਈ, ਨਾ ਹੀ ਕਦੇ ਅਫਰੀਕਾ ਤੋਂ ਇਹ ਖ਼ਬਰ ਆਈ ਹੈ ਕਿ ਜੰਗਲਾਂ 'ਚ ਵੀ ਜਾਨਵਰਾਂ ਦੇ ਹਸਪਤਾਲ ਖੋਲ੍ਹਣ ਦੀ ਲੋੜ ਹੈ। ਜਾਨਵਰ ਬਿਮਾਰ ਵੀ ਉਹੀ ਹੋਏ ਨੇ ਜਿਹੜੇ ਬੰਦਿਆਂ ਨਾਲ ਰਹਿਣ ਵਿਚ ਦਿਲਚਸਪੀ ਦਿਖਾ ਬੈਠੇ। ਜਿਨ੍ਹਾਂ ਨੂੰ ਤੱਕਲੇ ਦਾ ਵਲ ਨਾ ਕੱਢਣਾ ਆਉਂਦਾ ਹੋਵੇ, ਉਹ ਤੰਦ ਲਪੇਟੇ ਬਿਨਾਂ ਚਰਖਾ ਕੱਤ ਹੀ ਨਹੀਂ ਸਕਦੀਆਂ। ਜਿਹੜੇ ਵਿਗਿਆਨ ਨਾਲ ਖਹਿੰਦੇ ਆਏ ਨੇ, ਉਹ ਉਹੀ ਲੋਕ ਨੇ ਜਿਹੜੇ ਪਖੰਡੀਆਂ ਅੱਗੇ ਗੋਡੇ ਟੇਕ ਕੇ ਤੇ ਨੱਕ ਰਗੜ ਕੇ ਸੋਚਦੇ ਨੇ 'ਸ਼ਾਇਦ ਰੱਬ ਇਨ੍ਹਾਂ ਤੋਂ ਵੱਧ ਸੋਹਣਾ ਨਾ ਹੋਵੇ।' ਉਹ ਘਰ, ਘਰ ਰਹੇ ਹੀ ਨਹੀਂ ਜਿੱਥੋਂ ਵਿਸ਼ਵਾਸ ਨੂੰ ਗਿੱਟੇ ਭੰਨ੍ਹ ਕੇ ਬਾਹਰ ਕੱਢ ਦਿੱਤਾ ਗਿਆ ਹੈ। ਔਰਤਾਂ ਹੁੰਦੀਆਂ ਤਾਂ ਵਧੇਰੇ ਕਰਕੇ ਪਤੀਵਰਤਾ ਹੀ ਹਨ ਪਰ ਖੌਰੇ ਕਿਉਂ? ਚਲੋ ਜੇ ਗਧਾ ਝਾਂਜਰਾਂ ਬੰਨ੍ਹ ਕੇ ਨੱਚਣ ਲੱਗ ਵੀ ਪਵੇ ਤਾਂ ਇਸ ਗੱਲ ਦੀ ਕਦੋਂ ਗਰੰਟੀ ਹੈ ਕਿ ਉਹ ਦੁਲੱਤਾ ਨਾ ਮਾਰੇ...।*

ਹਰ ਕੋਈ ਚਾਹੁੰਦਾ ਹੈ ਕਿ ਉਹਦਾ ਹਰ ਥਾਂ ਸਤਿਕਾਰ ਹੋਵੇ। ਉਹ ਜਿਧਰੋਂ ਵੀ ਲੰਘੇ ਲੋਕ ਝੁਕ-ਝੁਕ ਸਲਾਮਾਂ ਕਰਨ ਪਰ ਉਹ ਆਪਣੀਆਂ ਉਨ੍ਹਾਂ ਆਦਤਾਂ ਤੋਂ ਕੌੜੀਆਂ ਮਿਰਚਾਂ ਵਾਰ ਕੇ ਚੁੱਲ੍ਹੇ 'ਚ ਨਹੀਂ ਪਾਉਣਾ ਚਾਹੁੰਦਾ ਜਿਹੜੀਆਂ ਕਰਤੂਤਾਂ ਬਣ ਚੁੱਕੀਆਂ ਨੇ। ਮੰਨਦੇ ਹਾਂ ਕਿ ਇਹ ਸੰਸਾਰ ਚੰਗੇ ਲੋਕਾਂ ਦਾ ਨਹੀਂ ਪਰ ਫਿਰ ਇਹ ਵੀ ਦੱਸੋ ਕਿ ਚੰਗੇ ਲੱਭ ਕੇ ਕਿਥੋਂ ਲਿਆਈਏ? ਇਨ੍ਹਾਂ 'ਚ ਹੀ ਰਹਿਣਾ ਪਵੇਗਾ। ਉਸੇ ਪਾਣੀ ਵਾਲੀ ਗੜਵੀ 'ਚੋਂ ਘੁੱਟ ਭਰਨਾ ਪਵੇਗਾ ਜਿਸ ਨੂੰ ਲਿਬੇੜਨ ਵਿਚ ਤੁਸੀਂ ਖ਼ੁਦ ਹੀ ਕੋਈ ਕਸਰ ਨਹੀਂ ਛੱਡੀ। ਸੰਸਾਰ ਨੂੰ ਬਹੁਤੇ ਲੋਕ ਉਹੀ ਨਿੰਦਦੇ ਹਨ ਜਿਹੜੇ ਆਪ ਵੀ ਚੰਗੇ ਨਹੀਂ ਬਣਦੇ ਤੇ ਦੂਜਿਆਂ 'ਤੇ ਚਿੱਕੜ ਦੇ ਟੋਕਰੇ ਵੀ ਭਰ-ਭਰ ਸੁੱਟੀ ਜਾਂਦੇ ਹਨ। ਸੋਹਣੀਆਂ ਚੀਜ਼ਾਂ ਆਪਣੇ ਵਲ ਧਿਆਨ ਇਸ ਕਰਕੇ ਖਿੱਚ ਲੈਂਦੀਆਂ ਹਨ ਕਿਉਂਕਿ ਬੰਦਾ ਆਪ ਘਸਮੈਲਾ ਹੋਣ ਕਰਕੇ ਸ਼ਰਮ ਮਹਿਸੂਸ ਕਰ ਰਿਹਾ ਹੁੰਦਾ ਹੈ। ਚਾਨਣੀ ਰਾਤ 'ਚ ਤਨ ਇਸ ਕਰਕੇ ਵੀ ਸੋਹਣਾ ਲਗਦਾ ਹੈ ਕਿਉਂਕਿ ਸਾਰੀ ਕਾਇਨਾਤ ਦੁੱਧ ਵਰਗੀ ਜਾਪ ਰਹੀ ਹੁੰਦੀ ਹੈ। ਇਸ ਰਾਤ ਨੂੰ ਜੇ ਕੋਈ ਗਾਲ੍ਹਾਂ ਕੱਢ ਰਿਹਾ ਹੁੰਦਾ ਹੈ ਤਾਂ ਉਹ ਚੋਰ, ਯਾਰ ਤੇ ਆਸ਼ਕ ਹੀ ਹੁੰਦਾ ਹੈ, ਕਿਉਂਕਿ ਕੁੱਤਿਆਂ ਨੇ ਕਦੇ ਵੀ ਹੰਸ ਨਾਲ ਟੁੱਕ ਵੰਡ ਕੇ ਨਹੀਂ ਖਾਣਾ ਹੁੰਦਾ।

ਦੁਨੀਆਂ ਵਿਚ ਜੇ ਸਭ ਤੋਂ ਵੱਡਾ ਕੋਈ ਪਾਪ ਹੈ ਤਾਂ ਜਾਂ ਤਾਂ ਉਹ ਅਕ੍ਰਿਤਘਣਤਾ ਹੈ ਤੇ ਜਾਂ ਫਿਰ ਯਾਰ-ਮਾਰ। ਭਾਈ ਗੁਰਦਾਸ ਜੀ ਨੇ ਅਕ੍ਰਿਤਘਣ ਨੂੰ

'ਮਦ ਵਿਚ ਰਿੱਧਾ ਪਾ ਕੇ ਕੁਤੇ ਦਾ ਮਾਸ
ਮਾਨਸ ਧਰਿਆ ਖੋਪਰੀ ਕਰ ਮੰਦੀ ਵਾਸ
ਲੈ ਕੇ ਚਲੀ ਕੰਜਰੀ ਕਰ ਭੋਗ ਵਿਲਾਸ...'

ਤੋਂ ਵੀ ਮਾੜਾ ਕਹਿ ਕੇ ਭੰਡਿਆ ਹੈ ਤੇ ਯਾਰ ਮਾਰ ਨੂੰ ਲਾਹਨਤ ਦਾ ਪਟਾ ਪਾ ਕੇ ਕਿਹਾ ਜਾਂਦਾ ਹੈ 'ਮਰ ਜਾਏ ਮਿੱਤਰ ਜਿਹੜਾ ਨਾਰ ਤਕਾਵੇ ਮਿੱਤਰ ਦੀ...।' ਬੇਇੱਜ਼ਤੀ ਕੋਈ ਕੱਲਾ-ਕਹਿਰਾ ਇਕੱਲੇ ਦੀ ਕਰ ਜਾਵੇ ਤਾਂ ਸ਼ਹਿ ਹੋ ਜਾਂਦੀ ਹੈ, ਜੇ ਬਹੁਤਿਆਂ 'ਚ ਹੋਵੇ ਤਾਂ ਆਤਮਹੱਤਿਆ ਤੱਕ ਵੀ ਖਿੱਚ ਕੇ ਲੈ ਜਾਂਦੀ ਹੈ। ਸ਼ਰਮ ਉਨ੍ਹਾਂ ਨੂੰ ਆਉਂਦੀ ਹੈ ਜਿਨ੍ਹਾਂ ਦੀ ਅਕਲ, ਸਿਆਣਪ ਤੇ ਲਿਆਕਤ ਨੱਕ 'ਤੇ ਬੈਠੀਆਂ ਹੋਣ। ਦੁੱਖ ਦੀ ਗੱਲ ਇਹ ਹੈ ਕਿ ਬੇਸ਼ਰਮ ਹਾਲੇ ਵੀ ਭਲੇਮਾਣਸਾਂ ਨਾਲ ਬੀਬੇ ਪਿੰਡਾਂ 'ਚ ਹੀ ਰਹੀ ਜਾਂਦੇ ਹਨ। ਇਨ੍ਹਾਂ ਨੇ ਕਦੇ ਵੀ ਆਪਣੀ ਹੋਂਦ ਨੂੰ ਵੱਖਰਿਆਂ ਕਰਨ ਦਾ ਮੁਜ਼ਾਹਰਾ ਨਹੀਂ ਕੀਤਾ। ਸਭ ਤੋਂ ਖਤਰਨਾਕ ਦੁਸ਼ਮਣ ਉਹੀ ਹੁੰਦਾ ਹੈ ਜਿਹੜਾ ਕਦੇ ਤੁਹਾਡਾ ਸਭ ਤੋਂ ਕਰੀਬੀ ਤੇ ਪਿਆਰਾ ਮਿੱਤਰ ਰਿਹਾ ਹੋਵੇ। ਇਹ ਲੋਕ ਹੱਦਾਂ ਨਹੀਂ, ਸਰਹੱਦਾਂ ਟੱਪ ਕੇ ਵੀ ਜਾਸੂਸੀ ਜਾਲ ਬੁਣਨ ਵਿਚ ਮਾਹਿਰ ਬਣ ਜਾਂਦੇ ਹਨ।

ਵਿਸ਼ਵਾਸ ਉਦੋਂ ਗਲ ਲੱਗ ਕੇ ਰੋਂਦਾ ਹੈ ਜਦੋਂ ਇਹਦੇ 'ਤੇ ਘਾਤ ਲਾ ਕੇ ਤੁਹਾਡੇ ਆਪਣਿਆਂ ਨੇ ਹਮਲਾ ਕੀਤਾ ਹੋਵੇ। ਪੱਥਰ ਕਦੇ ਵੀ ਸੰਗਮਰਮਰ ਨਹੀਂ ਹੁੰਦੇ। ਫੱਕਰਾਂ, ਸੰਤਾਂ, ਗੁਰੂਆਂ ਤੇ ਪੀਰਾਂ-ਫਕੀਰਾਂ ਦੇ ਜੀਵਨ ਵਿਚ ਵੀ ਹਾਦਸੇ ਇਸ ਕਰਕੇ ਵਾਪਰਦੇ ਆਏ ਹਨ ਕਿਉਂਕਿ ਰੱਬ ਨੇ ਕਦੇ ਵੀ ਸਾਰੀਆਂ ਅਰਦਾਸਾਂ ਪ੍ਰਵਾਨ ਨਹੀਂ ਕੀਤੀਆਂ। ਵਿਚਾਰਅਧੀਨ ਰੱਖਣ ਤੋਂ ਬਾਅਦ ਇਨ੍ਹਾਂ ਨੂੰ ਰੱਦ ਵੀ ਕੀਤਾ ਹੈ। ਬਾਦਸ਼ਾਹ ਤੇ ਪਿਆਦਾ ਸੌਂ ਭਾਵੇਂ ਕੱਠੇ ਜਾਣ ਪਰ ਆਦਤਾਂ ਤੇ ਕੰਮ ਇੱਕੋ ਜਿਹਾ ਕਦੇ ਵੀ ਨਹੀਂ ਕਰ ਸਕਦੇ। ਮੱਸਿਆ ਦੀ ਰਾਤ ਨੂੰ ਚੰਨ ਦੀ ਕਲਪਨਾ ਜਾਂ ਤਾਂ ਪ੍ਰੇਮੀ ਕਰ ਸਕਦੇ ਹਨ ਜਾਂ ਫਿਰ ਮੂਰਖ। ਕਈ ਲੋਕ ਬਰਬਾਦ ਤਾਂ ਦੂਜਿਆਂ ਨੂੰ ਕਰਨ ਲਈ ਤੁਰੇ ਹੁੰਦੇ ਹਨ ਪਰ ਬਾਰੂਦ ਦਾ ਵਿਸਫੋਟ ਉਨ੍ਹਾਂ ਦੇ ਆਪਣੇ ਵਿਹੜੇ ਵਿਚ ਹੋ ਜਾਂਦਾ ਹੈ। ਰਾਮਾਇਣ ਨੂੰ ਪੜ੍ਹ ਕੇ ਜੇ ਹੋਰ ਕੁਝ ਪੱਲੇ ਨਾ ਪਵੇ ਤਾਂ ਕੋਈ ਗੱਲ ਨਹੀਂ, ਇਸ ਗੱਲ ਦਾ ਅਹਿਸਾਸ ਜ਼ਰੂਰ ਹੋ ਜਾਵੇਗਾ ਕਿ ਚਰਿੱਤਰ ਵਾਕਿਆ ਹੀ ਮਹਾਨ ਹੁੰਦਾ ਹੈ।

ਅਜੈ ਯੂਨੀਵਰਸਿਟੀ 'ਚ ਸੀ ਤਾਂ ਪੜ੍ਹਦਾ ਪਰ ਉਹ ਹਾਲਾਤ ਅਜਿਹੇ ਸਿਰਜ ਦਿੰਦਾ ਸੀ ਜਿਵੇਂ ਬਾਦਸ਼ਾਹ ਦੀ ਗੈਰਹਾਜ਼ਰੀ ਵਿਚ ਕਲਰਕ ਹਕੂਮਤ ਚਲਾਉਣ ਲੱਗ ਪਿਆ ਹੋਵੇ। ਪ੍ਰੋਫੈਸਰ ਕਦੇ ਕਦੇ ਕਲਾਸ ਹੀ ਪੜ੍ਹਾਉਣ ਲਈ ਉਹਦੇ ਹਵਾਲੇ ਕਰ ਜਾਂਦੇ ਸਨ। ਹਰ ਕੋਈ ਆਖਦਾ ਸੀ ਇਹਦੇ ਆਈ.ਏ.ਐਸ. ਬਣਨ ਵਿਚ ਕੋਈ ਰੁਕਾਵਟ ਆ ਨਹੀਂ ਸਕਦੀ। ਅਜੈ ਬੀਬਾ, ਸਿਆਣਾ ਤੇ ਲਾਇਕ ਵਿਦਿਆਰਥੀ ਸੀ। ਫਿਰ ਉਹ ਸੱਚੀਂ ਹੀ ਏਸ ਪ੍ਰੀਖਿਆ ਦੀ ਤਿਆਰੀ ਵਿਚ ਲਾਮ-ਲਸ਼ਕਰ ਬੰਨ੍ਹ ਕੇ ਤੁਰ ਪਿਆ। ਉਸ ਉਮਰ ਵਿਚ ਜਦੋਂ ਮੁਹੱਬਤ ਭੱਜ-ਭੱਜ ਕੇ ਗਲ ਨੂੰ ਚੰਬੜਦੀ ਹੈ, ਜਦੋਂ ਪਿਆਰ "ਤੂੰ ਮੇਰਾ, ਮੈਂ ਤੇਰੀ" ਕਹਿ ਕੇ ਰਾਹ 'ਚ ਖੜ੍ਹੇ ਤਾਂ ਚੰਗਾ ਭਲਾ ਬੰਦਾ ਵੀ ਅੱਖਾਂ ਦੀ ਕਹਾਣੀ ਦਾ ਪਾਤਰ ਬਣ ਜਾਂਦਾ ਹੈ। ਅਜੈ ਨਾਲ ਵੀ ਇਹੋ ਕੁਝ ਹੋਇਆ। ਉਹਦੀ ਹਮਜਮਾਤਣ ਪ੍ਰੀਤੀ ਨੇ ਪਿਆਰ ਦਾ ਦਾਖਲਾ ਪੱਤਰ ਅਜੈ ਦੇ ਹੱਕ ਵਿਚ ਭਰ ਦਿਤਾ। ਫੇਰ ਛੇਤੀ ਹੀ ਦੋਵੇਂ 'ਤੇਰੀ ਮੇਰੀ ਇਕ ਜਿੰਦੜੀ' ਜਾਂ 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ' ਵਿਚ ਬਦਲ ਗਏ। ਕਈ ਵਰ੍ਹਿਆਂ ਤੀਕਰ ਪੀਂਘ ਪਿੱਛੇ ਪ੍ਰਛਾਵਾਂ ਭੱਜਦਾ ਰਿਹਾ। ਯੂਨੀਵਰਸਿਟੀ 'ਚ ਦੋਹਾਂ ਦੀ ਮੁਹੱਬਤ ਵਾਲੀ ਕਿੱਕਲੀ 'ਚ ਬੜਿਆਂ ਨੇ ਜੋਟੇ ਪਾ ਕੇ ਹੌਸਲਾਅਫਜ਼ਾਈ ਕੀਤੀ। ਅਜੈ ਦੋ ਵਾਰ ਆਈ.ਏ. ਐਸ. ਦੀ ਲਿਖਤੀ ਪ੍ਰੀਖਿਆ 'ਚੋਂ ਪਾਸ ਹੋ ਗਿਆ ਪਰ ਇੰਟਰਵਿਊ 'ਚ ਰਹਿ ਜਾਂਦਾ।

ਹੋਇਆ ਇਹ ਕਿ ਪ੍ਰੀਤੀ ਦੀ ਇਕ ਸਹੇਲੀ ਨੇ ਉਹਦੇ ਕੰਨ ਭਰ ਦਿੱਤੇ ਕਿ ਵੋਟਾਂ ਤਾਂ ਪੈ ਗਈਆਂ ਹਨ, ਕਿਤੇ ਨਤੀਜਿਆਂ 'ਤੇ ਪਾਬੰਦੀ ਨਾ ਲੱਗ ਜਾਵੇ। ਜਾਣੀ ਕਿ ਜੇ ਅਜੈ ਆਈ ਏ.ਐਸ. ਕਰ ਗਿਆ ਤਾਂ ਕਿਤੇ ਉਚੇ ਅਸਮਾਨਾਂ ਵਿਚ ਉਚੀਆਂ ਉਡਾਣਾਂ ਵਾਲੀ ਗੱਲ ਨਾ ਹੋ ਜਾਵੇ। ਅੰਤਰ-ਜਾਤੀ ਪਿਆਰ ਵਿਆਹ ਦੇ ਬੰਧਨਾਂ 'ਚ ਸ਼ਗਨ ਬਣਨ ਲਈ ਕਾਹਲਾ ਪੈ ਗਿਆ। ਪ੍ਰੀਤੀ ਨੂੰ ਲੱਗਾ ਕਿ ਅਜੈ ਕਿਤੇ ਡੀ.ਸੀ. ਬਣ ਕੇ ਕੱਚੀਆਂ ਤੰਦਾਂ ਨੂੰ ਮੋਛਾ ਨਾ ਪਾ ਦੇਵੇ। ਉਹਨੇ ਚਲਾਕੀ ਵਾਲਾ ਵਾਸਤਾ ਅਜੈ ਕੋਲ ਪਾਇਆ ਕਿ ਮੇਰੇ ਮਾਂ-ਬਾਪ ਮੇਰੇ ਲਈ ਵਰ ਲੱਭਣ ਲੱਗੇ ਹੋਏ ਹਨ ਤੇ ਚੁੰਨੀ ਨਾਲ ਪਤਾਸੇ ਕਿਸੇ ਹੋਰ ਪਾਸਿਓਂ ਨਾ ਆ ਜਾਣ। ਸਾਹਿਬਾਂ ਵਾਂਗੂੰ ਕਿਤੇ ਇਹ ਨਾ ਹੋਵੇ ਕਿ 'ਸੋਹਣਿਆ ਮੰਗ ਤਾਂ ਤੇਰੀ ਸੀ, ਜੰਞ ਹੈ ਹੋਰ ਕਿਸੇ ਦੀ ਆ ਗਈ।' ਭੋਲਾ ਪੰਛੀ ਇੱਲ੍ਹ ਦੀ ਕੋਇਲ ਵਰਗੀ ਚਾਲ ਤੋਂ ਬੇਖਬਰ ਸੀ। 'ਐਂ ਹੋਰ ਕਿਸੇ ਦੀ ਕਿਵੇਂ ਬਣ ਜੂ ਪ੍ਰੀਤੀਏ...' ਕਹਿ ਕੇ ਘਰਦਿਆਂ ਤੋਂ ਬਾਗੀ ਹੋ ਕੇ ਅਜੈ ਪ੍ਰੀਤੀ ਦੇ ਪਿਆਰ ਵਿਚ ਭਰੋਸੇ ਦਾ ਵੋਟ ਭੁਗਤਾ ਗਿਆ। ਫਿਰ ਦਿਨਾਂ 'ਚ ਹੀ ਪ੍ਰੇਮੀ ਪਤੀ-ਪਤਨੀ ਦੇ ਰੂਪ ਵਿਚ 'ਬਾਤ ਤੇ ਹੁੰਗਾਰਾ' ਬਣ ਗਏ।

ਗ੍ਰਹਿਸਥੀ ਜੀਵਨ ਦੇ ਸੱਤ ਵਰ੍ਹੇ ਸਤਰੰਗੀ ਪੀਂਘ ਵਾਂਗ ਪਿਆਰ ਦੀਆਂ ਲੁੱਡੀਆਂ ਪਾਉਂਦਿਆਂ ਦੋਹਾਂ ਨੇ ਵਧੀਆ ਢੰਗ ਨਾਲ ਬਸਰ ਕਰ ਲਏ। ਪ੍ਰੀਤੀ ਨੇ ਇਕ ਬੱਚੇ ਨੂੰ ਜਨਮ ਤਾਂ ਦਿੱਤਾ ਪਰ ਪੈਦਾ ਮ੍ਰਿਤਕ ਹੋਇਆ। ਇਸੇ ਦੌਰਾਨ ਅਜੈ ਦੀ ਜ਼ਿੰਦਗੀ ਵਿਚ ਦੁਖਦਾਇਕ ਘਟਨਾਕ੍ਰਮ ਇਹ ਹੋਇਆ ਕਿ ਉਹਨੇ ਚਾਰ ਵਾਰ ਆਈ.ਏ.ਐਸ. ਪ੍ਰੀਖਿਆ ਲਿਖਤੀ ਰੂਪ 'ਚ ਤਾਂ ਅੱਵਲ ਰਹਿ ਕੇ ਪਾਸ ਕੀਤੀ ਪਰ ਇੰਟਰਵਿਊ ਲੱਕ ਤੋੜਦੀ ਰਹੀ। ਪ੍ਰੀਤੀ ਨੂੰ ਵੀ ਇਹ ਲੱਗਾ ਕਿ ਜਿਹੜੀ ਸੁਪਨਿਆਂ ਦੀ ਵਾਗਡੋਰ ਫੜ੍ਹ ਕੇ ਉਹ ਅਜੈ ਦੇ ਬਹੁਤਾ ਕਰੀਬ ਆਈ ਸੀ, ਉਨ੍ਹਾਂ ਨੂੰ ਜੰਗਾਲ ਲੱਗ ਗਿਆ ਹੈ। ਅਜੈ ਹੁਣ ਅਧਿਆਪਕ ਹੀ ਰਹੇਗਾ, ਕਦੇ ਡੀ.ਸੀ. ਨਹੀਂ ਲੱਗੇਗਾ। ਮੁਹੱਬਤ 'ਚ ਰੁੱਖਾਪਣ ਅਠਖੇਲੀਆਂ ਕਰਨ ਲੱਗਾ। ਅਜੈ ਦਾ ਇਕ ਦੋਸਤ ਬਿਕਰਮ ਜੋ ਇਸ ਪਰਿਵਾਰ ਦੇ ਏਨਾ ਨੇੜੇ ਆ ਚੁੱਕਾ ਸੀ ਕਿ ਅਜੈ ਉਸ ਨੂੰ ਦੋਸਤ ਨਹੀਂ, ਮੂੰਹ ਬੋਲਿਆ ਭਰਾ ਕਹਿਣ ਲੱਗ ਪਿਆ। ਉਸਦਾ ਘਰ 'ਚ ਅਜੈ ਦੀ ਗੈਰਹਾਜ਼ਰੀ 'ਚ ਆਉਣਾ ਕਦੇ ਬੁਰਾ ਨਹੀਂ ਲੱਗਾ ਸੀ ਤੇ ਫਿਰ ਭਾਣਾ ਵਰਤ ਕੇ ਹੀ ਹਟਿਆ। ਪ੍ਰੀਤੀ ਨੇ ਮੁਹੱਬਤ ਦੇ ਦੂਜੇ ਗੇੜ 'ਚ ਨਜ਼ਰਾਂ ਦਾ ਭਾਰ ਬਿਕਰਮ ਤੇ ਸੁੱਟ ਦਿੱਤਾ। ਬਾਹਾਂ ਫਿਰ ਗਲਵੱਕੜੀਆਂ ਬਣ ਗਈਆਂ। ਪਰ ਗਊਆਂ ਵਰਗਾ ਅਜੈ ਇਸ ਸ਼ਾਤਰ ਵਿਉਂਤਬੰਦੀ ਤੋਂ ਅਣਭਿੱਜ ਸੀ। ਉਹ ਆਈ.ਏ.ਐਸ. ਦੀਆਂ ਕੋਚਿੰਗ ਕਲਾਸਾਂ ਦੇਣ ਲੱਗ ਪਿਆ। ਉਹਦੀ ਸਰਕਾਰੀ ਤੌਰ 'ਤੇ ਡਿਊਟੀ ਕਿਸੇ ਹੋਰ ਸਟੇਟ ਵਿਚ ਛੇ ਮਹੀਨਿਆਂ ਲਈ ਸ਼ਾਖਰਤਾ ਮੁਹਿੰਮ ਵਿਚ ਲੱਗ ਗਈ ਤੇ ਵਿਸ਼ਵਾਸ ਦੀਆਂ ਕੁੰਜੀਆਂ ਉਹ ਬਿਕਰਮ ਨੂੰ ਫੜਾ ਕੇ 'ਘਰ ਦਾ ਖਿਆਲ ਰੱਖਣਾ' ਕਹਿ ਕੇ ਚਲੇ ਗਿਆ।

ਅਜੈ ਨਹੀਂ ਜਾਣਦਾ ਸੀ ਕਿ ਇਸ਼ਕ ਦਾ ਗਿੱਧਾ ਉਹਦੀ ਗੈਰ-ਹਾਜ਼ਰੀ ਵਿਚ ਕਿੰਨੀ ਧਮਾਲ ਪਾਵੇਗਾ। ਉਹਦੇ ਮੁੜਦੇ ਤੱਕ ਦੋ ਕਲਬੂਤ ਇਕ ਜਾਨ ਬਣ ਗਏ ਸਨ। ਪ੍ਰੀਤੀ ਨੇ 'ਆਪਣੀ ਬਣਾ ਲੈ ਮਿੱਤਰਾ' ਦਾ ਵਾਸਤਾ ਪਾਇਆ ਤਾਂ ਬਿਕਰਮ ਦੀ ਸੁਣ ਲਈ ਗਈ। ਅਸਲ ਵਿਚ ਬਿਕਰਮ ਦੀ ਪ੍ਰੇਮਿਕਾ ਖ਼ੂਨੀ ਰਿਸ਼ਤਿਆਂ 'ਚ ਵਿਦੇਸ਼ ਚਲੀ ਗਈ ਸੀ। ਨਾਂ ਵੀ ਰਾਣੀ ਸੀ ਤੇ ਕੰਮ ਵੀ ਰਾਣੀਆਂ ਵਾਲਾ ਕੀਤਾ। ਅੱਠ ਸਾਲ ਪੁਰਾਣਾ ਘੁਰਾੜੇ ਮਾਰਦਾ ਪਿਆਰ ਜਾਗ ਕੇ ਬੈਠ ਗਿਆ। ਬਿਕਰਮ ਨੇ ਰਾਣੀ ਨਾਲ ਵਿਆਹ ਕਰਵਾ ਲਿਆ। ਵਿਚਾਰੇ ਅਜੈ ਨੂੰ ਹਾਲੇ ਤੀਕਰ ਨੰਦ ਲਾਲ ਨੂਰਪੁਰੀ ਦੇ ਇਸ ਗੀਤ ਦਾ ਭਾਵ ਵੀ ਨਹੀਂ ਪਤਾ ਲੱਗਾ ਸੀ ਜਿਸ ਨੂੰ ਉਹ ਆਥਣੇ-ਸਵੇਰੇ ਆਪਣੀ ਬੈਠਕ ਵਿਚ ਸੁਣਿਆ ਕਰਦਾ ਸੀ 'ਇਥੋਂ ਉਡ ਜਾ ਭੋਲਿਆ ਪੰਛੀਆ ਤੂੰ ਆਪਣੀ ਜਾਨ ਬਚਾ'। ਬਿਕਰਮ ਨਾਲ ਵਿਸ਼ਵਾਸ ਦਾ ਮੁੱਲ ਤਾਰਨ ਲਈ ਉਹਨੇ ਆਪਣੇ ਘਰ 'ਚ ਸੰਨ੍ਹ ਲਾਉਣ ਵਾਲੇ ਨੂੰ ਫੇਰ ਕੋਲੋਂ ਪੈਸੇ ਦੇ ਕੇ ਰਾਣੀ ਨਾਲ ਸਿੰਗਾਪੁਰ ਹਨੀਮੂਨ ਮਨਾਉਣ ਲਈ ਭੇਜਿਆ।

ਇਸੇ ਦੌਰਾਨ ਪ੍ਰੀਤੀ ਦੀ 'ਕੈਦੋਂ ਚਾਲ' ਰੰਗ ਲੈ ਆਈ ਤੇ ਪੜ੍ਹਨ ਦੇ ਬਹਾਨੇ ਸਟੂਡੈਂਟ ਵੀਜ਼ਾ ਲੈ ਕੇ ਉਸੇ ਮੁਲਕ ਵਿਚ ਆਣ ਵੜੀ ਜਿਥੇ ਰਾਣੀ, ਬਿਕਰਮ ਤੋਂ ਮਾਂਗ 'ਚ ਸੰਧੂਰ ਪੁਆਉਣ ਗਈ ਸੀ। ਛੇ ਕੁ ਮਹੀਨੇ ਲੰਘੇ ਤੇ ਬਿਕਰਮ ਆਪਣੀ ਪਤਨੀ ਕੋਲ ਆ ਗਿਆ। ਦੋ ਕੁ ਸਾਲ ਫੋਨ ਤੇ ਪ੍ਰੀਤੀ ਨਾਲ ਲੰਬੀਆਂ ਮੁਲਾਕਾਤਾਂ ਹੋਈਆਂ ਤੇ ਫਿਰ ਇਹ ਉਸ ਵੇਲੇ ਜਿਸਮਾਨੀ ਮੇਲ ਵਿਚ ਦੁਬਾਰਾ ਬਦਲ ਗਈਆਂ ਜਦੋਂ ਬਿਕਰਮ ਨੂੰ ਪੱਕੇ ਹੋਣ ਦੀ ਗ੍ਰੀਨ ਲਾਈਟ ਵਾਲਾ ਕਾਰਡ ਮਿਲ ਗਿਆ। ਉਹ ਰਾਣੀ ਤੋਂ ਪੱਲਾ ਖਿੱਚ ਕੇ ਪ੍ਰੀਤੀ ਦੀ ਪ੍ਰੀਤ ਵਿਚ ਗੁਆਚ ਗਿਆ। ਦਮੋਦਰ ਦੀ ਹੀਰ ਵਾਂਗ ਇਹ ਸਾਰਾ ਅੱਖੀਂ ਡਿੱਠਾ ਹਾਲ ਅਜੈ ਨੂੰ ਉਦੋਂ ਪਤਾ ਲੱਗਾ ਜਦੋਂ ਪ੍ਰੀਤੀ ਨੇ ਅਜੈ ਨੂੰ ਤੇ ਬਿਕਰਮ ਨੇ ਰਾਣੀ ਨੂੰ ਤਲਾਕ ਦੇ ਪਰਚੇ ਭੇਜ ਕੇ ਨਵੇਂ ਇਮਤਿਹਾਨ ਵਲ ਮੋੜ ਲਿਆਂਦਾ। ਵਿਸ਼ਵਾਸ ਦੇ ਕਤਲ ਤੇ ਅਕ੍ਰਿਤਘਣਤਾ ਦੀ ਮਾਰ ਹੇਠ ਪੂਰੀ ਤਰ੍ਹਾਂ ਅਜੈ ਉਦੋਂ ਆਇਆ ਜਦੋਂ ਰਾਣੀ ਨੇ ਸਾਰੀ ਵਿਥਿਆ ਅਜੈ ਨੂੰ ਰੋ ਰੋ ਦੱਸੀ ਕਿ ਮੈਂ ਜਿਸ ਇਨਸਾਨ ਦੀ ਦੁਨੀਆਂ ਜਿੱਤਣ ਵਾਂਗ ਸਿਕੰਦਰ ਮੰਨ ਕੇ ਉਡੀਕ ਕੀਤੀ, ਉਸੇ ਨੇ ਦੋ ਗੱਲਾਂ 'ਚ ਠੋਕ ਕੇ 'ਗੂਠਾ ਦਿੱਤਾ ਹੈ।

ਦੋਸਤਾਂ ਨੇ ਬਹੁਤ ਕਿਹਾ ਕਿ ਅਜੈ ਤੇਰੇ ਨਾਲ ਯਾਰ ਮਾਰ ਹੋਈ ਹੈ ਪਰ ਉਹ ਹਮੇਸ਼ਾਂ ਇਹੋ ਆਖਦਾ ਸੀ 'ਮੈਂ ਖੋਟਾ ਪੈਸਾ ਹੀ ਦਸ ਸਾਲਾਂ ਤੀਕਰ ਜੇਬ 'ਚ ਪਾ ਕੇ ਘੁੰਮਦਾ ਰਿਹਾ, ਕਿਸੇ ਨੂੰ ਕੀ ਦੋਸ਼ ਦਿਆਂ।' ਲੱਖ ਯਤਨ ਕਰਨ ਤੇ ਲੱਖ ਵਾਰ ਸਮਝਾਉਣ 'ਤੇ ਵੀ ਅਜੈ ਡਿਪਰੈਸ਼ਨ ਵਿਚ ਇਸ ਕਰਕੇ ਚਲਾ ਗਿਆ ਸੀ ਕਿ ਜਿਹਦੇ ਕਰਕੇ ਮਾਂ-ਬਾਪ, ਭੈਣ-ਭਰਾ ਛੱਡੇ ਸਨ, ਉਹ ਵੀ ਜ਼ਲੀਲ ਕਰਕੇ ਛੱਡ ਗਈ। ਸ਼ਾਹ ਮੁਹੰਮਦ ਦੇ ਕਹਿਣ ਵਾਂਗ ਜਿਵੇਂ ਸਿੰਘਾਂ ਨੇ ਗੋਰਿਆਂ ਦਾ ਨਿੰਬੂਆਂ ਵਾਂਗ ਲਹੂ ਨਿਚੋੜ ਸੁੱਟਿਆ ਸੀ, ਇਨ-ਬਿਨ ਅਜੈ ਦਾ ਸੇਬ ਵਰਗਾ ਸੂਹਾ ਰੰਗ ਦਗੇਬਾਜ਼ੀ ਦੀ ਭੱਠੀ ਵਿਚ ਭੁੱਜ ਕੇ ਸੁਆਹ ਹੋ ਚੁੱਕਾ ਸੀ। ਕਰੀਬ ਡੇਢ ਸਾਲ ਮਾਨਸਿਕ ਬੇਚੈਨੀ 'ਚ ਗੁਜ਼ਾਰਨ ਤੋਂ ਪਿੱਛੋਂ ਅਜੈ ਮਸਾਂ ਸੰਭਲਿਆ ਤੇ ਮੁੜ ਕੇ ਆਈ.ਏ.ਐਸ. ਦੇ ਕੋਚਿੰਗ ਸੈਂਟਰ ਵਿਚ ਪੜ੍ਹਾਉਣ ਲੱਗ ਪਿਆ।

ਵਾਰਿਸ ਨੂੰ ਝੂਠਾ ਨਾ ਕਰਨ ਦੀ ਸਹੁੰ ਬਿਕਰਮ ਤੇ ਪ੍ਰੀਤੀ ਨੇ ਇਕ ਵਾਰ ਫਿਰ ਪੁਗਾ ਦਿੱਤੀ। ਦੋਹਾਂ ਨੇ ਮੀਆਂ-ਬੀਵੀ ਦਾ ਬੁਰਕਾ ਤਾਂ ਪਹਿਨ ਲਿਆ ਪਰ ਆਦਤਾਂ ਦਾ ਕੰਜਰਖਾਨਾ ਬੰਦ ਨਾ ਕੀਤਾ। ਵਿਗੜੇ ਡੰਗਰਾਂ ਵਾਂਗ ਬਿਗਾਨੀਆਂ ਖੁਰਲੀਆਂ ਵਿਚ ਮੂੰਹ ਮਾਰਨੋ ਦੋਵੇਂ ਬਾਜ ਨਾ ਆਏ। ਜਿਸ ਪ੍ਰੀਤੀ ਨੂੰ ਅਜੈ ਆਖਦਾ ਹੁੰਦਾ ਸੀ ਕਿ 'ਅੱਜ ਤੱਕ ਮੇਰੀ ਸੀ, ਕੱਲ੍ਹ ਹੋਰ ਕਿਸੇ ਦੀ ਹੋ ਜਾਵੇਂਗੀ, ਪਲੜੇ ਝਾੜ ਤੁਰ ਗਿਆ ਖਾਲੀ ਹੱਥ ਵਪਾਰੀ...।' ਉਹ ਪ੍ਰੀਤੀ ਫਿਰ ਪਤਾ ਨਹੀਂ ਕੀਹਦੀ-ਕੀਹਦੀ ਹੋ ਕੇ ਪ੍ਰੀਤ ਗਾਥਾਵਾਂ ਦੇ ਨਕਲੀ ਕਿੱਸੇ ਬਣਾਉਂਦੀ ਰਹੀ।

ਸੱਚ ਇਹ ਹੈ ਕਿ ਉਖੜੇ ਤੰਬੂਆਂ ਵਰਗੇ ਇਹ ਦੋਵੇਂ ਪਾਤਰ ਜਿਉਂਦੇ ਤਾਂ ਹਨ ਪਰ ਮੌਤ ਤੋਂ ਪਹਿਲਾਂ ਮਰ ਰਹੇ ਹਨ। ਦੋਵੇਂ ਰਹਿੰਦੇ ਤਾਂ 'ਕੱਠੇ ਨੇ ਪਰ ਪਿਆਰ-ਮੁਹੱਬਤ ਦੀ ਥਾਂ ਹੁਣ ਨਫਰਤ ਨੇ ਲੈ ਲਈ ਹੈ। ਇਕ-ਦੂਜੇ ਨੂੰ 'ਤੂੰ ਚੋਰ, ਤੂੰ ਚੋਰ' ਇਸ ਕਰਕੇ ਆਖਦੇ ਹਨ ਕਿ ਹੋਣੀ ਨੇ ਮੌਤ ਦੇ ਵਾਰੰਟਾਂ 'ਤੇ ਸਹੀ ਤਾਂ ਪਾ ਦਿੱਤੀ ਹੈ ਪਰ ਤਾਰੀਖ ਨਿਸ਼ਚਿਤ ਨਹੀਂ ਕੀਤੀ। ਦੋਵੇਂ ਜਣੇ ਉਸੇ ਲਾਇਲਾਜ ਬਿਮਾਰੀ ਦੇ ਸ਼ਿਕਾਰ ਨੇ ਜਿਹੜੀ ਚਰਿੱਤਰਹੀਣ ਲੋਕਾਂ ਨੂੰ ਲਗਦੀ ਹੈ। ਘਰ 'ਚ ਰੋਟੀ ਤਾਂ ਪਕਦੀ ਹੈ ਪਰ ਖਾਣ ਤੋਂ ਪਹਿਲਾਂ ਇਕ ਆਖਦਾ ਹੈ 'ਬੇੜਾ ਬਹਿ ਜੇ ਕਮੀਨੀ ਔਰਤ ਦਾ' ਤੇ ਦੂਜਾ ਆਖਦਾ ਹੈ 'ਕਮੀਨਿਆਂ ਤੈਨੂੰ ਤੀਵੀਆਂ ਨਾਲ ਰੱਜ ਨਹੀਂ ਆਇਆ।' ਜਿਨ੍ਹਾਂ ਅੱਖਾਂ 'ਚ ਮੁਹੱਬਤ ਦਾ ਸੁਰਮਾ ਮਟਕਦਾ ਹੁੰਦਾ ਸੀ, ਉਹ ਅੱਖਾਂ ਬਰੂ ਖਾਧੀ ਮੱਝ ਵਾਂਗ ਇਕ ਦੂਜੇ ਨੂੰ ਘੂਰ-ਘੂਰ ਕੇ ਵੇਖਦੀਆਂ ਹਨ। ਹਾਲਾਤ ਦੀ ਸਿਤਮ ਜ਼ਰੀਫੀ ਇਹ ਵੀ ਹੈ ਕਿ ਰੱਬ ਨੇ ਦਿੱਤਾ ਤਾਂ ਪੁੱਤ ਸੀ ਪਰ ਉਸੇ ਬਿਮਾਰੀ 'ਚ ਡੁਬੋਕੇ, ਮਾਂ ਦੇ ਪੇਟ 'ਚੋਂ ਹੀ ਗਲ 'ਚ ਫੱਟੀ ਪਾ ਕੇ ਭੇਜੀ ਕਿ ਕੁਲੱਛਣੇ ਮਾਂ ਬਾਪ ਕਰਕੇ ਪੁੱਤਰਾ ਤੈਨੂੰ ਜੰਮਣ ਤੋਂ ਪਹਿਲਾਂ ਹੀ ਮਜਬੂਰਨ ਮੌਤ ਦਾ ਸਰਟੀਫਿਕੇਟ ਜਾਰੀ ਕਰਨਾ ਪਿਆ ਹੈ। ਅੱਗਾ ਨੇੜੇ ਤਾਂ ਬਹੁਤ ਆ ਗਿਆ ਹੈ ਪਰ ਬੇਲੱਜਿਆਂ ਨੂੰ ਸ਼ਰਮ ਵੀ ਏਨੀ ਆ ਰਹੀ ਹੈ ਕਿ ਮੂੰਹ ਘੁਮਾ ਕੇ ਪਿੱਛਾ ਵੇਖਣ ਦੀ ਹਿੰਮਤ ਵੀ ਨਹੀਂ ਬਚੀ।

ਉਧਰ ਅਜੈ ਜਿਸ ਆਈ.ਏ.ਐਸ. ਦੇ ਕੋਚਿੰਗ ਸੈਂਟਰ ਵਿਚ ਪੜ੍ਹਾ ਰਿਹਾ ਸੀ, ਉਥੇ ਇਕ ਐਮ.ਬੀ.ਬੀ.ਐਸ. ਲੜਕੀ ਕੋਚਿੰਗ ਲਈ ਆਉਂਦੀ ਸੀ। ਦਿਲਚਸਪੀ ਵਾਲੀ ਗੱਲ ਇਹ ਹੋਈ ਕਿ ਉਹ ਲੜਕੀ ਗੁਰਪ੍ਰੀਤ ਹੇਠਲੇ ਅੰਕਾਂ ਵਿਚ ਆ ਗਈ ਜਿਸ ਨੂੰ ਅਲਾਇਡ ਸਰਵਿਸਿਜ ਆਖਦੇ ਹਨ।

ਪਹਿਲੀ ਝੱਬੇ ਇਹ ਸਾਰਾ ਕੁਝ ਹੋ ਜਾਣ ਕਾਰਨ ਗੁਰਪ੍ਰੀਤ ਨੇ ਇਸ ਪ੍ਰਾਪਤੀ ਦਾ ਸਿਹਰਾ ਅਜੈ ਵਲ ਵਧਾਇਆ ਹੀ ਨਹੀਂ ਸਗੋਂ ਆਪਣੇ ਕਰਨਲ ਬਾਪ ਨੂੰ ਇਸ ਗੱਲ ਲਈ ਵੀ ਰਜ਼ਾਮੰਦ ਕਰ ਲਿਆ ਕਿ ਅਜੈ ਸੱਚੀਂ ਹੀ ਸਿਹਰਾ ਬੰਨ੍ਹ ਕੇ ਘੋੜੀ ਸਮੇਤ ਹੀ ਆ ਜਾਵੇ। ਇਸ ਪੇਸ਼ਕਸ਼ ਨੇ ਅਜੈ ਨੂੰ ਹੋਰ ਚੱਕਰਾਂ ਵਿਚ ਪਾ ਦਿੱਤਾ ਕਿਉਂਕਿ ਇਹ ਵੇਰਕਾ ਦੀ ਠੰਢੀ ਲੱਸੀ ਵੀ ਉਹਨੂੰ ਉਬਲਦੇ ਦੁੱਧ ਵਰਗੀ ਲਗਦੀ ਸੀ ਤੇ ਇਹ ਵੀ ਲਗਦਾ ਸੀ ਕਿ ਫੂਕਾਂ ਮਾਰਨ ਨਾਲ ਕਿਤੇ ਭਾਂਬੜ ਨਾ ਮੱਚ ਜਾਵੇ।

ਗੁਰਪ੍ਰੀਤ ਨੇ ਮਠਿਆਈ ਦੇ ਡੱਬੇ ਨਾਲ ਦੋ ਸਤਰਾਂ ਦਾ ਵਰਕਾ ਫੜਾਇਆ ਜਿਸ ਵਿਚ ਲਿਖਿਆ ਸੀ 'ਗੁਰਪ੍ਰੀਤ ਹੁਣ ਇਨ੍ਹਾਂ ਲੱਡੂਆਂ ਨਾਲ ਜਲੇਬੀ ਵਾਂਗ ਤੇਰੀ ਹੀ ਹੋ ਗਈ ਹੈ।'

ਅਜੈ ਨੇ ਤਰਲੇ ਵਾਂਗ ਕਿਹਾ, 'ਡਰ ਜਲੇਬੀ ਤੋਂ ਨਹੀਂ, ਜਲੇਬੀ ਦੇ ਵਲਾਂ ਤੋਂ ਲਗਦਾ ਹੈ। ਇਨ੍ਹਾਂ ਵਲਾਂ ਨੇ ਹੀ ਮੈਨੂੰ ਡੋਬ ਡੋਬ ਕੇ ਮਾਰਿਆ ਹੈ। ਮੈਂ ਤਲਾਕਸ਼ੁਦਾ ਹੀ ਸੰਤੁਸ਼ਟ ਹਾਂ। ਮੈਂ ਕੰਨੀਂ ਦੇ ਕਿਆਰੇ ਵਾਂਗ ਸੁੱਕਾ ਰਹਿਣਾ ਵੀ ਖੁਸ਼ਕਿਸਮਤੀ ਸਮਝਦਾ ਹਾਂ।'

ਪਰ ਇਹ ਖਿਚੜੀ ਨਹੀਂ, ਖੀਰ ਸੀ। ਉਹ ਵੀ ਕੱਚੇ ਦੁੱਧ ਦੀ। ਗੁਰਪ੍ਰੀਤ ਦੀ ਅੜੀ ਅੱਗੇ ਅਜੈ ਦੀਆਂ ਮੁਹੱਬਤ ਕਰਕੇ ਬੁਝੀਆਂ ਅੱਖੀਆਂ 'ਚ ਫਿਰ ਰੌਣਕ ਪਰਤ ਆਈ ਸੀ। ਇਵੇਂ ਜਿਵੇਂ ਪਾਣੀ ਦਾ ਮਾਰਿਆ ਪਾਣੀ 'ਚੋਂ ਹੀ ਹਰਾ ਹੁੰਦਾ ਹੈ।

ਰੱਬ ਕਹਿੰਦੇ ਜਦੋਂ ਮਿਹਰਬਾਨ ਹੁੰਦੈ ਤਾਂ ਨ੍ਹੇਰ ਕੋਠੜੀ 'ਚ ਵੀ ਬਿਨਾ ਕੁਨੈਕਸ਼ਨ ਦੇ ਲਾਟੂ ਬਲਦੇ ਕਰ ਦਿੰਦੈ। ਤੇ ਫਿਰ ਗੁਰਪ੍ਰੀਤ ਅਗਲੇ ਇਮਤਿਹਾਨ ਵਿਚ ਮੁਕੰਮਲ ਆਈ.ਏ.ਐਸ. ਬਣ ਗਈ। ਅਜੈ ਨੂੰ ਲਗਦਾ ਸੀ ਜਿਵੇਂ ਬੀਕਾਨੇਰ ਦੇ ਟਿੱਬਿਆਂ ਵਿਚ ਦੁਪਹਿਰ ਖਿੜੀ ਹੱਸ ਰਹੀ ਹੋਵੇ। ਉਹ ਆਪ ਜੋ ਬਣ ਨਹੀਂ ਸਕਿਆ, ਉਹ ਕਿਸੇ ਨੂੰ ਬਣਾ ਕੇ ਫਿਰ ਆਪਣਾ ਬਣਾ ਲਿਆ। ਜ਼ਿੰਦਗੀ ਦੀ ਇਸ ਤੋਂ ਅਨੰਦਿਤ ਅਵਸਥਾ ਹੋਰ ਕੀ ਹੋ ਸਕਦੀ ਹੈ।

ਰੱਬ ਦੀ ਰਜ਼ਾ ਦੇਖੋ ਕਿਸੇ ਦੀ ਜਾਨ ਤੇ ਬਣੀਆਂ ਨੇ ਤੇ ਕਿਸੇ ਨੂੰ ਜਾਨ ਮਿਲ ਗਈ ਏ।

ਵਧੇਰੇ ਅੰਨ ਖਾਣ ਵਾਲਿਆਂ ਦੀ ਉਮਰ ਲੰਬੀ ਨਹੀਂ ਹੁੰਦੀ।

## ਜਰਾ ਹਟ ਕੇ -ਮਨਵੀਰ

### ਨਵਾਂ ਯੁੱਗ ਪੁਰਾਣੀਆਂ ਬਾਤਾਂ

ਇਕ ਵਾਰ ਸਰਦੂਲ ਸਿਕੰਦਰ ਦਾ ਬੀਕਾਨੇਰ ਤੋਂ ਪਰ੍ਹੇ ਇਕ ਪਿੰਡ 'ਚ ਪ੍ਰੋਗਰਾਮ ਸੀ। ਤਹਿ ਹੋਇਆ ਕਿ ਸਵੇਰੇ ਚਾਰ ਵਜੇ ਤੁਰਿਆ ਜਾਵੇਗਾ।

ਉਨ੍ਹਾਂ ਦਿਨਾਂ ਵਿਚ ਸਰਦੂਲ ਖੰਨੇ ਰਹਿਣ ਲੱਗ ਪਿਆ ਸੀ ਤੇ ਵੱਡਾ ਵੀਰ ਮਰਹੂਮ ਗਮਦੂਰ ਅਮਨ ਪਿੰਡ ਖੇੜੀ ਨੌਧ ਸਿੰਘ ਹੀ ਰਹਿੰਦਾ ਸੀ। ਜਿਨ੍ਹਾਂ ਦੇ ਮੁਕੱਦਰ ਸਾਥ ਨਹੀਂ ਦਿੰਦੇ, ਗਮਦੂਰ ਉਨ੍ਹਾਂ ਵਿਚੋਂ ਇਕ ਸੀ ਕਿਉਂਕਿ ਗਮਦੂਰ ਵਰਗਾ ਸੁਰੀਲਾ ਗਵੱਈਆ ਸ਼ਾਇਦ ਲੱਭਿਆਂ ਨਾ ਲੱਭੇ। ਫੱਕਰ ਤੇ ਸੰਤ ਸੁਭਾਅ ਵਾਲਾ ਬੰਦਾ।

ਗਮਦੂਰ ਨੇ ਸਵੇਰੇ ਤਿੰਨ ਵਜੇ ਖੇੜੀ ਤੋਂ ਸਕੂਟਰ ਚੁੱਕਿਆ ਤੇ ਤੁਰ ਪਿਆ ਖੰਨੇ ਨੂੰ। ਕੋਈ ਵੀਹ ਕੁ ਮੀਲ ਵਾਟ ਖੇੜੀ ਤੋਂ ਖੰਨੇ, ਜਾਣੀ ਕਿ ਅੱਧੇ ਕੁ ਘੰਟੇ ਦਾ ਸਫ਼ਰ। ਗਮਦੂਰ ਪਹੁੰਚਿਆ ਕੋਈ ਸਾਢੇ ਪੰਜ ਵਜੇ ਸਰਦੂਲ ਦੀ ਲਲਹੇੜੀ ਰੋਡ ਵਾਲੀ ਕੋਠੀ 'ਤੇ।

'ਵੀਰ, ਕਮਾਲ ਹੈ। ਚੰਗਾ ਭਲਾ ਪਤਾ ਪਈ ਏਡਾ ਲੰਬਾ ਸਫਰ ਹੈ ਤੇ ਚਾਰ ਵਜੇ ਤੁਰਨਾ ਸੀ!' ਸਰਦੂਲ ਨੇ ਨਾਰਾਜ਼ਗੀ ਨਾਲ ਕਿਹਾ।

'ਸਰਦੂਲ, ਮੈਂ ਕੀ ਕਰਦਾ ਰਾਹ 'ਚ ਟਾਇਰ ਪੈਂਚਰ ਹੋ ਗਿਆ ਸਕੂਟਰ ਦਾ, ਮਸਾਂ ਖਿੱਚ ਕੇ ਲਿਆਇਆ ਹਾਂ ਇਥੋਂ ਤੱਕ।'

'ਹੱਦ ਹੋ ਗਈ। ਸਟਿੱਪਣੀ ਕਾਹਦੇ ਵਾਸਤੇ ਸੀ, ਉਹ ਬਦਲ ਲੈਂਦਾ।'

'ਉਹ ਕੀ ਹੁੰਦੀ ਐ?'

'ਹਾਅ ਸੀਟ ਦੇ ਪਿੱਛੇ ਜਿਹੜਾ ਟਾਇਰ ਫਿਟ ਕੀਤਾ ਹੋਇਐ।'

ਅੱਛਾ! ਇਹ ਐਮਰਜੈਂਸੀ ਲਈ ਹੁੰਦੈ। ਮੈਂ ਤਾਂ ਸੋਚਿਆ ਸ਼ਾਇਦ ਐਵੇਂ ਢੋਅ ਲਾਉਣ ਲਈ ਹੋਵੇਗਾ।" ਗਮਦੂਰ ਨੇ ਬੜੀ ਅਣਜਾਣਤਾ ਨਾਲ ਕਿਹਾ। ਸਰਦੂਲ ਨੇ ਮੱਥੇ 'ਤੇ ਹੱਥ ਮਾਰਿਆ ਤੇ ਕਾਫਲਾ ਲੈ ਕੇ ਬੀਕਾਨੇਰ ਨੂੰ ਤੁਰ ਪਿਆ।

## ਗੱਲ ਬਣੀ ਕਿ ਨਹੀਂ ਐਸ. ਅਸ਼ੋਕ ਭੌਰਾ

### ਸਿਕੰਦਰ

ਜਿਥੇ ਆਪ ਹੁਦਰੇ ਨਾ ਹੋਵੇ ਸਿਰ ਨੀਵਾਂ, ਹੋਊ ਮਕਾਨ, ਮੰਦਰ ਨਹੀਂ ਹੋ ਸਕਦਾ।
ਜਿਸ ਨੂੰ ਰਲ ਕੇ ਨਾ ਖਾਵੇ ਸੰਗਤ ਸਾਰੀ, ਭੋਜਨ ਤਾਂ ਹੋਊ, ਲੰਗਰ ਨਹੀਂ ਹੋ ਸਕਦਾ।
ਜਿਹੜਾ ਮਾਰ ਟਪੂਸੀਆਂ ਨਾ ਅਹੁ ਜਾਵੇ, ਹੋਊ ਜਾਨਵਰ, ਕਲੰਦਰ ਨਹੀਂ ਹੋ ਸਕਦਾ।
ਭਗਵੇਂ ਪਾ ਕੇ ਬਣ ਜਾਣ ਲੱਖ ਗੋਰਖ, ਪਰ ਗੁਰੂ ਮਛੰਦਰ ਨਹੀਂ ਹੋ ਸਕਦਾ।
ਨਹਾਵੇ ਗੰਗਾ 'ਚ ਭਾਵੇਂ ਰੋਜ਼ ਪਾਪੀ, ਮੂੰਹ ਧੋਹ ਲਊ, ਅੰਦਰ ਨਹੀਂ ਧੋ ਸਕਦਾ।
ਜਿਹੜਾ ਡਿੱਗੇ ਦੇ ਚਰਨਾਂ ਵਿਚ ਡਿੱਗ ਪਏ, ਕੋਈ ਹੋਰ ਹੋਊ, ਸਿਕੰਦਰ ਨਹੀਂ ਹੋ ਸਕਦਾ।

# ਮਾਤਾ ਦਿਵਸ, ਪਿਤਾ ਦਿਵਸ-ਖ਼ੁਦਾ ਖ਼ੈਰ ਕਰੇ!

**ਚੱਲ ਸੋ ਚੱਲ**

**ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ***

ਹਰ ਸਾਲ ਵਾਂਗ ਇਸ ਵਾਰ ਵੀ ਮਾਤਾ ਦਿਵਸ (ਮਦਰਜ਼ ਡੇ) ਅਤੇ ਪਿਤਾ ਦਿਵਸ (ਫਾਦਰਜ਼ ਡੇ) ਬੜੇ ਸ਼ੌਕ ਨਾਲ ਮਨਾਇਆ ਗਿਆ। ਪਤਾ ਨਹੀਂ ਕਿਉਂ ਕਦੀ-ਕਦੀ ਮਹਿਸੂਸ ਹੁੰਦਾ ਹੈ ਕਿ ਸ਼ਾਇਦ ਸਮੇਂ ਨਾਲ ਇਨ੍ਹਾਂ ਦਿਨਾਂ ਦੀ ਮਹੱਤਤਾ ਘਟ ਜਾਵੇ। ਮੈਨੂੰ ਨਹੀਂ ਪਤਾ ਇਹ ਦਿਨ ਕਿਸ ਸਾਲ ਤੋਂ ਮਨਾਉਣੇ ਸ਼ੁਰੂ ਹੋਏ ਪ੍ਰੰਤੂ ਇਨ੍ਹਾਂ ਸੁਭਾਗੇ ਦਿਨਾਂ ਪਿੱਛੇ ਮਾਤਾ-ਪਿਤਾ ਦੀ ਘਾਲਣਾ ਅਤੇ ਆਪਾ ਗੁਆ ਦੇਣਾ ਜ਼ਰੂਰ ਜ਼ਿੰਮੇਵਾਰ ਹੈ।

ਮੇਰਾ ਬਚਪਨ ਦਾ ਸਮਾਂ ਪਿੰਡ ਵਿਚ ਗੁਜ਼ਰਿਆ ਹੈ। ਇਕ ਕਹਾਵਤ ਯਾਦ ਆ ਗਈ। ਇਕ ਲੜਕਾ ਹਰ ਰੋਜ਼ ਕੁਝ ਵਕਤ ਲਈ ਕਿਸੇ ਸਾਧੂ ਸੰਤ ਕੋਲ ਜਾਇਆ ਕਰਦਾ ਸੀ। ਇਕ ਦਿਨ ਕਹਿਣ ਲੱਗਿਆ, 'ਬਾਬਾ ਜੀ, ਮੇਰੀ ਮੰਗਣੀ ਹੋ ਗਈ ਹੈ।' ਸੰਤਾਂ ਨੇ ਜਵਾਬ ਦਿੱਤਾ, 'ਅੱਛਾ ਬੱਚਾ, ਤੂੰ ਸਾਡੇ ਕੰਮ ਤੋਂ ਗਿਆ।' ਕੁਝ ਵਰ੍ਹਿਆਂ ਪਿੱਛੋਂ ਉਹ ਲੜਕਾ ਫੇਰ ਸੰਤਾਂ ਕੋਲ ਗਿਆ ਅਤੇ ਕਹਿਣ ਲੱਗਾ, 'ਬਾਬਾ ਜੀ, ਮੇਰਾ ਵਿਆਹ ਹੋ ਗਿਆ।' ਸਾਧੂ ਨੇ ਜਵਾਬ ਦਿੱਤਾ, 'ਅੱਛਾ ਬੇਟਾ, ਤੂੰ ਘਰ ਵਾਲਿਆਂ (ਮਾਂ-ਬਾਪ ਅਤੇ ਭੈਣ ਭਾਈ) ਤੋਂ ਵੀ ਗਿਆ।' ਸਮਾਂ ਗੁਜ਼ਰਦਾ ਗਿਆ। ਕੁਝ ਸਾਲਾਂ ਬਾਅਦ ਬਹੁਤ ਹੀ ਖੁਸ਼ ਲਹਿਜ਼ੇ ਵਿਚ ਬਾਬਿਆਂ ਨੂੰ ਕਹਿਣ ਲੱਗਾ, 'ਮਹਾਰਾਜ! ਮੇਰੀ ਘਰ ਵਾਲੀ ਦੇ ਬਹੁਤ ਹੀ ਪਿਆਰਾ ਬੱਚਾ ਪੈਦਾ ਹੋਇਆ ਹੈ।' ਮਹਾਂਪੁਰਸ਼ ਕਹਿਣ ਲੱਗੇ, 'ਅੱਜ ਤੋਂ ਕਾਕਾ ਤੂੰ ਆਪਣੇ ਆਪ ਤੋਂ ਵੀ ਗਿਆ।' ਮਤਲਬ ਸਾਫ ਕਿ ਹਰ ਚੰਗੀ ਚੀਜ਼ ਭਾਵੇਂ ਖਾਣ ਵਾਲੀ ਹੋਵੇ ਜਾਂ ਪਹਿਨਣ ਵਾਲੀ, ਪਹਿਲ ਬੱਚੇ ਨੂੰ ਹੀ ਮਿਲੇਗੀ।

ਗੁੰਜਾਇਸ਼ ਅਨੁਸਾਰ ਚੰਗੇ ਤੋਂ ਚੰਗੇ ਸਕੂਲ ਵਿਚ ਬੱਚਾ ਦਾਖਲ ਕਰਾਉਣਾ, ਬਾਪ ਆਪਣਾ ਫਰਜ਼ ਸਮਝਦਾ ਹੈ। ਬਾਅਦ ਵਿਚ ਮੈਡੀਕਲ ਕਾਲਜਾਂ ਅਤੇ ਟੈਕਨੀਕਲ ਸੰਸਥਾਵਾਂ ਵਿਚ ਸੀਟ ਲੈਣ ਲਈ ਮਾਪੇ ਕੀ ਨਹੀਂ ਕਰਦੇ? ਲੱਖਾਂ ਰੁਪਏ ਕੈਪੀਟੇਸ਼ਨ ਫੀਸ ਬਹੁਤ ਔਖਿਆਈ ਨਾਲ ਵੀ ਦੇਣ ਲਈ ਤਿਆਰ ਹੋ ਜਾਂਦੇ ਹਨ।

ਮੇਰਾ ਆਪਣਾ ਇਰਾਦਾ ਪੀ.ਐਚ.ਡੀ. ਲਈ ਅਮਰੀਕਾ ਆਉਣ ਦਾ ਸੀ। ਕਿਸਮਤ ਦੀ ਖੇਡ ਨਿਰਾਲੀ ਹੈ, ਪੂਰਾ ਨਾ ਹੋ ਸਕਿਆ ਪ੍ਰੰਤੂ ਬੇਟੇ ਨੂੰ ਉਚੀ ਵਿੱਦਿਆ ਲਈ ਕੁਝ ਜ਼ਮੀਨ ਵੇਚ ਕੇ ਵੀ ਭੇਜ ਦਿੱਤਾ। ਉਨ੍ਹਾਂ ਦਿਨਾਂ ਵਿਚ ਜ਼ਮੀਨ ਨਾਲ ਬਹੁਤ ਪਿਆਰ ਸੀ, ਫੇਰ ਵੀ ਖੁਸ਼ੀ ਖੁਸ਼ੀ ਇਹ ਕੰਮ ਕਰ ਲਿਆ। ਪੰਜਾਬ ਵਿਚ ਬਹੁਤੀ ਵਾਰ ਖੁਦਕੁਸ਼ੀਆਂ ਦਾ ਕਾਰਨ ਬੱਚਿਆਂ ਖਾਤਰ ਕਰਜ਼ਾ ਲੈਣਾ ਹੀ ਤਾਂ ਨਿਕਲਦਾ ਹੈ। ਲੜਕੀਆਂ ਦੇ ਵਿਆਹਾਂ 'ਤੇ ਚੰਗਾ ਦਾਜ, ਪਹੁੰਚ ਤੋਂ ਬਾਹਰ ਹੋ ਕੇ ਦੇਣਾ, ਲੜਕਿਆਂ ਨੂੰ ਵਿਦੇਸ਼ ਭੇਜਣ ਲਈ ਏਜੰਟਾਂ ਰਾਹੀਂ ਲੁੱਟੇ ਜਾਣਾ, ਫੇਰ ਮੁੰਡਿਆਂ ਦਾ ਜੇਲ੍ਹਾਂ ਵਿਚ ਫਸ ਜਾਣਾ, ਉਨ੍ਹਾਂ ਨੂੰ ਵਾਪਸ ਲਿਆਉਣ ਲਈ ਜ਼ਮੀਨਾਂ ਵੇਚਣੀਆਂ ਇਹ ਸਭ ਕੁਝ ਬਾਪ ਹੀ ਤਾਂ ਕਰਦਾ ਹੈ।

ਇਥੇ ਹੀ ਬੱਸ ਨਹੀਂ, ਨੌਕਰੀ ਪੇਸ਼ਾ ਲੋਕਾਂ ਕੋਲ ਜੇ ਜ਼ਮੀਨ ਨਹੀਂ ਤਾਂ ਜ਼ਮੀਰ ਵੇਚ ਦਿੰਦੇ ਹਨ ਭਾਵ ਰਿਸ਼ਵਤਾਂ ਲੈਂਦੇ ਹਨ, ਭ੍ਰਿਸ਼ਟਾਚਾਰ ਦੇ ਭਾਗੀ ਬਣਦੇ ਹਨ, ਕਿਸ ਲਈ? ਬਹੁਤ ਵਾਰ ਬੱਚਿਆਂ ਦੇ ਭਵਿੱਖ ਨੂੰ ਉਜਲ ਕਰਨ ਲਈ। ਉਨ੍ਹਾਂ ਲਈ ਮਕਾਨ ਖਰੀਦਦੇ ਹਨ, ਕਾਰਾਂ ਖਰੀਦਦੇ ਹਨ। ਮੈਂ ਬਹੁਤ ਸਾਰੇ ਇਹੋ ਜਿਹੇ ਬੰਦਿਆਂ ਨੂੰ ਜਾਣਦਾ ਹਾਂ। ਹਰ ਰੋਜ਼ ਦੇਖਦਾ ਹਾਂ ਕਿ ਅਮਰੀਕਾ ਵਿਚ ਰਹਿੰਦੇ ਬਹੁਤ ਆਦਮੀਆਂ ਦੇ (ਖਾਸ ਕਰਕੇ ਬਜ਼ੁਰਗਾਂ ਦੇ) ਗੋਡੇ ਕੰਮ ਕਰਨ ਤੋਂ ਰਹਿ ਗਏ ਹਨ। ਕਈ ਵਾਰ ਇਸਦਾ ਕਾਰਨ ਲੰਬੇ ਸਮੇਂ ਲਈ ਕਾਊਂਟਰਾਂ ਤੇ ਖੜ੍ਹੇ ਰਹਿਣਾ ਹੈ। ਵਿਚਾਰੇ ਕੀ ਕਰਨ, ਬੱਚਿਆਂ ਦਾ ਕਾਰੋਬਾਰ ਬਿਹਤਰ ਕਰਨ ਲਈ ਤਕਲੀਫ ਝੱਲ ਰਹੇ ਹਨ।

ਪੰਜਾਬ ਤੋਂ ਆਏ ਉਹ ਸਾਥੀ ਵੀ ਹਨ ਜਿਹੜੇ ਉਥੋਂ ਸੇਵਾ ਮੁਕਤ ਹੋ ਚੁੱਕੇ ਹਨ। ਵਿਦੇਸ਼ ਕਿਸੇ ਭੈਣ-ਭਾਈ ਦੀ ਪਟੀਸ਼ਨ ਰਾਹੀਂ ਆਏ ਹਨ। ਹੁਣ ਦਿਨ ਰਾਤ ਮਿਹਨਤ ਕਰ ਰਹੇ ਹਨ ਤਾਂ ਜੋ ਆਪਣੇ ਬੱਚਿਆਂ ਨੂੰ ਅਮਰੀਕਾ ਲਿਆ ਸਕਣ। ਜਦੋਂ ਬੱਚੇ ਆ ਜਾਂਦੇ ਹਨ, ਫੇਰ ਉਨ੍ਹਾਂ ਦੇ ਬੱਚਿਆਂ ਨੂੰ ਖਿਡਾਉਣ ਲੱਗ ਜਾਂਦੇ ਹਨ। ਇਕ ਵਾਰ ਮੈਂ ਇਕ ਬਜ਼ੁਰਗ ਨੂੰ ਮਿਲਣ ਗਿਆ ਤਾਂ ਦੇਖਿਆ ਕਿ ਉਹ ਸ਼ਰੀਫ ਆਦਮੀ ਬੇਟੇ ਦੇ ਕੁੱਤੇ ਨੂੰ ਸੈਰ ਕਰਾਉਣ ਗਏ ਹੋਏ ਸਨ। ਇਹ ਹੈ ਬਾਪ ਦਾ ਬੇਟੇ ਲਈ ਸਭ ਕੁਝ ਨਿਛਾਵਰ ਕਰਨਾ।



ਮਾਂ ਦੀ ਕੁਰਬਾਨੀ ਤਾਂ ਹੈ ਹੀ ਬੇਮਿਸਾਲ। ਬੱਚੇ ਲਈ ਉਹ ਕੀ ਕੁਝ ਨਹੀਂ ਕਰਦੀ। ਮੇਰੇ ਨਜ਼ਦੀਕੀ ਰਿਸ਼ਤੇ ਵਿਚੋਂ ਇਕ ਲੜਕੀ ਨੂੰ ਬਹੁਤ ਗੂੜ੍ਹੀ ਨੀਂਦ ਆਉਂਦੀ ਸੀ। ਉਸ ਦੀ ਮਾਂ ਨੂੰ ਫਿਕਰ ਸੀ ਕਿ ਇਹ ਲੜਕੀ ਆਪਣੇ ਨਿੱਕੇ ਬੱਚੇ ਨੂੰ ਸੁੱਤਿਆਂ-ਸੁੱਤਿਆਂ ਆਪਣੇ ਥੱਲੇ ਹੀ ਨਾ ਦਬਾ ਲਵੇ ਪ੍ਰੰਤੂ ਬੱਚਾ ਪੈਦਾ ਹੋਣ ਪਿੱਛੋਂ ਉਸ ਦੀ ਨੀਂਦ ਹਲਕੀ ਹੋ ਗਈ। ਜੇ ਬੱਚਾ ਰਾਤ ਵੇਲੇ ਪਿਸ਼ਾਬ ਕਰ ਦਿੰਦਾ ਤਾਂ ਝੱਟ ਉਸ ਨੂੰ ਸੁੱਕੇ ਪਾਸੇ ਕਰਕੇ ਆਪ ਗਿੱਲੇ ਪਾਸੇ ਪੈ ਜਾਂਦੀ। ਮਾਂ ਦਾ ਕੀ ਕਹਿਣਾ। ਜਦੋਂ ਗੁਰਦਾਸ ਮਾਨ ਨੂੰ ਉਸ ਦੀ ਮਾਂ ਕਹਿੰਦੀ ਹੈ 'ਵੇ ਗੁਰਦਾਸ ਮਰ ਜਾਣਿਆ' ਤਾਂ ਅਸਲ ਵਿਚ ਕਹਿ ਰਹੀ ਹੁੰਦੀ ਹੈ 'ਵੇ ਗੁਰਦਾਸ ਤੇਰੀ ਆਈ ਮੈਂ ਮਰ ਜਾਂ।'

ਮਾਂ ਦੀ ਪਦਵੀ ਬਹੁਤ ਉਚੀ ਹੈ। ਉਹ ਭੁੱਖੀ ਰਹਿ ਕੇ ਬੱਚਿਆਂ ਨੂੰ ਰਜਾਉਂਦੀ ਹੈ। ਕੁਝ ਦੇਰ ਪਹਿਲਾਂ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਅਖ਼ਬਾਰਾਂ ਵਿਚ ਇਕ ਲੇਖ ਲਿਖਿਆ ਸੀ 'ਮਾਂ ਤੇ ਮਾਂ ਹੀ ਹੁੰਦੀ ਹੈ'। ਗੱਲ ਇਸ ਤਰ੍ਹਾਂ ਹੋਈ ਕਿ ਵਰਿਆਮ ਸਿੰਘ ਦਾ ਬਾਪ ਹਸਪਤਾਲ ਦੇ ਕਮਰੇ ਵਿਚ ਮਰਨ ਕਿਨਾਰੇ ਸੀ। ਉਸ ਦੀ ਮਾਂ ਪਤੀ ਕੋਲ ਬੈਠੀ ਸੀ। ਸੰਧੂ ਨੂੰ ਕੁਝ ਦਵਾਈਆਂ ਲੈਣ ਲਈ ਬਾਜ਼ਾਰ ਜਾਣਾ ਪਿਆ। ਏਨੀ ਦੇਰ ਵਿਚ ਬਜ਼ੁਰਗ ਸੁਰਗਵਾਸ ਹੋ ਗਏ। ਮਾਂ ਛੇਤੀ ਨਾਲ ਕਮਰੇ ਦੇ ਦਰਵਾਜ਼ੇ ਅੱਗੇ ਆ ਖੜੀ ਹੋਈ। ਦੂਰੋਂ ਆਉਂਦੇ ਪੁੱਤ ਨੂੰ ਕਹਿਣ ਲੱਗੀ, 'ਤੇਰਾ ਬਾਪੂ ਠੀਕ ਠਾਕ ਹੈ। ਤੈਨੂੰ ਭੁੱਖ ਲੱਗੀ ਹੋਵੇਗੀ। ਜਲਦੀ ਨਾਲ ਰੋਟੀ ਖਾ ਕੇ ਆ ਜਾ।' ਇਹੋ ਜਿਹੇ ਹਾਲਾਤ ਵਿਚ ਜਦੋਂ ਪਤੀ ਦਾ ਸਾਇਆ ਸਦਾ ਲਈ ਖਤਮ ਹੋ ਗਿਆ ਸੀ ਤਾਂ ਵੀ ਬੇਟੇ ਦੀ ਭੁੱਖ ਦਾ ਖਿਆਲ ਕੇਵਲ ਮਾਂ ਨੂੰ ਹੀ ਹੋ ਸਕਦਾ ਹੈ ਕਿਉਂਕਿ ਮਾਂ ਤਾਂ ਮਾਂ ਹੀ ਹੁੰਦੀ ਹੈ। ਕਈ ਵਾਰ ਦੇਖਿਆ ਹੈ ਕਿ ਜੇ ਬਾਪ ਸਖਤ ਸੁਭਾਅ ਦਾ ਹੋਵੇ ਤਾਂ ਮਾਂ ਬੱਚੇ ਦੀਆਂ ਗ਼ਲਤੀਆਂ ਬਾਪ ਕੋਲੋਂ ਛੁਪਾ ਲੈਂਦੀ ਹੈ, ਬੇਸ਼ੱਕ ਇਹ ਗੱਲ ਚੰਗੀ ਨਹੀਂ ਪ੍ਰੰਤੂ ਮਾਂ ਤੇ ਮਾਂ ਹੀ ਹੁੰਦੀ ਹੈ।

ਚੰਡੀਗੜ੍ਹ ਦਾ ਇਕ ਸ਼ਰਾਰਤੀ ਮੁੰਡਾ ਕੋਈ ਨਾ ਕੋਈ ਗੁਲ ਖਿਲਾਂਦਾ ਹੀ ਰਹਿੰਦਾ ਹੈ। ਪੁਲਿਸ ਉਸਦੀ ਤਲਾਸ਼ ਵਿਚ ਰਹਿੰਦੀ ਹੈ। ਮਾਂ-ਬਾਪ ਉਚ ਪਦਵੀ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਸੇਵਾ ਮੁਕਤ ਹੋਏ ਹਨ। ਬਾਪ ਤਾਂ ਚੁੱਪ ਰਹਿੰਦਾ ਹੈ ਪ੍ਰੰਤੂ ਮਾਂ ਪੁਲਿਸ ਨੂੰ ਨੇੜੇ ਵੀ ਫਟਕਣ ਨਹੀਂ ਦਿੰਦੀ ਕਿਉਂਕਿ ਮਾਂ ਤੇ ਮਾਂ ਹੀ ਹੈ।

ਇਨ੍ਹਾਂ ਸਾਰੀਆਂ ਕੁਰਬਾਨੀਆਂ ਨੂੰ ਧਿਆਨ ਵਿਚ ਰੱਖਦੇ ਹੋਏ, ਪਰਮਾਤਮਾ ਦੀ ਬਖਸ਼ਿਸ਼ ਸਦਕਾ ਜਾਂ ਧਾਰਮਿਕ ਸੰਸਕਾਰਾਂ ਅਧੀਨ ਬੱਚੇ, ਮਾਂ-ਬਾਪ ਦਾ ਬੁਢੇਪੇ ਵਿਚ ਬਹੁਤ ਧਿਆਨ ਰੱਖਦੇ ਸਨ। ਕਿਹਾ ਜਾਂਦਾ ਸੀ ਕਿ ਤੀਰਥ ਜਾਣ ਦੀ ਲੋੜ ਨਹੀਂ, ਮਾਂ-ਬਾਪ ਦੀ ਸੇਵਾ ਹੀ ਤੀਰਥ ਯਾਤਰਾ ਹੈ। ਪੰਜ ਕੁ ਸਾਲ ਪਹਿਲਾਂ ਮੇਰੇ ਹਮ-ਜਮਾਤੀ ਰੋਸ਼ਨ ਲਾਲ ਦਾ ਪਿਤਾ ਬਹੁਤ ਬੀਮਾਰ ਹੋ ਗਿਆ। ਪ੍ਰਾਈਵੇਟ ਡਾਕਟਰ ਕੋਲ ਲੈ ਗਏ। ਜਦੋਂ ਬਜ਼ੁਰਗ ਨੂੰ ਉਲਟੀ ਆਈ, ਕੋਲ ਕੋਈ ਚੀਜ਼ ਨਹੀਂ ਸੀ, ਮੇਰੇ ਦੋਸਤ ਨੇ ਹੱਥਾਂ ਦਾ ਬੁੱਕ ਉਲਟੀ ਨਾਲ ਭਰਿਆ ਅਤੇ ਬਾਹਰ ਨਾਲੀ ਵਿਚ ਸੁੱਟ ਆਇਆ। ਉਸਨੇ ਇਹ ਕੰਮ ਖੁਸ਼ੀ-ਖੁਸ਼ੀ ਕੀਤਾ। ਡਾਕਟਰ ਹੈਰਾਨ ਹੋਇਆ ਕਹਿਣ ਲੱਗਾ, "ਖੁਸ਼ਨਸੀਬ ਹੈ ਇਹ ਬਾਪ ਜਿਸਦਾ ਪੁੱਤਰ ਸੇਵਾ ਭਾਵ ਵਿਚ ਰੰਗਿਆ ਹੋਇਆ ਹੈ। ਚੰਗੇ ਨਰਸਿੰਗ ਹੋਮਾਂ ਵਿਚ ਵੀ ਐਸੀ ਭਾਵਨਾ ਦੇਖਣ ਨੂੰ ਨਹੀਂ ਮਿਲਦੀ।"

ਪੱਛਮੀ ਦੇਸ਼ਾਂ ਵਿਚ ਵੀ ਮੇਰੇ ਦੋਸਤ ਜਿਹੇ ਬੰਦਿਆਂ ਵਲੋਂ ਬਹੁਤ ਦੇਰ ਪਹਿਲਾਂ ਮਾਂ ਅਤੇ ਬਾਪ ਦਿਵਸ ਮਨਾਉਣ ਦਾ ਖਿਆਲ, ਮਾਂ ਬਾਪ ਲਈ ਬਹੁਤ ਪਿਆਰ ਅਤੇ ਸਤਿਕਾਰ ਦੀ ਉਪਜ ਹੋਵੇਗਾ। ਮਾਂ ਦੀ ਕੁਰਬਾਨੀ ਬਾਪ ਨਾਲੋਂ ਬਹੁਤ ਜ਼ਿਆਦਾ ਹੈ, ਸ਼ਾਇਦ ਇਸ ਕਰਕੇ ਹੀ ਮਾਂ ਦਿਵਸ, ਬਾਪ ਦਿਵਸ ਨਾਲੋਂ ਪਹਿਲਾਂ ਆਉਂਦਾ ਹੈ। ਬਾਪ ਫਿਰ ਵੀ ਖੁਸ਼ ਹੈ ਬੇਸ਼ੱਕ ਉਸ ਦੇ ਦਿਵਸ ਤੱਕ ਗਿਫਟ ਖਰੀਦਣ ਦੀ ਸਮਰੱਥਾ ਕਾਫੀ ਘਟ ਜਾਂਦੀ ਹੈ।

ਆਓ ਹੁਣ ਬਦਲਦੇ ਰੰਗ ਦੇਖੀਏ। ਅੱਜ ਦੇ ਮਨੁੱਖ ਲਈ 'ਮੈਂ' ਪ੍ਰਧਾਨ ਹੈ। ਬਹੁਤ ਲੋਕਾਂ ਤੋਂ ਮੈਂ ਸੁਣਦਾ ਹਾਂ 'ਆਖਿਰ ਮੇਰੀ ਵੀ ਤਾਂ ਕੋਈ ਜ਼ਿੰਦਗੀ ਹੈ।' ਉਨ੍ਹਾਂ ਨੂੰ ਇਹ ਗੱਲ ਬਿਲਕੁਲ ਵੀ ਚੰਗੀ ਨਹੀਂ ਲਗਦੀ ਕਿ ਪਹਿਲਾਂ ਮਾਂ ਬਾਪ ਦੀ ਸੇਵਾ ਕਰੋ, ਫੇਰ ਬੱਚਿਆਂ ਦੀ। ਉਨ੍ਹਾਂ ਲਈ ਮੌਜ ਮੇਲਾ ਹੀ ਜ਼ਿੰਦਗੀ ਦਾ ਮਨੋਰਥ ਹੈ।

ਕਈ ਵਾਰ ਬੱਚੇ ਨਾ ਚਾਹੁੰਦੇ ਵੀ ਪੈਦਾ ਹੋ ਜਾਂਦੇ ਹਨ। ਨੌਕਰੀਪੇਸ਼ਾ ਲੜਕੀਆਂ ਬੱਚਿਆਂ ਨੂੰ ਬੋਝ ਸਮਝਦੀਆਂ ਹਨ। ਆਪਣਾ ਦੁੱਧ ਪਿਆਉਣਾ ਮੁਸੀਬਤ ਲਗਦੀ ਹੈ। ਘਰ ਦੇ ਬੱਚਿਆਂ ਵਲ ਹੀ ਧਿਆਨ ਰੱਖਣਾ ਤਰੱਕੀ ਵਿਚ ਰੁਕਾਵਟ ਗਿਣੀ ਜਾਂਦੀ ਹੈ। ਕਿਚਨ ਦਾ ਨਾਮ ਸੁਣ ਕੇ ਗਸ਼ ਪੈ ਜਾਂਦੀ ਹੈ। ਸ਼ਾਇਦ ਉਹ ਬੀਬੀਆਂ ਆਪਣੀ ਜਗ੍ਹਾ ਠੀਕ ਹੀ ਹੋਣ, ਮੈਨੂੰ ਕੋਈ ਹੱਕ ਨਹੀਂ ਕਿ ਮੈਂ ਉਨ੍ਹਾਂ ਨੂੰ ਗ਼ਲਤ ਕਹਾਂ। ਨਾਜਾਇਜ਼ ਸੰਬੰਧ ਆਮ ਜਿਹੀ ਗੱਲ ਹੈ। ਬੱਚੇ ਰਸਤੇ ਵਿਚ ਰੋੜਾ ਸਮਝੇ ਜਾਂਦੇ ਹਨ। ਪੱਛਮ ਵਿਚ ਤਾਂ ਤਲਾਕ ਲੈਣਾ ਸਾਧਾਰਨ ਗੱਲ ਸੀ, ਹੁਣ ਪੂਰਬੀ ਦੇਸ਼ਾਂ ਵਿਚ ਵੀ ਇਹ ਬਿਮਾਰੀ ਤੇਜ਼ੀ ਨਾਲ ਫੈਲ ਰਹੀ ਹੈ। ਅਮਰੀਕਾ ਵਿਚ ਲਗਭਗ ਅੱਧੇ ਬੱਚੇ ਸਿੰਗਲ ਮਾਪਿਆਂ ਦੇ ਹਨ। ਇਹ ਬੱਚੇ ਬੇਸ਼ੱਕ ਮੂੰਹ ਤੋਂ ਕੁਝ ਨਾ ਕਹਿਣ ਪ੍ਰੰਤੂ ਉਨ੍ਹਾਂ ਦੇ ਦਿਲ ਦੀ ਆਵਾਜ਼ ਮਾਂ ਨੂੰ ਕਹਿੰਦੀ ਹੈ ਕਿ ਤੂੰ ਸਾਨੂੰ ਬਾਪ ਦੀ ਰਹਿਨੁਮਾਈ ਤੋਂ ਵਾਂਝੇ ਰੱਖਿਆ ਹੈ। ਬਾਪ ਨੂੰ ਕਹਿੰਦੇ ਹਨ ਕਿ ਤੂੰ ਸਾਡੀ ਮਾਂ ਨਾਲ ਧੱਕਾ ਕੀਤਾ ਹੈ।

ਕਈ ਵਾਰ ਤਲਾਕ ਪਿੱਛੋਂ ਮਾਂ ਬੱਚਿਆਂ ਨੂੰ ਪਿਆਰ ਖਾਤਰ ਨਹੀਂ, ਮੇਨਟੀਨੈਂਸ ਦੇ ਡਾਲਰਾਂ ਦੇ ਖਿਆਲ ਨਾਲ ਉਨ੍ਹਾਂ ਵਿਚਾਰਿਆਂ ਦੀ ਕਸਟਡੀ ਮੰਗਦੀ ਹੈ। ਬਾਪ ਦੀ ਦਿਲਚਸਪੀ ਵੀ ਪੈਸੇ ਬਚਾਉਣ ਵਿਚ ਹੀ ਹੁੰਦੀ ਹੈ। ਬੱਚੇ ਭੋਲੇ ਹੁੰਦੇ ਹਨ ਪ੍ਰੰਤੂ ਵੱਡੇ ਹੋ ਕੇ ਸਭ ਸਮਝ ਜਾਂਦੇ ਹਨ।

ਮੈਂ ਇਕ ਬਹੁਤ ਹੀ ਪਿਆਰੀ ਬੱਚੀ ਨੂੰ ਜਾਣਦਾ ਹਾਂ। ਉਹ ਅਠਾਰਾਂ ਕੁ ਸਾਲ ਦੀ ਹੈ। ਤਲਾਕ ਪਿੱਛੋਂ ਉਸਦੇ ਮਾਂ-ਬਾਪ ਨੇ ਹੋਰ ਵਿਆਹ ਕਰਵਾ ਲਏ। ਉਹ ਲੜਕੀ ਜ਼ਿਆਦਾ ਦੇਰ ਮਾਂ ਕੋਲ ਰਹਿੰਦੀ ਹੈ ਅਤੇ ਛੁੱਟੀਆਂ ਵਿਚ ਬਾਪ ਕੋਲ ਚਲੀ ਜਾਂਦੀ ਹੈ। ਉਸਨੇ ਡਰਦੀ-ਡਰਦੀ ਨੇ ਦੱਸਿਆ ਕਿ ਜਦ ਕਦੀ ਵੀ ਉਸਨੂੰ ਕਿਸੇ ਚੰਗੀ ਚੀਜ਼ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਬਾਪ ਕਾਪੀ ਖੋਲ੍ਹ ਲੈਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਤਾਂ ਪਹਿਲਾਂ ਹੀ ਬਹੁਤ ਖਰਚ ਕਰ ਦਿੱਤਾ ਹੈ। ਮਾਂ ਬਾਪ ਤੋਂ ਵੀ ਚਾਰ ਕਦਮ ਅੱਗੇ ਹੈ। ਬੱਚੀ ਵਿਚਾਰੀ ਕੀ ਕਰੇ? ਮੈਨੂੰ ਪਤਾ ਹੈ ਕਿ ਇਹ ਮਾਂ-ਬਾਪ ਕਾਫੀ ਅਮੀਰ ਹਨ। ਇਹੋ ਜਿਹੇ ਬੱਚਿਆਂ ਲਈ ਮਾਂ ਦਿਵਸ ਜਾਂ ਬਾਪ ਦਿਵਸ ਰਸਮੀ ਮੌਜ ਮਸਤੀ ਹੀ ਹੈ। ਦਿਲ ਦੀ ਖੁਸ਼ੀ ਦਾ ਪ੍ਰਗਟਾਵਾ ਨਹੀਂ। ਸ਼ਾਇਦ ਆਉਣ ਵਾਲੇ ਸਮੇਂ ਵਿਚ ਇਹ ਦਿਵਸ ਕੱਲ੍ਹ ਦੀ ਕਹਾਣੀ ਬਣ ਜਾਣ।

**ਅੰਤਿਕਾ:** ਹਰ ਸਾਲ ਸਰਦੀਆਂ ਵਿਚ ਪੰਜਾਬ ਜਾਂਦਾ ਹਾਂ। ਇਕ ਗੱਲ ਬੜੇ ਦੁੱਖ ਨਾਲ ਅਨੁਭਵ ਕਰ ਰਿਹਾ ਹਾਂ। ਕੁਝ ਚੰਗੀ ਸਾਫ-ਸੁਥਰੀ ਖੁਰਾਕ ਕਰਕੇ, ਕੁਝ ਡਾਕਟਰੀ ਦੇਖ ਭਾਲ ਕਰਕੇ ਅੱਜ ਕੱਲ੍ਹ ਬਜ਼ੁਰਗ ਕਾਫੀ ਲੰਮੀ ਉਮਰ ਭੋਗ ਰਹੇ ਹਨ। ਜਦੋਂ ਉਨ੍ਹਾਂ ਦੇ ਬੱਚੇ ਸੇਵਾ ਮੁਕਤ ਹੋ ਜਾਂਦੇ ਹਨ (ਖਾਸ ਕਰਕੇ ਫੌਜ ਵਿਚੋਂ ਜਲਦੀ ਰਿਟਾਇਰ ਹੁੰਦੇ ਹਨ।), ਇਨ੍ਹਾਂ ਦਾ ਪੈਨਸ਼ਨ ਨਾਲ ਗੁਜ਼ਾਰਾ ਨਹੀਂ ਹੁੰਦਾ। ਬੱਸ ਮਾਂ ਬਾਪ ਦੀ ਮੌਤ ਨੂੰ ਉਡੀਕਣ ਲੱਗ ਜਾਂਦੇ ਹਨ ਤਾਂ ਜੋ ਘਰ ਅਤੇ ਜ਼ਮੀਨ ਉਨ੍ਹਾਂ ਦੀ ਹੋ ਜਾਵੇ। ਇਹੋ ਜਿਹੇ ਲੋਕ ਤਾਂ ਮਾਂ ਦਿਵਸ ਅਤੇ ਪਿਤਾ ਦਿਵਸ 'ਤੇ ਅੱਖਾਂ ਵਿਚੋਂ ਨੀਰ ਹੀ ਵਹਾਉਂਦੇ ਹੋਣਗੇ।

*ਫੋਨ:925-683-1982

## ਪਾਠਕਾਂ ਦਾ ਪੰਨਾ

### ਅਖਬਾਰ ਦੀ ਉਡੀਕ

ਸੰਪਾਦਕ ਜੀ,

ਇਹ ਖੱਤ ਮੈਂ ਆਪ ਨੂੰ ਟੈਫਟ (ਕੈਲੀਫੋਰਨੀਆ) ਜੇਲ੍ਹ ਵਿਚੋਂ ਲਿਖ ਰਿਹਾਂ ਹਾਂ ਅਤੇ ਪੰਜਾਬ ਟਾਈਮਜ਼ ਪਿਛਲੇ ਚਾਰ ਸਾਲ ਤੋਂ ਲਗਾਤਾਰ ਪੜ੍ਹ ਰਿਹਾ ਹਾਂ। ਜਦੋਂ ਤੋਂ ਜੇਲ੍ਹ ਵਿਚ ਹਾਂ ਇਸ ਅਖਬਾਰ ਦੀ ਖਾਸ ਹੀ ਉਡੀਕ ਰਹਿੰਦੀ ਹੈ। ਇੰਨੀ ਵਧੀਆ ਸਮਗਰੀ ਛਾਪਣ ਲਈ ਆਪ ਜੀ ਦਾ ਬਹੁਤ ਬਹੁਤ ਧੰਨਵਾਦ। ਐਸ ਅਸ਼ੋਕ ਭੌਰਾ, ਤਰਲੋਚਨ ਸਿੰਘ ਦੁਪਾਲਪੁਰ, ਮੇਜਰ ਸਿੰਘ ਕੁਲਾਰ ਅਤੇ ਡਾ. ਗੁਰਨਾਮ ਕੌਰ ਦੇ ਲੇਖ ਮੇਰੀ ਰੂਹ ਦੀ ਖੁਰਾਕ ਹਨ। ਕੁਝ ਲਿਖਣ ਦਾ ਮੈਨੂੰ ਵੀ ਝੱਸ ਹੈ ਪਰ ਇਨ੍ਹਾਂ ਸਾਹਮਣੇ ਮੈਂ ਕੁਝ ਵੀ ਨਹੀਂ।

ਜੇਲ੍ਹ ਵਿਚ ਪਹੁੰਚਣ ਦੀ ਮੇਰੀ ਦਾਸਤਾਨ ਵੀ ਹੈਰਾਨ ਕਰਨ ਵਾਲੀ ਹੈ। ਸਿਰਫ ਪੰਜ ਮਿੰਟ ਵਿਚ ਮੇਰੀ ਸੁਨਹਿਰੀ ਜ਼ਿੰਦਗੀ ਮੁਸ਼ਕਿਲਾਂ ਵਾਲੀ ਜੂਨ ਬਣ ਕੇ ਰਹਿ ਗਈ। ਮੈਂ ਆਪਣਾ ਕੇਸ ਲੜ ਰਿਹਾ ਹਾਂ। ਨੌਂਵੀਂ ਸਰਕਟ ਕੋਰਟ ਵਿਚ ਅਪੀਲ ਪਾਈ ਹੋਈ ਹੈ। ਇਸ ਸਭ ਦਾ ਵੇਰਵਾ ਕਦੀ ਫੇਰ ਦਿਆਂਗਾ। ਇਕ ਛੋਟੀ ਜਿਹੀ ਰਚਨਾ ਆਪ ਨੂੰ ਭੇਜੀ ਸੀ ਜੋ ਤੁਸੀਂ ਛਾਪ ਕੇ ਮੈਨੂੰ ਧੰਨਵਾਦੀ ਬਣਾਇਆ ਹੈ ਅਤੇ ਮੇਰਾ ਹੌਸਲਾ ਵਧਾਇਆ ਹੈ। ਇਸ ਤੋਂ ਪਹਿਲਾਂ ਮੈਂ ਆਪਣੀ ਕੋਈ ਰਚਨਾ ਕਿਸੇ ਅਖਬਾਰ ਨੂੰ ਨਹੀਂ ਸੀ ਭੇਜੀ, ਡਰਦਾ ਸਾਂ ਕਿ ਇਸ ਟੈਸਟ ਵਿਚ ਫੇਲ੍ਹ ਨਾ ਹੋ ਜਾਵਾਂ। ਤੁਹਾਨੂੰ ਇਕ ਹੋਰ ਰਚਨਾ "ਯਾਰੀਆਂ" ਭੇਜ ਰਿਹਾ ਹਾਂ। ਉਮੀਦ ਹੈ ਛਪਣਯੋਗ ਹੋਵੇਗੀ।

ਕਹਿੰਦੇ ਹਨ ਜੇਲ੍ਹ 'ਚੋਂ ਆਦਮੀ ਜਾਂ ਭਿਖਾਰੀ ਬਣ ਕੇ ਨਿਕਲਦਾ ਹੈ ਜਾਂ ਲਿਖਾਰੀ ਬਣ ਕੇ। ਜਦ ਬਾਹਰ ਆਉਂਦਾ ਹੈ ਤਾਂ ਜੇ ਕੁਝ ਨਾ ਹੋਵੇ ਤਾਂ ਭਿਖਾਰੀ ਬਣ ਜਾਂਦਾ ਹੈ। ਜੇ ਇਸ ਤਰ੍ਹਾਂ ਦਾ ਕੋਈ ਫਿਕਰ ਨਾ ਹੋਵੇ ਤਾਂ ਲਿਖਾਰੀ ਬਣ ਜਾਂਦਾ ਹੈ। ਹੋ ਸਕਦਾ ਹੈ ਮੇਰੇ ਨਾਲ ਵੀ ਇਸੇ ਤਰ੍ਹਾਂ ਕੁਝ ਹੋਵੇ।

***-ਸੁਖਰਾਜ ਧਾਲੀਵਾਲ,***
***ਟੈਫਟ ਜੇਲ੍ਹ, ਕੈਲੀਫੋਰਨੀਆ।***

---

### ਮਿਆਰਾਂ 'ਤੇ ਪੂਰਾ ਉਤਰਦਾ ਅਖਬਾਰ

ਕਈ ਵਾਰ ਇਹ ਚਰਚਾ ਸੁਣਨ ਨੂੰ ਮਿਲਦੀ ਹੈ ਕਿ ਪੰਜਾਬੀ ਦੀਆਂ ਜਿੰਨੀਆਂ ਕਿਤਾਬਾਂ ਛਪਦੀਆਂ ਹਨ ਉਨ੍ਹਾਂ ਨੂੰ ਪੜ੍ਹਨ ਵਾਲੇ ਲੋਕਾਂ ਦੀ ਗਿਣਤੀ ਉਨੀ ਨਹੀਂ ਜਿੰਨੀ ਪਹਿਲਾਂ ਹੁੰਦੀ ਸੀ। ਇਸ ਬਾਰੇ ਮੇਰੀ ਨਿੱਜੀ ਰਾਏ ਇਹ ਹੈ ਕਿ ਜੇਕਰ ਲਿਖਤ ਵਿਚ ਦਮ ਹੋਵੇ ਤਾਂ ਉਸ ਦੇ ਪਾਠਕਾਂ ਦੀ ਗਿਣਤੀ ਆਪਣੇ ਆਪ ਹੀ ਵਧ ਜਾਵੇਗੀ ਕਿਉਂਕਿ ਲੋਕ ਸਿਰਫ ਆਪ ਹੀ ਨਹੀਂ ਪੜ੍ਹਦੇ ਸਗੋਂ ਹੋਰਾਂ ਨੂੰ ਵੀ ਦੱਸ ਦੱਸ ਕੇ ਉਸ ਲਿਖਤ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਦੇ ਹਨ। ਐਨ ਉਵੇਂ ਜਿਵੇਂ ਕੋਈ ਫਿਲਮ ਅੱਛੀ ਹੋਵੇ ਤਾਂ ਉਸ ਦੀਆਂ ਟਿਕਟਾਂ ਬਲੈਕ ਵਿਚ ਵਿਕਦੀਆਂ ਹਨ ਅਤੇ ਲੱਖਾਂ ਲੋਕ ਉਸ ਨੂੰ ਵੇਖਦੇ ਹਨ। ਪੰਜਾਬ ਟਾਈਮਜ਼ ਅਖਬਾਰ ਬਾਰੇ ਵੀ ਕੁਝ ਅਜਿਹਾ ਹੀ ਮਹਿਸੂਸ ਹੋ ਰਿਹਾ ਹੈ। ਇਸ ਦੇ ਪਾਠਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਚੰਗੀ ਸੰਪਾਦਕੀ, ਕੁਝ ਲੇਖਕਾਂ ਦੇ ਵਧੀਆ ਲੇਖ, ਵਿਚਾਰ-ਚਰਚਾ ਨਾਲ ਸਜਿਆ ਅਤੇ ਜੋਤਸ਼ੀਆਂ ਦੇ ਵੱਡੇ ਵੱਡੇ ਇਸ਼ਤਿਹਾਰਾਂ ਤੋਂ ਬਚਿਆ ਇਹ ਪਰਚਾ ਅੱਜ ਦੀ ਘੜੀ ਆਪਣੇ ਮਿਆਰਾਂ ਨਾਲ ਨਿਆਂ ਕਰਦਾ ਮਹਿਸੂਸ ਹੁੰਦਾ ਹੈ। ਕੱਲ੍ਹ ਦਾ ਪਤਾ ਨਹੀਂ।

ਸ. ਤਰਲੋਚਨ ਸਿੰਘ ਦੁਪਾਲਪੁਰ ਦੇ ਲੇਖ ਵਧੀਆ ਤੇ ਮਿਆਰੀ ਹੁੰਦੇ ਹਨ। ਉਨ੍ਹਾਂ ਦੀ ਕਲਮ 'ਚੋਂ ਸਹਿਜ ਸੁਭਾ ਨਿਕਲੀ ਗੱਲ ਵੀ ਠਾਹ ਸੋਟੇ ਵਾਂਗ ਟਿਕਾਣੇ ਲੱਗਦੀ ਹੈ। ਡਾ. ਗੁਰਨਾਮ ਕੌਰ ਦੀ ਕਹੀ ਗੱਲ ਮਨ ਨੂੰ ਸਕੂਨ ਦਿੰਦੀ ਰਹਿੰਦੀ ਹੈ। ਮੇਜਰ ਕੁਲਾਰ ਸ਼ਬਦਾਂ ਨੂੰ ਚੰਗੀ ਤਰ੍ਹਾਂ ਪਰੋ ਕੇ ਕਿਸੇ ਸੱਚਾਈ ਨੂੰ ਵਧੀਆ ਪੇਸ਼ ਕਰ ਦਿੰਦਾ ਹੈ, ਜੋ ਸਿਖਿਆਦਾਇਕ ਵੀ ਹੁੰਦੀ ਹੈ। ਸਵਰਨ ਸਿੰਘ ਟਹਿਣਾ ਵੀ "ਝੂਠ ਨਹੀਂ ਬੋਲਦਾ" ਅਤੇ ਜੇ ਇਸੇ ਤਰ੍ਹਾਂ ਪੱਖਪਾਤ ਤੋਂ ਉਪਰ ਉਠਿਆ ਰਿਹਾ ਤਾਂ ਸਮਾਜ ਵਿਚ ਚੰਗੀ ਸੇਧ ਦੇਣ ਵਾਲੇ ਲੇਖਕਾਂ ਦੀ ਸੂਚੀ ਵਿਚ ਆ ਜਾਵੇਗਾ। ਐਸ ਅਸ਼ੋਕ ਭੌਰਾ ਵੀ ਆਪਣੇ ਪੁਰਾਣੇ ਤਜ਼ਰਬਿਆਂ ਅਤੇ ਸ਼ਬਦਾਂ ਦੀ ਜਾਦੂਗਰੀ ਨਾਲ ਕੋਈ ਨਾ ਕੋਈ ਗੱਲ ਬਣਾਉਣ ਵਿਚ ਕਾਮਯਾਬ ਰਹਿੰਦਾ ਹੈ। ਸਫਰਨਾਮੇ ਵਿਚ ਮਝੈਲ ਸਿੰਘ ਸਰਾਂ ਨੇ ਸਹਿਜ ਭਾਅ ਕਈ ਗੱਲਾਂ ਕਹਿ ਦਿੱਤੀਆਂ ਹਨ ਜੋ ਆਮ ਲੇਖਕ ਕਹਿਣ ਤੋਂ ਉਕ ਜਾਂਦੇ ਹਨ। ਚੱਲ ਸੋ ਚੱਲ ਕਾਲਮ ਪੜ੍ਹ ਕੇ ਵੀ ਅਨੰਦ ਆਉਂਦਾ ਹੈ।

ਅਖਬਾਰ ਵਿਚ ਕਿਸੇ ਦੀ ਲਿਖਤ ਜਾਂ ਗਾਇਕੀ ਸਬੰਧੀ ਸ਼ੁਰੂ ਕੀਤੀ ਵਿਚਾਰ-ਚਰਚਾ ਵੀ ਇਕ ਚੰਗਾ ਉਪਰਾਲਾ ਹੈ। ਸਿਰਜਣਾਤਮਕ ਆਲੋਚਨਾ ਵੀ ਕੋਈ ਮਾੜੀ ਗੱਲ ਨਹੀਂ ਇਸ ਨਾਲ ਆਪਣੀਆਂ ਕਮਜ਼ੋਰੀਆਂ ਦਾ ਪਤਾ ਲੱਗਦਾ ਹੈ ਅਤੇ ਬੰਦਾ ਆਪਣੇ ਖੇਤਰ ਵਿਚ ਕਮਜ਼ੋਰੀਆਂ/ਖਾਮੀਆਂ ਸੁਧਾਰ ਕੇ ਹੋਰ ਪਰਪੱਕ ਹੋ ਸਕਦਾ ਹੈ। ਆਲੋਚਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਲੋਚਨਾ ਨਿਰਪੱਖ ਅਤੇ ਬੇਲਾਗ ਹੋ ਕੇ ਕਰਨ। ਪਾਣੀ ਦੇ ਗਿਲਾਸ ਨੂੰ ਅੱਧਾ ਖਾਲੀ ਹੀ ਨਹੀਂ, ਅੱਧਾ ਭਰਿਆ ਵੀ ਵੇਖਣ।

ਇਥੇ ਮੈਨੂੰ ਇਕ ਚਿਤਰਕਾਰ ਦੀ ਕਹਾਣੀ ਯਾਦ ਆ ਰਹੀ ਹੈ। ਇਸ ਚਿਤਰਕਾਰ ਨੇ ਇਕ ਵਧੀਆ ਤਸਵੀਰ ਲਾਈ ਅਤੇ ਲੋਕਾਂ ਦੇ ਦੇਖਣ ਲਈ ਪ੍ਰਦਰਸ਼ਨੀ ਵਿਚ ਰੱਖ ਦਿੱਤੀ। ਨਾਲ ਇਕ ਤਖਤੀ ਲਾ ਦਿੱਤੀ ਕਿ ਜੇ ਕਿਸੇ ਨੂੰ ਕੋਈ ਖਾਮੀ ਮਹਿਸੂਸ ਹੋਵੇ ਤਾਂ ਉਸ ਉਤੇ ਉਂਗਲੀ ਧਰੀ ਜਾਵੇ। ਕੁਝ ਦਿਨਾਂ ਬਾਅਦ ਜਦੋਂ ਇਹ ਚਿਤਰਕਾਰ ਪ੍ਰਦਰਸ਼ਨੀ ਵਿਚ ਗਿਆ ਤਾਂ ਉਹ ਹੈਰਾਨ ਰਹਿ ਗਿਆ ਕਿ ਉਸ ਦੀ ਤਸਵੀਰ ਉਤੇ ਇੰਨਾ ਕੁਝ ਲਿਖਿਆ ਪੋਚਿਆ ਹੋਇਆ ਸੀ ਕਿ ਤਸਵੀਰ ਵੀ ਨਜ਼ਰ ਨਹੀਂ ਸੀ ਆਉਂਦੀ। ਚਿਤਰਕਾਰ ਬਹੁਤ ਉਦਾਸ ਹੋਇਆ ਅਤੇ ਕਈ ਚਿਰ ਕੋਈ ਤਸਵੀਰ ਨਾ ਬਣਾ ਸਕਿਆ। ਉਸ ਨੇ ਇਹ ਗੱਲ ਆਪਣੇ ਇਕ ਮਿੱਤਰ ਨਾਲ ਸਾਂਝੀ ਕੀਤੇ ਅਤੇ ਦੱਸਿਆ ਕਿ ਲੋਕਾਂ ਨੇ ਨੁਕਸ ਹੀ ਇੰਨੇ ਕੱਢ ਦਿੱਤੇ ਹਨ ਕਿ ਮੈਂ ਹੋਰ ਤਸਵੀਰ ਨਹੀਂ ਬਣਾ ਸਕਿਆ। ਮਿੱਤਰ ਨੇ ਉਸ ਨੂੰ ਸੁਝਾਅ ਦਿਤਾ ਕਿ ਕੱਲ੍ਹ ਨੂੰ ਇਕ ਹੋਰ ਚਿਤਰ ਬਣਾ ਅਤੇ ਉਸ ਦੇ ਨਾਲ ਤਖ਼ਤੀ ਟੰਗ ਦੇਵੀਂ ਜਿਸ ਉਤੇ ਲਿਖਿਆ ਹੋਵੇ ਕਿ ਜਿਥੇ ਕਿਤੇ ਵੀ ਕੋਈ ਖਾਮੀ ਨਜ਼ਰ ਆਵੇ ਉਸ ਨੂੰ ਰੰਗਾਂ ਅਤੇ ਬੁਰਸ਼ ਨਾਲ ਸੁਧਾਰ ਦਿੱਤਾ ਜਾਵੇ। ਚਿਤਰਕਾਰ ਨੇ ਇਹ ਸੁਝਾਅ ਮੰਨ ਲਿਆ ਅਤੇ ਜਦੋਂ ਉਹ ਦੁਬਾਰਾ ਪ੍ਰਦਰਸ਼ਨੀ ਵਿਚ ਗਿਆ ਤਾਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਤਸਵੀਰ ਉਂਜ ਦੀ ਉਂਜ ਪਈ ਹੈ ਅਤੇ ਉਸ 'ਤੇ ਕਿਸੇ ਨੇ ਬੁਰਸ਼ ਤੱਕ ਨਹੀਂ ਲਾਇਆ।

ਇਹ ਵੀ ਕਿ ਜਿਨ੍ਹਾਂ ਲੋਕਾਂ ਦੀ ਆਲੋਚਨਾ ਜਾਂ ਵਡਿਆਈ ਹੁੰਦੀ ਹੈ ਉਨ੍ਹਾਂ ਨੂੰ ਸੁਕਰਾਤ ਦੇ ਇਹ ਬੋਲ ਯਾਦ ਰੱਖਣੇ ਚਾਹੀਦੇ ਹਨ, "ਜਦੋਂ ਮੈਂ ਛੋਟੀ ਉਮਰ ਦਾ ਸਾਂ ਤਾਂ ਮੈਨੂੰ ਲੱਗਦਾ ਸੀ ਕਿ ਮੈਨੂੰ ਸਭ ਕੁਝ ਪਤਾ ਹੈ, ਜਦੋਂ ਮੈਂ ਜਵਾਨ ਹੋਇਆ ਤਾਂ ਮੈਨੂੰ ਭਾਸਿਆ ਕਿ ਕੁਝ ਗੱਲਾਂ ਅਜਿਹੀਆਂ ਵੀ ਹਨ ਜਿਨ੍ਹਾਂ ਬਾਰੇ ਮੈਨੂੰ ਪਤਾ ਨਹੀਂ ਅਤੇ ਜਦੋਂ ਮੈਂ ਹੁਣ ਬੁੱਢਾ ਹੋ ਗਿਆ ਹਾਂ ਤਾਂ ਮੈਨੂੰ ਪਤਾ ਚੱਲਿਆ ਹੈ ਕਿ ਅਜਿਹਾ ਬਹੁਤ ਕੁਝ ਹੈ ਜਿਸ ਬਾਰੇ ਅਜੇ ਮੈਨੂੰ ਕੁਝ ਵੀ ਪਤਾ ਨਹੀਂ।"

***-ਸੰਤ ਸਿੰਘ ਢਿੱਲੋਂ***
***ਫੋਨ:209-622-7585***

---

### ਪਿਆਰਾ ਅਖਬਾਰ

ਸੰਪਾਦਕ ਜੀ,

ਪੰਜਾਬ ਟਾਈਮਜ਼ ਬਹੁਤ ਹੀ ਪਿਆਰਾ ਅਖਬਾਰ ਹੈ ਅਤੇ ਹਰ ਹਫਤੇ ਇਸ ਵਿਚ ਨਵੀਂ ਤੋਂ ਨਵੀਂ ਅਤੇ ਵੱਖਰੀ ਸਮੱਗਰੀ ਪੜ੍ਹਨ ਵਾਸਤੇ ਮਿਲਦੀ ਹੈ। ਮਨ ਬਹੁਤ ਖੁਸ਼ ਹੁੰਦਾ ਹੈ। ਖਾਸ ਕਰਕੇ ਐਸ ਅਸ਼ੋਕ ਭੌਰਾ, ਤਰਲੋਚਨ ਸਿੰਘ ਦੁਪਾਲਪੁਰ ਅਤੇ ਬਿੱਕਰ ਸਿੰਘ ਕੰਮੇਆਣਾ ਦੇ ਲੇਖ ਪੜ੍ਹ ਕੇ ਬਹੁਤ ਹੀ ਅਨੰਦ ਆਉਂਦਾ ਹੈ। ਹਾਲ ਹੀ ਵਿਚ ਬਿੱਕਰ ਕੰਮੇਆਣਾ ਦਾ ਅੱਜ ਦੇ ਗੀਤਕਾਰਾਂ ਵਲੋਂ ਪੁਰਾਣੇ ਗੀਤਾਂ ਨੂੰ ਤੋੜ ਮਰੋੜ ਕੇ ਆਪਣੇ ਨਾਂ ਰਿਕਾਰਡ ਕਰਵਾਉਣ ਬਾਰੇ ਛਪਿਆ ਲੇਖ ਬਹੁਤ ਹੀ ਚੰਗਾ ਲੱਗਿਆ। ਕਈ ਬਾਂਦਰ ਕਿਸਮ ਦੇ ਗਾਇਕ ਗਾਉਂਦੇ ਘੱਟ ਹਨ ਅਤੇ ਸਟੇਜ ਉਤੇ ਟਪੂਸੀਆਂ ਵੱਧ ਮਾਰਦੇ ਹਨ। ਅਜਿਹੇ ਲੋਕਾਂ ਬਾਰੇ ਵੀ ਜ਼ਰੂਰ ਕੁਝ ਛਾਪੋ।

***-ਬਲਬੀਰ ਸਿੰਘ ਕਾਲੇਕੇ***
***ਸੈਲਮ, ਓਰੇਗਾਨ।***

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*



**ਮਝੈਲ ਸਿੰਘ ਸਰਾਂ**

ਗੁਰਦੁਆਰਾ ਸਿੰਘ ਸਿੰਘਣੀਆਂ ਸ਼ਹੀਦ ਗੰਜ ਤੋਂ ਕਾਦਿਰ ਭਾਈ ਬਾਜ਼ਾਰਾਂ ਵਿਚੋਂ ਦੀ ਗੱਡੀ ਲਿਜਾਂਦਾ ਹੋਇਆ ਸਾਈਂ ਮੀਆਂ ਮੀਰ ਜੀ ਦੀ ਦਰਗਾਹ 'ਤੇ ਲੈ ਗਿਆ। ਇਹ ਸਥਾਨ ਧਰਮਪੁਰਾ ਏਰੀਏ ਵਿਚ ਪੈਂਦਾ ਹੈ। ਇਥੇ ਪੰਜਾਬ ਪੁਲਿਸ ਦੀ ਸਕਿਉਰਿਟੀ ਹੈ। ਕਾਰਾਂ ਕਾਫੀ ਦੂਰ ਬਾਹਰ ਹੀ ਪਾਰਕ ਕਰਨ ਨੂੰ ਕਿਹਾ ਜਾਂਦਾ ਹੈ ਪਰ ਕਾਦਿਰ ਕਹਿਣ ਲੱਗਾ ਕਿ ਮੈਂ ਕਾਰ ਅੰਦਰ ਲਿਜਾਣੀ ਹੈ। ਪੁਲਿਸ ਵਾਲੇ ਨੇ ਕਿਹਾ ਕਿ ਤੇਰੇ ਕੋਲ ਕੋਈ ਸ਼ਨਾਖਤੀ ਕਾਰਡ ਹੈ ਤਾਂ ਦਿਖਾ ਕੇ ਲੈ ਜਾ ਤਾਂ ਉਸ ਨੇ ਇਕ ਪੇਪਰ ਆਪਣੇ ਬਟੂਏ 'ਚੋਂ ਕੱਢ ਕੇ ਦਿਖਾਇਆ ਤੇ ਪੁਲਿਸ ਵਾਲੇ ਨੇ ਜਾਣ ਦੀ ਇਜਾਜ਼ਤ ਦੇ ਦਿੱਤੀ। ਮੈਂ ਪੁੱਛਿਆ ਕਿ ਇਹ ਕੀ ਹੈ ਤਾਂ ਉਸ ਦੱਸਿਆ ਕਿ ਮੇਰੇ ਕੋਲ ਕਮਿਸ਼ਨਰ ਵਲੋਂ ਦਿੱਤਾ ਹੋਇਆ ਪ੍ਰਮਾਣ ਪੱਤਰ ਹੈ ਜਿਸ ਨੂੰ ਦਿਖਾ ਕੇ ਮੈਂ ਹਰ ਧਾਰਮਿਕ ਥਾਂ 'ਤੇ ਆਪਣੀਆਂ ਸਵਾਰੀਆਂ ਸਮੇਤ ਜਾ ਸਕਦਾ ਹਾਂ। ਉਸ ਦੱਸਿਆ ਕਿ ਹੁਣ ਇਹ ਸਕਿਉਰਿਟੀ ਜ਼ਿਆਦਾ ਟਾਈਟ ਕਰ ਦਿੱਤੀ ਹੈ ਜਦੋਂ ਦੀ ਅਤਿਵਾਦੀਆਂ ਨੇ ਧਾਰਮਿਕ ਥਾਵਾਂ 'ਤੇ ਹਮਲੇ ਕਰਨ ਦੀ ਧਮਕੀ ਦਿੱਤੀ ਹੈ। ਅੰਦਰ ਜਾਣ ਤੋਂ ਪਹਿਲਾਂ ਇਕ ਛੋਟੇ ਗੇਟ 'ਤੇ ਫਿਰ ਹਰੇਕ ਦੀ ਪੁਲਿਸ ਵਾਲੇ ਨੇ ਤਲਾਸ਼ੀ ਲਈ। ਨਾਲੇ ਉਹ ਸਾਨੂੰ ਕਹਿੰਦਾ, "ਸਰਦਾਰ ਜੀ, ਮੁਆਫ ਕਰ ਦਿਓ, ਇਹ ਹੁਣ ਜ਼ਰੂਰੀ ਹੋ ਗਿਐ।" ਅੰਦਰ ਥਾਂ ਕਾਫੀ ਵੱਡਾ ਹੈ ਤੇ ਸਾਂਈ ਮੀਆਂ ਮੀਰ ਜੀ ਦੀ ਦਰਗਾਹ ਐਨ ਵਿਚਾਲੇ, ਜ਼ਮੀਨ ਤੋਂ 5 ਕੁ ਫੁੱਟ ਉਚੀ ਬਣੀ ਹੈ। ਆਲੇ ਦੁਆਲੇ ਚੌਹੀਂ ਪਾਸੀਂ ਪੱਕਾ ਚੌਂਤੜਾ ਬਣਿਆ ਹੋਇਆ ਹੈ ਜਿੱਥੇ ਇਕ ਪਾਸੇ ਕੋਈ 10 ਕੁ ਦੇ ਕਰੀਬ ਛੋਟੀਆਂ-ਛੋਟੀਆਂ ਕੁੜੀਆਂ ਕੁਝ ਪੜ੍ਹ ਰਹੀਆਂ ਸਨ। ਸਾਨੂੰ ਅੰਦਰ ਆਏ ਦੇਖਕੇ ਚੁੱਪ ਕਰ ਗਈਆਂ ਤੇ ਸਾਡੇ ਵਲ ਹੀ ਦੇਖਣ ਲੱਗੀਆਂ। ਚੌਂਤੜੇ ਦੇ ਦੂਜੇ ਪਾਸੇ ਇਕ ਖੂੰਜੇ 10 ਕੁ ਹੀ ਮਾਈਆਂ/ਬੀਬੀਆਂ ਬੈਠੀਆਂ ਸਨ। ਉਹ ਵੀ ਸਾਨੂੰ ਦੇਖਣ ਲੱਗ ਪਈਆਂ। ਜਦ ਅਸੀਂ ਨੇੜੇ ਗਏ ਤਾਂ ਦੋ ਕੁ ਨੇ 'ਸਲਾਮਾ ਲੇਕਮ' ਵੀ ਬੋਲਿਆ। ਅਸੀਂ ਤਾਂ ਸਿਰ ਝੁਕਾ ਕੇ ਹੀ ਸਾਰ ਦਿੱਤਾ ਪਰ ਕਾਦਿਰ ਭਾਈ ਨੇ ਠੀਕ ਜੁਆਬ ਦੇ ਦਿੱਤਾ 'ਵਾ ਲੇਕਮ ਸਲਾਮ'। ਦਰਗਾਹ ਦੇ ਅੰਦਰ ਜਾਣ ਲਈ ਵਿਚੋਂ ਹੀ ਦਰਵਾਜ਼ਾ ਹੈ, ਉਹ ਵੀ ਨੀਵਾਂ ਹੈ। ਦਰਗਾਹ ਦਾ ਕਮਰਾ ਜ਼ਿਆਦਾ ਵੱਡਾ ਨਹੀਂ, ਅੰਦਰ ਵੱਡੀ ਸਾਰੀ ਕਬਰ ਹੈ ਜਿਸ ਤੇ ਹਰਾ ਕੱਪੜਾ ਪਾਇਆ ਹੋਇਆ ਸੀ। ਕਬਰ ਦੇ ਇਕ ਪਾਸੇ ਹਰੇ ਰੰਗ ਦਾ ਹੀ ਛੋਟਾ ਜਿਹਾ ਝੰਡਾ ਵੀ ਲਾਇਆ ਹੋਇਆ ਸੀ। ਅੰਦਰ ਅਲਮਾਰੀਆਂ ਸਨ ਜਿਨ੍ਹਾਂ ਵਿਚ ਬਹੁਤ ਸਾਰੀਆਂ ਕਿਤਾਬਾਂ ਪਈਆਂ ਸਨ। ਕਾਦਿਰ ਭਾਈ ਨੇ ਦੱਸਿਆ ਕਿ ਇਹ ਕੁਰਾਨ ਸ਼ਰੀਫ ਹੈ। ਮੁਸਲਮਾਨ ਭਾਈਚਾਰਾ ਕੁਰਾਨ ਸ਼ਰੀਫ ਦਾ ਅਦਬ-ਸਤਿਕਾਰ ਉਦਾਂ ਨਹੀਂ ਕਰਦਾ, ਜਿੱਦਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਵਾਂਗ ਮੰਨ ਕੇ ਸਿੱਖ ਕਰਦੇ ਹਨ। ਉਹ ਕੁਰਾਨ ਸ਼ਰੀਫ ਨੂੰ ਸਾਡੇ ਵਾਂਗ ਮੱਥਾ ਨਹੀਂ ਟੇਕਦੇ, ਪਰ ਉਸ ਵਿਚ ਦਿੱਤੀਆਂ ਇਸਲਾਮਿਕ ਸਿਖਿਆਵਾਂ 'ਤੇ ਸਿੱਖਾਂ ਨਾਲੋਂ ਵਧ ਅਸਰ ਕਰਦੇ ਹਨ। ਅੰਦਰ ਇਕ ਸੇਵਾਦਾਰ ਵੀ ਸੀ, ਉਹ ਪਤਾ ਨਹੀਂ ਉਹਨੂੰ ਕੀ ਸੱਦਦੇ ਹੋਣਗੇ। ਉਹ ਮੋਰ ਦੇ ਖੰਭਾਂ ਦਾ ਚੌਰ ਕਬਰ 'ਤੇ ਘੁਮਾਉਂਦਾ ਸੀ, ਜਿੱਦਾਂ ਅਸੀਂ ਗੁਰੂ ਗ੍ਰੰਥ ਸਾਹਿਬ 'ਤੇ ਚੌਰ ਕਰੀਦਾ ਹੈ। ਇਸ ਜਗ੍ਹਾ 'ਤੇ ਉਨ੍ਹਾਂ ਨੇ ਦੱਸਿਆ ਕਿ ਸਾਈਂ ਮੀਆਂ ਮੀਰ ਜੀ ਦੀ ਦੇਹ ਦਫਨਾਈ ਗਈ ਸੀ। ਸਾਰੇ ਲਾਹੌਰ ਵਿਚ ਇਸ ਪਵਿੱਤਰ ਜਗ੍ਹਾ ਦੀ ਬਹੁਤ ਮਾਨਤਾ ਹੈ। ਕਾਦਿਰ ਦੱਸਦਾ ਸੀ ਕਿ ਜੁਮੇ ਵਾਲੇ ਦਿਨ ਬਹੁਤ ਸੰਗਤ ਇੱਥੇ ਆਉਂਦੀ ਹੈ। ਇਸ ਜਗ੍ਹਾ 'ਤੇ ਸਾਈਂ ਜੀ ਨੂੰ ਮਿਲਣ ਗੁਰੂ ਹਰਗੋਬਿੰਦ ਸਾਹਿਬ ਜੀ ਵੀ ਆਏ ਸਨ। ਦਰਗਾਹ ਲਾਲ ਪੱਥਰ ਨਾਲ ਬਣੀ ਹੋਈ ਹੈ ਤੇ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ। ਦਰਗਾਹ 'ਤੇ ਖੜ੍ਹ ਕੇ ਹਰਿਮੰਦਿਰ ਸਾਹਿਬ, ਅੰਮ੍ਰਿਤਸਰ ਵੀ ਯਾਦ ਆਇਆ ਕਿ ਜਿਨ੍ਹਾਂ ਪਵਿੱਤਰ ਹੱਥਾਂ ਨੇ ਉਸ ਦੀ ਨੀਂਹ ਰੱਖੀ ਸੀ, ਉਹ ਇਸ ਕਬਰ ਵਿਚ ਪਏ ਹਨ ਤਾਂ ਸ਼ਰਧਾ ਨਾਲ ਸਾਈਂ ਮੀਆਂ ਮੀਰ ਜੀ ਦੀ ਦਰਗਾਹ ਨੂੰ ਵੀ ਦਿਲੋਂ ਸਤਿਕਾਰ ਕਰਦੇ ਹੋਏ, ਉਸ ਪਵਿੱਤਰ ਆਤਮਾ ਦੇ ਅੱਗੇ ਵੀ ਹੱਥ ਜੁੜ ਗਏ।

ਜਦੋਂ ਦਰਗਾਹ 'ਚੋਂ ਨਿਕਲੇ ਤਾਂ ਬਾਹਰ ਇਕ ਬੀਬੀ ਦਰਗਾਹ ਦੀ ਕੰਧ ਨਾਲ ਸਿਰ ਲਾ ਕੇ ਇਬਾਦਤ ਦੀ ਮੁਦਰਾ ਵਿਚ ਖੜ੍ਹੀ ਸੀ। ਇਸ ਬਾਰੇ ਕਾਦਿਰ ਭਾਈ ਨੇ ਦੱਸਿਆ ਕਿ ਜ਼ਨਾਨੀਆਂ ਦਰਗਾਹ ਦੇ ਅੰਦਰ ਨਹੀਂ ਜਾ ਸਕਦੀਆਂ, ਇਸ ਕਰਕੇ ਇਹ ਬਾਹਰੋਂ ਹੀ ਇਬਾਦਤ ਕਰਦੀਆਂ ਨੇ। ਅਸੀਂ ਪੁੱਛਿਆ ਕਿ ਇਨ੍ਹਾਂ ਨੂੰ ਜਾਣ ਦੀ ਇਜਾਜ਼ਤ ਕਿਉਂ ਨਹੀਂ ਤਾਂ ਉਹ ਕਹਿੰਦਾ ਕਿ ਇਸਲਾਮ ਵਿਚ ਇਸਤਰੀ ਨੂੰ ਅਪਵਿੱਤਰ ਮੰਨਿਆ ਗਿਆ ਹੈ ਜਿਸ ਕਰਕੇ ਪਵਿੱਤਰ ਜਗ੍ਹਾ 'ਤੇ ਉਹਦਾ ਜਾਣਾ ਵਰਜਿਤ ਹੈ। ਮੈਂ ਕਿਹਾ ਕਿ ਕਦੇ ਜ਼ਨਾਨੀਆਂ ਨੇ ਇਸ ਦੇ ਖਿਲਾਫ ਕੁਝ ਨਹੀਂ ਕਿਹਾ ਤਾਂ ਉਸ ਦੱਸਿਆ ਕਿ ਉਹ ਵੀ ਇਸਲਾਮ ਦੇ ਕਾਇਦੇ-ਕਾਨੂੰਨਾਂ ਤੋਂ ਵਾਕਿਫ ਹਨ।

ਦਰਗਾਹ ਦੇ ਲਹਿੰਦੇ ਪਾਸੇ, ਜਰਾ ਕੁ ਹਟਵੇਂ, ਕਮਰੇ ਬਣੇ ਹੋਏ ਹਨ ਤੇ 20-25 ਕੁ ਬੰਦੇ ਉਥੇ ਬੈਠੇ ਸਨ। ਕਾਦਿਰ ਨੇ ਦੱਸਿਆ ਕਿ ਇਹ ਮੌਲਵੀ ਪਾਸੋਂ ਧਾਰਮਿਕ ਸਿੱਖਿਆ ਲੈਣ ਆਏ ਹੋਏ ਹਨ। ਜਿਹੜੀਆਂ ਛੋਟੀਆਂ ਕੁੜੀਆਂ ਵੀ ਬੈਠੀਆਂ ਪੜ੍ਹਦੀਆਂ ਸਨ, ਉਹ ਵੀ ਕੁਰਾਨ ਸ਼ਰੀਫ ਹੀ ਪੜ੍ਹਦੀਆਂ ਸਨ। ਜਦੋਂ ਅਸੀਂ ਉਥੋਂ ਤੁਰਨ ਵੇਲੇ ਚੌਂਤੜੇ 'ਤੇ ਬੈਠੀਆਂ ਬੀਬੀਆਂ ਕੋਲੋਂ ਲੰਘਣ ਲੱਗੇ ਤਾਂ ਇਕ ਭਾਰੇ ਜਿਹੇ ਸਰੀਰ ਵਾਲੀ, ਜਿਸ ਨੇ ਵਾਲਾਂ ਨੂੰ ਮਹਿੰਦੀ ਲਾ ਕੇ ਭੂਰੇ ਜਿਹੇ ਕੀਤੇ ਹੋਏ ਸਨ, ਬੋਲੀ ਕਿ ਭਰਾਵੋ ਤੁਸੀਂ ਕਿਹੜੇ ਜ਼ਿਲ੍ਹੇ ਦੇ ਹੋ। ਸਾਡੇ ਬੋਲਣ ਤੋਂ ਪਹਿਲਾਂ ਹੀ ਕਹਿਣ ਲੱਗ ਪਈ ਕਿ ਤੁਸੀਂ ਤਾਂ ਕਿਸਮਤ ਵਾਲੇ ਹੋ, ਜਿਨ੍ਹਾਂ ਨੂੰ ਇਧਰ ਆਉਣ ਦੀ ਇਜਾਜ਼ਤ ਮਿਲ ਜਾਂਦੀ ਹੈ ਤੇ ਤੁਸੀਂ ਗੁਰੂਆਂ ਦੇ ਪਵਿੱਤਰ ਸਥਾਨਾਂ 'ਤੇ ਆ ਕੇ ਇਬਾਦਤ ਕਰ ਜਾਂਦੇ ਹੋ। ਮੇਰੀ ਕਿਸਮਤ ਵਿਚ ਤਾਂ ਸ਼ਾਇਦ ਅਜਮੇਰ ਸ਼ਰੀਫ ਦੇ ਦਰਸ਼ਨ ਲਿਖੇ ਹੀ ਨਹੀਂ ਕਿਉਂਕਿ ਜਿੰਨੀ ਵਾਰੀ ਵੀ ਵੀਜ਼ੇ ਲਈ ਅਰਜ਼ੀ ਦਿੱਤੀ ਹੈ, ਨਾਂਹ ਕਰ ਦਿੰਦੇ ਆ। ਭਰਾਵੋ ਤੁਸੀਂ ਵੀ ਦੁਆ ਕਰੋ ਕਿ ਦੋਹਾਂ ਪਾਸਿਆਂ ਦੇ ਲੋਕਾਂ ਨੂੰ ਆਉਣ ਜਾਣ ਦੀ ਖੁੱਲ੍ਹ ਹੋ ਜਾਵੇ। ਫਿਰ ਪੁੱਛਣ ਲੱਗੀ ਕਿ ਤੁਸੀਂ ਵੀ ਕਦੇ ਅਜਮੇਰ ਸ਼ਰੀਫ ਗਏ ਹੋ? ਤਾਂ ਸਾਡੀ ਨਾਂਹ ਸੁਣ ਕੇ ਉਹਨੇ ਇਕ ਹਉਕਾ ਜਿਹਾ ਲਿਆ। ਫਿਰ ਬੋਲੀ ਕਿ ਤਿੰਨ ਕੁ ਸਾਲ ਪਹਿਲਾਂ ਉਹ ਹੱਜ 'ਤੇ ਗਈ ਸੀ ਤਾਂ ਹਿੰਦੋਸਤਾਨ ਤੋਂ ਵੀ ਲੋਕੀਂ ਉਥੇ ਆਏ ਹੋਏ ਸਨ। ਉਨ੍ਹਾਂ ਨੇ ਅਜਮੇਰ ਸ਼ਰੀਫ ਦੇ ਦਰਸ਼ਨ ਕੀਤੇ ਹੋਏ ਸਨ। ਮੈਂ ਉਨ੍ਹਾਂ ਨੂੰ ਮਿਲ ਕੇ ਹੀ ਬਹੁਤ ਖੁਸ਼ ਹੋਈ। ਮੈਂ ਉਨ੍ਹਾਂ ਕੋਲੋਂ ਹਿੰਦੋਸਤਾਨ ਦਾ 10 ਰੁਪਏ ਦਾ ਨੋਟ ਲਿਆ ਜਿਹੜਾ ਅਜੇ ਵੀ ਰੱਖਿਆ ਹੋਇਆ ਹੈ। ਨਾਲੇ ਜੇ ਤੁਹਾਡੇ ਕੋਲ ਉਧਰ ਦਾ ਕੋਈ ਨੋਟ ਹੈ ਤਾਂ ਮੈਨੂੰ ਜ਼ਰੂਰ ਦਿਓ। ਮੇਰੇ ਭਰਾ ਨੇ 100 ਦਾ ਨੋਟ ਦੇ ਦਿੱਤਾ ਤਾਂ ਉਥੇ ਬੈਠੀ ਇਕੱਲੀ-ਇਕੱਲੀ ਬੀਬੀ ਉਸ ਨੋਟ ਨੂੰ, ਵਾਰੀ ਸਿਰ ਫੜ ਕੇ, ਉਲਟਾ-ਸਿੱਧਾ ਕਰਕੇ ਦੇਖੀ ਜਾਣ, ਜਿੱਦਾਂ ਕੋਈ ਅਨਮੋਲ ਚੀਜ਼ ਹੁੰਦੀ ਹੈ। ਉਸ ਬੀਬੀ ਦੀਆਂ ਗੱਲਾਂ ਤੋਂ ਲੱਗਾ ਕਿ ਜੇ ਸਾਡੇ ਮਨਾਂ ਵਿਚ ਪਾਕਿਸਤਾਨ ਵਿਚਲੇ ਗੁਰਧਾਮਾਂ ਲਈ ਤੜਪ ਹੈ ਤਾਂ ਇਨ੍ਹਾਂ ਲੋਕਾਂ ਦੇ ਮਨਾਂ ਵਿਚ ਹਿੰਦੋਸਤਾਨ ਵਿਚਲੇ ਆਪਣੇ ਪਵਿੱਤਰ ਸਥਾਨਾਂ ਲਈ ਕਿਹੜੀ ਘੱਟ ਤੜਪ ਹੈ।

ਉਥੋਂ ਤੁਰਨ ਲੱਗਿਆਂ ਕਾਦਿਰ ਭਾਈ ਕਹਿਣ ਲੱਗਾ ਕਿ ਆਪਾਂ ਹੁਣ ਗੁਰੂ ਨਾਨਕ ਦੇਵ ਜੀ ਦੇ ਨਾਨਕਿਆਂ ਦੇ ਜਾਣਾ ਹੈ। ਉਥੇ ਹੀ ਬੀਬੀ ਨਾਨਕੀ ਜੀ ਦਾ ਜਨਮ ਹੋਇਆ ਸੀ। ਅਸੀਂ ਤਾਂ ਸੋਚਿਆ ਕਿ ਐਥੇ ਕਿਤੇ ਨੇੜੇ ਹੀ ਲਾਹੌਰ ਵਿਚ ਹੋਣਾ ਹੈ ਪਰ ਉਹ ਲਾਹੌਰ ਤੋਂ ਬਾਹਰ, ਕੈਂਟ ਏਰੀਏ ਦੇ ਬਾਹਰ ਪੈਂਦਾ ਹੈ। ਲਾਹੌਰ ਤੋਂ ਚੱਲਣ ਸਮੇਂ ਉਸਨੇ ਕਿਸੇ ਨੂੰ ਟੈਲੀਫੋਨ ਕੀਤਾ। ਬਾਅਦ ਵਿਚ ਦੱਸਿਆ, "ਮੈਂ ਤੁਹਾਨੂੰ ਪਾਕਿਸਤਾਨ ਦੀ ਪੰਜਾਬ ਪੁਲਿਸ ਵਿਚ ਭਰਤੀ ਹੋਏ ਪਹਿਲੇ ਸਿੱਖ ਨੂੰ ਮਿਲਾਉਣਾ ਸੀ। ਉਹ ਹੁਣ ਇੰਸਪੈਕਟਰ ਦੇ ਰੈਂਕ 'ਤੇ ਹੈ।" ਉਸ ਦੇ ਬਾਰੇ ਕਾਫ਼ੀ ਚਿਰ ਪਹਿਲਾਂ ਅਖਬਾਰਾਂ ਵਿਚ ਵੀ ਆਇਆ ਸੀ ਤੇ ਉਹਦੀ ਲਾਹੌਰ ਵਿਚ ਟਰੈਫਿਕ ਡਿਊਟੀ ਕਰਦੇ ਦੀ ਵੀਡੀਓ ਵੀ ਦਿਖਾਈ ਗਈ ਸੀ, ਉਸ ਦਾ ਨਾਂ ਸ. ਗੁਲਾਬ ਸਿੰਘ ਹੈ। ਕਾਦਿਰ ਨੇ ਦੱਸਿਆ, "ਉਹਦੀ ਡਿਊਟੀ ਅੱਜ ਕੱਲ੍ਹ ਲਾਹੌਰ ਇੰਟਰਨੈਸ਼ਨਲ ਏਅਰਪੋਰਟ 'ਤੇ ਹੈ ਤੇ ਅਸੀਂ ਏਅਰਪੋਰਟ ਦੇ ਲਾਗਿਉਂ ਹੀ ਲੰਘਣਾ ਸੀ ਪਰ ਉਸ ਦਿਨ ਫੌਜ ਦੇ ਕੁਝ ਜਰਨੈਲ ਆਏ ਹੋਏ ਸਨ ਤੇ ਉਸ ਦੀ ਡਿਊਟੀ ਸ਼ਾਮ ਤੱਕ ਉਨ੍ਹਾਂ ਨਾਲ ਹੋਣ ਕਰਕੇ ਉਹ ਮਿਲ ਨਹੀਂ ਸੀ ਸਕਦਾ।" ਸ. ਗੁਲਾਬ ਸਿੰਘ ਪੁਲਿਸ ਵਿਚ ਇਕ ਇਮਾਨਦਾਰ ਅਫਸਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਜਿਸ ਕਰਕੇ ਉਹਦੇ ਕਈ ਉਪਰਲੇ ਅਫਸਰ ਉਹਨੂੰ ਨਾਪਸੰਦ ਕਰਦੇ ਸਨ ਜਿਸ ਕਰਕੇ ਉਹਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਪਰ ਮਹਿਕਮੇ ਨੇ ਅਸਤੀਫਾ ਮਨਜ਼ੂਰ ਨਾ ਕੀਤਾ ਤੇ ਗੁਪਤ ਤਫਤੀਸ਼ ਕਰਕੇ ਉਹਦੀ ਪ੍ਰਮੋਸ਼ਨ ਕਰ ਦਿੱਤੀ।



ਜਾਂਦੇ-ਜਾਂਦੇ ਇਕ ਵੱਡੀ ਨਹਿਰ ਵੀ ਆਈ, ਇਹੋ ਹੀ ਇੱਚੋਗਿਲ ਨਹਿਰ ਹੈ ਜਿਹੜੀ ਝਨਾਂ ਦਰਿਆ ਵਿਚੋਂ ਦੀ ਕੱਢੀ ਹੋਈ ਹੈ। ਇਹ ਹਿੰਦੋਸਤਾਨ ਦੇ ਬਾਰਡਰ ਦੇ ਬਹੁਤ ਨੇੜੇ ਹੈ। ਕਾਦਿਰ ਨੇ ਦੱਸਿਆ, "ਇਹ ਇਕ ਤਰ੍ਹਾਂ ਨਾਲ ਸਾਡੇ ਮੁਲਕ ਦੀ ਡਿਫੈਂਸ ਲਾਈਨ ਵੀ ਹੈ।" ਇਹਦੇ ਬਾਹਰਲੇ ਪਾਸੇ ਕੰਢਿਆਂ ਵਿਚ ਪੱਕੇ ਬੰਕਰ ਵੀ ਚਲਦੇ-ਚਲਦੇ ਅਸੀਂ ਦੇਖੇ। ਕਾਦਿਰ ਭਾਈ ਚਲਦੇ-ਚਲਦੇ ਹੀ ਆਲੇ ਦੁਆਲੇ ਦੀ ਜਾਣਕਾਰੀ ਦੇਈ ਜਾਂਦਾ ਸੀ। ਜਦੋਂ ਬੰਕਰਾਂ ਦੀ ਗੱਲ ਹੋਈ ਤਾਂ ਸਹਿਜੇ ਹੀ ਗੱਲਾਂ ਕਰਦਾ ਕਹਿਣ ਲੱਗਾ ਕਿ ਇਹ ਬੰਕਰ ਸਾਡੀ ਫੌਜ ਦੀ ਬਾਰਡਰ ਵਲੋਂ ਦੁਸ਼ਮਣ ਨਾਲ ਲੜਾਈ ਵਿਚ ਬੜੇ ਕਾਰਗਰ ਸਾਬਤ ਹੁੰਦੇ ਹਨ। ਮੈਨੂੰ ਬੜੀ ਹੈਰਾਨੀ ਹੋਈ ਕਿ ਕਾਦਿਰ ਦੀ ਜ਼ੁਬਾਨ ਤੋਂ ਜਿਨ੍ਹਾਂ ਲਈ ਬਾਰਡਰ ਤੋਂ ਪਾਰ ਦੇ ਦੁਸ਼ਮਣ ਨਿਕਲਿਆ, ਉਨ੍ਹਾਂ ਨੂੰ ਤਾਂ ਪੰਜਾਂ ਦਿਨਾਂ ਤੋਂ ਕਾਰ 'ਚ ਨਾਲ ਲਈ ਫਿਰਦਾ ਹੈ। ਭਾਈ ਸਾਹਿਬ-ਭਾਈ ਸਾਹਿਬ ਕਹਿੰਦੇ ਦੀ ਜ਼ੁਬਾਨ ਸੁੱਕਦੀ ਆ, ਇਹ ਦੁਸ਼ਮਣੀ ਫਿਰ ਕਿੱਥੋਂ ਆ ਗਈ? ਅਸਲ ਵਿਚ ਦੁਸ਼ਮਣੀ ਤਾਂ ਬਾਰਡਰ ਵਾਲੀ ਲੀਕ ਪਾਲੀ ਬੈਠੀ ਹੈ ਜਾਂ ਦੋਹਾਂ ਪਾਸਿਆਂ ਦੀਆਂ ਸਰਕਾਰਾਂ ਨੇ ਲੋਕਾਂ ਦੇ ਬਰੇਨ ਵਾਸ਼ ਕੀਤੇ ਹੋਏ ਨੇ। ਜਦ ਹਿੰਦੋਸਤਾਨ ਅਤੇ ਪਾਕਿਸਤਾਨ ਮਨਫੀ ਕਰਕੇ ਦੋਹਾਂ ਪੰਜਾਬਾਂ ਦੇ ਵਾਸੀ ਆਪਸ ਵਿਚ ਮਿਲਦੇ ਹਨ ਤਾਂ ਸਕਿਆਂ ਭਰਾਵਾਂ ਵਰਗੇ ਹੁੰਦੇ ਨੇ।

ਨਹਿਰੋਂ ਹੱਟ ਕੇ ਜਿਸ ਸੜਕ ਤੇ ਅਸੀਂ ਜਾ ਰਹੇ ਸੀ, ਉਸਦਾ ਨਾਂ ਹੀ 'ਬੇਦੀਆ ਰੋਡ' ਹੈ ਤੇ ਇਹੋ ਸੜਕ ਗੁਰਦੁਆਰੇ ਨੂੰ ਜਾਂਦੀ ਸੀ। ਇਸੇ ਸੜਕ ਤੇ ਪੁਲਿਸ ਟਰੇਨਿੰਗ ਸੈਂਟਰ ਹੈ ਜਿਸਦਾ ਨਾਂ 'ਇਲੀਟ ਪੁਲਿਸ ਟਰੇਨਿੰਗ ਇੰਸਟੀਚਿਊਸ਼ਨ, ਲਾਹੌਰ ਕੈਂਟ' ਹੈ। ਕਾਦਿਰ ਭਾਈ ਨੇ ਦੱਸਿਆ ਕਿ ਜਿਹੜਾ ਤਿੰਨ ਕੁ ਮਹੀਨੇ ਪਹਿਲਾਂ ਅਤਿਵਾਦੀਆਂ ਵਲੋਂ ਪੁਲਿਸ ਰੰਗਰੂਟਾਂ 'ਤੇ ਅਟੈਕ ਹੋਇਆ ਸੀ ਤੇ ਜਿਸ ਵਿਚ ਕਈ ਰੰਗਰੂਟ ਮਾਰੇ ਗਏ ਸਨ, ਉਹ ਇਸੇ ਸੈਂਟਰ 'ਤੇ ਹੋਇਆ ਸੀ। ਉਸ ਦੇ ਮੇਨ ਗੇਟ 'ਤੇ ਕਾਫੀ ਸਕਿਉਰਿਟੀ ਲੱਗੀ ਹੋਈ ਸੀ ਤੇ ਉਸ ਦੇ ਚਾਰੇ ਪਾਸੇ ਅਟੈਕ ਤੋਂ ਬਾਅਦ ਸਪੈਸ਼ਲ ਪ੍ਰਬੰਧ ਕਰ ਦਿੱਤਾ ਗਿਆ ਸੀ। ਇਹ ਟਰੇਨਿੰਗ ਸੈਂਟਰ ਲੰਘਦਿਆਂ ਹੀ ਖੱਬੇ ਪਾਸੇ ਨੂੰ ਇਕ ਲਿੰਕ ਸੜਕ ਮੁੜ ਗਈ ਤੇ ਕੋਈ ਅੱਧੇ ਮੀਲ ਤੋਂ ਵੀ ਘੱਟ ਦੂਰ ਇਕ ਪਿੰਡ ਦਿਸਿਆ ਤੇ ਉਥੋਂ ਹੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਵੀ ਹੋਣ ਲੱਗ ਪਏ। ਇਸ ਪਿੰਡ ਦਾ ਨਾਂ 'ਡੇਰਾ ਚਾਹਲ' ਹੈ ਤੇ ਗੁਰਦੁਆਰੇ ਦਾ ਨਾਂ 'ਗੁਰਦੁਆਰਾ ਬੇਬੇ ਨਾਨਕੀ' ਹੈ। ਗੁਰਦੁਆਰਾ ਜ਼ਮੀਨ ਤੋਂ 6 ਕੁ ਫੁੱਟ ਉਚਾ ਬਣਾਇਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਅੰਦਰ ਹੈ। ਗੁਰਦੁਆਰੇ ਦੇ ਜਿਸ ਦਰਵਾਜ਼ੇ ਰਾਹੀਂ ਅਸੀਂ ਅੰਦਰ ਲੰਘੇ, ਉਸ ਉਤੇ ਲਿਖਿਆ ਸੀ ਕਿ ਸਾਧ ਸੰਗਤ, ਹਾਂਗਕਾਂਗ ਨੇ ਸੇਵਾ ਕਰਾਈ। ਸੰਨ 1911 ਲਿਖਿਆ ਸੀ। ਸਾਡੇ ਜਾਣ ਤੇ ਭਾਈ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ 'ਵਾਕ' ਲੈ ਕੇ ਸਾਨੂੰ ਸਰਵਣ ਕਰਵਾਇਆ ਤੇ ਕੜਾਹ ਪ੍ਰਸਾਦਿ ਵੀ ਵਰਤਾਇਆ ਜਿਹੜਾ ਕਿ ਤਾਜ਼ਾ ਤੇ ਗਰਮ ਗਰਮ ਹੁਣੇ ਬਣਿਆ ਲੱਗਿਆ। ਜਦੋਂ ਅਸੀਂ ਗੁਰਦੁਆਰੇ ਦੇ ਰਾਹ ਦੇ ਦੂਜੇ ਪਾਸੇ ਨਾਲ ਹੀ ਇਕ ਛੱਪੜ ਹੈ ਜਿਸ ਦੇ ਦੂਜੇ ਪਾਸੇ ਢੇਰ (ਗੋਹੇ ਤੇ ਕੂੜੇ ਦੇ) ਲੱਗੇ ਹੋਏ ਸਨ। ਕਾਦਿਰ ਨੇ ਦੱਸਿਆ ਕਿ ਅਸਲ ਵਿਚ ਇਹ ਸਰੋਵਰ ਪੁੱਟਣਾ ਸ਼ੁਰੂ ਕੀਤਾ ਸੀ। ਪੁਟਾਈ ਤਾਂ ਹੋ ਗਈ ਪਰ ਉਦੋਂ ਹੀ 1947 ਦੇ ਰੌਲੇ ਪੈ ਗਏ ਤਾਂ ਸਭ ਕੁਝ ਅਟਕ ਗਿਆ ਤੇ ਹੁਣ ਆਹ ਹਾਲਤ ਹੈ। ਮੱਥਾ ਟੇਕਣ ਤੋਂ ਬਾਅਦ ਜਦੋਂ ਅਸੀਂ ਤੁਰਨ ਲੱਗੇ ਤਾਂ ਭਾਈ ਸਾਹਿਬ ਕਹਿੰਦੇ, 'ਚਾਹ ਛੱਕ ਲਓ'। ਅਸੀਂ ਤਾਂ ਸੋਚਿਆ ਕਿ ਸ਼ਾਇਦ ਇੱਥੇ ਹੀ ਲੰਗਰ ਦਾ ਕਮਰਾ ਹੋਣਾ, ਜਿਥੇ ਚਾਹ ਬਣਾਈ ਹੋਊ ਪਰ ਉਹ ਸਾਨੂੰ ਗੁਰਦੁਆਰੇ ਦੇ ਨਾਲ ਲਗਦੇ ਲਹਿੰਦੇ ਪਾਸੇ ਵਾਲੇ ਘਰ 'ਚ ਲੈ ਗਿਆ। ਅਸਲ ਵਿਚ ਇਹੋ ਸ. ਗੁਲਾਬ ਸਿੰਘ, ਪੁਲਿਸ ਇੰਸਪੈਕਟਰ ਦਾ ਘਰ ਹੈ ਜਿਹੜਾ ਸਾਨੂੰ ਅੰਦਰ ਜਾ ਕੇ ਉਹਦੀ ਵੱਡੀ ਵਰਦੀ ਵਾਲੀ ਫੋਟੋ ਤੋਂ ਪਤਾ ਲੱਗਾ। ਉਥੇ ਉਸ ਦੇ ਪਿਤਾ ਸ. ਮੰਨਾ ਸਿੰਘ ਤੇ ਮਾਤਾ ਜੀ ਰਹਿੰਦੇ ਸਨ। ਅਸਲ 'ਚ ਜਦੋਂ ਲਾਹੌਰ ਤੋਂ ਤੁਰਨ ਲੱਗਿਆਂ ਕਾਦਿਰ ਭਾਈ ਨੇ ਸ. ਗੁਲਾਬ ਸਿੰਘ ਨੂੰ ਟੈਲੀਫੋਨ ਕੀਤਾ ਸੀ ਕਿ ਤਿੰਨ ਸਰਦਾਰ ਗੁਰਦੁਆਰੇ ਦੇ ਦਰਸ਼ਨਾਂ ਨੂੰ ਲਿਜਾ ਰਿਹਾ ਹਾਂ ਤਾਂ ਉਹਨੇ ਘਰ ਟੈਲੀਫੋਨ 'ਤੇ ਕਹਿ ਦਿੱਤਾ ਸੀ ਕਿ ਚਾਹ-ਪਾਣੀ ਤੇ ਲੰਗਰ ਜ਼ਰੂਰ ਛਕਾਉਣ। ਉਨ੍ਹਾਂ ਦੇ ਡਰਾਇੰਗ ਰੂਮ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵੱਡੀ ਫੋਟੋ ਵੀ ਲੱਗੀ ਹੋਈ ਸੀ। ਉਂਦਾਂ ਸ. ਗੁਲਾਬ ਸਿੰਘ ਪੇਸ਼ੇ ਵਜੋਂ ਹੋਮਿਓਪੈਥੀ ਦਾ ਕੁਆਲੀਫਾਈਡ ਡਾਕਟਰ ਹੈ ਤੇ ਇੱਥੇ ਪਿੰਡ ਵਿਚ ਹੀ ਨੌਕਰੀ ਤੋਂ ਪਹਿਲਾਂ ਪ੍ਰੈਕਟਿਸ ਵੀ ਕਰਦਾ ਸੀ।

ਕਾਦਿਰ ਨੇ ਦੱਸਿਆ ਕਿ ਉਹਦੇ ਬਹੁਤੇ ਮਰੀਜ਼ ਤਾਂ ਪੇਂਡੂ ਗਰੀਬ ਲੋਕ ਹੀ ਸਨ ਜਿਨ੍ਹਾਂ ਨੂੰ ਉਹ ਕਈ ਵਾਰੀ ਮੁਫਤ ਹੀ ਦਵਾਈ ਦੇ ਦਿੰਦਾ ਸੀ। ਇਨ੍ਹਾਂ ਦੇ ਪਰਿਵਾਰ ਦੀ ਇਸ ਇਲਾਕੇ ਵਿਚ ਲੋਕੀਂ ਬਹੁਤ ਇੱਜ਼ਤ ਕਰਦੇ ਹਨ। ਕਾਦਿਰ ਵੀ ਉਸ ਪਰਿਵਾਰ ਨਾਲ ਕਾਫੀ ਘੁਲਿਆ-ਮਿਲਿਆ ਲਗਦਾ ਸੀ ਕਿਉਂਕਿ ਜਦੋਂ ਮਾਤਾ ਜੀ ਨੇ ਕਿਹਾ, 'ਚਾਹ ਲੈ ਆਵਾਂ' ਤਾਂ ਕਹਿੰਦਾ, 'ਮੈਂ ਚੁੱਕ ਲਿਆਉਨਾਂ। ਬੀਬੀ ਤੂੰ ਬੈਠੀ ਰਹਿ।' ਚਾਹ ਪੀਂਦਿਆਂ ਹੀ ਕਾਦਿਰ ਕਹਿਣ ਲੱਗਾ, 'ਹੁਣ ਗੁਲਾਬ ਦਾ ਵਿਆਹ ਕਰ ਦਿਓ' ਤਾਂ ਦੋਵੇਂ-ਮਾਤਾ ਤੇ ਪਿਤਾ ਖੁਸ਼ ਜਿਹੇ ਹੋ ਗਏ ਅਤੇ ਮਾਂ ਕਹਿੰਦੀ, 'ਡਿਊਟੀ ਤੋਂ ਹੀ ਉਹਨੂੰ ਵਿਹਲ ਨਹੀਂ ਮਿਲਦੀ। ਸਾਨੂੰ ਕਈ ਵਾਰੀ ਸਵੇਰੇ ਉਠ ਕੇ ਪਤਾ ਲਗਦੈ ਕਿ ਰਾਤੀਂ ਆਇਆ ਵੀ ਸੀ ਤੇ ਦੋ ਕੁ ਘੰਟੇ ਸੌਂ ਕੇ ਮੁੜ ਤਿਆਰ ਹੋ ਕੇ ਤੜਕੇ ਫਿਰ ਡਿਊਟੀ 'ਤੇ ਚਲਾ ਗਿਆ।' ਉਨ੍ਹਾਂ ਕੋਲ ਬਹਿ ਕੇ ਤੇ ਗੱਲਾਂ ਕਰਕੇ ਬਹੁਤ ਹੀ ਚੰਗਾ ਲੱਗਿਆ। ਦੋਹਾਂ ਜੀਆਂ ਦਾ ਸ਼ਾਂਤ ਸੁਭਾਅ ਸ਼ਾਇਦ ਬਾਬੇ ਨਾਨਕ ਦੀ ਰਹਿਮਤ ਕਰਕੇ ਹੋਵੇ। ਤੁਰਨ ਲੱਗਿਆਂ ਨੂੰ ਕਹਿੰਦੇ ਕਿ ਜਦੋਂ ਫਿਰ ਕਦੇ ਪਾਕਿਸਤਾਨ ਆਏ ਤਾਂ ਇੱਥੇ ਵੀ ਜ਼ਰੂਰ ਆਇਓ। ਉਨ੍ਹਾਂ ਨੂੰ ਫਤਿਹ ਬੁਲਾ ਕੇ ਅਸੀਂ ਬਾਰਡਰ ਵਲ ਨੂੰ ਚਾਲੇ ਪਾ ਲਏ।

ਜਿਸ ਪਾਸਿਉਂ ਦੀ ਅਸੀਂ ਜਾ ਰਹੇ ਸਾਂ ਉਹ ਇਕ ਰਿਹਾਇਸ਼ੀ ਵੱਡੀ ਕਾਲੋਨੀ ਦੇ ਤੌਰ 'ਤੇ

*(ਬਾਕੀ ਸਫਾ 37 'ਤੇ)*

## ਮਿਲੁ ਮੇਰੇ ਪ੍ਰੀਤਮਾ ਜੀਉ ਤੁਧ ਬਿਨੁ ਖਰੀ ਨਿਮਾਣੀ

**ਗੁਰਬਾਣੀ ਗਿਆਨ**

ੴ ਸਤਿਗੁਰ ਪ੍ਰਸਾਦਿ॥
ਗਉੜੀ ਮਹਲਾ 5
ਮਿਲੁ ਮੇਰੇ ਪ੍ਰੀਤਮਾ ਜੀਉ ਤੁਧ ਬਿਨੁ ਖਰੀ ਨਿਮਾਣੀ॥
ਮੈ ਨੈਣੀ ਨੀਂਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥
ਪਾਣੀ ਅੰਨੁ ਨ ਭਾਵੈ ਮਰੀਐ ਗਵੈ ਬਿਨੁ ਪਿਰ ਕਿਉ ਸੁਖੁ ਪਾਈਐ॥
ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ॥
ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰ ਆਏ॥
ਨਾਨਕ ਕਾਮਣਿ ਸਦਾ ਸੁਹਾਗਣਿ ਨ ਪਿਰ ਮਰੈ ਨ ਜਾਏ॥

ਇਸ ਸ਼ਬਦ ਵਿਚ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਭੂ ਅਤੇ ਜੀਵ ਦੇ ਵਿਛੋੜੇ ਨੂੰ ਇਕ ਕਾਮਣ ਇਸਤਰੀ ਦੇ ਪਤੀ ਨਾਲੋਂ ਵਿਛੋੜੇ ਦੀ ਤਸ਼ਬੀਹ ਦੇ ਕੇ ਫਰਮਾਉਂਦੇ ਹਨ ਕਿ ਹੇ ਮੇਰੇ ਪ੍ਰੀਤਮਾ ਜੀਓ ਆਓ ਮੈਨੂੰ ਮਿਲੋ। ਮੈਂ ਤੁਹਾਡੇ ਬਿਰਹਾ ਵਿਚ ਤੜਫ ਰਹੀ ਹਾਂ ਅਤੇ ਤੁਹਾਡੇ ਬਿਨਾਂ ਕਾਸੇ ਜੋਗੀ ਨਹੀਂ। ਮੈਂ ਨਿਮਾਣੀ ਆਪ ਜੀ ਦੇ ਵਿਛੋੜੇ ਵਿਚ ਤੜਫ ਰਹੀ ਹਾਂ। ਪਰਮਾਤਮਾ ਤੋਂ ਵਿਛੜੀ ਆਤਮਾ ਦੀ ਵੇਦਨਾ ਨੂੰ ਆਪਣੇ ਪਤੀ ਤੋਂ ਵਿਛੜੀ ਇਸਤਰੀ ਦੀ ਵੇਦਨਾ ਰਾਹੀਂ ਪ੍ਰਗਟ ਕਰਦੇ ਹੋਏ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਮੈਨੂੰ ਵਿਛੋੜੇ ਵਿਚ ਨਾ ਨੀਂਦ ਆਉਂਦੀ ਹੈ, ਨਾ ਅੰਨ-ਪਾਣੀ ਚੰਗਾ ਲਗਦਾ ਹੈ। ਵੈਰਾਗ ਹੀ ਵੈਰਾਗ ਹੈ। ਅੱਖਾਂ ਦੀ ਨੀਂਦ ਉਡ ਗਈ ਹੈ, ਖਾਣਾ-ਪੀਣ ਵਿਸਰ ਗਿਆ ਹੈ, ਕੁਝ ਵੀ ਮਨ ਨੂੰ ਭਾਉਂਦਾ ਨਹੀਂ ਕਿਉਂਕਿ ਮੈਂ ਤੁਹਾਡੇ ਵਿਛੋੜੇ ਵਿਚ ਤੜਫ ਰਹੀ ਹਾਂ। ਪ੍ਰਭ ਦੇ ਮਿਲਾਪ ਬਿਨਾਂ ਮੈਨੂੰ ਸੁਖ ਨਹੀਂ ਮਿਲ ਸਕਦਾ। ਹੁਣ ਸਵਾਲ ਹੈ, ਪ੍ਰਭੂ ਨਾਲ ਸਾਧਕ ਦਾ ਮਿਲਾਪ ਕਿਵੇਂ ਹੋਵੇ? ਇਥੇ ਗੁਰਦੇਵ ਪਿਤਾ ਰਸਤਾ ਦੱਸ ਰਹੇ ਹਨ, "ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ॥" ਰਹਿਮਤਾਂ ਦੇ ਮਾਲਕ ਗੁਰੂ ਜੀ ਫਰਮਾਉਂਦੇ ਹਨ, ਪ੍ਰਭੂ ਦੇ ਮਿਲਾਪ ਲਈ ਗੁਰੂ ਕੋਲ ਬੇਨਤੀ ਕਰੀਏ, ਅਰਦਾਸ ਕਰੀਏ। ਜੇ ਗੁਰੂ ਸਹਾਈ ਹੋਵੇ, ਜੇ ਸਤਿਗੁਰ ਮਿਹਰਵਾਨ ਹੋ ਜਾਵੇ ਤਾਂ ਅਕਾਲ ਪੁਰਖ ਨਾਲ ਮਿਲਾਪ ਹੋ ਸਕਦਾ ਹੈ। ਸਤਿਗੁਰੂ ਉਸ ਪ੍ਰਭੂ ਦੇ ਮਿਲਾਪ ਦੀ ਅਵਸਥਾ ਦੇ ਅਨੰਦ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ, "ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰ ਆਏ॥" ਗੁਰੂ ਦੀ ਰਹਿਮਤ ਸਦਕਾ ਕਾਮਣ ਦੀ ਬੇਨਤੀ ਪ੍ਰਵਾਨ ਹੋਈ ਹੈ ਅਤੇ ਸਾਰੇ ਸੁੱਖਾਂ ਦਾ ਦਾਤਾ ਪ੍ਰਭੂ ਪਤੀ ਹੁਣ ਆਪ ਘਰ ਆ ਕੇ ਮਿਲਿਆ ਹੈ। ਮਿਲਾਪ ਦੀ ਅਵਸਥਾ ਕੀ ਹੈ, "ਨਾਨਕ ਕਾਮਣਿ ਸਦਾ ਸੁਹਾਗਣਿ ਨ ਪਿਰ ਮਰੈ ਨ ਜਾਏ॥" ਮੇਰੇ ਸਤਿਗੁਰੂ ਪਾਤਸ਼ਾਹ ਮਿਲਣ ਦੀ ਪ੍ਰਸੰਨਤਾ ਦਾ, ਉਸ ਦੇ ਖੇੜੇ ਦਾ, ਪਿਆਰ ਭਰੇ ਮਿਲਾਪ ਦਾ ਵਰਣਨ ਕਰ ਰਹੇ ਹਨ ਕਿ ਹੇ ਭਾਈ, ਉਹ ਜੀਵ ਆਤਮਾ ਸਦਾ ਲਈ ਹੀ ਸੁਹਾਗਣ ਹੈ ਕਿਉਂਕਿ ਪਤੀ ਪਰਮੇਸ਼ਰ ਜੀਵ ਰੂਪੀ ਇਸਤਰੀ ਨੂੰ ਮਿਲਿਆ ਹੈ। ਉਹ ਨਾ ਹੀ ਮਰਦਾ ਹੇ ਅਤੇ ਨਾ ਹੀ ਕਿਤੇ ਜਾਂਦਾ ਹੈ। ਮਿਲਾਪ ਹੀ ਮਿਲਾਪ ਹੈ, ਅਨੰਦ ਹੀ ਅਨੰਦ ਹੈ। ਆਤਮਾ ਤੇ ਪਰਮਾਤਮਾ ਦੇ ਮਿਲਾਪ ਤੋਂ ਬਾਅਦ ਜੰਮਣ-ਮਰਨ ਕੱਟਿਆ ਜਾਂਦਾ ਹੈ।

*-ਬੀਬੀ ਸੁਰਜੀਤ ਕੌਰ,*
*ਹਜ਼ੂਰੀ ਰਾਗੀ ਸ੍ਰੀ ਗੁਰੂ ਰਵਿਦਾਸ ਟੈਂਪਲ,*
*ਪਿਟਸਬਰਗ, ਕੈਲੀਫੋਰਨੀਆ।*

# ਸੰਸਾਰ ਗੁਰਦੁਆਰਾ ਐਕਟ ਅਤੇ ਸਿੱਖ ਸਮੱਸਿਆਵਾਂ

*ਪਿਛਲੀ ਸਦੀ ਦੇ ਅਰੰਭ ਵਿਚ ਦੋ ਸਿੱਖ ਤਨਜ਼ੀਮਾਂ ਦਾ ਜ਼ੋਰ ਸੀ, ਸਿੰਘ ਸਭਾ ਲਹਿਰ ਤੇ ਗੁਰਦੁਆਰਾ ਸੁਧਾਰ ਲਹਿਰ ਜਿਨ੍ਹਾਂ ਨੇ ਅਧੋਗਤੀ ਦੇ ਰਾਹ ਪਈ ਸਿੱਖ ਕੌਮ ਨੂੰ ਨਵੀਂ ਜਾਗ੍ਰਿਤੀ ਦਿੱਤੀ। ਸਿੰਘ ਸਭਾ ਲਹਿਰ ਦੀ ਪੈਦਾ ਕੀਤੀ ਚੇਤਨਾ ਨੇ ਹੀ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿੱਤਾ ਜਿਸਨੇ ਅੰਗਰੇਜ਼ੀ ਗੁਲਾਮੀ ਅਧੀਨ ਆਜ਼ਾਦ ਸਿੱਖ ਗੁਰਦੁਆਰਾ ਪ੍ਰਬੰਧ ਕਾਇਮ ਕੀਤਾ। ਇਸ ਲਹਿਰ ਵਿਚੋਂ ਦੋ ਮਹਾਨ ਸੰਸਥਾਵਾਂ ਨੇ ਜਨਮ ਲਿਆ। ਇਹ ਹਨ-ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਸਮੇਂ ਦੇ ਵਹਾਅ ਦੌਰਾਨ ਸ਼੍ਰੋਮਣੀ ਕਮੇਟੀ ਵਿਚ ਕਈ ਬਦਲਾਅ ਲਿਆਉਣ ਦੀ ਜ਼ਰੂਰਤ ਮਹਿਸੂਸ ਕੀਤੀ ਜਾਣ ਲੱਗੀ ਹੈ। ਨੌਜਵਾਨ ਲੇਖਕ ਕੰਵਰਜੀਤ ਸਿੰਘ ਨੇ ਇਸ ਦਿਸ਼ਾ ਵਿਚ ਸੰਸਾਰ ਭਰ ਦੇ ਸਿੱਖ ਗੁਰਧਾਮਾਂ ਦੇ ਸੁਚੱਜੇ ਪ੍ਰਬੰਧ ਲਈ, 'ਸੰਸਾਰ ਸਿੱਖ ਗੁਰਦੁਆਰਾ ਐਕਟ' ਦੀ ਰੂਪ-ਰੇਖਾ ਉਲੀਕਦਾ ਖਰੜਾ ਲਿਖ ਕੇ ਪਹਿਲਕਦਮੀ ਕੀਤੀ ਹੈ। ਇਹ ਦਸਤਾਵੇਜ਼ ਇਸ ਦਿਸ਼ਾ ਵਿਚ ਇਕ ਕਦਮ ਹੈ ਅਤੇ ਸਿੱਖ ਪੰਥ ਦੀਆਂ ਬਦਲੀਆਂ ਲੋੜਾਂ ਨੂੰ ਮੁੱਖ ਰੱਖ ਕੇ ਤਿਆਰ ਕੀਤਾ ਗਿਆ ਹੈ। ਇਹ ਦਸਤਾਵੇਜ਼ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

ਹੁਣ ਸਿੱਖ ਸਾਧ ਸੰਗਤ ਪੂਰੇ ਵਿਸ਼ਵ ਵਿਚ ਫੈਲ ਚੁੱਕੀ ਹੈ ਤੇ ਸਿੱਖ ਧਰਮ ਸੰਸਾਰ-ਧਰਮ ਬਣ ਚੁਕਾ ਹੈ। ਹਰ ਥਾਂ ਸ਼ਰਧਾਵਾਨ ਸਿਦਕੀ ਸਿੱਖਾਂ ਨੇ ਆਪਣੇ ਗੁਰਧਾਮ ਉਸਾਰ ਲਏ ਹਨ ਤੇ ਸੰਸਥਾਵਾਂ ਬਣਾ ਲਈਆਂ ਹਨ। ਅਜਿਹੇ ਸਮੇਂ ਇਨ੍ਹਾਂ ਗੁਰਧਾਮਾਂ, ਸੰਸਥਾਵਾਂ ਅਤੇ ਖਾਸ ਕਰ ਸਮੂਹ ਸਿੱਖ ਸੰਗਤ ਨੂੰ ਇਕ ਪ੍ਰਬੰਧਕੀ ਲੜੀ ਵਿਚ ਪਰੋਣ ਲਈ ਇਕ ਨਵਾਂ ਪ੍ਰਬੰਧ ਜ਼ਰੂਰੀ ਹੈ।

ਸੰਸਾਰ ਦੇ ਵੱਖ-ਵੱਖ ਹਿੱਸਿਆਂ ਅੰਦਰ ਰਹਿੰਦੇ ਸਿੱਖਾਂ ਦੇ ਆਪੋ-ਆਪਣੇ ਵੱਖਰੇ ਹਾਲਾਤ ਤੇ ਵਿਕੋਲਿਤਰੀਆਂ ਲੋੜਾਂ ਹਨ। ਇਨ੍ਹਾਂ ਦੀ ਪੂਰਤੀ ਹਿਤ ਸੰਸਾਰ ਦੇ ਵੱਖ-ਵੱਖ ਖਿੱਤਿਆ ਵਿਚ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਣਨੀਆਂ ਚਾਹੀਦੀਆਂ ਹਨ। ਇਸੇ ਆਧਾਰ 'ਤੇ ਪੂਰੇ ਸੰਸਾਰ

ਕੰਵਰਜੀਤ ਸਿੰਘ

ਨੂੰ ਸੱਤ ਵੱਖ-ਵੱਖ ਖਿੱਤਿਆਂ ਵਿਚ ਵੰਡਦੇ ਹੋਏ ਸੱਤ ਪ੍ਰਬੰਧਕ ਕਮੇਟੀਆਂ ਦੀ ਵਿਵਸਥਾ ਹੋ ਸਕਦੀ ਹੈ, ਜੋ ਕਿ ਨਿਮਨ ਪ੍ਰਕਾਰ ਹੋਣ:

**1. ਖੇਤਰੀ ਪ੍ਰਬੰਧਕ ਕਮੇਟੀਆਂ**

(ੳ) ਪੰਜਾਬ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ-ਇਹ ਕਮੇਟੀ ਸਿੱਖ ਵਤਨ ਭਾਵ ਅਜੋਕੇ ਪੰਜਾਬ (ਭਾਰਤੀ), ਹਿਮਾਚਲ ਪ੍ਰਦੇਸ਼, ਹਰਿਆਣਾ, ਚੰਡੀਗੜ੍ਹ ਅਤੇ ਰਾਜਸਥਾਨ ਦੇ ਸਮੂਹ ਸਿੱਖਾਂ ਦੀ ਪ੍ਰਤੀਨਿਧਤਾ ਕਰੇ। ਇਸ ਦਾ ਮੁੱਖ ਦਫਤਰ ਸ੍ਰੀ ਅਨੰਦਪੁਰ ਸਾਹਿਬ ਹੋਵੇ।

(ਅ) ਹਿੰਦੋਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ-ਇਹ ਕਮੇਟੀ ਪੂਰੇ ਭਾਰਤ ਦੇ ਗੁਰਦੁਆਰਿਆਂ ਦਾ ਪ੍ਰਬੰਧ ਕਰੇ ਅਤੇ ਇਸ ਦਾ ਮੁੱਖ ਦਫਤਰ ਦਿੱਲੀ ਹੋਵੇ।

(ੲ) ਏਸ਼ੀਅਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ-ਇਹ ਕਮੇਟੀ ਬਾਕੀ ਏਸ਼ੀਆ (ਹਿੰਦੋਸਤਾਨ ਤੋਂ ਬਿਨਾਂ) ਦੇ ਗੁਰਧਾਮਾਂ ਦੇ ਪ੍ਰਬੰਧ ਲਈ ਬਣਾਈ ਜਾਵੇ। ਇਸਦਾ ਮੁੱਖ ਦਫਤਰ ਸ੍ਰੀ ਨਨਕਾਣਾ ਸਾਹਿਬ ਅਤੇ ਸਬ-ਆਫਿਸ ਸਿੰਗਾਪੁਰ ਹੋਵੇ।

(ਸ) ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ-ਇਹ ਕਮੇਟੀ ਉਤਰੀ ਅਮਰੀਕਾ ਅਤੇ ਦੱਖਣੀ ਅਮਰੀਕਾ ਮਹਾਂਦੀਪ ਦੇ ਸਿੱਖਾਂ ਵਲੋਂ ਆਪਣੇ ਗੁਰਧਾਮਾਂ ਦੇ ਪ੍ਰਬੰਧ ਲਈ ਚੁਣੀ ਜਾਵੇ। ਇਸ ਦਾ ਮੁੱਖ ਦਫਤਰ ਅਤੇ ਸਬ-ਆਫਿਸ ਵੈਨਕੂਵਰ (ਕੈਨੇਡਾ) ਅਤੇ ਨਿਊ ਯਾਰਕ (ਯੂ ਐਸ ਏ) ਵਿਚ ਹੋਵੇ।

(ਹ) ਅਫਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ-ਇਹ ਕਮੇਟੀ ਅਫਰੀਕਾ ਮਹਾਂਦੀਪ ਦੇ ਸਿੱਖਾਂ ਵਲੋਂ ਆਪਣੇ ਗੁਰਧਾਮਾਂ ਦੇ ਪ੍ਰਬੰਧ ਲਈ ਸਥਾਪਤ ਕੀਤੀ ਜਾਵੇ। ਇਸ ਦਾ ਮੁੱਖ ਦਫਤਰ ਨੈਰੋਬੀ (ਕੀਨੀਆ) ਹੋਵੇ।

(ਕ) ਯੂਰਪੀਅਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ-ਯੂਰਪ ਮਹਾਂਦੀਪ ਦੇ ਸਮੂਹ ਸਿੱਖ ਆਪਣੇ ਗੁਰਧਾਮਾਂ ਦੇ ਪ੍ਰਬੰਧ ਲਈ ਆਪਣੀ ਪ੍ਰਬੰਧਕ ਕਮੇਟੀ ਦੀ ਚੋਣ ਕਰਨ। ਇਸ ਕਮੇਟੀ ਦਾ ਮੁੱਖ ਦਫਤਰ ਲੰਡਨ ਹੋਵੇ।

(ਖ) ਪੈਸੀਫਿਕ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ-ਇਸ ਕਮੇਟੀ ਦੀ ਸਥਾਪਨਾ ਆਸਟਰੇਲੀਆ, ਨਿਊਜ਼ੀਲੈਂਡ ਅਤੇ ਪ੍ਰਸ਼ਾਂਤ ਮਹਾਂਸਾਗਰ ਦੇ ਹੋਰ ਦੀਪਾਂ, ਪ੍ਰਾਇਦੀਪਾਂ ਵਿਚ ਵਸਦੇ ਸਿੱਖਾਂ ਵਲੋਂ ਕੀਤੀ ਜਾਵੇ। ਇਸ ਦਾ ਮੁੱਖ ਦਫਤਰ ਸਿਡਨੀ ਹੋਵੇ।

**2. ਕੰਮ**-ਹਰੇਕ ਖੇਤਰੀ ਪ੍ਰਬੰਧਕ ਕਮੇਟੀ ਆਪਣੇ ਖੇਤਰ ਦੇ ਸਮੂਹ ਗੁਰਧਾਮਾਂ ਦੀ ਸੇਵਾ-ਸੰਭਾਲ ਦਾ ਪ੍ਰਬੰਧ ਕਰੇ। ਇਸ ਤੋਂ ਬਿਨਾਂ ਸਮੁੱਚੀ ਸਾਧ ਸੰਗਤ ਦੇ ਵਿਸ਼ੇਸ਼ ਅਤੇ ਆਮ ਹਿੱਤਾਂ ਦੀ ਰੱਖਿਆ, ਸਿੱਖ ਧਰਮ ਦਾ ਪ੍ਰਚਾਰ/ਪ੍ਰਸਾਰ ਕਰਨਾ ਇਨ੍ਹਾਂ ਦਾ ਕੰਮ ਹੋਵੇ।

**3. ਚੋਣਾਂ**-ਹਰੇਕ ਖੇਤਰੀ ਕਮੇਟੀ ਦੀਆਂ ਆਮ ਚੋਣਾਂ ਚਾਰ ਸਾਲ ਬਾਅਦ ਹੋਣ। ਚੋਣਾਂ ਲੀਪ ਦੇ ਸਾਲ ਦੌਰਾਨ, ਅੱਸੂ-ਕੱਤਕ ਮਾਂਹ (ਅਕਤੂਬਰ) ਦੌਰਾਨ ਹੋਣ। ਇਹ ਚੋਣਾਂ ਸੰਸਾਰ ਗੁਰਦੁਆਰਾ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਹੋਣ।

**4. ਹਲਕੇ**-ਹਰੇਕ ਖੇਤਰੀ ਪ੍ਰਬੰਧਕ ਕਮੇਟੀ ਦੇ ਇਕ ਹਲਕੇ ਦੇ ਵੋਟਰਾਂ ਦੀ ਗਿਣਤੀ 25000 ਤੋਂ 50000 ਤੱਕ ਹੋਵੇ। ਕੋਈ ਵੀ ਚੋਣ ਹਲਕਾ ਇਕ ਮੁਲਕ ਦੀਆਂ ਹੱਦਾਂ ਤੋਂ ਪਾਰ ਨਾ ਜਾਂਦਾ ਹੋਵੇ ਭਾਵ ਨਿਸ਼ਚਿਤ ਗਿਣਤੀ ਤੋਂ ਘੱਟ ਵੋਟਰ ਹੋਣ 'ਤੇ ਵੀ ਕਿਸੇ ਮੁਲਕ ਨੂੰ ਸੰਪੂਰਨ ਹਲਕਾ ਮੰਨਿਆ ਜਾਵੇ ਪਰ ਵੋਟਰ ਗਿਣਤੀ 5000 ਤੋਂ ਘੱਟ ਹੋਣ 'ਤੇ ਕੋਈ ਹਲਕਾ ਨਾ ਬਣੇ।

**5. ਵੋਟਰ**-ਉਹ ਸਿੱਖ ਜੋ ਰੋਮਾਂ ਦੀ ਬੇਅਦਬੀ ਨਹੀਂ ਕਰਦੇ ਭਾਵ ਸਾਬਤ ਸੂਰਤ ਹਨ। ਖੰਡੇ ਦੀ ਪਾਹੁਲ ਧਾਰਨ ਕਰਕੇ ਤਿਆਰ-ਬਰ-ਤਿਆਰ ਹੋਣ ਲਈ ਵਚਨਬੱਧ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਤੋਂ ਬਿਨਾਂ ਹੋਰ ਕਿਸੇ ਦੇਹਧਾਰੀ, ਡੇਰੇਦਾਰ, ਗੁਰੂਡੰਮ ਵਿਚ ਯਕੀਨ ਨਹੀਂ ਰੱਖਦੇ, ਗੁਰੂ ਗੋਬਿੰਦ ਸਿੰਘ ਨੂੰ ਆਪਣਾ ਧਰਮ ਪਿਤਾ ਤੇ ਮਾਤਾ ਸਾਹਿਬ ਕੌਰ ਨੂੰ ਮਾਤਾ ਮੰਨਦੇ ਹਨ, ਅਕਾਲ ਤਖਤ ਸਾਹਿਬ ਦੀ ਸਰਵਉਚਤਾ, ਖੁਦਮੁਖਤਾਰੀ, ਸਿੱਖ ਰਹਿਤ ਮਰਿਆਦਾ ਅਤੇ ਪੰਚ ਪ੍ਰਧਾਨੀ ਪ੍ਰਣਾਲੀ ਵਿਚ ਯਕੀਨ ਰੱਖਦੇ ਹਨ, ਉਹ ਵੋਟਰ ਬਣ ਸਕਦੇ ਹਨ। ਵੋਟਰ ਦੀ ਘੱਟੋ-ਘੱਟ ਉਮਰ 18 ਸਾਲ ਹੋਵੇ।

**6. ਮੈਂਬਰ**-ਕਮੇਟੀ ਮੈਂਬਰ ਅੰਮ੍ਰਿਤਧਾਰੀ ਹੋਵੇ। ਘੱਟ ਤੋਂ ਘੱਟ ਉਮਰ 24 ਸਾਲ ਹੋਵੇ, ਉਹ ਪ੍ਰਬੰਧਕ ਕਮੇਟੀ ਦੇ ਜਿਸ ਖੇਤਰ ਦੇ ਵੋਟਰ ਹਨ, ਉਥੋਂ ਹੀ ਮੈਂਬਰ ਬਣਨ। ਪਰ ਇਕ ਪ੍ਰਬੰਧਕ ਕਮੇਟੀ ਦੇ ਖੇਤਰ ਅੰਦਰ ਉਹ ਕਿਸੇ ਵੀ ਹਲਕੇ ਤੋਂ ਚੋਣ ਲੜ ਸਕਣ। ਕਮੇਟੀ ਮੈਂਬਰ ਬਣਨ ਲਈ ਖੇਤਰੀ ਕਮੇਟੀ ਦਾ ਵੋਟਰ ਹੋਣਾ ਜ਼ਰੂਰੀ ਹੋਵੇ। ਹਰੇਕ ਖੇਤਰੀ ਕਮੇਟੀ ਦੇ ਘੱਟੋ-ਘੱਟ ਚਾਲੀ ਮੈਂਬਰ ਹੋਣ। ਮੈਂਬਰ ਬਣਨ ਤੋਂ ਬਾਅਦ ਉਹ ਕਿਸੇ ਹੋਰ ਅਹੁਦੇ 'ਤੇ ਨਾ ਰਹੇ।

**7. ਕਾਰਜਕਾਰਨੀ**-ਹਰੇਕ ਖੇਤਰੀ



ਕਮੇਟੀ ਦੀ ਆਪਣੀ ਕਾਰਜਕਾਰਨੀ ਹੋਵੇ ਜਿਸ ਦੇ ਮੈਂਬਰਾਂ ਦੀ ਗਿਣਤੀ, ਕੁੱਲ ਕਮੇਟੀ ਮੈਂਬਰਾਂ ਦਾ 1/10 ਭਾਗ ਜਾਂ 7 ਮੈਂਬਰ ਜੋ ਵੀ ਵਧ ਹੋਵੇ, ਉਹ ਹੋਵੇ। ਇਨ੍ਹਾਂ ਦੀ ਚੋਣ ਪ੍ਰਬੰਧਕ ਕਮੇਟੀ ਦੇ ਮੈਂਬਰ ਆਪਣੇ ਵਿਚੋਂ ਕਰਨ। ਹਰੇਕ ਦੋ ਸਾਲ ਬਾਅਦ ਕਾਰਜਕਾਰਨੀ ਦੀ ਚੋਣ ਹੋਵੇ। ਕਾਰਜਕਾਰਨੀ ਦੇ ਨਿਮਨਲਿਖਤ ਅਹੁਦੇਦਾਰ ਤੇ ਵਿਭਾਗ ਹੋਣ।

**(ੳ) ਅਹੁਦੇਦਾਰ**

(1) ਪ੍ਰਧਾਨ-ਕਾਰਜਕਾਰਨੀ ਦਾ ਪ੍ਰਧਾਨ ਕਮੇਟੀ ਦਾ ਪ੍ਰਧਾਨ ਹੋਵੇ। ਪ੍ਰਧਾਨ ਦੀ ਚੋਣ ਹਰ ਦੋ ਸਾਲ ਬਾਅਦ ਕਮੇਟੀ ਮੈਂਬਰ ਕਰਨ। ਕੋਈ ਵੀ ਪ੍ਰਧਾਨ ਚਾਰ ਵਾਰ (ਜਾਂ 8 ਸਾਲ) ਤੋਂ ਵੱਧ ਕਮੇਟੀ ਦਾ ਪ੍ਰਧਾਨ ਨਾ ਰਹਿ ਸਕੇ।

(2) ਉਪ ਪ੍ਰਧਾਨ-ਪ੍ਰਧਾਨ ਦੀ ਗੈਰ ਹਾਜ਼ਰੀ ਵਿਚ ਉਸ ਦੀ ਜ਼ਿੰਮੇਵਾਰੀ ਨਿਭਾਵੇ। ਪ੍ਰਧਾਨ ਇਸ ਨੂੰ ਕੋਈ ਵਿਭਾਗ ਵੀ ਸੌਂਪ ਸਕਦਾ ਹੈ। ਇਸ ਦੀ ਚੋਣ ਵੀ ਕਮੇਟੀ ਮੈਂਬਰ ਹੀ ਕਰਨ।

(3) ਜਨਰਲ ਸਕੱਤਰ-ਇਹ ਸਭ ਲਿਖਤੀ ਰਿਕਾਰਡ ਰੱਖੇ ਤੇ ਕਮੇਟੀ ਦੇ ਮਤੇ, ਬਿਆਨਾਂ, ਚਿੱਠੀ-ਪੱਤਰ ਆਦਿ ਦਾ ਇੰਚਾਰਜ ਹੋਵੇ। ਇਸ ਦੀ ਚੋਣ ਵੀ ਹਰੇਕ ਦੋ ਸਾਲ ਬਾਅਦ ਕਮੇਟੀ ਮੈਂਬਰ ਕਰਨ।

**(ਅ) ਵਿਭਾਗ**

(1) ਧਰਮ ਪ੍ਰਚਾਰ ਵਿਭਾਗ-ਇਹ ਵਿਭਾਗ ਧਰਮ ਪ੍ਰਚਾਰ ਦਾ ਕੰਮ ਕਰੇ। ਇਹ ਧਰਮ ਪ੍ਰਚਾਰ ਸਭਾ ਰਾਹੀਂ ਧਰਮ ਪ੍ਰਚਾਰ ਲਈ ਵੱਖ-ਵੱਖ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰੇ।

(2) ਵਿੱਤ ਵਿਭਾਗ-ਇਹ ਕਮੇਟੀ ਦੇ ਵਿੱਤ ਦੇ ਖਿਆਲ ਰੱਖੇ ਤੇ ਗੁਰਧਾਮਾਂ ਦੇ ਦਸਵੰਧ ਦੀ ਆਮਦਨ-ਖਰਚ ਦਾ ਹਿਸਾਬ ਰੱਖੇ। ਹਰ ਸਾਲ ਫਰਵਰੀ ਦੇ ਮਹੀਨੇ ਬਜਟ ਪੇਸ਼ ਕਰੇ।

(3) ਸਿਖਿਆ, ਖੇਡਾਂ ਤੇ ਸਿਹਤ ਵਿਭਾਗ-ਇਹ ਵਿਭਾਗ ਖਾਲਸਾ ਸਕੂਲਾਂ, ਕਾਲਜਾਂ, ਸਿਹਤ ਸੰਸਥਾਵਾਂ ਤੇ ਖੇਡ ਬੋਰਡਾਂ ਦਾ ਇੰਤਜ਼ਾਮ ਕਰੇ। ਇਹ ਸਿੱਖ ਜਨਤਾ ਵਿਚ ਖੇਡਾਂ ਤੇ ਸਿੱਖਿਆ ਪ੍ਰਤੀ ਉਤਸ਼ਾਹ ਪੈਦਾ ਕਰੇ।

(4) ਲੋਕ ਸੰਪਰਕ ਵਿਭਾਗ-ਇਹ ਵਿਭਾਗ ਸਿੱਖ ਸੰਗਤ ਨੂੰ ਪ੍ਰਬੰਧਕ ਕਮੇਟੀ ਦੇ ਫੈਸਲਿਆਂ ਪ੍ਰਤੀ ਜਾਣੂ ਕਰਵਾਏ ਅਤੇ ਸਿੱਖ ਸੰਗਤਾਂ ਦੀਆਂ ਮੰਗਾਂ, ਲੋੜਾਂ, ਇੱਛਾਵਾਂ ਤੇ ਆਸਾਂ ਬਾਰੇ ਜਾਣਕਾਰੀ ਲਵੇ। ਇਹ ਸਿੱਖ ਸੰਗਤ ਤੇ ਪ੍ਰਬੰਧਕ ਕਮੇਟੀ ਵਿਚਕਾਰ ਤਾਲਮੇਲ ਦਾ ਕੰਮ ਕਰੇ।

(5) ਤਾਲਮੇਲ ਵਿਭਾਗ-ਇਹ ਵਿਭਾਗ ਸਭ ਹੋਰ ਪ੍ਰਬੰਧਕ ਕਮੇਟੀਆਂ ਨਾਲ ਤਾਲਮੇਲ ਰੱਖੇ ਤੇ ਖੇਤਰੀ ਕਮੇਟੀ ਦਾ ਸ਼੍ਰੋਮਣੀ ਕਮੇਟੀ ਨਾਲ ਤਾਲਮੇਲ ਪੈਦਾ ਕਰੇ। ਕਮੇਟੀ ਦੇ ਵੱਖ ਵੱਖ ਅੰਗਾਂ ਤੇ ਸੰਸਥਾਵਾਂ ਦੇ ਕੰਮਾਂ ਵਿਚ ਵੀ ਤਾਲਮੇਲ ਪੈਦਾ ਕਰੇ।

(6) ਸੁਰੱਖਿਆ ਵਿਭਾਗ-ਇਹ ਵਿਭਾਗ ਸਿੱਖ ਗੁਰਧਾਮਾਂ ਦੀ ਸੁਰੱਖਿਆ ਦਾ ਫਰਜ਼ ਨਿਭਾਵੇ। ਇਸ ਦੇ ਤਹਿਤ ਸਿੱਖ ਗੁਰਦੁਆਰਾ ਟਾਸਕ ਫੋਰਸ ਦਾ ਗਠਨ ਕੀਤਾ ਜਾਵੇ।

**8. ਬਜਟ**-ਖੇਤਰੀ ਕਮੇਟੀ ਦਾ ਬਜਟ ਹਰ ਸਾਲ ਨਾਨਕਸ਼ਾਹੀ ਮਹੀਨੇ ਫੱਗਣ (ਫਰਵਰੀ-ਮਾਰਚ) ਵਿਚ ਪੇਸ਼ ਹੋਵੇ। ਇਹ ਵਿਸ਼ੇਸ਼ ਪੰਜ ਦਿਨ ਦੇ ਬਜਟ ਸੈਸ਼ਨ ਵਿਚ ਪੇਸ਼ ਹੋਵੇ। ਸਭ ਪ੍ਰਬੰਧਕ ਕਮੇਟੀਆਂ ਦਾ ਵਿੱਤੀ ਵਰ੍ਹਾ ਇਕ ਚੇਤ (ਅੱਧ ਮਾਰਚ) ਤੋਂ ਲੈ ਕੇ 30 ਫੱਗਣ ਤੱਕ ਹੋਵੇ। ਹਰੇਕ ਖੇਤਰੀ ਕਮੇਟੀ ਆਪਣੇ ਬਜਟ ਦਾ 20 ਫੀਸਦੀ ਭਾਵ 1/5 ਭਾਗ ਸ਼੍ਰੋਮਣੀ ਕਮੇਟੀ ਨੂੰ ਦੇਵੇ। ਸ਼੍ਰੋਮਣੀ ਕਮੇਟੀ ਆਪਣੇ ਵਾਧੂ ਬਜਟ ਨੂੰ ਲੋੜਵੰਦ ਜਾਂ ਸਭ ਕਮੇਟੀਆਂ ਵਿਚ ਵੀ ਵੰਡ ਸਕਦੀ ਹੈ। ਬਜਟ ਵਿੱਤ ਵਿਭਾਗ ਪੇਸ਼ ਕਰੇ। ਹਰੇਕ ਖੇਤਰੀ ਕਮੇਟੀ ਦਾ ਬਜਟ 25 ਫੱਗਣ ਤੋਂ ਪਹਿਲਾਂ-ਪਹਿਲਾਂ ਪਾਸ ਹੋਵੇ।

**9. (ੳ) ਬੈਠਕਾਂ**-ਖੇਤਰੀ ਕਮੇਟੀ ਦੀਆਂ ਸਾਲ ਵਿਚ ਤਿੰਨ ਆਮ ਬੈਠਕਾਂ ਲਾਜ਼ਮੀ ਹੋਣ। ਚਾਰ ਮਹੀਨੇ ਦੇ ਸਮੇਂ ਦੌਰਾਨ ਇਕ ਬੈਠਕ ਲਾਜ਼ਮੀ ਹੋਵੇ। ਪ੍ਰਧਾਨ ਲੋੜ ਪੈਣ 'ਤੇ ਇਕ ਹਫਤੇ ਦਾ ਨੋਟਿਸ ਦੇ ਕੇ ਬੈਠਕ ਬੁਲਾ ਸਕਦਾ ਹੈ। ਅਜਿਹਾ ਉਹ ਆਪ ਜਾਂ ਕਮੇਟੀ ਦੇ 1/4 ਮੈਂਬਰਾਂ ਦੀ ਮੰਗ ਤੇ ਕਰ ਸਕਦਾ ਹੈ। ਹਰੇਕ ਬੈਠਕ ਘੱਟੋ-ਘੱਟ 10 ਦਿਨਾਂ ਦੀ ਹੋਵੇ ਤੇ ਬਜਟ ਸੈਸ਼ਨ ਇਸ ਤੋਂ ਵੱਖਰਾ ਗਿਣਿਆ ਜਾਵੇ।

ਖੇਤਰੀ ਕਮੇਟੀ ਦੀ ਕਾਰਜਕਾਰਨੀ ਦੀ ਹਰੇਕ ਮਹੀਨੇ ਇਕ ਬੈਠਕ ਲਾਜ਼ਮੀ ਹੈ ਤੇ ਵੱਧ ਤੋਂ ਵਧ ਦੋ ਹੋ ਸਕਦੀਆਂ ਹਨ। ਅੱਧੇ ਮੈਂਬਰ ਮੰਗ ਕਰਕੇ ਵਿਸ਼ੇਸ਼ ਬੈਠਕ ਵੀ ਬੁਲਾ ਸਕਦੇ ਹਨ।

(ਅ) ਕੋਰਮ-ਖੇਤਰੀ ਕਮੇਟੀ ਤੇ ਕਾਰਜਕਾਰਨੀ ਦੀ ਬੈਠਕ ਲਈ ਕੋਰਮ ਕੁੱਲ ਮੈਂਬਰਾਂ ਦਾ 1/2 ਭਾਗ ਹੈ। ਸਾਰੇ ਫੈਸਲੇ ਹਾਜ਼ਰ ਮੈਂਬਰਾਂ ਦੇ ਦੋ ਤਿਹਾਈ ਬਹੁਮਤ ਨਾਲ ਹੋਣੇ ਲਾਜ਼ਮੀ ਹਨ।

**10. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਸੰਸਾਰ ਵਿਚ ਵਸਦੇ ਸਿੱਖਾਂ ਦੀਆਂ ਚੁਣੀਆਂ ਹੋਈ ਸਭ ਖੇਤਰੀ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਦੇ 1/5 ਭਾਗ ਜਾਂ 15 ਮੈਂਬਰ (ਜੋ ਵੀ ਵੱਧ ਹੋਣ) ਲੈ ਕੇ ਬਣਾਈ ਜਾਵੇ। ਉਹ ਮੈਂਬਰ ਹਰੇਕ ਖੇਤਰੀ ਕਮੇਟੀ ਵਲੋਂ ਆਪਣੇ ਮੈਂਬਰਾਂ ਵਿਚੋਂ ਅਨੁਪਾਤਕ ਪ੍ਰਤੀਨਿਧਤਾ ਅਨੁਸਾਰ ਚੁਣ ਕੇ ਭੇਜੇ ਜਾਣ। ਸ਼੍ਰੋਮਣੀ ਕਮੇਟੀ ਦਾ ਮੁੱਖ ਦਫਤਰ ਸ੍ਰੀ ਅੰਮ੍ਰਿਤਸਰ ਵਿਖੇ ਹੋਵੇ।

**11. ਕੰਮ**-ਸ਼੍ਰੋਮਣੀ ਕਮੇਟੀ ਸਮੂਹ ਸੰਸਾਰ ਦੇ ਸਿੱਖਾਂ ਨੂੰ ਇਕ ਕੜੀ ਵਿਚ ਪਰੋਵੇ ਤੇ ਸਾਰੇ ਸੰਸਾਰ ਵਿਚ ਗੁਰਦੁਆਰਾ ਪ੍ਰਬੰਧ ਦਾ ਇਕ ਸਿਸਟਮ ਲਾਗੂ ਕਰੇ। ਇਸ ਨਾਲ ਸਮੂਹ ਸਿੱਖਾਂ ਨੂੰ ਇਕ ਸਰਬ-ਸਾਂਝੀ ਸੰਸਥਾ ਮਿਲ ਜਾਵੇਗੀ।

**12. ਚੋਣਾਂ**-ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹਰੇਕ ਚਾਰ ਸਾਲ ਬਾਅਦ, ਲੀਪ ਦੇ ਸਾਲ ਦੌਰਾਨ ਨਾਨਕਸ਼ਾਹੀ ਮੱਘਰ ਮਹੀਨੇ (ਨਵੰਬਰ) ਵਿਚ ਹੋਣ। ਹਰੇਕ ਖੇਤਰੀ ਕਮੇਟੀ ਇਕ ਹਲਕਾ ਮੰਨ ਕੇ ਕਮੇਟੀ ਮੈਂਬਰਾਂ ਵਿਚੋਂ ਨਿਸ਼ਚਿਤ ਗਿਣਤੀ ਵਿਚ ਮੈਂਬਰ ਅਨੁਪਾਤਿਕ ਪ੍ਰਤੀਨਿਧਤਾ ਰਾਹੀਂ ਚੁਣੇ ਜਾਣ। ਚੋਣਾਂ ਦਾ ਪ੍ਰਬੰਧ ਸੰਸਾਰ ਗੁਰੁਦਆਰਾ ਚੋਣ ਕਮਿਸ਼ਨ ਕਰੇ। ਖੇਤਰੀ ਕਮੇਟੀਆਂ ਦੇ ਚੁਣੇ ਹੋਏ ਤੇ ਨਿਯੁਕਤ ਮੈਂਬਰ ਸ਼੍ਰੋਮਣੀ ਕਮੇਟੀ ਲਈ ਵੋਟਰ ਹੋਣ ਅਤੇ ਇਨ੍ਹਾਂ ਵਿਚੋਂ ਹੀ ਸ਼੍ਰੋਮਣੀ ਕਮੇਟੀ ਮੈਂਬਰ ਚੁਣੇ ਜਾਣ।

**13. ਕਾਰਜਕਾਰਨੀ**-ਸ਼੍ਰੋਮਣੀ ਕਮੇਟੀ ਦੇ ਕਾਰਜਕਾਰਨੀ ਦੇ ਮੈਂਬਰ ਉਸਦੇ ਮੈਂਬਰਾਂ ਦਾ 1/10 ਭਾਗ ਜਾਂ 11 ਮੈਂਬਰ (ਜੋ ਵੀ ਵਧ ਹੋਵੇ) ਹੋਣ। ਇਸ ਦੇ ਹੇਠ ਲਿਖੇ ਅਹੁਦੇਦਾਰ ਤੇ ਵਿਭਾਗ ਹੋਣ:

**(ੳ) ਅਹੁਦੇਦਾਰ**

(1) ਪ੍ਰਧਾਨ-ਇਹ ਕਾਰਜਕਾਰਨੀ ਦਾ ਮੁਖੀ ਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੋਵੇ। ਇਸ ਦੀ ਚੋਣ ਹਰ ਦੋ ਸਾਲ ਬਾਅਦ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਵਲੋਂ ਬਹੁਮਤ ਨਾਲ ਕੀਤੀ ਜਾਵੇ। ਕੋਈ ਵੀ ਪ੍ਰਧਾਨ ਤਿੰਨ ਵਾਰ ਜਾਂ ਛੇ ਸਾਲ ਤੋਂ ਵਧ ਪ੍ਰਧਾਨ ਨਾ ਰਹਿ ਸਕੇ।

(2) ਉਪ ਪ੍ਰਧਾਨ-ਇਹ ਪ੍ਰਧਾਨ ਦੀ ਗੈਰ ਹਾਜ਼ਰੀ ਵਿਚ ਉਸ ਦੇ ਕੰਮ ਕਰੇ। ਇਸ ਨੂੰ ਕਿਸੇ ਵਿਭਾਗ ਦੀ ਜ਼ਿੰਮੇਵਾਰੀ ਵੀ ਪ੍ਰਧਾਨ ਦੇ ਸਕਦਾ ਹੈ।

(3) ਜਨਰਲ ਸਕੱਤਰ-ਇਹ ਸਭ ਲਿਖਤੀ ਰਿਕਾਰਡ ਰੱਖੇ। ਕਮੇਟੀ ਦੇ ਮਤੇ, ਬਿਆਨਾਂ, ਚਿੱਠੀ ਪੱਤਰ ਆਦਿ ਦਾ ਇੰਚਾਰਜ ਹੋਵੇ। ਇਸਦੀ ਚੋਣ ਵੀ ਹਰੇਕ ਦੋ ਸਾਲ ਬਾਅਦ ਹੋਵੇ।

(4) ਤਾਲਮੇਲ ਸਕੱਤਰ-ਇਹ ਕਮੇਟੀ ਦੇ ਵਿਭਾਗਾਂ ਅਤੇ ਵੱਖ-ਵੱਖ ਖੇਤਰੀ ਕਮੇਟੀਆਂ ਵਿਚ ਤਾਲਮੇਲ ਰੱਖੇ।

(5) ਵਿੱਤ ਸਕੱਤਰ-ਵਿੱਤ ਸਕੱਤਰ ਧਨ ਦਾ ਹਿਸਾਬ ਕਿਤਾਬ ਰੱਖੇ ਅਤੇ ਹਰ ਫਰਵਰੀ ਦੇ ਮਹੀਨੇ ਬਜਟ ਪੇਸ਼ ਕਰੇ।

(6) ਧਰਮ ਪ੍ਰਚਾਰ ਸਕੱਤਰ-ਇਹ ਧਰਮ ਪ੍ਰਚਾਰ ਦਾ ਕੰਮ ਕਰੇ।

(7) ਸਿੱਖਿਆ ਸਕੱਤਰ- ਸਿੱਖਿਆ, ਸਿਹਤ ਆਦਿ ਸਬੰਧੀ ਕੰਮ ਕਰੇ।

**(ਅ) ਵਿਭਾਗ**

(1) ਧਰਮ ਪ੍ਰਚਾਰ ਵਿਭਾਗ-ਇਹ ਵਿਭਾਗ ਧਰਮ ਪ੍ਰਚਾਰ ਦਾ ਕੰਮ ਦੇਖੇ। ਖੇਤਰੀ ਕਮੇਟੀਆਂ ਦੇ ਧਰਮ ਪ੍ਰਚਾਰ ਵਿਭਾਗਾਂ ਦੇ ਕੰਮਾਂ ਵਿਚ ਤਾਲਮੇਲ ਤੇ ਇਕਸਾਰਤਾ ਰੱਖੇ। ਇਕ ਸੰਗਠਤ ਧਰਮ ਪ੍ਰਚਾਰ ਸਭਾ ਦਾ ਗਠਨ ਕਰੇ।

(2) ਵਿੱਤ ਵਿਭਾਗ- ਸ਼੍ਰੋਮਣੀ ਕਮੇਟੀ ਦਾ ਬਜਟ ਤਿਆਰ ਕਰੇ ਤੇ ਖੇਤਰੀ ਕਮੇਟੀਆਂ ਦੇ ਵਿੱਤ (ਆਮਦਨ, ਖਰਚ) ਵਿਚ ਤਾਲਮੇਲ ਪੈਦਾ ਕਰੇ। ਉਨ੍ਹਾਂ ਦੀਆਂ ਯੋਜਨਾਵਾਂ ਲਈ ਵਿੱਤੀ ਸਹਾਇਤਾ ਦੇਵੇ।

(3) ਸਿਹਤ, ਸਿੱਖਿਆ ਤੇ ਖੇਡ ਵਿਭਾਗ-ਸਭ ਖੇਤਰੀ ਕਮੇਟੀਆਂ ਵਲੋਂ ਖੇਡਾਂ, ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਕੀਤੇ ਕੰਮਾਂ ਵਿਚ ਤਾਲਮੇਲ ਪੈਦਾ ਕਰੇ।

(4) ਤਾਲਮੇਲ ਵਿਭਾਗ- ਸਭ ਪ੍ਰਬੰਧਕ ਕਮੇਟੀਆਂ ਵਿਚਕਾਰ ਆਪਸੀ ਤਾਲਮੇਲ ਪੈਦਾ ਕਰੇ ਤੇ ਸ਼੍ਰੋਮਣੀ ਕਮੇਟੀ ਦਾ ਖੇਤਰੀ ਕਮੇਟੀਆਂ ਨਾਲ ਤਾਲਮੇਲ ਬਣਾਈ ਰੱਖੇ।

(5) ਸੁਰੱਖਿਆ ਵਿਭਾਗ-ਸਾਰੀਆਂ ਖੇਤਰੀ ਕਮੇਟੀਆਂ ਦੇ ਸੁਰੱਖਿਆ ਸੰਬੰਧੀ ਕੰਮਾਂ ਦਾ ਜਾਇਜ਼ਾ ਲਵੇ ਤੇ ਸਾਰੀਆਂ ਖੇਤਰੀ ਗੁਰਦੁਆਰਾ ਪੁਲਿਸ ਫੋਰਸਾਂ ਨੂੰ ਇਕਮੁੱਠ ਕਰਨ ਤੇ ਇਕ ਸਾਰ ਕੋਡ ਲਾਗੂ ਕਰਨ ਲਈ ਪ੍ਰਬੰਧ ਕਰੇ।

**14. ਬਜਟ**-ਸ਼੍ਰੋਮਣੀ ਕਮੇਟੀ ਦਾ ਬਜ਼ਟ ਚੇਤ ਮਹੀਨੇ (ਨਾਨਕਸ਼ਾਹੀ) ਦੇ ਪਹਿਲੇ ਹਫਤੇ ਪੇਸ਼ ਹੋਵੇ। ਇਸ ਲਈ ਪੰਜ ਦਿਨਾਂ ਦੀ ਵਿਸ਼ੇਸ਼ ਬੈਠਕ ਬੁਲਾਈ ਜਾਵੇ। ਕਮੇਟੀ ਦਾ ਵਿੱਤੀ ਵਰ੍ਹਾ ਨਾਨਕਸ਼ਾਹੀ ਸਾਲ (1 ਚੇਤ ਤੋਂ 30 ਫੱਗਣ ਤੱਕ) ਹੋਵੇ। ਸ਼੍ਰੋਮਣੀ ਕਮੇਟੀ ਦੀ ਆਮਦਨ ਦਾ ਸ੍ਰੋਤ ਸ੍ਰੀ ਦਰਬਾਰ ਸਾਹਿਬ ਸਮੂਹ (ਅੰਮ੍ਰਿਤਸਰ ਸ਼ਹਿਰ ਦੇ ਗੁਰਧਾਮਾਂ) ਦੀ ਆਮਦਨ ਤੇ ਹਰੇਕ ਖੇਤਰੀ ਕਮੇਟੀ ਦੇ ਬਜਟ ਵਿਚੋਂ 20 ਫੀਸਦੀ ਹਿੱਸਾ ਹੋਵੇਗਾ। ਇਸ ਨਾਲ ਇਸ ਵਲੋਂ ਆਪਣੀਆਂ ਯੋਜਨਾਵਾਂ ਚਲਾਈਆਂ ਜਾਣਗੀਆਂ ਤੇ ਹੋਰ ਕਮੇਟੀਆਂ ਦੇ ਕੰਮਾਂ ਵਿਚ ਵੀ ਸਹਾਇਤਾ ਕੀਤੀ ਜਾਵੇਗੀ।

**15. ਬੈਠਕਾਂ**-ਸ਼੍ਰੋਮਣੀ ਕਮੇਟੀ ਦੀ ਹਰ ਸਾਲ ਇਕ ਆਮ ਬੈਠਕ ਹੋਣੀ ਲਾਜ਼ਮੀ ਹੋਵੇ। ਇਹ ਬੈਠਕ ਘੱਟੋ-ਘੱਟ 25 ਦਿਨ ਦੀ ਲਾਜ਼ਮੀ ਹੋਵੇ। ਇਸ ਤੋਂ ਇਲਾਵਾ ਪ੍ਰਧਾਨ 20 ਦਿਨ ਦਾ ਨੋਟਿਸ ਦੇ ਕੇ ਵਿਸ਼ੇਸ਼ ਮੀਟਿੰਗ ਬੁਲਾ ਸਕਦਾ ਹੈ। ਕਾਰਜਕਾਰਨੀ ਦੀ ਸਾਲ ਵਿਚ ਤਿੰਨ ਵਾਰ ਬੈਠਕ ਹੋਵੇ ਅਤੇ ਲੋੜ ਪੈਣ 'ਤੇ ਇਸ ਤੋਂ ਵਧ ਵੀ ਹੋ ਸਕਣ।

**16. ਗੁਰਦੁਆਰਾ ਪ੍ਰਬੰਧ ਦੇ ਹੋਰ ਵਿਸ਼ੇਸ਼ ਅੰਗ**

(ੳ) ਧਰਮ ਪ੍ਰਚਾਰ ਸਭਾ-ਸਭਾ ਦਾ ਮੁੱਖ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੋਵੇ। ਖੇਤਰੀ ਕਮੇਟੀਆਂ ਦੇ ਧਰਮ ਪ੍ਰਚਾਰ ਵਿਭਾਗ ਆਪਣੇ ਖੇਤਰਾਂ ਵਿਚ ਪ੍ਰਚਾਰ ਕਾਰਜਾਂ ਲਈ ਧਰਮ ਪ੍ਰਚਾਰ ਸਭਾਵਾਂ ਬਣਾਉਣ। ਇਨ੍ਹਾਂ ਸਭਾਵਾਂ ਦੇ ਕੰਮ ਨੂੰ ਇਕਸਾਰ ਢਾਂਚੇ ਵਿਚ ਬੰਨ੍ਹਣ ਲਈ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਵਿਭਾਗ ਵਲੋਂ ਇਕ ਕੇਂਦਰੀ ਧਰਮ ਪ੍ਰਚਾਰ ਸਭਾ ਦਾ ਗਠਨ ਕੀਤਾ ਜਾਵੇ ਜੋ ਧਰਮ ਪ੍ਰਚਾਰ ਦੇ ਕੰਮ ਦੀ ਅਗਵਾਈ ਕਰੇ। ਇਸ ਵਿਚ ਉਘੇ ਵਿਦਵਾਨਾਂ ਨੂੰ ਪ੍ਰਤੀਨਿਧਤਾ ਦਿੱਤੀ ਜਾਵੇ।

(ਅ) ਸਿੱਖ ਸੰਚਾਰ ਪ੍ਰੀਸ਼ਦ-ਸੰਚਾਰ ਸਾਧਨਾਂ ਦੀ ਵਰਤੋਂ ਨਾਲ ਪ੍ਰਚਾਰ ਲਈ ਮਾਹਿਰਾਂ ਦੀ ਸੰਚਾਰ ਪ੍ਰੀਸ਼ਦ ਬਣੇ। ਇਸ ਦੇ ਤਿੰਨ ਉਪ ਅੰਗ ਹੋਣ:

(1) ਸਿੱਖ ਪ੍ਰਸਾਰਣ ਕੌਂਸਲ-ਕੌਂਸਲ ਵੱਖ-ਵੱਖ ਭਾਸ਼ਾਵਾਂ ਵਿਚ ਰੇਡੀਓ ਤੇ ਟੀ.ਵੀ. ਪ੍ਰੋਗਰਾਮ ਸਿੱਖ ਧਰਮ, ਇਤਿਹਾਸ ਬਾਰੇ ਵੱਖ-ਵੱਖ ਚੈਨਲਾਂ ਤੇ ਪ੍ਰਸਾਰਤ ਕਰੇ। ਸਿੱਖ ਧਰਮ ਬਾਰੇ ਰੇਡੀਓ ਤੇ ਟੀ.ਵੀ. ਚੈਨਲ ਸ਼ੁਰੂ ਕਰਨ ਬਾਰੇ ਵੀ ਯਤਨ ਕਰੇ।

(2) ਸਿੱਖ ਪ੍ਰਕਾਸ਼ਨ ਕੌਂਸਲ-ਪ੍ਰਕਾਸ਼ਨ ਸੰਬੰਧੀ ਸਾਰੇ ਕੰਮ ਕਰੇ। ਪੰਜਾਬੀ ਤੇ ਅੰਗਰੇਜ਼ੀ ਦੇ ਰੋਜ਼ਾਨਾ ਅਖਬਾਰਾਂ ਤੋਂ ਬਿਨਾਂ ਹਫਤਾਵਾਰੀ ਤੇ ਮਾਸਿਕ ਮੈਗਜ਼ੀਨ ਵੀ ਸਿੱਖ ਧਰਮ ਬਾਰੇ ਪ੍ਰਕਾਸ਼ਤ ਕਰੇ। ਸਿੱਖ ਧਰਮ ਬਾਰੇ ਸਾਹਿਤ ਤੇ ਖੋਜ-ਪੱਤਰ ਵੱਖ-ਵੱਖ ਭਾਸ਼ਾਵਾਂ ਵਿਚ ਪ੍ਰਕਾਸ਼ਤ ਕਰੇ।

(3) ਸਿੱਖ ਨਿਰਮਾਣ ਪ੍ਰੀਸ਼ਦ-ਨਿਰਮਾਣ (production) ਦਾ ਕੰਮ ਕਰੇ। ਇਹ ਧਰਮ ਪ੍ਰਚਾਰ ਲਈ ਰੇਡੀਓ, ਟੀ.ਵੀ. ਪ੍ਰੋਗਰਾਮ ਤੇ ਫਿਲਮਾਂ ਦਾ ਨਿਰਮਾਣ ਕਰੇ।

(ੲ) ਸਿੱਖ ਵਿਰਾਸਤ ਸੁਸਾਇਟੀ-ਸਿੱਖ ਵਿਰਸੇ ਤੇ ਇਤਿਹਾਸ ਦੀ ਸੰਭਾਲ, ਸਿੱਖ ਕਲਾ ਦੀ ਰਾਖੀ ਤੇ ਸਿੱਖ ਯਾਦਗਾਰਾਂ ਦੀ ਨਿਗਰਾਨੀ ਲਈ ਇਹ ਸੁਸਾਇਟੀ ਬਣੇ। ਇਸ ਦੇ ਤਿੰਨ ਮੈਂਬਰ ਹੋਣ ਤੇ ਹਰੇਕ ਖੇਤਰੀ ਕਮੇਟੀ ਇਹ ਸੁਸਾਇਟੀ ਬਣਾਵੇ। ਇਹ ਕਮੇਟੀ ਆਪਣੇ ਕੰਮ ਲਈ ਵੱਖ-ਵੱਖ

ਮਾਹਿਰਾਂ ਤੇ ਵਿਦਵਾਨਾਂ ਦੀ ਰਾਇ ਵੀ ਲਵੇ।

(ਸ) ਸਿੱਖ ਸਿੱਖਿਆ ਬੋਰਡ-ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਅਤੇ ਸਿੱਖਿਆ ਦੇ ਪ੍ਰਸਾਰ ਲਈ ਹਰੇਕ ਖੇਤਰੀ ਕਮੇਟੀ ਇਹ ਬੋਰਡ ਬਣਾਏ। ਸਿੱਖ ਸਕੂਲਾਂ, ਕਾਲਜਾਂ ਦਾ ਪ੍ਰਬੰਧ ਕਰੇ ਤੇ ਇਕਸਾਰ ਸਿਲੇਬਸ ਲਾਗੂ ਕਰੇ। ਇਨ੍ਹਾਂ ਬੋਰਡਾਂ ਦੇ ਉਪਰ ਇਕ ਸਿੱਖ ਸਿੱਖਿਆ ਬੋਰਡ ਅੰਤਰਰਾਸ਼ਟਰੀ ਸ਼੍ਰੋਮਣੀ ਕਮੇਟੀ ਦੇ ਅਧੀਨ ਬਣੇ।

(ਹ) ਸਿੱਖ ਮਿਸ਼ਨਰੀ ਕਾਲਜ-ਸਿੱਖ ਪ੍ਰਚਾਰਕ ਤਿਆਰ ਕਰਨ ਲਈ ਧਰਮ ਪ੍ਰਚਾਰ ਵਿਭਾਗ, ਸਿੱਖ ਮਿਸ਼ਨਰੀ ਕਾਲਜ ਖੋਲ੍ਹੇ। ਪੰਜਾਬ ਦੇ ਹਰ ਜ਼ਿਲ੍ਹੇ ਅੰਦਰ ਸਿੱਖ ਮਿਸ਼ਨਰੀ ਕਾਲਜ ਖੁੱਲ੍ਹਣ। ਹਰੇਕ ਕਮੇਟੀ ਦੇ ਮਿਸ਼ਨਰੀ ਕਾਲਜ ਦਾ ਪ੍ਰਬੰਧਕੀ ਢਾਂਚਾ ਤੇ ਸਿਲੇਬਸ ਇਕਸਾਰ ਹੋਵੇ ਅਤੇ ਇਹ ਸਿੱਧੇ ਤੌਰ 'ਤੇ ਸੰਸਾਰ ਸਿੱਖ ਯੂਨੀਵਰਸਿਟੀ ਨਾਲ ਸੰਬੰਧਿਤ ਹੋਣ।

(ਕ) ਸਿੱਖ ਖੇਡ ਬੋਰਡ-ਸਿੱਖ ਨੌਜਵਾਨ ਵਿਚ ਖੇਡਾਂ ਦੇ ਵਿਕਾਸ ਤੇ ਨਸ਼ਿਆਂ ਦੀ ਰੋਕਥਾਮ ਲਈ ਹਰੇਕ ਖੇਤਰੀ ਕਮੇਟੀ ਸਿੱਖ ਖੇਡ ਬੋਰਡ ਦਾ ਗਠਨ ਕਰੇ। ਇਸ ਵਿਚ ਸਾਬਤ ਸੂਰਤ ਸਿੱਖ ਖਿਡਾਰੀਆਂ ਨੂੰ ਪ੍ਰਤੀਨਿਧਤਾ ਦਿੱਤੀ ਜਾਵੇ। ਸੰਸਾਰ ਪੱਧਰੀ ਖੇਡ ਮੁਕਾਬਲੇ ਕਰਵਾਏ ਤੇ ਨਿਰੋਲ ਸਿੱਖ ਟੀਮਾਂ ਦਾ ਗਠਨ ਕਰੇ।


(ਖ) ਸਿੱਖ ਚੌਕਸੀ ਬਿਊਰੋ-ਇਸ ਦੀ ਸਥਾਪਨਾ ਖਬਰਾਂ, ਫਿਲਮਾਂ, ਟੀ.ਵੀ. ਪ੍ਰੋਗਰਾਮਾਂ ਆਦਿ ਵਿਚ ਸਿੱਖ ਅਕਸ ਦੀ ਗਲਤ ਪੇਸ਼ਕਾਰੀ ਅਤੇ ਮੀਡੀਆ ਵਿਚ ਸਿੱਖਾਂ ਖਿਲਾਫ ਪੈਦਾ ਗਲਤਫਹਿਮੀਆਂ 'ਤੇ ਨਿਗ੍ਹਾ ਰੱਖਣ ਲਈ ਕੀਤੀ ਜਾਵੇ। ਇਸ ਦੀ ਸਥਾਪਨਾ ਹਰੇਕ ਖੇਤਰੀ ਕਮੇਟੀ ਕਰੇ ਤੇ ਕੇਂਦਰੀ ਤੌਰ 'ਤੇ ਇਹ ਬਿਊਰੋ ਸ਼੍ਰੋਮਣੀ ਕਮੇਟੀ ਅਧੀਨ ਬਣਾਈ ਜਾਵੇ।

(ਗ) ਸਿੱਖ ਗੁਰਦੁਆਰਾ ਪੁਲਿਸ ਫੋਰਸ-ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਦੀ ਇਹ ਫੋਰਸ ਸਿੱਖ ਗੁਰਧਾਮਾਂ ਦੀ ਸੁਰੱਖਿਆ ਤੇ ਮਰਿਆਦਾ ਬਣਾਈ ਰੱਖਣ ਦਾ ਕੰਮ ਕਰੇ। ਹਰੇਕ ਖੇਤਰੀ ਸੁਰੱਖਿਆ ਵਿਭਾਗ ਇਹ ਫੋਰਸ ਬਣਾਏ ਤੇ ਇਸ ਵਿਚ ਤਾਲਮੇਲ ਤੇ ਇਕਸਾਰਤਾ ਰੱਖਣ ਦਾ ਕੰਮ ਸ਼੍ਰੋਮਣੀ ਕਮੇਟੀ ਦਾ ਸੁਰੱਖਿਆ ਵਿਭਾਗ ਕਰੇ।

(ਘ) ਗ੍ਰੰਥ ਟ੍ਰੇਨਿੰਗ ਕੇਂਦਰ-ਗ੍ਰੰਥੀ ਤੇ ਰਾਗੀ ਸਿੰਘਾਂ ਨੂੰ ਸਿਖਲਾਈ ਦੇਣ ਲਈ ਇਕ-ਇਕ ਟ੍ਰੇਨਿੰਗ ਕੇਂਦਰ ਹਰੇਕ ਖੇਤਰੀ ਕਮੇਟੀ ਵਲੋਂ ਖੋਲ੍ਹਿਆ ਜਾਵੇ। ਇਥੋਂ ਸਿੱਖਿਆ ਪ੍ਰਾਪਤ ਰਾਗੀ ਤੇ ਗ੍ਰੰਥੀ ਹੀ ਗੁਰਦੁਆਰਿਆਂ ਵਿਚ ਸੇਵਾ ਕਰ ਸਕਣ। ਇਨ੍ਹਾਂ ਕੇਂਦਰਾਂ ਦਾ ਸਿਲੇਬਸ ਆਦਿ ਇਕਸਾਰ ਹੋਵੇ ਤੇ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਵਿਭਾਗ ਵਲੋਂ ਮਨਜ਼ੂਰ ਹੋਵੇ।

**17. ਸੰਸਾਰ ਪੱਧਰੀ ਸੰਸਥਾਵਾਂ**

(ੳ) ਸੰਸਾਰ ਸਿੱਖ ਯੂਨੀਵਰਸਿਟੀ-ਸਿੱਖ ਸਿੱਖਿਆ ਦੇ ਪ੍ਰਬੰਧ ਨੂੰ ਸਿਖਰ ਦੇਣ ਲਈ ਇਕ ਸੰਸਾਰ ਸਿੱਖ ਯੂਨੀਵਰਸਿਟੀ ਬਣੇ ਜਿੱਥੇ ਸਿੱਖ ਧਰਮ ਬਾਰੇ ਸੰਸਾਰ ਪੱਧਰੀ ਖੋਜ ਹੋਵੇ। ਇਸ ਦੇ ਚਾਂਸਲਰ (ਕੁਲਪਤੀ) ਜਥੇਦਾਰ, ਸ੍ਰੀ ਅਕਾਲ ਤਖਤ ਹੋਣ। ਸਾਰੇ ਸਿੱਖ ਮਿਸ਼ਨਰੀ ਕਾਲਜ, ਗ੍ਰੰਥੀ ਟ੍ਰੇਨਿੰਗ ਕੇਂਦਰ, ਸਿੱਖ ਵਿਦਿਅਕ ਸੰਸਥਾਵਾਂ



ਇਸਦੇ ਅਧੀਨ ਤੇ ਇਸ ਵਲੋਂ ਬਣਾਏ ਨਿਯਮਾਂ ਅਨੁਸਾਰ ਸੰਚਾਲਤ ਹੋਣ। ਇਸ ਦੇ ਸੰਸਾਰ ਦੇ ਸਾਰੇ ਖੇਤਰਾਂ ਵਿਚ ਖੇਤਰੀ ਕੇਂਦਰ ਬਣਾਏ ਜਾਣ।

(ਅ) ਸੰਸਾਰ ਸਿੱਖ ਬੈਂਕ-ਇਸ ਬੈਂਕ ਵਿਚ ਸਿਰਫ ਅੰਮ੍ਰਿਤਧਾਰੀ ਨੌਜਵਾਨ ਹੀ ਮੁਲਾਜ਼ਮ ਹੋਣ। ਇਸ ਦੀਆਂ ਸ਼ਾਖਾਵਾਂ ਪੂਰੇ ਸੰਸਾਰ ਵਿਚ ਹੋਣ। ਇਸ ਦਾ ਚੇਅਰਮੈਨ ਜਥੇਦਾਰ ਸ੍ਰੀ ਅਕਾਲ ਤਖਤ ਹੋਵੇ।

(ੲ) ਸਿੱਖ ਇੰਸਟੀਚਿਊਟ ਫਾਰ ਮੈਡੀਕਲ ਸਰਵਿਸਜ਼-ਇਹ ਸੰਸਥਾ ਕਿਸੇ ਸਿੱਖ ਇਤਿਹਾਸਕ ਸ਼ਹਿਰ ਵਿਚ ਬਣੇ ਜਿਸ ਦਾ ਉਦੇਸ਼ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਹੋਵੇ। ਇਹ ਬਹੁਤ ਵਧੀਆ ਸਹੂਲਤਾਂ ਵਾਲੇ ਹਸਪਤਾਲ ਸਥਾਪਤ ਕਰੇ ਜਿਸ ਦਾ ਉਦੇਸ਼ ਲੋਕ ਸੇਵਾ ਹੋਵੇ। ਇਹ ਸਿਹਤ ਸੰਬੰਧੀ ਉਚ-ਵਿੱਦਿਆ ਦਾ ਵੀ ਪ੍ਰਬੰਧ ਕਰੇ।

(ਸ) ਸਿੱਖ ਤਾਲਮੇਲ ਕਮੇਟੀ-ਵਿਸ਼ਵ ਭਰ ਵਿਚ ਵੱਖ-ਵੱਖ ਪੰਥਕ ਗਰੁਪਾਂ, ਪਾਰਟੀਆਂ ਤੇ ਸਿੱਖ ਸੰਸਥਾਵਾਂ ਵਿਚ ਤਾਲਮੇਲ ਦਾ ਕੰਮ ਕਰੇ। ਇਸ ਦੇ ਕੁੱਲ 11 ਮੈਂਬਰ ਹੋਣ। ਇਹ ਹਰੇਕ ਮੁਲਕ ਦੀ ਰਾਜਧਾਨੀ ਵਿਚ ਬਹੁਮੰਤਵੀ ਸਿੱਖ ਹਾਊਸ ਬਣਾਏ ਜੋ ਕਿ ਖੇਤਰੀ ਪ੍ਰਬੰਧਕ ਕਮੇਟੀ ਦੇ ਦਫਤਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਦੂਤਘਰ ਵਜੋਂ ਕੰਮ ਕਰਨ।

**18. ਕੁਝ ਅੰਤਰਾਸ਼ਟਰੀ ਆਜ਼ਾਦ ਸੰਸਥਾਵਾਂ**

(ੳ) ਸਿੱਖ ਟ੍ਰਿਬਿਊਨਲ-ਇਹ ਸਿੱਖ ਨਿਆਂਪਾਲਿਕਾ ਹੋਵੇ। ਇਸਦੇ ਕੁੱਲ ਨੌਂ ਜੱਜ ਹੋਣ ਜੋ ਆਪਸੀ ਸੰਮਤੀ ਨਾਲ ਫੈਸਲੇ ਕਰਨ। ਇਨ੍ਹਾਂ ਦੀ ਨਿਯੁਕਤੀ ਉਚ ਯੋਗਤਾ ਵਾਲੇ ਸਿੱਖ ਕਾਨੂੰਨਦਾਨਾਂ ਜੋ ਕਿਸੇ ਅਦਾਲਤ (ਹਾਈਕੋਰਟ ਜਾਂ ਸੁਪਰੀਮ ਕੋਰਟ ਆਦਿ) ਵਿਚ ਜਸਟਿਸ ਰਹੇ ਹੋਣ ਜਾਂ ਘੱਟੋ-ਘੱਟ ਦਸ ਸਾਲ ਵਕਾਲਤ ਦਾ ਤਜਰਬਾ ਰੱਖਦੇ ਹੋਣ, ਵਿਚੋਂ ਕੀਤੀ ਜਾਵੇ। ਇਸਦਾ ਮੁੱਖ ਦਫਤਰ ਸ੍ਰੀ ਅੰਮ੍ਰਿਤਸਰ ਵਿਖੇ ਹੋਵੇ। ਇਹ ਸੰਸਾਰ ਸਿੱਖ ਸਮਾਗਮ ਵਲੋਂ ਗਠਤ ਕੀਤੀ ਜਾਵੇ। ਇਹ ਸਿੱਖਾਂ ਦੇ ਧਾਰਮਿਕ, ਸਮਾਜੀ ਤੇ ਸਿਆਸੀ ਮਸਲਿਆਂ ਸੰਬੰਧੀ ਕਾਨੂੰਨੀ ਨੁਕਤੇ ਤੋਂ ਫੈਸਲੇ ਕਰੇ। ਇਸ ਦੇ ਫੈਸਲੇ ਉਪਰ ਅਪੀਲ, ਨਜ਼ਰਸਾਨੀ ਜਾਂ ਰੋਕ ਦਾ ਹੱਕ ਸਿਰਫ ਅਕਾਲ ਤਖਤ ਨੂੰ ਹੀ ਹਾਸਲ ਹੋਵੇ। ਇਸਦੇ ਕਾਰਜ ਖੇਤਰਾਂ ਵਿਚ ਸਮੁੱਚੇ ਸੰਸਾਰ ਦੇ ਸਿੱਖ ਮਾਈ-ਭਾਈ ਹੋਣ।

(ਅ) ਸੰਸਾਰ ਗੁਰਦੁਆਰਾ ਚੋਣ ਕਮਿਸ਼ਨ-ਸਭ ਕਮੇਟੀਆਂ ਦੀਆਂ ਚੋਣਾਂ ਦਾ ਪ੍ਰਬੰਧ ਇਹ ਕਮਿਸ਼ਨ ਕਰੇ। ਇਸਦੇ ਤਿੰਨ ਕਮਿਸ਼ਨਰ ਹੋਣ। ਇਹ ਘੱਟੋ-ਘੱਟ ਆਈ.ਏ.ਐਸ. ਜਾਂ ਲਗਭਗ ਬਰਾਬਰ ਦੀ ਯੋਗਤਾ ਵਾਲੇ ਸਿੱਖਾਂ ਵਿਚੋਂ ਸੰਸਾਰ ਸਿੱਖ ਸਮਾਗਮ ਵਲੋਂ ਨਿਯੁਕਤ ਕੀਤੇ ਜਾਣ। ਇਹ ਕਮਿਸ਼ਨ ਆਪਣੇ ਕੰਮਾਂ ਲਈ ਖੁਦਮੁਖਤਾਰ ਦਰਜਾ ਰੱਖੇ। ਇਸ ਦੇ ਮੈਂਬਰ 8 ਸਾਲ ਲਈ ਨਿਯੁਕਤ ਕੀਤੇ ਜਾਣ।

**19. ਸੰਸਾਰ ਸਿੱਖ ਸਮਾਗਮ**-ਹਰ ਦੋ ਸਾਲ ਬਾਅਦ ਸਤੰਬਰ ਮਹੀਨੇ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਹੋਵੇ। ਇਸ ਵਿਚ ਗੁਰਦੁਆਰਾ ਪ੍ਰਬੰਧ ਲਈ ਕਾਇਮ 7 ਖੇਤਰੀ ਕਮੇਟੀਆਂ ਦੇ ਸਮੂਹ ਮੈਂਬਰ, ਵੱਖ-ਵੱਖ ਕਮੇਟੀਆਂ ਦੇ ਅਧੀਨ ਗਠਿਤ ਟਰੱਸਟਾਂ, ਬੋਰਡਾਂ ਤੇ ਸਭਾਵਾਂ ਦੇ ਸਮੂਹ ਮੈਂਬਰ ਸ਼ਾਮਿਲ ਹੋਣ। ਇਸ ਦੀ ਪ੍ਰਧਾਨਗੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਰੇ। ਇਹ ਸਮਾਗਮ 2/3 ਬਹੁਮਤ ਨਾਲ ਕਿਸੇ ਉਚੀ-ਸੁੱਚੀ, ਸੰਤ ਸਿਪਾਹੀ, ਸਿੱਖ ਸ਼ਖਸੀਅਤ ਨੂੰ ਅਕਾਲ ਤਖਤ ਦਾ ਜਥੇਦਾਰ ਦਸ ਸਾਲਾਂ ਲਈ ਨਿਯੁਕਤ ਕਰੇ ਤੇ ਇਸੇ ਤਰ੍ਹਾਂ ਹੋਰ ਤਖਤਾਂ ਦੇ ਜਥੇਦਾਰ ਵੀ ਚੁਣੇ। ਇਹ ਸਿੱਖ ਟ੍ਰਿਬਿਊਨਲ ਤੇ ਗੁਰਦੁਆਰਾ ਚੋਣ ਕਮਿਸ਼ਨ ਦੇ ਮੈਂਬਰਾਂ ਦੀ ਵੀ ਨਿਯੁਕਤੀ ਕਰੇ।

ਜਥੇਦਾਰ ਸਾਹਿਬਾਨ ਜਾਂ ਕਮਿਸ਼ਨਰਾਂ ਜਾਂ ਸਿੱਖ ਟ੍ਰਿਬਿਊਨਲ ਦੇ ਜੱਜਾਂ ਨੂੰ ਅਹੁਦੇ ਤੋਂ ਹਟਾਉਣ ਲਈ ਇਸੇ ਤਰ੍ਹਾਂ ਦੇ ਸਮਾਗਮ ਵਲੋਂ 3/4 ਬਹੁਮਤ ਦਾ ਮਤਾ ਪਾਸ ਕਰਨਾ ਜ਼ਰੂਰੀ ਹੋਵੇ।

ਦੋ ਸਾਲ ਤੋਂ ਪਹਿਲਾਂ ਵਿਸ਼ੇਸ਼ ਸਮਾਗਮ ਸੱਦਣ ਲਈ ਸੱਤ ਖੇਤਰੀ ਕਮੇਟੀਆਂ ਵਿਚੋਂ ਚਾਰ ਕਮੇਟੀਆਂ ਵਲੋਂ ਸਾਧਾਰਨ ਬਹੁਮਤ ਨਾਲ ਮਤਾ ਪਾਸ ਕਰਨਾ ਜਾਂ ਸ਼੍ਰੋਮਣੀ ਕਮੇਟੀ ਵਲੋਂ 2/3 ਬਹੁਮਤ ਨਾਲ ਮਤਾ ਪਾਸ ਕਰਨ ਜ਼ਰੂਰੀ ਹੋਵੇ। ਅਜਿਹਾ ਮਤਾ ਆਉਣ 'ਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਇਕ ਮਹੀਨੇ ਦਾ ਨੋਟਿਸ ਦੇ ਕੇ ਵਿਸ਼ੇਸ਼ ਸਮਾਗਮ ਬੁਲਾ ਸਕੇ।

ਸਮਾਗਮ ਵਿਚ ਡੈਲੀਗੇਟਾਂ ਦੀ ਕੁੱਲ ਗਿਣਤੀ ਵਿਚੋਂ ਜੇ 2/3 ਮੈਂਬਰ ਹਾਜ਼ਰ ਹੋਣ ਤਾਂ ਹੀ ਇਹ ਯੋਗ ਮੰਨਿਆ ਜਾਵੇ। ਸੰਸਾਰ ਗੁਰਦੁਆਰਾ ਐਕਟ ਵਿਚ ਤਬਦੀਲੀ ਜਾਂ ਖੇਤਰੀ ਕਮੇਟੀਆਂ ਦੇ ਖੇਤਰਾਂ ਵਿਚ ਤਬਦੀਲੀ ਜਾਂ ਨਵੀਆਂ ਖੇਤਰੀ ਕਮੇਟੀਆਂ ਗਠਿਤ ਕਰਨ ਦਾ ਹੱਕ ਵੀ ਸੰਸਾਰ ਸਿੱਖ ਸਮਾਗਮ ਨੂੰ ਹੀ ਹੋਵੇ।

**20. ਤਖਤ ਸਾਹਿਬਾਨ ਦੇ ਜਥੇਦਾਰ (ਸਿੰਘ ਸਾਹਿਬ)**

ਸਿੰਘ ਸਾਹਿਬਾਨਾਂ ਦੀ ਨਿਯੁਕਤੀ ਸੰਸਾਰ ਸਿੱਖ ਸਮਾਗਮ ਵਲੋਂ ਕੀਤੀ ਜਾਵੇ। ਪੰਜਾਂ ਤਖਤਾਂ ਦੇ ਸਿੰਘ ਸਾਹਿਬਾਨਾਂ ਵਿਚੋਂ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਪ੍ਰਮੁੱਖ ਹੋਵੇ। ਉਂਜ ਸਾਰੇ ਫੈਸਲੇ ਸਹਿਮਤੀ ਨਾਲ ਲਏ ਜਾਣ ਪਰ ਖਾਸ ਹਾਲਤਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਕਿਸੇ ਹੋਰ ਜਥੇਦਾਰ ਦੀ ਗੈਰ-ਹਾਜ਼ਰੀ ਨੂੰ ਕਿਸੇ ਉਚ ਧਾਰਮਿਕ ਸ਼ਖਸੀਅਤ ਰਾਹੀਂ ਪੂਰਾ ਕਰ ਸਕਦਾ ਹੋਵੇ। ਸਿੰਘ ਸਾਹਿਬਾਨ ਨੂੰ ਵਿਆਪਕ ਧਾਰਮਿਕ ਅਧਿਕਾਰ ਪ੍ਰਾਪਤ ਹੋਣ।

(ੳ) ਸ਼੍ਰੋਮਣੀ ਕਮੇਟੀ ਦੀ ਹਰ ਬੈਠਕ ਦਾ ਅਰੰਭ ਸਿੰਘ ਸਾਹਿਬ ਦੇ ਭਾਸ਼ਣ ਨਾਲ ਹੋਵੇ।

(ਅ) ਸਿੰਘ ਸਾਹਿਬ, ਯੂਨੀਵਰਸਿਟੀ ਦੇ ਚਾਂਸਲਰ ਅਤੇ ਸਿੱਖ ਬੈਂਕ ਦੇ ਚੇਅਰਮੈਨ ਹੋਣ।

(ੲ) ਸ਼੍ਰੋਮਣੀ ਕਮੇਟੀ ਤੇ ਹੋਰ ਕਮੇਟੀਆਂ ਵਲੋਂ ਬਣਾਏ ਸਭ ਬੋਰਡਾਂ, ਟਰੱਸਟਾਂ ਤੇ ਮਤਿਆਂ (ਫੈਸਲਿਆਂ) ਸੰਬੰਧੀ ਸਿੰਘ ਸਾਹਿਬ ਦੀ ਮਨਜ਼ੂਰੀ ਜ਼ਰੂਰੀ ਹੋਵੇ।

(ਸ) ਸਿੰਘ ਸਾਹਿਬ ਨੂੰ ਅਧਿਕਾਰ ਹੋਵੇ ਕਿ ਉਹ ਸਹਿਜਧਾਰੀ ਮੰਨੇ ਜਾਂਦੇ ਸਿੱਖ ਵਰਗ ਨੂੰ ਯੋਗ ਸਮਝ ਕੇ ਹਰੇਕ ਖੇਤਰੀ ਕਮੇਟੀ ਵਿਚ 5 ਮੈਂਬਰ ਅਤੇ ਸ਼੍ਰੋਮਣੀ ਕਮੇਟੀ ਵਿਚ 2 ਮੈਂਬਰ ਨਿਯੁਕਤ ਕਰਨ।

(ਹ) ਗੁਰਬਾਣੀ ਨਾਲ ਸੰਬੰਧਿਤ ਕਿਸੇ ਵੀ ਮਸਲੇ 'ਤੇ ਕੋਈ ਮਤਾ ਜਾਂ ਬਿਆਨ, ਕੋਈ ਵੀ ਖੇਤਰੀ ਕਮੇਟੀ ਜਾਂ ਸ਼੍ਰੋਮਣੀ ਕਮੇਟੀ ਜਾਂ ਹੋਰ ਸੰਸਥਾ, ਸਿੰਘ ਸਾਹਿਬ ਦੀ ਅਗੇਤੀ ਮਨਜ਼ੂਰੀ ਤੋਂ ਬਾਅਦ ਹੀ ਲਿਆ ਸਕੇ।

(ਕ) ਸਿੰਘ ਸਾਹਿਬਾਨ ਦੀ ਅਗਵਾਈ ਹੇਠ ਹਰੇਕ ਚੌਥੇ ਸਾਲ (ਲੀਪ ਦੇ ਸਾਲ) ਸ਼੍ਰੋਮਣੀ ਸਿੱਖ ਕਨਵੈਨਸ਼ਨ (ਸਰਬੱਤ ਖਾਲਸਾ) ਬੰਦੀ ਛੋੜ ਦਿਵਸ ਜਾਂ ਖਾਲਸਾ ਸਾਜਨਾ ਦਿਵਸ ਮੌਕੇ ਬੁਲਾਇਆ ਜਾਵੇ।

## ਕੀ ਮੈਂ ਝੂਠ ਬੋਲਿਐ...

*(ਸਫਾ 31 ਦੀ ਬਾਕੀ)*

ਫਿਰੋਜ਼ਪੁਰ 'ਚ ਝੰਡਾ ਲਹਿਰਾਉਣ ਮੌਕੇ ਮੁੱਖ ਮੰਤਰੀ ਬਾਦਲ ਨੇ ਵੱਖ ਵੱਖ ਖੇਤਰਾਂ 'ਚ ਜ਼ਿਕਰਯੋਗ ਪ੍ਰਾਪਤੀਆਂ ਕਰਨ ਵਾਲੇ ਹੋਰ ਲੋਕਾਂ ਦੇ ਨਾਲ ਜਿਹੜੇ ਸ਼ਖਸ ਨੂੰ 'ਇਮਾਨਦਾਰੀ ਐਵਾਰਡ' ਦਿੱਤਾ, ਉਹ ਏਸੇ ਸਾਲ ਜੂਨ ਮਹੀਨੇ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਫੜਿਆ ਗਿਆ ਸੀ। 'ਬਲਸ਼ਾਲੀ' ਬਲਰਾਮ ਲੂਥਰਾ ਨਾਂ ਦੇ ਉਸ ਡਰੱਗ ਇੰਸਪੈਕਟਰ ਨੂੰ ਜਿਹੜੇ ਮੈਡੀਕਲ ਸਟੋਰ ਵਾਲਿਆਂ ਨੇ ਰਿਸ਼ਵਤ ਲੈਂਦਿਆਂ ਫੜਾਇਆ ਸੀ, ਉਨ੍ਹਾਂ ਨੂੰ ਬਾਅਦ 'ਚ ਆਪਣੀ ਇਸ 'ਨਾਦਾਨੀ' 'ਤੇ ਹੰਝੂ ਵਹਾਉਣੇ ਪਏ ਸਨ, ਕਿਉਂਕਿ 'ਇਮਾਨਦਾਰ' ਦੀ ਪਹੁੰਚ ਉਤਾਂਹ ਤੱਕ ਸੀ। ਸਿਹਤ ਮੰਤਰੀ ਤੋਂ ਲੈ ਕੇ ਮੁੱਖ ਮੰਤਰੀ ਤੱਕ ਨੂੰ ਉਸਦਾ ਬਚਾਅ ਕਰਨ ਦੀ ਫਿਕਰ ਪੈ ਗਈ। ਫੇਰ ਜਿਹੜੇ ਵਿਜੀਲੈਂਸ ਅਫਸਰਾਂ ਨੇ ਲੂਥਰੇ ਨੂੰ ਫੜਿਆ ਸੀ, ਪਹਿਲਾਂ ਉਨ੍ਹਾਂ ਨੂੰ ਮੁਅੱਤਲ ਕੀਤਾ ਗਿਆ ਤੇ ਜਿਨ੍ਹਾਂ ਫੜਾਇਆ ਸੀ, ਉਨ੍ਹਾਂ ਨੂੰ ਬਿਆਨ ਬਦਲਣ ਲਈ ਮਜਬੂਰ ਕੀਤਾ ਗਿਆ।

ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ, ਜਿਸ ਦੀ ਪਿੱਛੇ ਜਿਹੇ ਜਗਦੀਸ਼ ਸਾਹਨੀ ਨਾਲ ਕੁੰਡੀ ਫਸੀ ਸੀ ਤੇ ਜੀਹਦੇ ਬਾਰੇ ਕਿਹਾ ਜਾਂਦੈ ਕਿ ਉਹ ਖੁਦ ਇਮਾਨਦਾਰੀ ਦੇ ਪੁੰਜ ਨੇ, ਦੀ ਸਿਫਾਰਸ਼ 'ਤੇ ਮੁੱਖ ਮੰਤਰੀ ਨੇ ਲੂਥਰੇ ਨੂੰ 'ਇਮਾਨਦਾਰੀ ਐਵਾਰਡ' ਦਾ ਗਿਆਰਾਂ ਹਜ਼ਾਰ ਦੇ ਕੇ ਸਾਬਤ ਕੀਤੇ ਕਿ ਇਮਾਨਦਾਰੀ ਦੀ ਅਸਲ ਪਰਿਭਾਸ਼ਾ ਕੀ ਰਹਿ ਗਈ ਏ?

*ਫੋਨ:91-98141-78883

### ਗੀਤ

**ਯਾਰੀਆਂ**

ਇਕ ਨਾ ਛੁਪਾਉਂਦਾ ਹੋਵੇ ਗੱਲ ਯਾਰ ਤੋਂ
ਇਕ ਬਸ ਆਉਂਦਾ ਹੋਵੇ ਕੰਮ-ਕਾਰ ਤੋਂ
ਇਕ ਦੱਸ ਦੇਵੇ ਦੂਜਿਆਂ 'ਚ ਜਾ ਕੇ ਸਾਰੀਆਂ
ਇਹੋ ਜਿਹੀਆਂ ਪੁੱਗਦੀਆਂ ਨਹੀਂਓਂ ਯਾਰੀਆਂ।

ਇਕ ਹੁੰਦਾ ਦਾਰੂ ਪੀ ਕੇ ਸੱਚ ਬੋਲਦਾ
ਇਕ ਗੱਲ ਦਿਲ ਵਿਚ ਰੱਖ ਬੋਲਦਾ
ਇਕ ਮਾਰ ਜਾਂਦਾ ਬਿਨ ਦੱਸਿਓਂ ਉਡਾਰੀਆਂ
ਇਹੋ ਜਿਹੀਆਂ...।

ਇਕ ਦੇ ਨਾ ਮੂਹਰੇ ਹੁੰਦਾ ਕੋਈ ਬੋਲਦਾ
ਇਕ ਹੁੰਦਾ, ਲੋੜ ਵੇਲੇ ਮੂੰਹ ਨਹੀਂ ਖੋਲ੍ਹਦਾ
ਇਕ ਆਵੇ, ਭੈਣਾਂ ਘਰੇ ਜੇ ਕੁਆਰੀਆਂ
ਇਹੋ ਜਿਹੀਆਂ...।

ਇਕ ਜਾਂਦਾ ਜਾਂਦਾ ਕਿਸੇ ਵਿਚ ਵੱਜ ਜੇ
ਇਕ ਉਸ ਵੇਲੇ ਖਰਚੇ ਤੋਂ ਭੱਜ ਜੇ
ਰਾਜ ਹੁੰਦਿਆਂ ਤੂੰ ਦੱਸ ਹੋਰ ਕੀ ਗੱਦਾਰੀਆਂ
ਇਹੋ ਜਿਹੀਆਂ...।

-ਸੁਖਰਾਜ ਧਾਲੀਵਾਲ,
ਟੈਫਟ ਜੇਲ੍ਹ, ਕੈਲੀਫੋਰਨੀਆ।

## ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

*(ਸਫਾ 35 ਦੀ ਬਾਕੀ)*

ਵਿਕਸਿਤ ਹੋ ਰਿਹਾ ਸੀ। ਕਾਦਿਰ ਨੇ ਦੱਸਿਆ ਕਿ ਇਹ ਨਵੀਂ ਡਿਫੈਂਸ ਕਾਲੋਨੀ ਹੈ। ਕਿਤੇ ਕਿਤੇ ਵੱਡੀ ਕੋਠੀ ਬਣ ਗਈ ਸੀ, ਉਦਾਂ ਸੜਕਾਂ ਤੇ ਲਾਈਟਾਂ ਸਭ ਪਾਸੇ ਲੱਗ ਗਈਆਂ ਸਨ। ਸ਼ਾਇਦ ਇਸ ਦੇ ਨਾਲ ਲਗਦੀ ਹੀ ਕੁਝ ਜ਼ਮੀਨ ਜੋ ਗੁਰਦੁਆਰਾ ਬੇਬੇ ਨਾਨਕੀ, ਡੇਰਾ ਚਾਹਲ ਦੀ ਹੈ, ਔਕਾਫ ਬੋਰਡ ਨੇ ਡਿਫੈਂਸ ਮਨਿਸਟਰੀ ਨੂੰ ਵੇਚੀ ਹੋਣੀ ਏ, ਜਿਸ ਬਾਰੇ ਪਿੱਛੇ ਜਿਹੇ ਖਬਰਾਂ ਸੁਣੀਆਂ ਸਨ। ਇਹ ਡਿਫੈਂਸ ਕਾਲੋਨੀ ਵਾਹਗਾ ਬਾਰਡਰ ਤੋਂ ਮਸਾਂ ਹੀ 15 ਕੁ ਕਿਲੋਮੀਟਰ ਦੂਰ ਹੈ।

ਜਾਂਦੇ-ਜਾਂਦੇ ਹੀ ਕਾਦਿਰ ਭਾਈ ਪੁੱਛਣ ਲੱਗਾ ਕਿ ਸੱਚ ਦੱਸਿਓ ਕਿ ਕਿੱਦਾਂ ਦੀ ਰਹੀ ਇਧਰਲੇ ਪੰਜਾਬ ਦੀ ਯਾਤਰਾ। ਸਾਡਾ ਜਵਾਬ ਹਾਂ ਵਾਚਕ ਹੀ ਸੀ। ਫਿਰ ਉਹ ਬੋਲਿਆ ਕਿ ਤੁਹਾਡੇ ਪੰਜਾਬ ਦੇ ਬਾਹਰਲੇ ਮੁਲਕਾਂ ਵਿਚ ਵਸੇ ਸਿੱਖਾਂ ਦੀਆਂ ਕੋਸ਼ਿਸ਼ਾਂ ਸਦਕਾ ਦੋਹਾਂ ਮੁਲਕਾਂ ਦੇ ਆਪਸੀ ਸੰਬੰਧ ਕਾਫੀ ਸੁਧਰਦੇ ਨਜ਼ਰ ਆਉਂਦੇ ਨੇ। ਉਹਨੇ ਇਹ ਵੀ ਦੱਸਿਆ ਕਿ ਇੱਥੋਂ ਦੀਆਂ ਸਰਕਾਰਾਂ ਇੰਗਲੈਂਡ, ਕੈਨੇਡਾ, ਅਮਰੀਕਾ ਵਿਚ ਵਸੇ ਸਿੱਖਾਂ ਦੀ ਸਲਾਹ ਨੂੰ ਖਾਸ ਅਹਿਮੀਅਤ ਦਿੰਦੀਆਂ ਹਨ। ਪਾਕਿਸਤਾਨ ਹਕੂਮਤ ਵਲੋਂ ਸਿੱਖਾਂ ਦੇ ਆਨੰਦ ਮੈਰਿਜ ਐਕਟ ਨੂੰ ਕਾਨੂੰਨ ਬਣਾਉਣ ਵਿਚ ਵੀ ਬਾਹਰਲੇ ਸਿੱਖਾਂ ਨੇ ਅਹਿਮ ਰੋਲ ਅਦਾ ਕੀਤਾ ਹੈ। ਪਾਕਿਸਤਾਨ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਵਿਚ ਵੀ ਸਰਕਾਰ ਉਨ੍ਹਾਂ ਦੇ ਸੁਝਾਵਾਂ 'ਤੇ ਗੌਰ ਕਰਦੀ ਹੈ। ਬੱਸ ਇੰਨੇ ਚਿਰ ਨੂੰ ਵਾਹਗਾ ਬਾਰਡਰ ਵੀ ਆ ਗਿਆ ਤੇ ਸੜਕ 'ਤੇ ਇਕ ਪਾਸੇ ਟਰੱਕਾਂ ਦੀਆਂ ਲੰਮੀਆਂ ਕਤਾਰਾਂ ਖੜ੍ਹੀਆਂ ਦਿਸੀਆਂ ਜਿਨ੍ਹਾਂ ਨੇ ਮਾਲ ਹਿੰਦੋਸਤਾਨ ਵਾਲੇ ਪਾਸੇ ਉਤਾਰਨਾ ਸੀ।

ਪਾਕਿਸਤਾਨੀ ਟਰੱਕਾਂ ਦੀ ਬਣਤਰ ਤਾਂ ਚੜ੍ਹਦੇ ਵੱਲ ਵਰਗੀ ਹੀ ਹੈ ਪਰ ਉਹ ਟਰੱਕਾਂ ਨੂੰ ਹਾਰ-ਸ਼ਿੰਗਾਰ ਕੇ ਬਹੁਤ ਰੱਖਦੇ ਹਨ। ਇਕ ਖਾਸ ਤਰ੍ਹਾਂ ਦਾ ਛੱਜਾ ਜਿਹਾ ਟਰੱਕ ਦੇ ਅਗਲੇ ਪਾਸੇ ਨੂੰ ਕੱਢਿਆ ਹੁੰਦਾ ਹੈ। ਮੈਂ ਕਾਦਿਰ ਭਾਈ ਨੂੰ ਪੁੱਛਿਆ ਕਿ ਇਹਦੇ ਨਾਲ ਤਾਂ ਹਵਾ ਹੋਰ ਰੁਕ ਜਾਂਦੀ ਹੋਣੀ ਏ ਤੇ ਟਰੱਕ 'ਤੇ ਲੋਡ ਵੱਧ ਨਾ ਪੈਂਦਾ ਹੋਊ ਤਾਂ ਉਹ ਕਹਿੰਦਾ ਕਿ ਆਹੀ ਸਵਾਲ ਇਕ ਵਾਰੀ ਤੁਹਾਡੇ ਅਮਰੀਕਾ ਤੋਂ ਆਏ ਇਕ ਵੱਡੀ ਟਰੱਕ ਕੰਪਨੀ ਦੇ ਮਾਲਕ ਟੁੱਟ ਭਰਾਵਾਂ ਨੇ ਇਕ ਪਠਾਣ ਟਰੱਕ ਵਾਲੇ ਨੂੰ ਪੁੱਛਿਆ ਤਾਂ ਉਹਨੇ ਕਿਹਾ, "ਸਰਦਾਰ ਸਾਹਿਬ, ਤੁਸੀਂ ਐਨੀ ਸੋਹਣੀ ਪੱਗ ਬੰਨ੍ਹ ਕੇ ਸਾਰੀ ਦੁਨੀਆਂ ਵਿਚ ਟੌਹਰ ਬਣਾ ਲਈ, ਸਾਡੇ ਕੋਲੋਂ ਤੁਹਾਡੇ ਵਰਗੀ ਸੋਹਣੀ ਪੱਗ ਤਾਂ ਨਹੀਂ ਬੱਝੀ ਜਾਂਦੀ ਪਰ ਅਸੀਂ ਟਰੱਕਾਂ ਦੇ ਸਿਰ ਨੂੰ ਤੁਹਾਡੇ ਵਾਂਗ ਸਜਾ ਕੇ ਮਨ ਖੁਸ਼ ਕਰੀਦੈ।"

ਕਾਦਿਰ ਭਾਈ ਨੇ ਕਾਰ ਪਾਰਕ ਕਰਕੇ ਸਾਡੇ ਅਟੈਚੀ ਕੱਢੇ ਅਤੇ ਅਸੀਂ ਪਾਕਿਸਤਾਨ ਦੇ ਇਮੀਗ੍ਰੇਸ਼ਨ ਦਫਤਰ ਵਲ ਨੂੰ ਚਲ ਪਏ। ਉਹ ਆਪਣੇ ਦਸਵੀਂ 'ਚ ਪੜ੍ਹਦੇ ਬੇਟੇ ਨੂੰ ਵੀ ਬਾਰਡਰ ਦਿਖਾਉਣ ਲਈ ਨਾਲ ਹੀ ਲੈ ਆਇਆ ਸੀ। ਕਾਦਿਰ ਭਾਈ ਦਾ ਸਿਦਕ ਇੰਨਾ ਸੀ ਕਿ ਉਸ ਵੇਲੇ ਤੱਕ ਵੀ ਉਹਨੇ ਸਾਨੂੰ ਕਾਰ ਦੇ ਭਾੜੇ ਬਾਰੇ ਨਹੀਂ ਕਿਹਾ। ਸਭ ਤੋਂ ਪਹਿਲਾਂ ਮੇਰੇ ਭਰਾ (ਹੁਣ ਉਹ ਇਸ ਜਹਾਨ 'ਤੇ ਨਹੀਂ ਰਿਹਾ) ਨੇ ਉਹਦੇ ਬੇਟੇ ਨੂੰ ਪਿਆਰ ਦੇ ਕੇ ਕੁਝ ਪੈਸੇ ਦਿੱਤੇ ਤੇ ਕਿਹਾ ਕਿ ਜ਼ਿਆਦਾ ਪੜ੍ਹੀਂ। ਫਿਰ ਕਾਦਿਰ ਭਾਈ ਨੂੰ ਜੋ ਉਹਦੇ ਨਾਲ ਗੱਲ ਮੁਕਾਈ ਸੀ, ਉਸ ਤੋਂ ਵਧ ਦੇ ਕੇ ਬਹੁਤ-ਬਹੁਤ ਧੰਨਵਾਦ ਕੀਤਾ। ਇਮੀਗ੍ਰੇਸ਼ਨ ਦੇ ਦਫਤਰ ਤੋਂ ਅੱਗੇ ਸਿਵਾਏ ਯਾਤਰੀਆਂ ਦੇ ਕਿਸੇ ਨੂੰ ਜਾਣ ਨਹੀਂ ਦਿੰਦੇ। ਇਥੇ ਕਾਦਿਰ ਭਾਈ ਕਹਿੰਦਾ, "ਮੈਂ ਤੁਹਾਡਾ ਖਿਦਮਤਗਾਰ ਹਾਂ। ਜਦੋਂ ਵੀ ਫਿਰ ਕਦੇ ਆਏ ਤਾਂ ਖੁਦਾ ਦੇ ਇਸ ਬੰਦੇ ਨੂੰ ਜ਼ਰੂਰ ਸੇਵਾ ਬਖਸ਼ਣੀ।" ਫਿਰ ਸਾਨੂੰ ਘੁੱਟ-ਘੁੱਟ ਕੇ ਜੱਫੀਆਂ ਪਾ ਕੇ ਮਿਲਿਆ।

ਪਹਿਲਾਂ ਵਾਂਗ ਹੀ ਮਾੜੀ-ਮੋਟੀ ਪੁੱਛਗਿੱਛ ਹੋਈ ਕਿ ਅਟੈਚੀ ਵਿਚ ਕੀ ਹੈਗਾ ਜਾਂ ਕਿੱਦਾਂ ਰਿਹਾ ਪਾਕਿਸਤਾਨ ਦਾ ਟਰਿਪ। ਬਾਕੀ ਜਦੋਂ ਉਹ ਬਾਹਰਲੇ ਪਾਸਪੋਰਟ ਦੇਖਦੇ ਹਨ ਤਾਂ ਕੁਝ ਵਾਧੂ ਪੁੱਛਦੇ ਹੀ ਨਹੀਂ। ਬਾਰਡਰ ਦੇ ਗੇਟ 'ਤੇ ਪਾਕਿਸਤਾਨ ਰੇਂਜਰ ਦਾ ਸਾਢੇ ਛੇ ਫੁੱਟ ਲੰਮਾ ਸਕਿਉਰਿਟੀ ਵਾਲਾ ਸਭ ਨੂੰ ਪਾਸਪੋਰਟ ਦੇਖ ਕੇ ਬਾਰਡਰ ਲਾਈਨ ਨੂੰ ਕਰਾਸ ਕਰਨ ਨੂੰ ਕਹਿ ਦਿੰਦਾ ਸੀ। ਉਸ ਚਿੱਟੀ ਲਾਈਨ ਨੂੰ ਦੇਖ ਕੇ ਮਨ ਵਿਚ ਆਇਆ, "ਵਾਹ ਨੀ ਚਿੱਟੀਏ ਲਕੀਰੇ! ਤੈਨੂੰ ਆਰ-ਪਾਰ ਕਰਨ ਨੂੰ ਤਾਂ ਇੱਕੋ ਹੀ ਪੁਲਾਂਘ ਪੁੱਟਣੀ ਪੈਂਦੀ ਏ ਪਰ ਇਹ ਪੁਲਾਂਘ ਪੁੱਟਣ ਲਈ ਕਿੰਨੇ ਪਟੌਟੇ ਕਰਨੇ ਪੈਂਦੇ ਨੇ ਤੇ ਬਹੁਤਿਆਂ ਨੂੰ ਤਾਂ ਲੱਖ ਝੱਖ ਮਾਰਨ ਦੇ ਬਾਵਜੂਦ ਵੀ ਇਹ ਪੁਲਾਂਘ ਪੁੱਟਣੀ ਹੀ ਨਸੀਬ ਨਹੀਂ ਹੁੰਦੀ।"

ਸਾਨੂੰ ਪੰਜ ਕੁ ਮਿੰਟ ਲਈ ਬਾਰਡਰ ਤੇ ਰੁਕਣਾ ਪਿਆ ਕਿਉਂਕਿ ਸਕਿਉਰਿਟੀ ਵਾਲਾ ਹਿੰਦੋਸਤਾਨ ਤੋਂ ਵਾਪਿਸ ਆਉਣ ਵਾਲੇ ਪਾਕਿਸਤਾਨੀ ਨਾਗਰਿਕਾਂ ਦੇ ਪਾਸਪੋਰਟ ਚੈਕ ਕਰਨ 'ਚ ਲੱਗਾ ਹੋਇਆ ਸੀ।

ਜਿੱਦਾਂ ਮਨ ਕਦੇ ਵੀ ਟਿਕ ਕੇ ਨਹੀਂ ਬੈਠਦਾ ਸਗੋਂ ਖਿਆਲਾਂ ਦੀਆਂ ਲੜੀਆਂ ਆਪੇ ਹੀ ਬਣਦੀਆਂ ਤੁਰੀਆਂ ਜਾਂਦੀਆਂ ਹਨ, ਇਸੇ ਤਰ੍ਹਾਂ ਮੇਰੇ ਮਨ ਨੇ ਆਪ ਹੀ ਕਿਹਾ, "ਬੱਲੇ ਓ ਵਕਤਾ! ਕਦੋਂ ਕੀ ਕਰ ਦੇਵੇਂ, ਕਦੇ ਕਿਸੇ ਨੂੰ ਕੁਝ ਨਹੀਂ ਪਤਾ ਲੱਗਣ ਦਿੰਦਾ। ਕਦ ਏਦਾਂ ਦੀਆਂ ਲੀਕਾਂ ਮਾਰ ਕੇ ਸਦੀਆਂ ਤੋਂ ਇਕੱਠੇ ਵਸਦਿਆਂ ਨੂੰ ਸਦਾ ਲਈ ਤੋੜ-ਵਿਛੋੜ ਦੇਵੇਂ ਤੇ ਮੁੜ ਆਪਣੀ ਹੀ ਜੰਮਣ-ਭੋਇ ਨੂੰ ਦੇਖਣ ਲਈ ਤਰਸਦੀਆਂ ਅੱਖਾਂ ਕਦੋਂ ਅਣਗਿਣਤ ਅਰਮਾਨ ਵਿਚੇ ਹੀ ਲੈ ਕੇ ਸਦਾ ਲਈ ਮੀਟੀਆਂ ਜਾਣ, ਕਿਹਨੂੰ ਉਲਾਂਭਾ ਦਿੱਤਾ ਜਾਵੇ?"

ਬਾਰਡਰ ਤੇ ਖੜ੍ਹ ਕੇ ਮਨ ਵਿਚ ਆਇਆ, "ਇਹ 1947 ਵਿਚ ਦੋ ਪਿੰਡਾਂ ਅਟਾਰੀ ਤੇ ਵਾਹਗੇ ਦਾ ਬਸੀਮਾ (ਬੰਨਾ) ਸੀ। ਉਦੋਂ ਕਦੇ ਕਿਸੇ ਨੇ ਚਿਤਵਿਆ ਵੀ ਨਹੀਂ ਹੋਣਾ ਕਿ ਵਕਤ ਨੇ ਇਸ ਬਸੀਮੇ ਨੂੰ ਦੁਨੀਆਂ ਦੇ ਖਤਰਨਾਕ ਬਾਰਡਰਾਂ ਵਿਚੋਂ ਇਕ ਬਣਾ ਦੇਣਾ ਹੈ। ਇਥੇ ਕੰਡਿਆਲੀਆਂ ਤਾਰਾਂ ਲਾ ਕੇ ਇਕ-ਦੂਜੇ ਵਲ ਨਾ ਮੁੱਕਣ ਵਾਲੀ ਨਫਰਤ ਪੈਦਾ ਕਰ ਦੇਣੀ ਹੈ। ਇਸੇ ਧਰਤੀ ਦੇ ਜਾਇਆਂ ਦਾ ਇਥੇ ਤੋਪਾਂ, ਟੈਂਕਾਂ, ਬੰਬਾਂ ਨਾਲ ਬੇਥਾਹ ਲਹੂ ਡੋਹਲਿਆ ਜਾਣਾ ਹੈ। ਅੱਠੇ ਪਹਿਰ ਦੋਹੀਂ ਪਾਸੀਂ ਸੰਗੀਨਾਂ ਦੇ ਪਹਿਰੇ ਵਿਚ ਇਕ ਦੂਜੇ ਨੂੰ ਘੂਰ ਕੇ ਦੇਖਦੇ ਰਹਿਣਾ ਹੈ। ਵਾਹ ਓਏ ਡਾਢਿਆ ਵਕਤਾ! ਤੇਰੀਆਂ ਰਮਜ਼ਾਂ ਤੂੰ ਹੀ ਜਾਣੇ।"

ਏਨੇ ਨੂੰ ਸਕਿਉਰਿਟੀ ਵਾਲੇ ਨੇ ਸਾਨੂੰ ਵੀ ਪਾਸਪੋਰਟ ਦਿਖਾਉਣ ਲਈ ਕਿਹਾ। ਮੈਂ ਪਾਸਪੋਰਟ ਦਿਖਾਇਆ ਤੇ ਉਸਨੇ ਮੈਨੂੰ ਲੀਕ ਟੱਪ ਜਾਣ ਲਈ ਕਿਹਾ। ਮੈਂ ਇਕ ਵਾਰ ਫਿਰ ਪਿੱਛੇ ਮੁੜ ਕੇ ਦੂਰ ਤੱਕ ਦੇਖਿਆ ਤੇ ਉਹ ਲਾਂਘ ਵੀ ਪੁੱਟ ਲਈ ਜਿਹੜੀ ਮੁੜ ਪਿੱਛੇ ਨੂੰ ਨਹੀਂ ਪੁੱਟੀ ਜਾਣੀ ਸੀ। ਬਾਰਡਰ ਲਾਈਨ ਦੇ ਆਪਣੇ ਵਾਲੇ ਪਾਸੇ ਗੇਟ 'ਤੇ ਬੀ.ਐਸ.ਐਫ. ਦਾ ਸਕਿਉਰਿਟੀ ਵਾਲਾ ਵੀ ਪਾਸਪੋਰਟ 'ਤੇ ਇੰਡੀਆ ਦਾ ਵੀਜ਼ਾ ਦੇਖਦਾ ਹੈ ਤੇ ਅੱਗੇ ਤੋਰ ਦਿੰਦਾ ਹੈ। ਅੱਗੇ ਆਪਣੇ ਮੁਲਕ (ਹਿੰਦੋਸਤਾਨ) ਦੇ ਇਮੀਗ੍ਰੇਸ਼ਨ ਤੇ ਕਸਟਮ ਦੇ ਦਫਤਰ ਹਨ। ਉਹ ਵੀ ਆਪਣੀ ਕਾਰਵਾਈ ਕਰਕੇ ਐਂਟਰੀ ਦੀ ਮੋਹਰ ਲਾ ਕੇ ਕਲੀਅਰ ਕਰ ਦਿੰਦੇ ਹਨ ਤੇ ਅਗਾਂਹ ਜਾਣ ਦੀ ਆਗਿਆ ਦੇ ਦਿੰਦੇ ਹਨ। ਏਦਾਂ ਕੁਝ ਕੁ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਦੀ ਸਾਡੀ ਯਾਤਰਾ ਮੁਕੰਮਲ ਹੋ ਗਈ ਤੇ ਅਸੀਂ ਅਟਾਰੀ ਬਾਰਡਰ ਤੋਂ ਟੈਕਸੀ ਲੈ ਕੇ ਤ੍ਰਿਕਾਲਾਂ ਨੂੰ ਜਲੰਧਰ ਕੋਲ ਆਪਣੀ ਭੈਣ ਦੇ ਪਿੰਡ ਪੁੱਜ ਗਏ ਤੇ ਉਥੋਂ ਆਪਣੀ ਕਾਰ ਲੈ ਕੇ ਆਪਣੇ ਪਿੰਡ। ਤਿੰਨ ਕੁ ਹਫਤੇ ਪਿੰਡ ਆਪਣੇ ਘਰ ਰਹਿ ਕੇ ਸਭ ਕੁਝ ਭੁੱਲ-ਭੁਲਾ ਕੇ ਮੁੜ ਤਰੋਤਾਜ਼ਾ ਹੋ ਕੇ ਫਿਰ ਪਰਦੇਸੀਂ ਚੋਗ ਚੁਗਣ ਨੂੰ ਲੰਮੀਆਂ ਵਾਟਾਂ 'ਤੇ ਚਲ ਪਏ ਜਿੱਥੇ-ਜਿੱਥੇ ਬਾਬੇ ਨਾਨਕ ਨੇ ਸਾਡੇ ਲਈ ਖਿਲਾਰੀ ਪਈ ਹੈ।

*ਸਮਾਪਤ*

**ਸ਼ਖ਼ਸੀਅਤ**

# ਗਿਆਨੀ ਜ਼ੈਲ ਸਿੰਘ ਦੀ ਪੰਜਾਬੀ ਸਿਆਸਤ

**ਗੁਲਜ਼ਾਰ ਸਿੰਘ ਸੰਧੂ**

ਇਸ ਤੋਂ ਪਹਿਲਾਂ ਕਿ ਪੂਰੀ ਗੱਲ ਕਰੀਏ, ਭਾਵਨਾ ਦਾ ਅਰਥ ਸਮਝਣਾ ਜ਼ਰੂਰੀ ਹੈ। ਇਹ ਇੱਛਾ ਨਹੀਂ ਹੁੰਦੀ। ਪ੍ਰਤੀਬੱਧਤਾ ਉਕਾ ਹੀ ਨਹੀਂ। ਪਹੁੰਚ ਹੋ ਸਕਦੀ ਹੈ। ਭਾਵੁਕ ਪਹੁੰਚ ਵੀ ਕਹਿ ਸਕਦੇ ਹਾਂ। ਪਰ ਇਸ ਪਹੁੰਚ ਦਾ ਧੰਦੇ ਨਾਲ ਗੂੜ੍ਹਾ ਸਬੰਧ ਹੈ। ਅਧਿਆਪਕ ਦੀ ਭਾਵਨਾ ਅਧਿਆਪਕੀ ਹੋਵੇਗੀ, ਸਾਹਿਤਕਾਰ ਦੀ ਸਾਹਿਤਕ ਤੇ ਸਿਆਸਤਦਾਨ ਦੀ ਸਿਆਸੀ। ਗਿਆਨੀ ਜ਼ੈਲ ਸਿੰਘ ਦੀ ਪੰਜਾਬੀ ਭਾਵਨਾ ਸਿਆਸੀ ਸੀ।

ਅਸੀਂ ਜਦੋਂ ਕਦੇ ਵੀ ਮਿਲਦੇ, ਉਹ ਮੈਨੂੰ ਜੱਫੀ ਪਾ ਕੇ ਮਿਲਦਾ। ਇਸ ਪਿੱਛੋਂ ਮੇਰੀ ਦਾੜ੍ਹੀ ਦੇ ਘੁੰਗਰਾਲੇ ਵਾਲਾਂ ਨੂੰ ਪਲੋਸ ਕੇ ਕਹਿੰਦਾ, ਖਾਲਸੇ ਦੀ ਦਾੜ੍ਹੀ ਏਦਾਂ ਦੀ ਹੁੰਦੀ ਹੈ? ਮੈਂ ਉਸ ਵਿਚਲਾ ਭੇਦ ਕਦੀ ਨਹੀਂ ਦੱਸਿਆ।

ਇਕ ਵਾਰੀ ਮੈਂ ਉਸ ਨੂੰ ਰਾਸ਼ਟਰਪਤੀ ਭਵਨ ਮਿਲਣ ਗਿਆ। ਚਾਰ ਸੌ ਏਕੜ ਜ਼ਮੀਨ ਵਿਚ ਫੈਲੇ 340 ਕਮਰਿਆਂ ਤੇ 37 ਸਵਾਗਤੀ ਹਾਲਾਂ ਵਾਲੇ ਇਸ ਭਵਨ ਦੇ ਦਫਤਰੀ ਕੰਮ-ਕਾਜ ਵਾਲੇ ਕਮਰੇ ਨੂੰ ਮਾਰਨਿੰਗ ਰੂਮ ਕਹਿੰਦੇ ਹਨ। ਗਿਆਨੀ ਜ਼ੈਲ ਸਿੰਘ ਨੇ ਇਸ ਵਿਚ ਗੁਰਬਾਣੀ ਦੇ ਸ਼ਬਦ ਸ਼ੀਸ਼ੇ 'ਚ ਮੜ੍ਹਾ ਕੇ ਲਾਏ ਹੋਏ ਸਨ:

ਸੱਚੋ ਓਰੈ ਸਭ ਕੋ ਉਪਰ ਸੱਚ ਆਚਾਰ॥

ਇਹ ਦਿਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦੇ ਸਨ। ਮੈਂ ਦੇਖਿਆ ਕਿ ਦੇਸ਼ ਦਾ ਰਾਸ਼ਟਰਪਤੀ ਸਹਿਜ ਨਾਲ ਕੁਰਸੀ 'ਤੇ ਬੈਠਦਾ ਸੀ। ਠਰ੍ਹੰਮੇ ਨਾਲ ਉਠਦਾ। ਜਿਵੇਂ ਕੁਝ ਵਿਗੜ ਜਾਣ ਤੋਂ ਡਰ ਰਿਹਾ ਹੋਵੇ। ਕੁਝ ਟੁੱਟਣ ਤੋਂ। ਕਿਸੇ ਦਰਖਤ ਦੇ ਡਿੱਗਣ ਤੋਂ ਤੇ ਧਰਤੀ ਦੇ ਕੰਬਣ ਤੋਂ।

ਗਿਆਨੀ ਜੀ ਹਾਲੀਂ ਮਿਲਣ ਕਮਰੇ ਵਿਚ ਨਹੀਂ ਸਨ ਆਏ। ਮੇਰਾ ਮਿੱਤਰ ਤਰਲੋਚਨ ਸਿੰਘ ਮੌਕਾ ਸਾਂਭਣ ਦਾ ਮਾਹਿਰ ਹੈ। ਉਹ ਉਨ੍ਹੀਂ ਦਿਨੀਂ ਰਾਸ਼ਟਰਪਤੀ ਦਾ ਪ੍ਰੈਸ ਸੈਕਟਰੀ ਸੀ। ਮੈਂ ਉਹਦੇ ਨਾਲ ਗਿਆਨੀ ਜੀ ਦੇ ਉਖੜੇ-ਉਖੜੇ ਹੋਣ ਦੀ ਗੱਲ ਕੀਤੀ ਤਾਂ ਤਰਲੋਚਨ ਸਿੰਘ ਮੈਨੂੰ ਉਸ ਸਥਾਨ 'ਤੇ ਲੈ ਗਿਆ ਜਿਥੇ ਗਿਆਨੀ ਜੀ ਨੇ ਆਪਣਾ ਜੀਵਨ ਫਲਸਫਾ ਦਰਸਾਉਣ ਲਈ ਗੁਰਬਾਣੀ ਦੀ ਟੇਕ ਲੈ ਰੱਖੀ ਸੀ:

ਸੁਖ ਦੁਖ ਦੋਨੋ ਸਮ ਕਰ ਜਾਨੈ
ਅਉਰ ਮਾਨ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ
ਤਿਨ ਜਗ ਤੱਤ ਪਛਾਨਾ॥
ਉਸਤਤ ਨਿੰਦਾ ਦੋਊ ਤਿਆਗੈ
ਖੋਜੇ ਪਦ ਨਿਰਵਾਨਾ॥
ਜਨ ਨਾਨਕ ਇਹ ਖੇਲੁ ਕਠਨ ਹੈ
ਕਿਹਨੂੰ ਗੁਰਮੁਖ ਜਾਨਾ॥

ਇਹ ਮੇਰੀ ਗਿਆਨੀ ਜ਼ੈਲ ਸਿੰਘ ਨਾਲ ਪਹਿਲੀ ਮਿਲਣੀ ਨਹੀਂ ਸੀ। ਇਸ ਮਿਲਣੀ ਦੀ ਗੱਲ ਗਿਆਨੀ ਜੀ ਦੇ ਗੁਰਬਾਣੀ ਪ੍ਰੇਮ ਤੋਂ ਸ਼ੁਰੂ ਕਰਨ ਦਾ ਮੰਤਵ ਉਸ ਦੀ ਸਮੁੱਚੀ ਪਹੁੰਚ ਉਤੇ ਚਾਨਣ ਪਾਉਣਾ ਹੈ। ਔਖੀ ਘੜੀ ਗੁਰਬਾਣੀ ਦੀ ਸ਼ਰਨ ਲੈਣਾ ਉਸ ਦੀ ਸ਼ਖਸੀਅਤ ਦਾ ਮਹੱਤਵਪੂਰਨ ਅੰਗ ਸੀ। ਉਸ ਦੀ ਸ਼ਖਸੀਅਤ ਦੇ ਹੋਰ ਪੱਖ ਵੀ ਸਨ। ਪਹਿਲਾਂ ਉਨ੍ਹਾਂ ਦੀ ਗੱਲ ਕਰ ਲਈਏ।

ਇਕ ਵਾਰੀ ਭਾਸ਼ਾ ਵਿਭਾਗ ਨੇ ਆਪਣਾ ਸਾਲਾਨਾ ਸਨਮਾਨ ਸਮਾਰੋਹ ਅਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਨਾਲ ਜੋੜ ਲਿਆ। ਜ਼ਰੂਰ ਗਿਆਨੀ ਜੀ ਨੇ ਜੁੜਵਾਇਆ ਹੋਵੇਗਾ। ਸਮਾਰੋਹ ਦੀ ਜਾਣਕਾਰੀ ਸਾਰੇ ਅਖ਼ਬਾਰਾਂ ਵਿਚ ਛਪੀ। ਸਨਮਾਨੇ ਜਾਣ ਵਾਲੇ ਸੱਜਣਾਂ ਵਿਚ ਪੰਜਾਬੀ ਕਵੀ ਹਰਿਭਜਨ ਸਿੰਘ ਤੇ ਹਾਸ-ਰਸ ਲੇਖਕ ਸੂਬਾ ਸਿੰਘ ਸ਼ਾਮਲ ਸਨ। ਦੋਵੇਂ ਰਾਮਗੜ੍ਹੀਏ। ਮੈਂ ਕਿਸੇ ਕੰਮ ਮਾਹਿਲਪੁਰ ਨੇੜੇ ਆਪਣੇ ਪਿੰਡ ਸੂਨੀ ਗਿਆ ਹੋਇਆ ਸਾਂ। ਇਸ਼ਤਿਹਾਰ ਪੜ੍ਹਨ ਤੋਂ ਪਿੱਛੋਂ ਮੇਰੀ ਨਿਗ੍ਹਾ ਛੋਟੀ ਭੈਣ ਬਲਵਿੰਦਰ ਦੇ ਮੋਟਰਸਾਈਕਲ ਉਤੇ ਪੈ ਗਈ। ਮੈਂ ਚਾਬੀ ਲਾਈ ਤੇ ਕਿੱਕ ਮਾਰ ਕੇ ਅਨੰਦਪੁਰ ਸਾਹਿਬ ਨੂੰ ਤੁਰ ਪਿਆ। ਘੰਟੇ ਕੁ ਦਾ ਰਾਹ ਸੀ। ਸੂਬਾ ਸਿੰਘ ਉਨ੍ਹੀਂ ਦਿਨੀਂ ਗਿਆਨੀ ਜ਼ੈਲ ਸਿੰਘ ਦਾ ਪ੍ਰੈਸ ਸੈਕਟਰੀ ਸੀ ਤੇ ਗਿਆਨੀ ਜ਼ੈਲ ਸਿਘ ਪੰਜਾਬ ਦਾ ਮੁੱਖ ਮੰਤਰੀ। ਗਿਆਨੀ ਜੀ ਨੇ ਸੂਬਾ ਸਿੰਘ ਦੀ ਜਾਣ-ਪਛਾਣ, ਪ੍ਰੈਸ ਸੈਕਟਰੀ ਦੀ ਥਾਂ ਇਹ ਕਹਿ ਕੇ ਕਰਵਾਈ, 'ਮੈਂ ਤਾਂ ਕੇਵਲ ਜ਼ੈਲ ਹੀ ਹਾਂ, ਇਹ ਸੂਬਾ ਹੈ।' ਉਹ ਇਹ ਦੱਸਣਾ ਚਾਹੁੰਦਾ ਸੀ ਕਿ ਭਾਸ਼ਾ ਵਿਭਾਗ ਜਿਹੜਾ ਇਨਾਮ ਦੇ ਰਿਹਾ ਸੀ, ਉਹ ਬਹੁਤ ਵੱਡੇ ਬੰਦੇ ਨੂੰ ਦਿੱਤਾ ਜਾ ਰਿਹਾ ਸੀ। ਅੱਗੋਂ ਸੂਬਾ ਸਿੰਘ ਵੀ ਘੱਟ ਨਹੀਂ ਸੀ। ਕਹਿਣ ਲੱਗਿਆ, "ਉਸ ਸੂਬੇਦਾਰ ਦਾ ਹਾਲ ਪੁੱਛਿਆਂ ਜਾਣੀਏ, ਜਿਸ ਨੂੰ ਜ਼ੈਲਦਾਰ ਦੇ ਥੱਲੇ ਕੰਮ ਕਰਨਾ ਪੈ ਰਿਹਾ ਹੋਵੇ।" ਭਰੇ-ਭੁਕੰਨੇ ਹਾਲ ਵਿਚ ਹਾਸੇ ਦਾ ਹੜ੍ਹ ਆ ਗਿਆ।

ਗੱਲਾਂ ਹੋਰ ਵੀ ਹੋਈਆਂ ਪਰ ਆਪਾਂ ਗਿਆਨੀ ਦੀ ਸਿਆਸੀ ਪਹੁੰਚ 'ਤੇ ਆਉਂਦੇ ਹਾਂ। ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਡਾਇਰੈਕਟਰ ਦੀ ਆਸਾਮੀ ਖਾਲੀ ਹੋ ਗਈ। ਮੈਨੂੰ ਇਹ ਖਬਰ ਡਾ. ਅਤਰ ਸਿੰਘ ਨੇ ਫੋਨ 'ਤੇ ਦਿੱਤੀ। ਮੈਂ ਕੇਂਦਰ ਸਰਕਾਰ ਦੇ ਖੇਤੀ ਮੰਤਰਾਲੇ ਵਿਚ ਸੰਪਾਦਕ ਦੀ ਆਸਾਮੀ 'ਤੇ ਕੰਮ ਕਰਦਾ ਸਾਂ। ਤਨਖਾਹ ਦਾ ਕੋਈ ਫਰਕ ਨਹੀਂ ਸੀ। ਫੇਰ ਵੀ ਪੰਜਾਬ ਜਾ ਕੇ ਨੌਕਰੀ ਕਰਨ ਨੂੰ ਜੀਅ ਕਰਦਾ ਸੀ। ਪਤਾ ਲੱਗਿਆ ਕਿ ਗਿਆਨੀ ਜੀ ਦਿੱਲੀ ਹੋਣਗੇ। ਫਰੀਦਕੋਟ ਹਾਊਸ ਠਹਿਰਨਗੇ। ਮੈਂ ਨੌਕਰੀ ਲਈ ਮਿਲਣ ਗਿਆ ਤਾਂ ਉਹ ਬਾਹਰ ਲਾਅਨ ਵਿਚ ਟਹਿਲ ਰਹੇ ਸਨ। ਪਹਿਲਾਂ ਵਾਂਗ ਹੀ ਜੱਫੀ ਪਾ ਕੇ ਮਿਲੇ। ਮੈਂ ਦੱਸਿਆ ਕਿ ਮੈਂ ਤਾਂ ਡਾਇਰੈਕਟਰ ਦੀ ਨੌਕਰੀ

> **ਗਿਆਨੀ ਜ਼ੈਲ ਸਿੰਘ ਦੇ ਪੰਜਾਬੀ ਪ੍ਰੇਮ ਵਿਚ ਸਿੱਖੀ ਦਾ ਆਦਰ ਪਹਿਲੇ ਨੰਬਰ 'ਤੇ ਸੀ। ਹਰ ਵੱਡੀ ਤੇ ਨਵੀਂ ਪਦਵੀਂ ਦੀ ਸਹੁੰ ਚੁੱਕਣ ਤੋਂ ਪਹਿਲਾਂ ਉਹ ਗੁਰਦੁਆਰੇ ਮੱਥਾ ਟੇਕਣ ਜਾਂਦਾ। ਅਨੰਦਪੁਰ ਸਾਹਿਬ ਦੇ ਕੇਸਗੜ੍ਹ ਗੁਰਦੁਆਰੇ ਸਭ ਤੋਂ ਵਧ...। ਉਹ ਸਿੱਖੀ ਨੂੰ ਅਨੰਦਪੁਰ ਸਾਹਿਬ ਤੋਂ ਪ੍ਰਾਪਤ ਹੋਏ ਸਰੂਪ ਵਿਚ ਵੇਖਣ ਦਾ ਚਾਹਵਾਨ ਸੀ। ਸਿੱਖਾਂ ਨੂੰ ਵਰਤਮਾਨ ਸਿੱਖੀ ਸਰੂਪ ਦੇਣ ਵਾਲਾ ਦਸਮ ਪਾਤਸ਼ਾਹ ਸੀ। ਗਿਆਨੀ ਜੀ ਨੇ ਦਸਮ ਪਾਤਸ਼ਾਹ ਦੀ ਯਾਦ ਵਿਚ ਸ੍ਰੀ ਅਨੰਦਪੁਰ ਤੋਂ ਦਮਦਮਾ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਦੀ ਸਿਰਜਣਾ ਕੀਤੀ। ਇਹ ਕੰਮ ਸ਼ੇਰ ਸ਼ਾਹ ਸੂਰੀ ਦੀ ਜਰਨੈਲੀ ਸੜਕ ਨਾਲੋਂ ਤਾਂ ਸੌਖਾ ਸੀ ਪਰ ਸਿੱਖਾਂ ਦੀ ਯਾਦਗਾਰ ਦੇ ਤੌਰ 'ਤੇ ਉਸ ਤੋਂ ਵਧ ਮਹੱਤਵ ਰੱਖਦਾ ਹੈ।**



ਮੰਗਣ ਆਇਆ ਹਾਂ।

ਗਿਆਨੀ ਜ਼ੈਲ ਸਿੰਘ ਤੁਰਦਾ-ਤੁਰਦਾ ਖਲੋ ਗਿਆ। ਮੇਰੀ ਤਨਖਾਹ ਪੁੱਛੀ ਤੇ ਇਹ ਵੀ ਕਿ ਮੇਰੇ ਵਲੋਂ ਖਾਲੀ ਹੋਣ ਵਾਲੀ ਸੰਪਾਦਕ ਦੀ ਨੌਕਰੀ ਕਿਸ ਨੂੰ ਮਿਲ ਸਕਦੀ ਹੈ। ਤਨਖਾਹ ਦਾ ਵੱਡਾ ਫਰਕ ਨਹੀਂ ਸੀ। ਸੰਪਾਦਕ ਦੀ ਨੌਕਰੀ ਬਾਰੇ ਮੈਂ ਦੱਸਿਆ ਕਿ ਯੂ.ਪੀ.ਐਸ.ਸੀ. ਚੋਣ ਕਰੇਗੀ। ਕੋਈ ਵੀ ਲੱਗ ਸਕਦਾ ਸੀ। ਬੰਗਾਲੀ, ਮਦਰਾਸੀ, ਅਸਾਮੀ ਜਾਂ ਗੁਜਰਾਤੀ।

'ਫੇਰ ਆਪਾਂ ਇਹ ਨੌਕਰੀ ਕਿਉਂ ਗੰਵਾਈਏ। ਇਹ ਮੁੜ ਕੇ ਕਿਸੇ ਪੰਜਾਬੀ ਨੂੰ ਮਿਲਣੀ ਨਹੀਂ!' ਉਹ ਮੈਨੂੰ ਠਰ੍ਹੰਮੇ ਨਾਲ ਸਮਝਾਉਣ ਲੱਗਿਆ, "ਡਾਇਰੈਕਟਰ ਦੀ ਆਸਾਮੀ ਉਤੇ ਮੈਂ ਕੋਈ ਪੰਜਾਬੀ ਲਾ ਲੈਂਦਾ ਹਾਂ।"

ਮੇਰੇ ਮਨ ਨੂੰ ਏਦਾਂ ਠੰਢ ਪੈ ਗਈ ਜਿਵੇਂ ਮੈਂ ਨਾਵਾਜਬ ਮੰਗ ਮੰਗ ਰਿਹਾ ਹੋਵਾਂ। ਮੈਂ ਹੋਰ ਗੱਲਾਂ ਕਰ ਕੇ ਆਰਾਮ ਨਾਲ ਪਰਤ ਆਇਆ। ਇਕ-ਅੱਧ ਦਿਨ ਪਿੱਛੋਂ ਅਖ਼ਬਾਰ ਵਿਚ ਖਬਰ ਪੜ੍ਹੀ ਕਿ ਟੈਕਸਟ ਬੁੱਕ ਬੋਰਡ ਦਾ ਡਾਇਰੈਕਟਰ ਸੂਬਾ ਸਿੰਘ ਲਾ ਦਿੱਤਾ ਗਿਆ ਹੈ।

ਸਾਡੇ ਸਮਿਆਂ ਦਾ ਬਹੁਤ ਹੀ ਸਫਲ ਮਨੁੱਖ ਗਿਆਨੀ ਗੁਰਦਿੱਤ ਸਿੰਘ ਹੈ। ਉਸ ਦੀ ਸਫਲਤਾ ਦੀ ਸਿਖਰ ਉਸ ਨੂੰ ਤਖਤਾਂ ਵਲੋਂ ਤਨਖਾਹ ਲੱਗਣਾ ਹੈ। ਅਜਿਹਾ ਹੋਣ ਨਾਲ ਉਹ ਮਹਾਰਾਜਿਆਂ ਤੇ ਮੁੱਖ ਮੰਤਰੀਆਂ ਦੀ ਲਾਈਨ ਵਿਚ ਆ ਲੱਗਿਆ ਹੈ। ਗਿਆਨੀ ਜ਼ੈਲ ਸਿੰਘ ਦਾ ਉਹਦੇ ਨਾਲ ਦੋਸਤਾਨਾ ਰਿਸ਼ਤਾ ਸੀ। ਗਿਆਨੀ ਜ਼ੈਲ ਸਿੰਘ ਨੇ ਆਪਣੇ ਇਸ ਮਿੱਤਰ ਦੀ ਪਤਨੀ ਇੰਦਰਜੀਤ ਕੌਰ ਸੰਧੂ ਨੂੰ ਕਾਲਜ ਦੀ ਪ੍ਰਿੰਸੀਪਲ ਤੋਂ ਸਿੱਧੀ ਵਾਈਸ ਚਾਂਸਲਰ ਲਾ ਦਿੱਤਾ। ਫਿਰ ਜਦੋਂ ਉਹ (ਗਿਆਨੀ ਜ਼ੈਲ ਸਿੰਘ) ਮੁੱਖ ਮੰਤਰੀ ਤੋਂ ਕੇਂਦਰ ਦਾ ਗ੍ਰਹਿ ਮੰਤਰੀ ਲੱਗਿਆ ਤਾਂ ਉਸ ਨੂੰ ਅਧੀਨ ਸੇਵਾਵਾਂ ਦੇ ਸਿਲੈਕਸ਼ਨ ਬੋਰਡ ਦੀ ਚੇਅਰਪਰਸਨ ਲਾ ਦਿੱਤਾ। ਡਾ. ਗੁਰਚਰਨ ਸਿੰਘ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਬਣਨ ਪਿੱਛੇ ਵੀ ਇਹੀਓ ਰਾਜ਼ ਸੀ। ਗਿਆਨੀ ਜ਼ੈਲ ਸਿੰਘ ਪੰਜਾਬੀ ਬੁੱਧੀਜੀਵੀਆਂ ਲਈ ਬੁੱਧੀਜੀਵੀ ਰੁਤਬੇ ਲੱਭਣੇ ਜਾਣਦਾ ਸੀ।

ਗਿਆਨੀ ਪੰਜਾਬੀਆਂ ਨੂੰ ਪਿਆਰ ਹੀ ਨਹੀਂ ਸੀ ਕਰਦਾ, ਪਿਆਰ ਜਤਾਉਣਾ ਵੀ ਜਾਣਦਾ ਸੀ। ਰਾਸ਼ਟਰਪਤੀ ਦੀ ਪਦਵੀ ਤੋਂ ਸੇਵਾਮੁਕਤ ਹੋਣ ਸਮੇਂ ਉਸ ਨੇ ਦੇਸ਼ ਦੇ ਪੱਤਰਕਾਰ ਦੋਸਤਾਂ ਨੂੰ ਰਾਸ਼ਟਰਪਤੀ ਭਵਨ ਵਿਚ ਚਾਹ 'ਤੇ ਸੱਦਿਆ। ਮੈਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਸਾਂ ਤੇ ਵੀ.ਐਨ. ਨਾਰਾਇਣਨ ਸਾਡਾ ਮੁੱਖ ਸੰਪਾਦਕ ਸੀ। ਉਸ ਨੂੰ ਪਤਾ ਸੀ ਕਿ ਸੱਦਾ ਮੈਨੂੰ ਵੀ ਆਇਆ ਸੀ। ਸੱਦਾ ਸਾਡੀਆਂ ਬੀਵੀਆਂ ਲਈ ਵੀ ਸੀ। ਨਾਰਾਇਣਨ ਨੂੰ ਗਿਆਨੀ ਜੀ ਨਾਲ ਮੇਰੇ ਸਬੰਧਾਂ ਦਾ ਪਤਾ ਸੀ। ਉਹ ਹੈ ਵੀ ਥੋੜ੍ਹਾ ਸੰਗਾਊ ਸੀ। ਅਸੀਂ ਚਾਰੋਂ ਇੱਕੋ ਹੀ ਕਾਰ ਵਿਚ ਗਏ। ਥੋੜ੍ਹੀ ਦੇਰ ਵੀ ਹੋ ਗਈ ਸੀ। ਜਦੋਂ ਅਸੀਂ ਰਾਸ਼ਟਰਪਤੀ ਭਵਨ ਪਹੁੰਚੇ ਤਾਂ ਗਿਆਨੀ ਜੀ ਸਵਾਗਤ ਲਈ ਖੜ੍ਹੇ ਸਨ। ਮੈਂ ਤੇ ਨਾਰਾਇਣਨ ਅੱਗੇ ਸਾਂ। ਮੇਰੀ ਤੇ ਉਸ ਦੀ ਬੀਵੀ ਥੋੜ੍ਹਾ ਪਿੱਛੇ। ਮੈਨੂੰ ਇਕੱਲਿਆਂ ਵੇਖ ਗਿਆਨੀ ਜ਼ੈਲ ਸਿੰਘ ਨੇ ਇਕ ਹੀ ਫਿਕਰਾ ਬੋਲਿਆ, "ਬੀਬੀ ਨਹੀਂ ਆਈ?" ਮੈਂ ਦੋਵਾਂ ਬੀਬੀਆਂ ਨੂੰ ਗਿਆਨੀ ਜੀ ਨੂੰ ਮਿਲਾਇਆ ਤਾਂ ਰਾਸ਼ਟਰਪਤੀ ਜ਼ੈਲ ਸਿੰਘ ਆਪਣੇ ਖੱਬੇ ਹੱਥ ਵਿਚ ਮੇਰਾ ਸੱਜਾ ਹੱਥ ਫੜ ਕੇ ਪੱਤਰਕਾਰਾਂ ਦੀ ਉਸ ਭੀੜ ਵੱਲ ਤੁਰ ਪਿਆ ਜਿਹੜੇ ਅੰਦਰ ਬੈਠੇ ਉਸ ਦੀ ਉਡੀਕ ਕਰ ਰਹੇ ਸਨ। ਉਹ ਮੈਨੂੰ ਆਪਣੇ ਨਾਲ ਲੈ ਕੇ ਏਦਾਂ ਤੁਰ ਰਿਹਾ ਸੀ ਜਿਵੇਂ ਉਸ ਦਾ ਬੰਦਾ ਮੈਂ ਹੀ ਹੋਵਾਂ। ਮੇਰਾ ਮੁੱਖ ਸੰਪਾਦਕ ਨਰਾਇਣਨ ਜਿਵੇਂ ਮੇਰਾ ਪਿਛਲੱਗ ਹੋਵੇ। ਬਾਕੀ ਦੇ ਪੱਤਰਕਾਰ ਤਾਂ ਕੇਵਲ ਪੱਤਰਕਾਰ ਸਨ। ਉਹ ਸਾਰੇ ਦੇ ਸਾਰੇ ਇਕ-ਦੂਜੇ ਤੋਂ ਪੁੱਛ ਰਹੇ ਸਨ ਕਿ ਮੈਂ ਕੌਣ ਸਾਂ। ਗਿਆਨੀ ਜ਼ੈਲ ਸਿੰਘ ਦਾ ਪੰਜਾਬੀ ਪਿਆਰ ਨਿਵਕੇਲਾ ਸੀ। ਇਸ ਨੂੰ ਜਤਾਉਣ ਦਾ ਢੰਗ ਹੋਰ ਵੀ ਨਿਵੇਕਲਾ।

ਮੈਂ ਪੰਜਾਬ ਰੈਡ ਕਰਾਸ ਦਾ ਸੈਕਟਰੀ ਹੋਣ ਦੇ ਨਾਤੇ ਬਠਿੰਡੇ ਗਿਆ ਹੋਇਆ ਸਾਂ ਕਿ ਮੈਨੂੰ ਐਨਜਾਈਨਾ ਦੀ ਦਰਦ ਸ਼ੁਰੂ ਹੋ ਗਈ। ਮੇਰੀ ਪਤਨੀ ਸੁਰਜੀਤ ਮੇਰੇ ਨਾਲ ਸੀ ਤੇ ਦਿਲ ਦੇ ਰੋਗਾਂ ਦਾ ਬਠਿੰਡਾ ਨਿਵਾਸੀ ਡਾ. ਮੋਹਨ ਲਾਲ ਸਾਡਾ ਸਾਂਝਾ ਮਿੱਤਰ ਸੀ। ਮੈਂ ਉਸ ਦੇ ਨਰਸਿੰਗ ਹੋਮ ਵਿਚ ਜ਼ੇਰ-ਏ-ਇਲਾਜ ਸਾਂ ਕਿ ਅਚਾਨਕ ਹੀ ਹਲਚਲ ਸ਼ੁਰੂ ਹੋ ਗਈ। 'ਟ੍ਰਿਬਿਊਨ' ਵਿਚ ਖ਼ਬਰ ਛਪ ਜਾਣਾ ਇਸ ਦਾ ਕਾਰਨ ਸੀ। ਡੀ.ਸੀ. ਦਰਬਾਰਾ ਸਿਘ ਗੁਰੂ ਤੇ ਉਸ ਦੀ ਪਤਨੀ ਮੇਰਾ ਹਾਲ ਪੁੱਛਣ ਆਏ। ਮੈਂ ਸੋਚਿਆ ਅਖ਼ਬਾਰੀ ਖ਼ਬਰ ਨੇ ਚੇਤੰਨ ਕੀਤੇ ਹੋਣਗੇ। ਗੱਲ ਇੰਜ ਨਹੀਂ ਸੀ ਜਦੋਂ ਮੈਂ ਠੀਕ ਹੋ ਕੇ ਚੰਡੀਗੜ੍ਹ ਪਹੁੰਚਿਆ ਤਾਂ ਗਿਆਨੀ ਗੁਰਦਿੱਤ ਸਿੰਘ ਤੋਂ ਪਤਾ ਲੱਗਿਆ ਕਿ ਰਾਸ਼ਟਰਪਤੀ ਨੇ ਗਿਆਨੀ ਗੁਰਦਿੱਤ ਸਿੰਘ ਤੋਂ ਮੇਰਾ ਹਾਲ ਪਤਾ ਕਰ ਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਸੀ ਕਿ ਮੇਰਾ ਖਿਆਲ ਰੱਖਿਆ ਜਾਵੇ। ਅਖ਼ਬਾਰ ਵਿਚ ਛਪੀ ਖ਼ਬਰ ਦਾ ਰੋਲ ਤਾਂ ਇੰਨਾ ਹੀ ਸੀ ਕਿ ਮੇਰੇ ਹਸਪਤਾਲ ਦਾਖਲ ਹੋਣ ਦੀ ਖ਼ਬਰ ਗਿਆਨੀ ਜੀ ਤੱਕ ਪਹੁੰਚ ਗਈ ਸੀ।

ਗਿਆਨੀ ਜ਼ੈਲ ਸਿੰਘ ਦੇ ਪੰਜਾਬੀ ਪ੍ਰੇਮ ਵਿਚ ਸਿੱਖੀ ਦਾ ਆਦਰ ਪਹਿਲੇ ਨੰਬਰ 'ਤੇ ਸੀ। ਹਰ ਵੱਡੀ ਤੇ ਨਵੀਂ ਪਦਵੀਂ ਦੀ ਸਹੁੰ ਚੁੱਕਣ ਤੋਂ ਪਹਿਲਾਂ ਉਹ ਗੁਰਦੁਆਰੇ ਮੱਥਾ ਟੇਕਣ ਜਾਂਦਾ। ਅਨੰਦਪੁਰ ਸਾਹਿਬ ਦੇ ਕੇਸਗੜ੍ਹ ਗੁਰਦੁਆਰੇ ਸਭ ਤੋਂ ਵਧ...। ਉਹ ਸਿੱਖੀ ਨੂੰ ਅਨੰਦਪੁਰ ਸਾਹਿਬ ਤੋਂ ਪ੍ਰਾਪਤ ਹੋਏ ਸਰੂਪ ਵਿਚ ਵੇਖਣ ਦਾ ਚਾਹਵਾਨ ਸੀ। ਸਿੱਖਾਂ ਨੂੰ ਵਰਤਮਾਨ ਸਿੱਖੀ ਸਰੂਪ ਦੇਣ ਵਾਲਾ ਦਸਮ ਪਾਤਸ਼ਾਹ ਸੀ। ਗਿਆਨੀ ਜੀ ਨੇ ਦਸਮ ਪਾਤਸ਼ਾਹ ਦੀ ਯਾਦ ਵਿਚ ਸ੍ਰੀ ਅਨੰਦਪੁਰ ਤੋਂ ਦਮਦਮਾ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਦੀ ਸਿਰਜਣਾ ਕੀਤੀ। ਇਹ ਕੰਮ ਸ਼ੇਰ ਸ਼ਾਹ ਸੂਰੀ ਦੀ ਜਰਨੈਲੀ ਸੜਕ ਨਾਲੋਂ ਤਾਂ ਸੌਖਾ ਸੀ ਪਰ ਸਿੱਖਾਂ ਦੀ ਯਾਦਗਾਰ ਦੇ ਤੌਰ 'ਤੇ ਉਸ ਤੋਂ ਵਧ ਮਹੱਤਵ ਰੱਖਦਾ ਹੈ। ਇਹ ਨਿਰਾ ਮਾਰਗ ਹੀ ਨਹੀਂ, ਇਸ ਨੂੰ ਸਿੱਖੀ ਸਿਦਕ ਦੀ ਜਰਨੈਲੀ ਸੜਕ ਵੀ ਕਹਿ ਸਕਦੇ ਹਾਂ। ਇਸ ਮਾਰਗ ਉਤੇ ਗੁਰੂ ਗੋਬਿੰਦ ਸਿੰਘ ਦੀਆਂ ਸੱਭੇ ਠਾਹਰਾਂ ਹਨ ਤੇ ਗੁਰੂ ਗੋਬਿੰਦ ਸਿੰਘ ਮਾਰਗ ਦੇ ਨਿਵਕਲੇ ਮੀਲ ਪੱਥਰ ਵੀ। ਜੇ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਦੀ ਥਾਂ ਦੇਸ਼ ਦਾ ਪ੍ਰਧਾਨ ਮੰਤਰੀ ਬਣ ਜਾਂਦਾ ਤਾਂ ਇਹ ਵੀ ਹੋ ਸਕਦਾ ਹੈ ਕਿ ਇਹ ਮਾਰਗ ਦਮਦਮਾ ਸਾਹਿਬ, ਤਲਵੰਡੀ ਸਾਬੋ ਦੀ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤਿ ਸਮਾਉਣ ਵਾਲੇ ਅਸਥਾਨ ਨਾਂਦੇੜ ਤੱਕ ਪਹੁੰਚ ਜਾਂਦਾ।

ਤਾਰਾ ਸਿੰਘ ਕਾਮਲ ਤੇ ਹਜ਼ਾਰਾ ਸਿੰਘ ਗੁਰਦਾਸਪੁਰੀ ਉਸ ਨੂੰ ਬਹੁਤ ਵਾਰੀ ਇਕੱਠੇ ਹੀ ਮਿਲਣ ਜਾਂਦੇ। ਇਕ ਵਾਰੀ ਗੁਰਦਾਸਪੁਰੀ ਇਕੱਲਾ ਹੀ ਮਿਲਿਆ ਤਾਂ ਗਿਆਨੀ ਨੂੰ ਪਤਾ ਲੱਗਿਆ ਕਿ ਦਿਲ ਦੀ ਸ਼ਿਕਾਇਤ ਹੋ ਜਾਣ ਕਾਰਨ ਤਾਰਾ ਸਿੰਘ ਦਾ ਘਰੋਂ ਬਾਹਰ ਜਾਣਾ ਘਟ ਗਿਆ ਹੈ। ਫੇਰ ਵੀ ਗਿਆਨੀ ਨੇ ਇੱਛਾ ਪ੍ਰਗਟ ਕੀਤੀ ਕਿ ਉਹ ਤਾਰਾ ਸਿੰਘ ਨੂੰ ਮਿਲਣ ਦਾ ਇੱਛੁਕ ਹੈ। ਗੁਰਦਾਸਪੁਰੀ ਦਾ ਸੁਨੇਹਾ ਮਿਲਣ 'ਤੇ ਤਾਰਾ ਸਿੰਘ ਕਿਸੇ ਮਿੱਤਰ ਦੀ ਕਾਰ ਵਿਚ ਗਿਆਨੀ ਜੀ ਨੂੰ ਰਾਸ਼ਟਰਪਤੀ ਭਵਨ ਮਿਲਣ ਗਿਆ। ਉਸ ਨੇ ਆਪਣਾ ਫੇਰਾ- ਤੋਰਾ ਘਟ ਜਾਣ ਦਾ ਕਾਰਨ ਦੱਸਿਆ। ਉਸ ਨੂੰ ਡਾਕਟਰ ਨੇ ਹਦਾਇਤ ਕੀਤੀ ਸੀ ਕਿ ਅੱਗੇ ਤੋਂ ਸਕੂਟਰ ਦੀ ਕਿੱਕ ਨਾ ਮਾਰੇ। "ਕਾਰ ਵਾਲਾ ਤਾਂ ਹੈ ਨਹੀਂ ਕਿ ਚਾਬੀ ਲਾ ਕੇ ਸਟਾਰਟ ਕਰ ਲਵਾਂ", ਤਾਰਾ ਸਿੰਘ ਨੇ ਮਜਬੂਰੀ ਦੱਸੀ।

"ਜੇ ਕਾਰ ਮਿਲ ਗਈ ਤਾਂ ਪੈਟਰੋਲ ਦੇ ਪੈਸੇ ਕਿੱਥੋਂ ਲਵੇਂਗਾ?" ਗਿਆਨੀ ਜੀ ਨੇ ਪੁੱਛਿਆ।

"ਤੁਸੀਂ ਤਾਂ ਜਾਣੀ ਜਾਣ ਓਂ ਗਿਆਨੀ ਜੀ। ਜਿਹੜਾ ਬੰਦਾ ਸਾਈਕਲ 'ਤੇ ਚੜ੍ਹ ਕੇ ਸਕੂਟਰ ਮੰਗ ਸਕਦਾ ਹੈ ਤੇ ਸਕੂਟਰ 'ਤੇ ਚੜ੍ਹ ਕੇ ਕਾਰ, ਉਹ ਕਾਰ 'ਤੇ ਚੜ੍ਹ ਕੇ ਪੈਟਰੋਲ ਦੇ ਪੈਸੇ ਵੀ ਮੰਗ ਲਵੇਗਾ।" ਇੰਨਾ ਕਹਿਣ ਦੀ ਦੇਰ ਸੀ, ਗਿਆਨੀ ਜੀ ਨੇ ਆਪਣੇ ਮਿੱਤਰ ਹਰਵਿੰਦਰ ਸਿੰਘ ਹੰਸਪਾਲ ਨੂੰ ਕਿਹਾ ਕਿ ਕਿਸੇ ਤਰ੍ਹਾਂ ਤਾਰਾ ਸਿੰਘ ਨੂੰ ਕਾਰ ਲੈ ਦੇਵੇ। ਵਿਚ ਵਿਚਾਲੇ ਕੀ ਕੁਝ ਹੋਇਆ, ਇਹ ਤਾਂ ਮੈਨੂੰ ਪਤਾ ਨਹੀਂ। ਇਕ ਦਿਨ ਤਾਰਾ ਸਿੰਘ ਦਾ ਟੈਲੀਫੋਨ ਆਇਆ ਕਿ ਮੈਂ ਚੰਡੀਗੜ੍ਹ ਤੋਂ ਦਿੱਲੀ ਪਹੁੰਚਾਂ। ਉਸ ਨੂੰ ਰਾਜ ਸਭਾ ਦੀ ਚੇਅਰਮੈਨ ਨਜ਼ਮਾ ਹੈਪਤੁੱਲਾ ਨੇ ਨਵੀਂ ਮਾਰੂਤੀ ਦੀਆਂ ਚਾਬੀਆਂ ਫੜਾਉਣੀਆਂ ਨੇ। ਉਸ ਨੂੰ ਡਰਾਈਵਰ ਦੀ ਲੋੜ ਹੈ ਤੇ ਅਖ਼ਬਾਰ ਦੇ ਸੰਪਾਦਕ ਤੋਂ ਛੋਟਾ ਡਰਾਈਵਰ ਲਿਜਾਂਦਿਆਂ ਉਸ ਨੂੰ ਸ਼ਰਮ ਆ ਰਹੀ ਹੈ।

ਲੋੜਵੰਦ ਪੰਜਾਬੀ ਲੇਖਕਾਂ ਦੇ ਘਰ ਜਾ ਕੇ ਉਨ੍ਹਾਂ ਦੇ ਸਰ੍ਹਾਣੇ ਥੱਲੇ ਜਾਂ ਕਿਸੇ ਹੋਰ ਕੋਨੇ ਵਿਚ ਪੈਸੇ ਛੱਡ ਆਉਣ ਦਾ ਜ਼ਿਕਰ ਤਾਂ ਕਈ ਵਾਰ ਹੋ ਚੁੱਕਾ ਹੈ। ਗਿਆਨੀ ਜ਼ੈਲ ਸਿੰਘ ਦੇ ਪੰਜਾਬੀ ਲੇਖਕਾਂ ਨਾਲ ਪਿਆਰ ਜਿਤਾਉਣ ਦੇ ਰੂਪਾਂ ਦੀ ਗੱਲ ਕਰਨੀ ਹੋਵੇ ਤਾਂ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਫੇਰ ਵੀ ਇਕ-ਦੋ ਘਟਨਾਵਾਂ ਦਾ ਜ਼ਿਕਰ ਕਰਨਾ ਯੋਗ ਹੈ।

'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵਜੋਂ ਮੇਰੀ ਸੁਰ ਹੋਰ ਕਿਸੇ ਨੂੰ ਪਸੰਦ ਸੀ ਜਾਂ ਨਹੀਂ, ਗਿਆਨੀ ਜ਼ੈਲ ਸਿੰਘ ਦਾ ਹੁੰਗਾਰਾ ਸਪੱਸ਼ਟ ਸੀ। ਸਾਡਾ ਦੋਹਾਂ ਦਾ ਹਾਲ ਉਸ ਬੰਦੇ ਵਰਗਾ ਸੀ ਜਿਸ ਨੂੰ ਕਿਸੇ ਲਲਾਰੀ ਨਾਲ ਕੰਮ ਕਰਿਆਂ ਬੈਂਗਣੀ ਰੰਗ ਚਾੜ੍ਹਨ ਦੀ ਜਾਚ ਆ ਗਈ ਸੀ। ਬਾਕੀ ਰੰਗਾਂ ਦੀ ਜਾਚ ਸਿੱਖਣ ਤੋਂ ਪਹਿਲਾਂ ਹੀ ਉਸ ਨੇ ਵੱਖਰੀ ਦੁਕਾਨ ਖੋਲ੍ਹ ਲਈ ਜਿਹੜਾ ਵੀ ਉਹਦੇ ਕੋਲ ਪੱਗ ਜਾਂ ਚੁੰਨੀ ਲੈ ਕੇ ਆਉਂਦਾ, ਉਸ ਦਾ ਉਤਰ ਸਪੱਸ਼ਟ ਹੁੰਦਾ, ਰੰਗ ਤਾਂ ਦੁਨੀਆਂ ਵਿਚ ਬੜੇ ਪਏ ਨੇ ਪਰ ਇਸ ਕੱਪੜੇ ਉਤੇ ਬੈਂਗਣੀ ਤੋਂ ਬਿਨਾਂ ਹੋਰ ਕੋਈ ਰੰਗ ਨਹੀਂ ਉਘੜਨਾ।' ਅਸੀਂ ਜਾਣਦੇ ਸਾਂ ਕਿ ਸਾਡੇ ਪੰਜਾਬ ਵਿਚ ਕਿਸੇ ਇਕ ਫਿਰਕੇ ਦੀ ਤਿੱਖੀ ਸੋਚ ਲਈ ਥਾਂ ਨਹੀਂ ਸੀ। ਪੰਜਾਬ ਦੀ ਉਨਤੀ ਪੰਜਾਬੀ ਹੰਭਲੇ ਦੇ ਹੱਥ ਸੀ। ਇਸ ਵਿਚ ਹਰ ਪੰਜਾਬੀ ਦਾ ਮਾਣ-ਸਨਮਾਨ ਕਾਇਮ ਰਹਿਣਾ ਚਾਹੀਦਾ ਹੈ। ਬਾਕੀ ਦੇ ਫਰਾਟਿਆਂ ਨੇ ਝੱਗ ਵਾਂਗ ਵਹਿ ਜਾਣਾ ਹੈ। ਸਾਡੇ ਦੋਹਾਂ ਦਾ ਬੈਂਗਣੀ ਰੰਗ ਸਾਂਝੀ ਪੰਜਾਬੀਅਤ ਸੀ।

ਇਨ੍ਹਾਂ ਦਿਨਾਂ ਵਿਚ ਸੰਤ ਸਿੰਘ ਸੇਖੋਂ ਨੇ ਪੰਜਾਬ ਨੂੰ ਭਾਰਤ ਦੀ ਪ੍ਰੋਟੈਕਟੋਰੇਟ ਬਣਾਉਣ ਦੀ ਗੱਲ ਕੀਤੀ। ਗਿਆਨੀ ਜੀ ਉਸ ਨਾਲ ਸਹਿਮਤ ਨਹੀਂ ਸਨ। ਮੈਂ ਮਿਲਣ ਗਿਆ ਤਾਂ ਉਨ੍ਹਾਂ ਨੇ ਇਕ ਹੀ ਮੰਗ ਪਾਈ, "ਸੇਖੋਂ ਸਾਹਿਬ ਨੂੰ ਕਹਿਣਾ ਜਦੋਂ ਦਿੱਲੀ ਆਉਣ ਤਾਂ ਮੈਨੂੰ ਮਿਲੇ ਬਿਨਾਂ ਨਾ ਜਾਣ। ਮੈਂ ਉਨ੍ਹਾਂ ਨਾਲ ਪ੍ਰੋਟੈਕਟੋਰੇਟ ਹੋਣ ਦੇ ਲਾਭ-ਹਾਨ ਵਿਚਾਰਨਾ ਚਾਹੁੰਦਾ ਹਾਂ।"

ਗਿਆਨੀ ਜ਼ੈਲ ਸਿੰਘ ਦੇ ਬੋਲਾਂ ਵਿਚੋਂ ਡੋਲਦੇ ਪਾਣੀਆਂ ਦਾ ਪਰਛਾਵਾਂ ਪੈ ਰਿਹਾ ਸੀ। ਜਿਸ ਸਿੱਖੀ ਨੇ ਉਸਨੂੰ ਦੇਸ਼ ਦੇ ਉਚੇ ਤੋਂ ਉਚੇ ਸਿੰਘਾਸਣ 'ਤੇ ਬਿਠਾਇਆ ਸੀ, ਉਸ ਦੀ ਪੀਂਘ ਝੂਟਣ ਵਾਲੇ ਕੁਝ ਲੋਕਾਂ ਨੇ ਸਮੁੱਚੀ ਸਿੱਖ ਕੌਮ ਨੂੰ ਸੂਲਾਂ 'ਤੇ ਬਿਠਾ ਛੱਡਿਆ ਸੀ। ਬੈਠਣ ਵਾਲਿਆਂ ਨੇ ਸੂਲਾਂ ਤਾਂ ਭਾਵੇਂ ਖੁਦ ਚੁਣੀਆਂ ਸਨ ਪਰ ਸਿੱਖੀ ਬਦਨਾਮ ਹੋ ਰਹੀ ਸੀ। ਗਿਆਨੀ ਜ਼ੈਲ ਸਿੰਘ ਸਿੱਖੀ ਨੂੰ ਵਸਦੀ-ਰਸਦੀ ਰੱਖਣ ਲਈ ਸੁਝਾਏ ਗਏ ਹਰ ਨੁਕਤੇ 'ਤੇ ਵਿਚਾਰ ਕਰਨਾ ਚਾਹੁੰਦਾ ਸੀ। ਕਿਸੇ ਵੀ ਨੁਕਤੇ 'ਤੇ, ਜਿਸ ਵਿਚ ਹਿੰਦੂ-ਸਿੱਖ ਏਕਤਾ ਵੀ ਬਣੀ ਰਹਿੰਦੀ ਤੇ ਰਾਜ ਪ੍ਰਬੰਧ ਵੀ ਕਾਇਮ ਰਹਿੰਦਾ। ਗਿਆਨੀ ਜ਼ੈਲ ਸਿੰਘ ਦੀ ਇਸ ਸੋਚ ਦੇ ਅਨੇਕਾਂ ਅਰਥ ਕੱਢੇ ਗਏ। ਉਨ੍ਹਾਂ ਅਰਥਾਂ ਦੀ ਲਪੇਟ ਵਿਚ ਮੇਰੀ ਸੋਚ ਵੀ ਆ ਗਈ।


ਸੰਪਾਦਕ ਦੇ ਅਹੁਦੇ ਤੋਂ ਫਾਰਗ ਹੋ ਕੇ ਮੈਂ ਦਿੱਲੀ ਤੇ ਉਥੋਂ ਦੇ ਲੇਖਕਾਂ ਅਤੇ ਬੇਲੀਆਂ ਨੂੰ ਮਿਲਣ ਚਲਾ ਗਿਆ। ਇਹ ਫੇਰੀ ਇਸ ਲਈ ਵੀ ਸੀ ਕਿ ਉਥੇ ਅਜੀਤ ਕੌਰ ਨੇ ਇਕ ਬਹੁਤ ਵੱਡਾ ਕਹਾਣੀ ਮੇਲਾ ਰਚਾ ਰੱਖਿਆ ਸੀ ਜਿਸ ਵਿਚ ਪਾਕਿਸਤਾਨ ਅਤੇ ਦੂਰੋਂ ਨੇੜਿਓਂ, ਅਫਜ਼ਲ ਅਹਿਸਨ ਰੰਧਾਵਾ ਤੇ ਸਿਬਤੁਲ ਹਸਨ ਜ਼ੈਗਮ ਵਰਗੇ ਕੱਦਾਵਰ ਤੇ ਰੰਗੀਲੇ ਬੰਦਿਆਂ ਦੇ ਆਉਣ ਦੀ ਚਰਚਾ ਸੀ। 31 ਦਸੰਬਰ, 1987 ਨੂੰ ਕਹਾਣੀ ਮੇਲੇ ਤੋਂ ਵਿਹਲਾ ਹੋ ਕੇ ਮੈਂ ਗਿਆਨੀ ਜੀ ਨੂੰ ਮਿਲਣ ਗਿਆ। 1988 ਦਾ ਪਹਿਲਾ ਦਿਨ ਸੀ। ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਛੱਡਿਆਂ ਸਵਾ ਪੰਜ ਮਹੀਨੇ ਹੋ ਚੁੱਕੇ ਸਨ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਚਾਣਕੀਆਪੁਰੀ ਵਿਖੇ ਸ੍ਰੀਲੰਕਾ ਦੇ ਦੂਤਘਰ ਨੇੜੇ ਸਰਕੂਲਰ ਰੋਡ ਵਿਚ ਇਕ ਕੋਠੀ ਦਿੱਤੀ ਹੋਈ ਸੀ। ਉਨ੍ਹਾਂ ਨੂੰ ਨਵਾਂ ਸਾਲ ਮੁਬਾਰਕ ਕਹਿਣ ਵਾਲੇ ਲਾਊਂਜ ਵਿਚ ਬੈਠੇ ਉਡੀਕ ਰਹੇ ਸਨ। ਮੈਂ ਉਨ੍ਹਾਂ ਵਿਚੋਂ ਕਿਸੇ ਨੂੰ ਨਹੀਂ ਸੀ ਜਾਣਦਾ। ਕੇਵਲ ਵੀ.ਸੀ. ਸ਼ੁਕਲਾ ਨੂੰ ਪਛਾਣਦਾ ਸਾਂ।

ਸ਼ੁਕਲਾ ਨੂੰ ਤੇ ਮੈਨੂੰ ਇਕੱਠਿਆਂ ਹੀ ਅੰਦਰ ਜਾਣ ਲਈ ਕਿਹਾ ਗਿਆ। ਗਿਆਨੀ ਜੀ ਰੇਬ ਪਜਾਮਾ, ਅਚਕਨ ਤੇ ਪਗੜੀ ਪਹਿਨ ਪੂਰੀ ਤਰ੍ਹਾਂ ਤਿਆਰ ਸਨ। ਉਨ੍ਹਾਂ ਨੇ ਸਾਨੂੰ ਦੋਨਾਂ ਨੂੰ ਵਾਰੀ-ਵਾਰੀ ਜੱਫੀ ਵਿਚ ਲਿਆ ਤੇ ਵੀ.ਸੀ. ਸ਼ੁਕਲਾ ਨੂੰ ਬੈਠਣ ਦਾ ਇਸ਼ਾਰਾ ਕਰ ਕੇ ਮੈਨੂੰ ਲਾਅਨ ਵਿਚ ਟਹਿਲਣ ਲਈ ਆਪਣੇ ਨਾਲ ਲੈ ਗਏ "ਇਹ ਤਾਂ ਵਿਹਲਾ ਹੈ, ਤੁਸੀਂ ਕੰਮਾਂ ਵਾਲੇ ਬੰਦੇ ਹੋ। ਆਪਾਂ ਦੋ ਗੱਲਾਂ ਕਰ ਲਈਏ।"

ਮੈਂ ਨਵਾਂ ਸਾਲ ਮੁਬਾਰਕ ਤਾਂ ਕਹਿ ਹੀ ਚੁੱਕਾ ਸਾਂ ਤੇ ਮੇਰੇ ਕੰਮ ਦੀ ਗੱਲ ਇੰਨੀ ਸੀ ਕਿ ਮੈਂ 'ਪੰਜਾਬੀ ਟ੍ਰਿਬਿਊਨ' ਛੱਡ ਚੁੱਕਾ ਸਾਂ। ਮੈਂ ਇਹ ਗੱਲ ਗਿਆਨੀ ਜੀ ਨੂੰ ਦੱਸੀ। ਉਨ੍ਹਾਂ ਨੇ ਵਜ੍ਹਾ ਪੁੱਛੀ ਅਤੇ ਫਿਰ ਮੈਨੂੰ ਏਨੀ ਘੁੱਟ ਕੇ ਜੱਫੀ ਪਾਈ ਜਿਵੇਂ ਕੋਈ ਕਹਿ ਰਿਹਾ ਹੋਵੇ ਕਿ ਇਹ ਮੁਲਾਕਾਤ ਆਖਰੀ ਨਹੀਂ, ਆਉਣ ਵਾਲੀਆਂ ਮੁਲਾਕਾਤਾਂ ਦਾ ਮੁੱਢ ਹੈ।

ਗਿਆਨੀ ਜ਼ੈਲ ਸਿੰਘ 400 ਏਕੜ ਵਿਚ ਫੈਲਿਆ 340 ਕਮਰੇ ਤੇ 37 ਸਵਾਗਤੀ ਚਾਲਾਂ ਵਾਲਾ ਰਾਸ਼ਟਰਪਤੀ ਭਵਨ ਛੱਡ ਚੁੱਕਿਆ ਸੀ। 500 ਸੀਟਾਂ ਵਾਲਾ ਸਿਨੇਮਾ ਹਾਲ, ਖੇਡ ਦੇ ਮੈਦਾਨ, ਫੁਲਾਂ ਦੇ ਬਾਗ, ਸਵਿਮਿੰਗ ਪੂਲ ਤੇ ਹਰ ਰੋਜ਼ 8000 ਕੱਪੜੇ ਧੋਣ ਵਾਲਾ ਧੋਬੀ ਘਾਟ ਇਕੋ ਸਮੇਂ ਦੋ ਟਨ ਬਰਫ ਬਣਾਉਣ ਵਾਲਾ ਬਰਫਖਾਨਾ ਅਤੇ ਮਹਿਮਾਨਾਂ ਲਈ ਖਾਣੇ ਦੇ ਮੀਨੂ ਤੇ ਸੀਟ ਪ੍ਰਬੰਧ ਛਾਪਣ ਵਾਲਾ ਛਾਪਾਖਾਨਾ ਵੀ। ਸਰਕੂਲਰ ਰੋਡ ਵਾਲਾ 4 ਨੰਬਰ ਘਰ, ਚਾਰ ਛੇ ਕਮਰਿਆਂ ਤੋਂ ਵਧ ਨਹੀਂ ਸੀ। ਬਗੀਚਾ ਵੀ ਛੋਟਾ ਸੀ ਤੇ ਅਮਲਾ ਫੈਲਾ ਵੀ। ਪਰ ਗਿਆਨੀ ਦੀ ਗੱਲਬਾਤ ਅਤੇ ਜੱਫੀ ਦਾ ਨਿੱਘ ਪਹਿਲਾਂ ਨਾਲੋਂ ਘਟਿਆ ਨਹੀਂ ਸੀ। ਸੇਰ ਖੰਡ ਜਾਂ ਤੋਲਾ-ਮਾਸਾ ਵਧ ਹੀ ਸੀ। ਬੱਝਵੇਂ ਚੁਗਿਰਦੇ ਵਿਚੋਂ ਪੈਦਾ ਹੋਣ ਕਾਰਨ ਇਸ ਦੀ ਪਕੜ ਤੇ ਪ੍ਰਭਾਵ ਕਿਤੇ ਵਧ। ਉਸ ਦੀ ਪੰਜਾਬੀ ਭਾਵਨਾ ਵਿਚ ਸਿਆਸਤ ਵੀ ਸੀ ਤੇ ਈਮਾਨਦਾਰੀ ਵੀ।

## ਕਹਾਣੀ



# ਸੱਧਰ

**ਮਕਸੂਦ ਸਾਕਿਬ**

ਮਹੀਨੇ ਦੇ ਅਖੀਰ 'ਤੇ ਜਦੋਂ ਮਹੁਰਾ ਖਾਣ ਨੂੰ ਵੀ ਕੁਝ ਨਾ ਬਚਦਾ ਤਾਂ ਬਸ਼ੀਰ ਨੂੰ ਹੀਰਾ ਮੰਡੀ ਦੇ ਖਰੌਤੇ ਚੇਤੇ ਆਉਣ ਲੱਗ ਪੈਂਦੇ। ਇਹ ਖਰੌਤੇ ਉਹਨੇ ਆਪਣੀ ਹਯਾਤੀ ਵਿਚ ਪਹਿਲੀ ਤੇ ਆਖਰੀ ਵਾਰੀ ਕੋਈ ਛੇ ਕੁ ਵਰ੍ਹੇ ਪਹਿਲਾਂ ਖਾਧੇ ਸਨ ਪਰ ਉਨ੍ਹਾਂ ਦਾ ਸਵਾਦ ਜਿਵੇਂ ਉਹਦੇ ਤਾਲੂ ਨਾਲ ਈ ਚੰਬੜ ਗਿਆ ਸੀ। ਚੇਤੇ ਆਉਂਦਿਆਂ ਉਹਦੀ ਜੀਭ ਤਾਲੂ ਨਾਲ ਲੱਗਣ ਲੱਗ ਪੈਂਦੀ। ਉਹਦੇ ਤੋਂ ਧਨੀਏ ਗੰਢੇ ਨਾਲ ਰੋਟੀ ਲੰਘਾਣੀ ਔਖੀ ਹੋ ਜਾਂਦੀ ਤੇ ਰਾਤ ਨੂੰ ਮੰਜੀ ਉਤੇ ਪਿਆ ਉਹ ਕਿੰਨੀ ਵਾਰੀ ਹੀਰਾ ਮੰਡੀ ਅੱਪੜ ਕੇ ਖਰੌਤੇ ਖਾਣ ਲੱਗ ਪੈਂਦਾ। ਸਵੇਰੇ ਉਠ ਕੇ ਉਹ ਹਰ ਵਾਰੀ ਆਪਣੇ ਆਪ ਨੂੰ ਪੱਕੀ ਕਰਦਾ, 'ਲੈ ਬਸ਼ੀਰ ਮੁਹੰਮਦਾ, ਹੁਣ ਪਹਿਲੀ 'ਤੇ ਤਨਖਾਹ ਮਿਲੀ ਤਾਂ ਪਹਿਲਾ ਕੰਮ ਇਹ ਖਰੌਤੇ ਖਾਣ ਵਾਲਾ ਈ ਕਰਨਾ ਏ। ਘਰਦਿਆਂ ਨੂੰ ਸ਼ਕਲ ਮੁੜ ਈ ਵਖਾਣੀ ਏ।'

ਹਰ ਮਹੀਨੇ ਦੀ ਪਹਿਲੀ ਆਉਂਦੀ ਤਾਂ ਤਨਖਾਹ ਬੋਝੇ ਵਿਚ ਪਾਉਂਦਿਆਂ ਸਾਰ ਖਰੌਤੇ ਖਾਣ ਦਾ ਖਿਆਲ ਉਹਦੇ ਦਿਲ ਵਿਚੋਂ ਇੰਜ ਉਡ ਜਾਂਦਾ ਜਿਵੇਂ ਕਪੜੇ ਦਾ ਕੱਚਾ ਰੰਗ ਪਹਿਲੇ ਧੋ ਈ।

ਉਹਦੇ ਆਲੇ-ਦਵਾਲਿਓਂ ਕਿੰਨੇ ਸੱਪ ਜੀਭਾਂ ਕੱਢਦੇ ਸ਼ੂਕਾਂ ਮਾਰਦੇ ਨਿਕਲ ਆਉਂਦੇ। ਉਹ ਇਨ੍ਹਾਂ ਤੋਂ ਬਚਣ ਲਈ ਝੱਟ ਆਪਣਾ ਆਪ ਬੁਰਕੀਆਂ ਕਰਕੇ ਵੰਡਣ ਲੱਗ ਪੈਂਦਾ ਤੇ ਓੜਕ ਉਹ ਫੇਰ ਅਖੀਰਲੀਆਂ ਤਰੀਕਾਂ ਵਰਗਾ ਈ ਹੋ ਜਾਂਦਾ। ਵਿਰਲੇ ਦਾ ਵਿਹਲਾ। ਸੱਖਣੇ ਦਾ ਸੱਖਣਾ। ਉਹਦੀ ਜੀਭ ਉਂਜ ਈ ਪਹਿਲਾਂ ਵਾਂਙੂ ਉਹਦੇ ਤਾਲੂ ਨਾਲ ਲੱਗੀ ਰਹਿ ਜਾਂਦੀ।

ਪਕਾਣ ਨੂੰ ਤਾਂ ਬਸ਼ੀਰ ਦੀ ਘਰ ਵਾਲੀ ਸ਼ਾਦੋ ਵੀ ਖਰੌਤੇ ਵਧੀਆ ਪਕਾ ਲੈਂਦੀ ਸੀ ਪਰ ਹੀਰਾ ਮੰਡੀ ਵਾਲਿਆਂ ਕੋਲ ਤਾਂ ਪਤਾ ਨਹੀਂ ਕਿਹੜੀਆਂ ਲੱਜ਼ਤਾਂ ਸਨ, ਕਿਹੜੇ ਸਵਾਦ ਸਨ ਜਿਹੜੇ ਉਹ ਖਰੌਤਿਆਂ ਉਤੇ ਧੂੜ ਦੇਂਦੇ ਸਨ। ਉਹਨੂੰ ਕੁਝ ਸਮਝ ਨਾ ਆਉਂਦੀ।

ਇਕ ਵਾਰੀ ਬਸ਼ੀਰ ਦਾ ਟਾਂਕਾ ਲੱਗਾ ਤੇ ਉਸ ਨੇ ਸ਼ਾਦੋ ਨੂੰ ਖਰੌਤੇ ਘਰ ਲਿਆ ਦਿੱਤੇ। ਉਸ ਵਿਚਾਰੀ ਨੇ ਤਿੰਨਾਂ ਦਿਨਾਂ ਦਾ ਬਾਲਣ ਇਕੋ ਡੰਗ ਫੂਕ ਕੇ ਖਰੌਤੇ ਪਕਾਏ ਤੇ ਫੇਰ ਬੜੇ ਚਾਅ ਨਾਲ ਬਸ਼ੀਰ ਅੱਗੇ ਧਰ ਕੇ ਉਹਦਾ ਮੂੰਹ ਵਾਚਣ ਲੱਗੀ ਜਿਵੇਂ ਪੁੱਛ ਰਹੀ ਹੋਵੇ, 'ਦੱਸ ਭਲਾ, ਕਿਹੜੀ ਲੱਜ਼ਤ, ਕਿਹੜਾ ਸਵਾਦ ਨਹੀਂ ਇਨ੍ਹਾਂ ਵਿਚ?'

ਪਰ ਉਹ ਖਾਂਦਾ ਹੋਇਆ ਚੁੱਪ ਈ ਕਰ ਰਿਹਾ, ਵਿਚ ਵਿਚ ਕਿਤੇ ਕਿਤੇ ਉਸ ਚੋਰ ਅੱਖੀਂ ਸ਼ਾਦੋ ਵਲ ਵੇਖਿਆ ਵੀ। ਸ਼ਾਦੋ ਨੂੰ ਇਹੋ ਈ ਲੱਗਾ, ਜਿਵੇਂ ਬਸ਼ੀਰ ਉਹਦੀ ਸ਼ੋਭਾ ਮੂੰਹੋਂ ਕਰਨ ਤੋਂ ਝਕਦਾ ਹੋਵੇ।

ਅਸਲ ਵਿਚ ਉਹ ਵੀ ਸ਼ਾਦੋ ਦਾ ਦਿਲ ਤੋੜਨਾ ਨਹੀਂ ਸੀ ਚਾਹੁੰਦਾ। ਹਾਲਾਂ ਉਹਦੇ ਦਿਲ ਵਿਚ ਕਈ ਵਾਰ ਆਇਆ ਵੀ ਕਿ ਉਹਨੂੰ ਆਖ ਦੇਵੇ, 'ਨਹੀਂ ਸ਼ਾਦੋ, ਤੂੰ ਭਾਵੇਂ ਜੋ ਕੁਝ ਮਰਜ਼ੀ ਕਰ ਲੈ, ਤੇਰੇ ਤੋਂ ਉਹ ਗੱਲ ਕਦੀ ਨਹੀਂ ਬਣਨੀ। ਉਹ ਲੱਜ਼ਤਾਂ ਤੇਰੇ ਹੱਥਾਂ ਵਿਚ ਕਦੀ ਨਹੀਂ ਆ ਸਕਣੀਆਂ।' ਪਰ ਉਹਨੇ ਰੋਟੀ ਦੀ ਬੁਰਕੀ ਨਾਲ ਹਰ ਵਾਰੀ ਏਸ ਗੱਲ ਨੂੰ ਮੁੜ ਕੇ ਜੀਭ ਤੋਂ ਢਿੱਡ ਵਲ ਤਿਲਕਾ ਛੱਡਿਆ।

ਅਸਲ ਵਿਚ ਉਹਨੂੰ ਆਪਣੀ ਘਰ ਵਾਲੀ ਦੇ ਦਿਲ ਦਾ ਖਿਆਲ ਵੀ ਬੜਾ ਰਹਿੰਦਾ ਸੀ। ਉਹ ਬਸ਼ੀਰ ਦੇ ਸਕੇ ਮਾਮੇ ਦੀ ਧੀ ਸੀ। ਉਸ ਮਾਮੇ ਦੀ ਜਿਹੜਾ ਉਹਨੂੰ ਮਾਂ ਮਹਿਟਰ ਨੂੰ ਪਿੰਡੋਂ ਸ਼ਹਿਰ ਲੈ ਆਇਆ ਸੀ ਤੇ ਜਿਹਨੇ ਮਾਂ ਬਣ ਕੇ ਉਹਨੂੰ ਪਾਲਿਆ ਸੀ ਤੇ ਪਿਉ ਬਣ ਕੇ ਦਸ ਜਮਾਤਾਂ ਪੜ੍ਹਾਇਆ ਵੀ ਸੀ। ਆਪੋਂ ਕੋਈ ਸੌਖਾ ਬੰਦਾ ਨਹੀਂ ਸੀ। ਦਫਤਰ ਵਿਚ ਮਾੜਾ ਜਿਹਾ ਚਪੜਾਸੀ ਸੀ ਤੇ ਢੇਰ ਸਾਰੀ ਕਬੀਲਦਾਰੀ। ਧੀਆਂ ਤਾਂ ਰੱਬ ਨੇ ਉਹਦੇ 'ਤੇ ਅਸਮਾਨ ਪਾੜ ਕੇ, ਪਰਾਗੇ ਦਾ ਪਰਾਗਾ ਸੁੱਟ ਦਿੱਤੀਆਂ ਸਨ ਇੱਕੋ ਵਾਰੀ। ਪੁੱਤਰ ਹੈ ਨਹੀਂ ਸੀ। ਏਸ ਕਰਕੇ ਉਹਨੇ ਭਣੇਵੇਂ ਨੂੰ ਪੁੱਤਰਾਂ ਵਾਂਗ ਚੋਚਲੇ ਕਰਕੇ ਈ ਪਾਲਿਆ-ਪੜ੍ਹਾਇਆ ਸੀ। ਨੌਕਰੀਓਂ ਰਿਟਾਇਰ ਹੋਇਆ ਤੇ ਬਸ਼ੀਰ ਨੂੰ ਆਪਣੀ ਥਾਵੇਂ ਨੌਕਰ ਕਰਾ ਦਿੱਤਾ, ਨਾਲੇ ਸਭ ਤੋਂ ਨਿੱਕੀ ਕੁੜੀ ਦਾ ਸਾਕ ਵੀ ਦੇ ਦਿੱਤਾ। ਇਹ ਸਭ ਤੋਂ ਨਿੱਕੀ ਕੁੜੀ ਈ ਤੇ ਸ਼ਾਦੋ ਸੀ। ਮੋਏ ਮਾਮੇ ਦੀ ਸਭ ਤੋਂ ਵਧ ਲਾਡਲੀ ਧੀ। ਉਹਦੀ ਘਰ ਵਾਲੀ, ਉਹਦੇ ਨਿੱਕੇ ਨਿੱਕੇ ਦੋ ਬਾਲਾਂ ਦੀ ਮਾਂ। ਫੇਰ ਉਹਨੂੰ ਉਹ ਚੰਗੀ ਵੀ ਤਾਂ ਬੜੀ ਲਗਦੀ ਸੀ। ਕਿੰਨਾ ਚਿਰ ਉਹ ਸੁਫਨਿਆਂ ਵਿਚ ਉਹਨੂੰ ਸਜਾਂਦਾ ਤੇ ਰੀਝਾਂਦਾ ਰਿਹਾ ਸੀ। ਪਰ ਕਦੀ ਉਹਨੇ ਉਹਨੂੰ ਇਹ ਨਹੀਂ ਸੀ ਆਖਿਆ ਕਿ 'ਉਹ ਉਹਦੇ ਬਾਝੋਂ ਨਹੀਂ ਰਹਿ ਸਕਦਾ।' ਪਰ ਤੱਕਦਾ ਹਮੇਸ਼ਾ ਇੰਜ ਈ ਹੁੰਦਾ ਸੀ ਜਿਵੇਂ ਇਹੋ ਕੁਝ ਉਹਨੂੰ ਆਖ ਰਿਹਾ ਹੋਵੇ। ਸ਼ਾਦੋ ਵੀ ਅੱਗੋਂ ਉਹਨੂੰ ਇਹੋ ਪੱਕ ਕਰਾਂਦੀ ਵਿਖਾਈ ਦੇਂਦੀ। ਉਹ ਗੱਲਾਂ ਕਰਦਿਆਂ ਕਦੀ ਕਦੀ ਉਹਨੂੰ ਐਡੀ ਭਰਵੀਂ ਨਿਗਾਹ ਨਾਲ ਤੱਕ ਛੱਡਦੀ ਜਿਵੇਂ ਉਹਨੂੰ ਸਾਰੇ ਦੇ ਸਾਰੇ ਨੂੰ ਪੁਤਲੀਆਂ ਵਿਚ ਫਿਕ ਕੇ ਸਾਂਭ ਰਹੀ ਹੋਵੇ। ਬਸ਼ੀਰ ਦੇ ਮਾਮੇ ਨੂੰ ਵੀ ਜਿਵੇਂ ਅੰਦਰੇ ਅੰਦਰ ਏਸ ਗੁੱਝੀ ਕਾਰ ਦੀ ਡੂੰਘੀ ਸਾਰ ਸੀ। ਏਸ ਕਰਕੇ ਵੀ ਉਹਨੇ ਬਸ਼ੀਰ ਦੇ ਨੌਕਰ ਹੁੰਦਿਆਂ ਸਾਰ ਸ਼ਾਦੋ ਦਾ ਹੱਥ ਉਹਦੇ ਹੱਥ ਵਿਚ ਦੇ ਦਿੱਤਾ ਸੀ। ਉਦੋਂ ਸ਼ਾਦੋ ਦੀ ਮਾਂ ਨੂੰ ਮੋਇਆਂ ਦੂਜਾ ਵਰ੍ਹਾ ਪਿਆ ਹੁੰਦਾ ਸੀ।

ਕਿਸੇ ਕਿਸੇ ਵੇਲੇ ਬਸ਼ੀਰ ਨੂੰ ਆਪਣੇ ਤੇ ਸ਼ਾਦੋ ਵਿਚਕਾਰ ਇਕ ਅਜੀਬ ਜਿਹੀ ਸਾਂਝ ਵੀ ਜਾਪਦੀ। ਉਹ ਸਾਰਾ ਦਿਨ ਦਫਤਰ ਵਿਚ ਨਿੱਕੇ ਨਿੱਕੇ ਕੰਮ ਕਰਦਾ ਰਹਿੰਦਾ ਸੀ। ਕਦੀ ਅੰਦਰ, ਕਦੀ ਬਾਹਰ ਤੇ ਸ਼ਾਦੋ ਸਾਰਾ ਦਿਨ ਘਰ ਵਿਚ ਉਂਜੇ ਈ ਰੁੱਝੀ ਰਹਿੰਦੀ। ਬਸ਼ੀਰ ਨੂੰ ਜਾਪਦਾ ਜਿਵੇਂ ਉਹ ਦੋਵੇਂ ਜੀਅ ਨੌਕਰ ਸਨ-ਨੌਕਰ ਤੇ ਨੌਕਰਾਣੀ। ਫੇਰ ਇਹ ਸਾਂਝ ਏਸ ਖਿਆਲ ਨਾਲ ਅਸਾਂਝ ਵਿਚ ਵਟ ਜਾਂਦੀ। ਉਹ ਦਫਤਰ ਵਿਚ ਬਾਬੂਆਂ ਤੇ ਅਫਸਰਾਂ ਦੇ ਕੰਮ ਕਰਦਾ ਤੇ ਸ਼ਾਦੋ ਘਰ ਵਿਚ ਉਹਦਾ ਤੇ ਉਹਦੇ ਬਾਲਾਂ ਦਾ। ਉਹਨੂੰ ਆਪਣਾ ਆਪ ਸ਼ਾਦੋ ਤੋਂ ਭਾਰਾ ਜਾਪਣ ਲੱਗ ਪੈਂਦਾ ਤੇ ਇਨ੍ਹਾਂ ਘੜੀਆਂ ਵਿਚ ਈ ਕਿਸੇ ਨਾ ਕਿਸੇ ਗੱਲ ਤੋਂ ਉਨ੍ਹਾਂ ਦੋਹਾਂ ਦਾ ਆਪੋ ਵਿਚ ਇੱਟ-ਖੜੱਕਾ ਹੋਵਣ ਲੱਗ ਪੈਂਦਾ। ਬਸ਼ੀਰ ਉਹਨੂੰ ਬਾਬੂਆਂ ਤੇ ਅਫਸਰਾਂ ਵਾਂਗ ਈ ਹੁਕਮ ਚਾੜ੍ਹਨ ਤੇ ਝਾੜਾਂ ਪਾਵਣ ਲਗਦਾ। ਇਹਦੇ 'ਤੇ ਸ਼ਾਦੋ ਦਾ ਪਾਰਾ ਵੀ ਚੜ੍ਹ ਜਾਂਦਾ। ਉਹ ਖਸਮ ਨੂੰ ਤਾਂ ਕੁਝ ਨਾ ਆਖਦੀ ਪਰ ਕਿਸੇ ਨਾ ਕਿਸੇ ਪੱਜ ਬਾਲਾਂ ਨੂੰ ਚੰਗਾ ਬਣਾ ਕੇ ਧੱਸਦੀ। ਚੰਗੀ ਰੱਜ ਕੇ ਧੌੜੀ ਲਾਹੁੰਦੀ ਤੇ ਪੂਰੇ ਘਰ ਵਿਚ ਰੌਲਾ-ਗੌਲਾ ਪੈ ਜਾਂਦਾ। ਉਸ ਵੇਲੇ ਬਸ਼ੀਰ ਨੂੰ ਆਪਣੀ ਭੁੱਲ ਖੜਕਦੀ ਤੇ ਉਹ ਮੁਆਫੀਆਂ ਮੰਗ ਕੇ ਸ਼ਾਦੋ ਨੂੰ ਰਾਜੀ ਕਰਦਾ। ਸ਼ਾਦੋ ਵੀ ਕੁਝ ਚਿਰ ਮਗਰੋਂ ਵਰੀਚ ਜਾਂਦੀ।

ਹੀਰਾ ਮੰਡੀਓਂ ਖਰੌਤੇ ਖਾਣ ਦੀ ਸੱਧਰ ਨਾਲ ਭਿੜਦਿਆਂ ਬਸ਼ੀਰ ਦੇ ਦਿਹਾੜੇ ਲੰਘ ਰਹੇ ਸਨ। ਏਸ ਵਾਰ ਸਿਆਲਾਂ ਵਿਚ ਤਾਂ ਖਰੌਤਿਆਂ ਦੀ ਸਿੱਕ ਨੇ ਉਹਨੂੰ ਅਸਲੋਂ ਈ ਨਪੀੜ ਕੇ ਧਰ ਛੱਡਿਆ। ਖ਼ਬਰੇ ਐਤਕੀਂ ਪਾਲਾ ਚੋਖਾ ਪੈ ਰਿਹਾ ਸੀ ਤਾਂ ਕਰਕੇ। ਉਹ ਦਫਤਰ ਵਿਚ ਪਲ ਦੋ ਪਲ ਲਈ ਸਟੂਲ 'ਤੇ ਸਾਹ ਲੈਣ ਲਈ ਬੈਠਦਾ ਤਾਂ ਹੀਰਾ ਮੰਡੀ ਦੀਆਂ ਰੌਣਕਾਂ ਵਿਚ ਅੱਪੜ ਜਾਂਦਾ। ਮਾਝੇ ਖਰੌਤਿਆਂ ਵਾਲਿਆਂ ਦੀ ਹੱਟੀ ਵਿਚ ਜਾ ਵੜਦਾ। ਉਹਨੂੰ ਆਪਣੇ ਦਵਾਲੇ ਮੇਜ਼ਾਂ ਕੁਰਸੀਆਂ 'ਤੇ ਬੈਠੇ ਖਰੌਤੇ ਖਾਂਦੇ ਬੰਦਿਆਂ ਦਾ ਨਿੱਘ ਪਿੰਡੇ ਵਿਚ ਰਚਦਾ ਮਹਿਸੂਸ ਹੁੰਦਾ। ਉਹ ਹੱਥ ਵਿਚ ਤਿਲਾਂ ਵਾਲਾ ਪੱਟ ਦੇ ਰੇਸ਼ਮ ਵਾਂਗ ਕੂਲਾ ਕੁਲਚਾ ਫੜ ਕੇ ਆਪਣੇ ਸਾਹਮਣੇ ਪਏ ਖਰੌਤਿਆਂ ਦੇ ਭਰੇ ਪਿਆਲੇ ਵਿਚੋਂ ਕੁੰਡਲ ਬਣ ਬਣ ਉਤਾਂਹ ਨੂੰ ਉਠਦੀ ਭਾਫ ਨੂੰ ਤੱਕਦਾ। ਪਰ ਜਿਹੜੇ ਵੇਲੇ ਕੁਲਚਾ ਤਰੋੜ ਕੇ ਬੁਰਕੀ ਲਾਉਣ ਲਈ ਹੱਥ ਪਿਆਲੇ ਵਲ ਵਧਾਂਦਾ, ਉਹਨੂੰ ਕਿਸੇ ਨਾ ਕਿਸੇ ਬਾਬੂ ਦੀ 'ਵਾਜ ਹਥੌੜੇ ਵਾਂਗ ਆਪਣੇ ਤਾਲੂ ਉਤੇ ਵੱਜਦੀ ਜਾਪਦੀ ਤੇ ਉਹ ਆਪਣੀ ਥਾਓਂ ਹੜਬੜਾ ਕੇ ਇੰਜ ਉਠਦਾ ਕਿ ਡਿੱਗਦਾ-ਡਿੱਗਦਾ ਮਸਾਂ ਬਚਦਾ। ਕਾਗਜ਼ਾਂ ਤੇ ਫਾਈਲਾਂ ਦੇ ਹੜ੍ਹ ਵਿਚ ਡੁੱਬਦੇ-ਤਰਦੇ ਬਾਬੂ ਉਹਦੀ ਏਸ ਹਾਲਤ ਨੂੰ ਵੇਖ ਕੇ ਵਰਾਛਾਂ ਟੱਡ ਕੇ ਹੱਸਣ ਲੱਗ ਪੈਂਦੇ।

ਫੇਰ ਇਕ ਦਿਨ ਘਰ ਵਿਚ ਸੁੱਤਿਆਂ ਬਸ਼ੀਰ ਨੇ ਫੈਸਲਾ ਕਰ ਲਿਆ, 'ਬਈ ਏਸ ਪਹਿਲੀ 'ਤੇ ਭਾਵੇਂ ਸੂਰਜ ਲਹਿੰਦਿਓਂ ਕਿਉਂ ਨਾ ਚੜ੍ਹ ਪਵੇ, ਉਸ ਤਨਖਾਹ ਲੈ ਕੇ ਸਿੱਧਾ ਘਰ ਨਹੀਂ ਪਰਤਣਾ ਸਗੋਂ ਪਹਿਲਾਂ ਹੀਰਾ ਮੰਡੀ ਜਾਣਾ ਏ। ਆਪ ਰੱਜ ਕੇ ਖਰੌਤੇ ਖਾਣੇ ਨੇ ਤੇ ਫੇਰ ਸ਼ਾਦੋ ਤੇ ਦੋਵਾਂ ਕੁੜੀ, ਮੁੰਡੇ ਲਈ ਲੈ ਕੇ ਆਉਣੇ ਨੇ। ਦੇਣਾ ਲੈਣਾ ਤੇ ਹਰ ਮਹੀਨੇ ਹੁੰਦਾ ਏ। ਐਤਕੀਂ ਨਾ ਹੋਇਆ ਤਾਂ ਅਗਲੇ ਮਹੀਨੇ ਅੱਧਾ ਤੇ ਨਿਬੜ ਈ ਜਾਏਗਾ। ਏਸ ਜਗ 'ਤੇ ਵੀ ਕਿਹੜਾ ਰੋਜ਼ ਦਿਹਾੜੀ ਟੁਰਿਆ ਰਹਿਣਾ ਏ।'

ਉਹ ਹੁਣ ਬੜਾ ਉਤਾਵਲਾ ਹੋ ਕੇ ਪਹਿਲੀ ਦੇ ਆਉਣ ਦੀ ਉਡੀਕ ਕਰਨ ਲੱਗ ਪਿਆ। ਰੋਜ਼ ਦਿਨ ਗਿਣਦਾ। ਅੱਜ ਪੰਜ ਦਿਨ ਰਹਿ ਗਏ ਨੇ, ਅੱਜ ਚਾਰ, ਅੱਜ ਤਿੰਨ। ਏਦੋਂ ਪਹਿਲਾਂ ਉਸ ਕਦੀ ਵੀ ਤੇ ਇੰਜ ਨਹੀਂ ਸੀ ਕੀਤਾ। ਸਗੋਂ ਦਿਲ ਦੀ ਦਿਲ ਵਿਚ ਉਹ ਬਾਅਜ਼ੇ ਵੇਲੇ ਇਹ ਵੀ ਆਖ ਦੇਂਦਾ, ਇਹ ਹਿਸਾਬ ਦਿਹਾੜਾ ਹੋਰ ਅੱਗੇ ਈ ਟੁਰ ਜਾਵੇ ਤਾਂ ਚੰਗਾ ਹੋਵੇ। ਫੇਰ ਪਹਿਲੀ ਦੇ ਆਉਣ ਵਿਚ ਬਸ ਰਾਤ ਦੀ ਰਾਤ ਈ ਰਹਿ ਗਈ। ਉਹ ਰਾਤ ਉਹਦੇ ਤੋਂ ਲੰਘਾਇਆਂ ਨਹੀਂ ਸੀ ਲੰਘਦੀ। ਉਹ ਕਦੀ ਖਰੌਤੇ ਖਾਣ ਜਾ ਰਿਹਾ ਏ, ਕਦੀ ਖਰੌਤੇ ਲੈ ਕੇ ਘਰ ਨੂੰ ਪਰਤ ਰਿਹਾ ਏ, ਕਦੀ ਬਾਲਾਂ ਨੂੰ ਤੇ ਕਦੀ ਸ਼ਾਦੋ ਨੂੰ ਖਰੌਤੇ ਖਾਂਦਿਆਂ ਵੇਖ ਰਿਹਾ ਏ। ਫੇਰ ਉਹਦਾ ਧਿਆਨ ਸ਼ੂਕਦੇ ਸੱਪਾਂ ਵਲ ਚਲਾ ਗਿਆ। ਉਜਾੜਾਂ ਵਿਚ ਸੁੱਕੇ ਰੁੱਖਾਂ ਉਤੇ ਬੈਠੀਆਂ ਗਿਰਝਾਂ ਵਿਖਾਈ ਦੇਣ ਲੱਗੀਆਂ। ਉਹਨੂੰ ਆਪਣਾ ਆਪ ਰੇਤੇ ਉਤੇ ਢੱਠਾ ਦਿਸਿਆ। ਫੇਰ ਉਹਨੂੰ ਆਪਣੇ ਪਿੰਡੇ ਉਤੇ ਤ੍ਰਿਖੀਆਂ ਚੁੰਝਾਂ ਦੇ ਠੰਗੂਰ ਮਹਿਸੂਸ ਹੋਵਣ ਲੱਗ ਪਏ।

ਦਿਨ ਚੜ੍ਹਨ ਵੇਲੇ ਕਿਤੇ ਉਹਦੀ ਮਸਾਂ ਅੱਖ ਲੱਗੀ ਤੇ ਉਹਨੂੰ ਸ਼ਾਦੋ ਨੇ ਉਠਾ ਦਿੱਤਾ, 'ਮੈਂ ਆਖਿਆ, ਅੱਜ ਦਫਤਰੋਂ ਖੈਰ ਏ?'

'ਨਹੀਂ, ਨਹੀਂ।' ਉਸ ਹੌਲੀ ਜਿਹੀ ਆਖਿਆ ਤੇ ਛੇਤੀ ਨਾਲ ਦਫਤਰ ਜਾਣ ਦੀ ਤਿਆਰੀ ਕਰਨ ਲੱਗ ਪਿਆ।

ਦਫਤਰ ਅੱਪੜਿਆ ਤੇ ਉਸ ਘੜੀ ਦੀ ਉਡੀਕ ਕਰਨ ਲੱਗ ਪਿਆ ਜਿਸ ਘੜੀ ਤਨਖਾਹ ਵੰਡੀ ਜਾਣੀ ਸੀ। ਸਾਰੇ ਬਾਬੂਆਂ ਦੇ ਭੁਗਤ ਜਾਣ ਪਿੱਛੋਂ ਓੜਕ ਉਹਦੀ ਵਾਰੀ ਆ ਗਈ। ਉਸ ਕੰਬਦੇ ਹੱਥਾਂ ਨਾਲ ਮੁਹੰਮਦ ਬਸ਼ੀਰ ਲਿਖਿਆ ਤੇ ਪੈਸੇ ਲੈ ਕੇ ਗਿਣੇ ਬਿਨਾਂ ਬੋਝੇ ਵਿਚ ਪਾ ਲਏ। ਪਿਛਲੇ ਪਹਿਰ ਜਦੋਂ ਬਸ਼ੀਰ ਦਫਤਰ ਵਿਚ ਹਰ ਸ਼ੈ ਕੁੰਜ ਸਾਂਭ ਕੇ ਬਾਹਰ ਨਿਕਲਿਆ ਤਾਂ ਉਸ ਨੇ ਇਕ ਵਾਰੀ ਬੋਝੇ ਵਿਚ ਪਏ ਪੈਸਿਆਂ ਦੀ ਤਸੱਲੀ ਕੀਤੀ ਤੇ ਫੇਰ ਘਰ ਨੂੰ ਜਾਣ ਦੀ ਥਾਂ ਸ਼ਹਿਰ ਵਾਲੇ ਪਾਸੇ ਟੁਰ ਗਿਆ।

ਉਹ ਫੁੱਟਪਾਥ 'ਤੇ ਟੁਰਿਆ ਜਾ ਰਿਹਾ ਸੀ। ਉਹਦੇ ਸੱਜਿਓਂ-ਖੱਬਿਓਂ ਹੋਰ ਲੋਕੀਂ ਵੀ ਫੁੱਟਪਾਥ ਉਤੇ ਆ ਜਾ ਰਹੇ ਸਨ। ਉਹਨੂੰ ਇੰਜ ਲੱਗ ਰਿਹਾ ਸੀ ਜਿਵੇਂ ਉਹ ਸਭ ਉਹਨੂੰ ਈ ਤੱਕਦੇ ਹੋਏ ਲੰਘ ਰਹੇ ਸਨ, ਉਹਦੀਆਂ ਈ ਗੱਲਾਂ ਕਰ ਰਹੇ ਸਨ। ਉਹਦੇ ਵਿਚ ਅੱਜ ਖਬਰੇ ਕੋਈ ਅਚਰਜ ਤਬਦੀਲੀ ਆ ਗਈ ਸੀ। ਤਬਦੀਲੀ ਤਾਂ ਬਸ ਐਨੀ ਈ ਸੀ ਬਈ ਉਹਦੀ ਜੇਬ ਵਿਚ ਅੱਜ ਹਰੇ ਰੰਗ ਦੇ ਕੁਝ ਨੋਟ ਸਨ। ਖੜ ਖੜ ਕਰਦੇ ਨੋਟ। 'ਪੂਰਾ ਮਹੀਨਾ ਵਿਹਲੀ ਰਹਿਣ ਵਾਲੀ ਜੇਬ ਵਿਚੋਂ ਨੋਟ ਹੋ ਸਕਦਾ ਏ ਹਰ ਕਿਸੇ ਨੂੰ ਵਿਖਾਈ ਦੇ ਰਹੇ ਹੋਣ।' ਉਸ ਮਨ ਈ ਮਨ ਵਿਚ ਸੋਚਿਆ, 'ਪਰ ਕੀ ਸਾਡੇ ਕੋਲ ਪੈਸੇ ਨਹੀਂ ਹੋ ਸਕਦੇ? ਪੂਰਾ ਮਹੀਨਾ ਗੋਲਪੁਣਾ ਕਰੀਦਾ ਏ। ਕੋਈ ਹੱਕ ਤੇ ਨਹੀਂ ਮਾਰਦੇ ਕਿਸੇ ਦਾ? ਚੋਰੀ ਤੇ ਨਹੀਂ ਕਰਦੇ ਕਿਸੇ ਮਾਂ ਦੇ...ਦੀ?' ਬਸ਼ੀਰ ਉਚੀ ਉਚੀ ਬੁੜਬੁੜ ਕਰਨ ਲੱਗ ਪਿਆ। ਕੋਲੋਂ ਲੰਘਦੀਆਂ ਕਈ ਜ਼ਨਾਨੀਆਂ-ਬੰਦਿਆਂ ਉਹਨੂੰ ਇੰਜ ਬੋਲਦਿਆਂ ਵੇਖ ਕੇ ਤੱਕਿਆ ਤੇ ਪਾਗਲ ਸਮਝ ਕੇ ਅਗਾਂਹ ਲੰਘ ਗਏ।

ਸੂਰਜ ਡੁੱਬਣ ਵਾਲਾ ਸੀ ਤੇ ਸੜਕ ਦੇ ਆਸੇ-ਪਾਸੇ ਖਲੋਤੀਆਂ ਬਿਲਡਿੰਗਾਂ ਦੀਆਂ ਹਿੱਕਾਂ ਤੇ ਮੱਥਿਆਂ ਉਤੇ ਵੱਡੇ-ਵੱਡੇ ਸਾਈਨ ਬੋਰਡ ਜਗਣ ਲੱਗ ਪਏ ਸਨ। ਮਹਿੰਗੀਆਂ-ਮਹਿੰਗੀਆਂ ਸ਼ੈਵਾਂ ਦੇ ਇਸ਼ਤਿਹਾਰ। ਸਾਬਣਾਂ, ਪਾਊਡਰਾਂ, ਕੱਪੜਿਆਂ ਦੇ ਇਸ਼ਤਿਹਾਰ, ਬੈਂਕਾਂ ਵਲੋਂ ਲਿਖੇ ਬੱਚਤ ਦੇ ਇਸ਼ਤਿਹਾਰ। ਬਚਤ ਦੀਆਂ ਫਜ਼ੀਲਤਾਂ ਦੀ ਚਰਚਾ ਹੋ ਰਹੀ ਸੀ।

ਹੁਣ ਉਹ ਹੀਰਾ ਮੰਡੀ ਦਾ ਮੋੜ ਮੁੜ ਚੁੱਕਿਆ ਸੀ। ਉਹਨੂੰ ਜਾਪਿਆ ਕਿ ਉਹ ਮੇਲੇ ਵਿਚ ਆ ਵੜਿਆ ਏ। ਪਾਨ/ਸਿਗਰਟ ਦੀਆਂ ਦੁਕਾਨਾਂ, ਚਾਹ ਘਰ, ਹੋਟਲ, ਸੜਕ, ਹਰ ਥਾਂ ਜਗਮਗ ਕਰ ਰਹੀ ਸੀ। ਕਿਤੇ ਕੋਈ ਵੀ ਬੰਦ ਨਸਨ। ਫਿਲਮੀ ਰਿਕਾਰਡਾਂ ਦੀ 'ਵਾਜ ਨੇ ਹਰ ਸ਼ੈ ਨੂੰ ਆਪਣੇ ਕਲਾਵੇ ਵਿਚ ਲਿਆ ਹੋਇਆ ਸੀ। ਹਰ ਕੋਈ ਪਕੜ ਵਿਚ ਸੀ। ਟੁਰਨਾ, ਫਿਰਨਾ, ਹੱਸਣਾ, ਬੋਲਣਾ, 'ਵਾਜਾਂ, ਰੌਲਾ, ਬੰਦਿਆਂ ਦਾ ਈ ਸਭ ਕੁਝ, ਪਰ ਬੰਦਿਆਂ ਵਾਲਾ ਨਹੀਂ ਸੀ। ਬਸ਼ੀਰ ਸੌਤਾ ਜਿਹਾ ਪੈਣ ਲੱਗ ਪਿਆ। ਉਹਨੂੰ ਆਪਣਾ ਆਪ ਉਸ ਪੱਤਰ ਵਾਂਗ ਲੱਗ ਰਿਹਾ ਸੀ ਜਿਹਨੂੰ ਹਵਾ ਨੇ ਉਡਾ ਕੇ ਪਾਣੀ ਵਿਚ ਲਿਆ ਸੁੱਟਿਆ ਹੋਵੇ ਤੇ ਹੁਣ ਉਹ ਬੇਵਸ ਹੋ ਕੇ ਓਧਰ ਈ ਵਗਦਾ ਜਾ ਰਿਹਾ ਸੀ, ਜਿਧਰ ਉਹਨੂੰ ਪਾਣੀ ਵਗਾ ਰਿਹਾ ਸੀ। ਉਹ ਭੀੜ ਵਿਚ ਰੁੜ੍ਹਦਾ ਜਾਂਦਾ ਕਿਸੇ ਬੰਦੇ ਨਾਲ ਜਾ ਵੱਜਿਆ। ਇਹ ਕੋਈ ਅਚਕਨ ਟੋਪੀ ਵਾਲਾ ਬੰਦਾ ਸੀ। ਗੋਸ਼ਤ ਦਾ ਪਹਾੜ। ਬਸ਼ੀਰ ਝੱਟ ਉਹਦੇ ਤਰਲੇ ਲੈਣ ਲੱਗ ਪਿਆ।

'ਮੈਨੂੰ ਮੁਆਫ ਕਰ ਦਿਓ ਸਰ। ਹਜ਼ੂਰ ਮਾਈ ਬਾਪ।'

'ਓ ਜਾਹ ਹੁਣ ਮਗਰੋਂ ਵੀ ਲੱਥ। ਕੀ ਦੰਦੀਆਂ ਈ ਕੱਢੀ ਜਾਨਾ ਏਂ। ਉਂਜ ਈ ਸ਼ਰੀਫ ਲੋਕਾਂ ਦੀ ਹੁਣ ਕੋਈ ਥਾਂ ਨਹੀਂ ਰਹੀ ਇੱਥੇ। ਜਿਹਨੂੰ ਵੇਖੋ ਮੂੰਹ ਚੁੱਕ ਕੇ ਆਣ ਵੜਦਾ ਏ।' ਅਚਕਨ ਟੋਪੀ ਵਾਲਾ ਉਹਨੂੰ ਝਾੜ ਪਾ ਕੇ ਹੁਣ ਆਪਣੇ ਆਪ ਨਾਲ ਬੋਲ ਰਿਹਾ ਸੀ।

ਬਸ਼ੀਰ ਭਿੱਜੇ ਚੂਹੇ ਵਾਂਗ ਬਚਦਾ ਬਚਦਾ ਟੁਰਨ ਲੱਗ ਪਿਆ। ਉਹ ਚਿੰਤਾਵਾਨ ਸੀ ਜੋ ਉਹਦਾ ਕਪੜਾ ਵੀ ਏਥੇ ਕਿਸੇ ਦੇ ਕਪੜਿਆਂ ਨਾਲ ਲੱਗ ਗਿਆ ਤੇ ਉਹਦੀ ਉਹ ਕੁੱਤਿਆ-ਕੁੱਤਿਆ ਹੋਵੇਗੀ ਜੋ ਰਹੇ ਰੱਬ ਦਾ ਨਾਂ।

ਤੇ ਫੇਰ ਉਹਨੂੰ ਪਤਾ ਈ ਨਾ ਲੱਗਾ ਜੋ ਉਹ ਕਿਹੜੇ ਵੇਲੇ ਮਾਝੇ ਦੀ ਦੁਕਾਨ 'ਤੇ ਅੱਪੜ ਗਿਆ ਸੀ ਤੇ ਕਿਹੜੇ ਵੇਲੇ ਮੇਜ਼ 'ਤੇ ਜਾ ਬੈਠਾ ਸੀ। ਉਹ ਤਾਂ ਜਿਹੜੇ ਵੇਲੇ ਟੇਬਲ ਮੈਨ ਨੇ ਉਹਦੇ ਸਾਹਮਣੇ ਪਾਣੀ ਦਾ ਜੱਗ ਧਰ ਕੇ ਜ਼ੋਰ ਦੀ ਗਲਾਸ ਮਾਰਿਆ ਤਾਂ ਉਹਨੂੰ ਜਾਗ ਆਈ। ਵੱਡੇ-ਵੱਡੇ ਪਤੀਲਿਆਂ ਵਿਚੋਂ ਭਾਫ ਦੇ ਕੁੰਡਲ ਉਠ ਰਹੇ ਸਨ ਤੇ ਮਾਝਾ ਆਪ ਉਨ੍ਹਾਂ ਦੇ ਕੰਢੇ ਖੜਕਾ-ਖੜਕਾ ਕੇ ਗਾਹਕਾਂ ਨੂੰ ਭੁਗਤਾ ਰਿਹਾ ਸੀ। ਟੇਬਲ ਮੈਨ ਬਸ਼ੀਰ ਨੂੰ ਹਲੂਣ ਕੇ ਆਪ ਕਿਸੇ ਹੋਰ ਦਾ ਆਰਡਰ ਲੈਣ ਟੁਰ ਗਿਆ ਸੀ।

ਬਸ਼ੀਰ ਨੇ ਹੋਠਾਂ ਉਤੇ ਮੁਸਕਰੇਵਾਂ ਲਿਆਉਂਦਿਆਂ ਆਪਣੇ ਬੋਝੇ ਨੂੰ ਹੱਥ ਮਾਰਿਆ ਤੇ ਉਹ ਤ੍ਰਭਕ ਜਿਹਾ ਗਿਆ। ਅੱਜ ਤੇ ਪਹਿਲੀ ਤਰੀਕ ਏ, ਪੈਸੇ ਕਿਧਰ ਗਏ। ਬੋਝਾ ਵਿਰਲਾ ਸੀ। ਉਹ ਆਪਣੀ ਥਾਉਂ ਉਠ ਖਲੋਤਾ। ਉਹਨੂੰ ਆਪਣੇ ਆਲੇ-ਦੁਆਲੇ ਦੀ ਹਰ ਸ਼ੈ ਘੁੰਮਦੀ ਹੋਈ ਜਾਪੀ। ਉਹਨੂੰ ਲੱਗਾ, ਉਹ ਫਰਸ਼ ਉਤੇ ਡਿੱਗ ਪਵੇਗਾ। ਉਹ ਦੋਹਾਂ ਹੱਥਾਂ ਨਾਲ ਸਿਰ ਫੜ ਕੇ ਕੁਰਸੀ ਉਤੇ ਬਹਿ ਗਿਆ। ਪਤੀਲੇ ਵਿਚੋਂ ਭਾਫ ਦੇ ਕੁੰਡਲ ਭੂਤਨੇ ਬਣ ਬਣ ਉਹਨੂੰ ਤੱਕਦੇ ਪਏ ਸਨ।


ਬਸ਼ੀਰ ਕੁਝ ਚਿਰ ਇੰਜੇ ਬੈਠਾ ਰਹਿਣ ਪਿੱਛੋਂ ਹੰਭਲਾ ਮਾਰ ਕੇ ਆਪਣੀ ਥਾਉਂ ਉਠਿਆ। ਜਿਵੇਂ ਉਹਨੂੰ ਆਪਣਾ ਚੋਰ ਚੇਤੇ ਆ ਗਿਆ ਸੀ ਤੇ ਫੇਰ ਉਹ ਵਰ੍ਹਿਆਂ ਬੱਧੀ ਹੀਰਾ ਮੰਡੀ ਦੀਆਂ ਚਾਨਣੀਆਂ ਤੇ ਹਨ੍ਹੇਰੀਆਂ ਗਲੀਆਂ ਵਿਚ ਆਪਣੇ ਚੋਰ ਨੂੰ ਭਾਲਦਾ ਰਹਿ ਗਿਆ।

## ਦੋ ਕਵਿਤਾਵਾਂ

### ਗੋਲੀ ਦਾ ਹਲਫੀਆ ਬਿਆਨ

-ਦੇਵਨੀਤ

ਇਕ ਗੋਲੀ ਚੱਲੀ
ਦੋ ਆਵਾਜ਼ਾਂ ਆਈਆਂ
ਇਕ ਦਹਿਸ਼ਤਗਰਦ ਢੇਰ
ਇਕ ਹੋਰ ਸ਼ਹੀਦ
ਗਰਮ ਗੋਲੀ ਸੋਚਣ ਲੱਗੀ
ਮੁੰਡਾ ਤਾਂ ਇਕ ਮਰਿਆ ਹੈ
ਕਿਸਨੇ ਮਾਰਿਐ ਮੁੰਡਾ
ਮੈਂ?
ਕਿ
ਟੇਢੀ ਉਂਗਲ ਨੇ।
ਠੰਡੀ ਗੋਲੀ ਝਿੜਕਣ ਲੱਗੀ
ਟੇਢੀ ਉਂਗਲ ਸਿੱਧੀ ਰੱਖੋ
ਮੈਨੂੰ
ਬੰਟੇ ਖੇਡਦੇ ਬੱਚਿਆਂ ਦੇ
ਬੋਟਿਆਂ ਵਿਚ ਛੱਡ ਦਿਓ।



### ਡੱਬੀਦਾਰ ਖੇਸ

-ਗੁਰਪ੍ਰੀਤ

ਦੁਪਹਿਰ ਦੀ ਰੋਟੀ
ਸੁਆਦ ਐਨੀ
ਮੈਂ ਥੋੜ੍ਹੀ ਭੁੱਖ ਰੱਖ ਖਾਧੀ
ਤੇ ਉਹਨੂੰ ਆਖਣ ਲੱਗਿਆ
ਸਾਰੇ ਸੁੱਖ ਖੁਸ਼ੀਆਂ ਪਿਆਰ
ਤੇਰੇ ਤੋਂ ਵਾਰਦਾ ਹਾਂ
ਉਹ ਚੁੱਪ ਰਹੀ ਘੜੀ ਪਲ
ਫਿਰ ਥੋੜ੍ਹਾ ਮੁਸਕਰਾਈ
ਫਿਰ ਝੱਲੀ ਹੋ ਉਠੀ
ਤੇ ਆਖਣ ਲੱਗੀ;
ਥੋੜ੍ਹਾ ਚਿਰ ਪਹਿਲਾਂ ਖਾਧਾ ਖਾਣਾ
ਭੁੱਲ ਵੀ ਗਿਆ
ਸ਼ਾਮ ਹੋਣ 'ਚ ਅਜੇ ਦੇਰ ਹੈ
ਤੈਨੂੰ ਤਾਂ ਭੋਰਾ ਭਰ ਵੀ ਸਮਝ ਨਹੀਂ
ਜਦੋਂ ਮਿਰਚ ਖਾਧੀ ਤਾਂ ਗੁੜ ਮੰਗਿਆ
ਖੀਰ ਖਾਧੀ ਤਾਂ ਸਬਜ਼ੀ ਦਾ ਚਮਚਾ ਲਾਇਆ
ਨਹੀਂ ਚਾਹੀਦਾ ਮੈਨੂੰ
ਪਿਆਰ ਇਕੱਲਾ
ਖੁਸ਼ੀਆਂ ਤੇ ਸੁੱਖ
ਮੈਨੂੰ ਤੂੰ ਸੁੱਖ ਨਾਲ ਦੁੱਖ ਵੀ ਦੇ
ਖੁਸ਼ੀਆਂ ਨਾਲ ਗਮ ਵੀ
ਮੈਨੂੰ ਨਹੀਂ ਚਾਹੀਦਾ
ਖਰਾ ਬੰਦਾ
ਤੂੰ ਥੋੜ੍ਹਾ ਜਿਹਾ ਖੋਟਾ ਵੀ ਹੋ ਜਾ
ਮੈਂ ਖੀਵਾ ਅੰਦਰੇ ਅੰਦਰ ਨਚਦਾ
ਆਖਦਾ ਉਹਨੂੰ
ਮੈਂ ਲਿਖਦਾ ਹਾਂ
ਪਿਆਰ ਉਸ 'ਚ ਤੂੰ ਭਰਦੀ ਹੈਂ।

# ਫਿਲਮ ਜਗਤ

## ਪ੍ਰਤਿਭਾਸ਼ਾਲੀ ਅਦਾਕਾਰਾ ਜਸਪਿੰਦਰ ਚੀਮਾ



ਪੰਜਾਬੀ ਫ਼ਿਲਮ ਉਦਯੋਗ ਚ ਲੰਬਾ ਅਰਸਾ ਟਿਕੀਆਂ ਰਹਿਣ ਵਾਲੀਆਂ ਨਾਇਕਾਵਾਂ ਚ ਦਿਲਜੀਤ ਕੌਰ ਤੇ ਪ੍ਰੀਤੀ ਸਪਰੂ ਦਾ ਨਾਂ ਸਭ ਤੋਂ ਉਪਰ ਆਉਂਦਾ ਹੈ। ਇਨ੍ਹਾਂ ਤੋਂ ਬਾਅਦ ਨੀਰੂ ਬਾਜਵਾ ਵੀ ਲੰਬੀ ਪਾਰੀ ਖੇਡਣ ਲਈ ਅਗੇ ਵਧ ਰਹੀ ਹੈ। ਇਸ ਸੂਚੀ ਚ ਇਕ ਹੋਰ ਨਵਾਂ ਨਾ ਜੁੜ ਰਿਹਾ ਹੈ ਜਸਪਿੰਦਰ ਚੀਮਾ ਦਾ।

ਨਾਮਵਰ ਨਿਰਦੇਸ਼ਕ ਮਨਮੋਹਨ ਸਿੰਘ ਦੀ ਨਵੀਂ ਆ ਰਹੀ ਫ਼ਿਲਮ ਇਕ ਕੁੜੀ ਪੰਜਾਬ ਦੀ ਰਾਹੀਂ ਬਤੌਰ ਨਾਇਕਾ ਪੰਜਾਬੀ ਸਿਨੇਮਾ ਚ ਪਹਿਲਾ ਕਦਮ ਰੱਖਣ ਵਾਲੀ ਜਸਪਿੰਦਰ ਜਿਥੇ ਇਕ ਪੜ੍ਹੀ-ਲਿਖੀ ਤੇ ਥੀਏਟਰ ਚ ਲੰਬਾ ਅਰਸਾ ਕੰਮ ਕਰਨ ਵਾਲੀ ਪ੍ਰਤਿਭਾਸ਼ਾਲੀ ਅਦਾਕਾਰਾ ਹੈ, ਉਥੇ ਉਹ ਖੂਬਸੂਰਤ ਦਿਖ ਦੀ ਵੀ ਮਾਲਕ ਹੈ। ਨਰਿੰਦਰ ਸਿੰਘ ਚੀਮਾ ਦੀ ਇਸ ਹੋਣਹਾਰ ਸਪੁੱਤਰੀ ਨਾਲ ਬੀਤੇ ਦਿਨੀਂ ਹੋਈ ਗੱਲਬਾਤ ਦੇ ਅੰਸ਼ ਇਸ ਪ੍ਰਕਾਰ ਹਨ:

ਤੁਹਾਡੇ ਪਿਤਾ ਜੀ ਖੇਡਾਂ ਨਾਲ ਜੁੜੇ ਹਨ, ਫਿਰ ਤੁਸੀਂ ਫ਼ਿਲਮਾਂ ਵਲ ਕਿਵੇਂ ਆਏ ?

-ਮੇਰੇ ਪਿਤਾ ਜੀ ਨੂੰ ਖੇਡਾਂ ਦੇ ਖੇਤਰ ਨਾਲ ਬੇਹੱਦ ਲਗਾਅ ਹੈ ਅਤੇ ਇਹ ਪ੍ਰਭਾਵ ਮੇਰੇ ਤੇ ਵੀ ਪਿਆ, ਜਿਸ ਦੀ ਬਦੌਲਤ ਮੈਂ ਸਕੂਲ ਤੇ ਕਾਲਜ ਪੱਧਰ ਤੇ ਐਥਲੈਟਿਕਸ ਕੀਤੀ ਅਤੇ ਪੰਜਾਬ ਪੱਧਰ ਤੇ ਅਨੇਕਾਂ ਤਮਗੇ ਜਿੱਤੇ। ਇਸ ਦੇ ਨਾਲ ਹੀ ਮੈਨੂੰ ਗਿੱਧੇ ਦਾ ਬੇਹੱਦ ਸ਼ੌਕ ਹੈ, ਜਿਸ ਕਾਰਨ ਬਹੁਤ ਸਾਰੇ ਮੁਕਾਬਲਿਆਂ ਚ ਹਿੱਸਾ ਲਿਆ। ਮੈਂ 2008 ਚ ਮਿਸ ਪੀ. ਟੀ. ਸੀ. ਦਾ ਖਿਤਾਬ ਜਿੱਤਿਆ, ਜਿਸ ਦੌਰਾਨ ਮੈਨੂੰ ਨਾਚ ਦੇ ਨਾਲ-ਨਾਲ ਅਦਾਕਾਰੀ ਕਰਨ ਦਾ ਮੌਕਾ ਮਿਲਿਆ। ਇਸ ਦੀ ਬਦੌਲਤ ਮੇਰਾ ਆਤਮ ਵਿਸ਼ਵਾਸ ਵਧਿਆ ਅਤੇ ਅਦਾਕਾਰੀ ਵਲ ਝੁਕਾਅ ਹੋ ਗਿਆ।

ਅਦਾਕਾਰੀ ਦੇ ਖੇਤਰ ਚ ਆਉਣ ਲਈ ਕੀ ਤੁਸੀਂ ਕੋਈ ਵਿਸ਼ੇਸ਼ ਸਿਖਲਾਈ ਲਈ ?

-ਮਿਸ ਪੀ. ਟੀ. ਸੀ. ਬਣਨ ਤੋਂ ਬਾਅਦ ਮੈਂ ਪੂਰੀ ਤਰ੍ਹਾਂ ਅਦਾਕਾਰੀ ਨਾਲ ਜੁੜਨ ਦਾ ਫੈਸਲਾ ਲਿਆ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਇੰਡੀਅਨ ਥੀਏਟਰ ਵਿਭਾਗ ਵਿਚ ਐਮ. ਏ. ਚ ਦਾਖਲਾ ਲਿਆ ਅਤੇ ਹੁਣ ਦੂਸਰੇ ਸਾਲ ਚ ਪੜ੍ਹ ਰਹੀ ਹਾਂ। ਜਿੱਥੇ ਨਾਟਕਾਂ ਰਾਹੀਂ ਵੱਖ-ਵੱਖ ਤਰ੍ਹਾਂ ਦੇ ਰੋਲ ਨਿਭਾਅ ਕੇ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ ਅਤੇ ਮਿਲੇਗਾ।

ਫ਼ਿਲਮ ਇਕ ਕੁੜੀ ਪੰਜਾਬ ਦੀ ਚ ਕੰਮ ਕਰਨ ਦਾ ਸਬੱਬ ਕਿਵੇਂ ਬਣਿਆ ?

-ਮਨਮੋਹਨ ਸਿੰਘ ਜੀ ਨੇ ਮੇਰਾ ਇਕ ਨਾਟਕ ਦੇਖਿਆ ਅਤੇ ਮੈਨੂੰ ਆਡੀਸ਼ਨ ਲਈ ਬੁਲਾਇਆ। ਉਨ੍ਹਾਂ ਨੂੰ ਮੇਰੀ ਅਦਾਕਾਰੀ ਪਸੰਦ ਆਈ ਅਤੇ ਮੈਨੂੰ ਨਾਇਕਾ ਵਜੋਂ ਚੁਣ ਲਿਆ।

ਫ਼ਿਲਮ ਚ ਤੁਹਾਡਾ ਕਿਰਦਾਰ ਕਿਹੋ ਜਿਹਾ ਹੈ ?

-ਮੈਂ ਇਕ ਅਜਿਹੀ ਲੜਕੀ ਦੀ ਭੂਮਿਕਾ ਨਿਭਾਅ ਰਹੀ ਹਾਂ, ਜੋ ਥੀਏਟਰ ਦੀ ਅਦਾਕਾਰਾ ਹੋਣ ਦੇ ਨਾਲ-ਨਾਲ ਅਗਾਂਹਵਧੂ ਵਿਚਾਰਾਂ ਦੀ ਧਾਰਨੀ ਹੈ। ਉਸ ਨੂੰ ਅੱਗੇ ਵਧਣ ਲਈ ਬਹੁਤ ਸਾਰੀਆਂ ਸਮਾਜਿਕ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾਂ ਦਾ ਉਹ ਡਟ ਕੇ ਸਾਹਮਣਾ ਕਰਦੀ ਹੈ ਅਤੇ ਇਕ ਆਦਰਸ਼ਵਾਦੀ ਮੁਟਿਆਰ ਦੇ ਰੂਪ ਚ ਉਭਰ ਕੇ ਸਾਹਮਣੇ ਆਉਂਦੀ ਹੈ।

ਸਮੁੱਚੇ ਰੂਪ ਚ ਫ਼ਿਲਮ ਕਿਹੋ-ਜਿਹੀ ਜਾਪਦੀ ਹੈ ?

- ਇਕ ਕੁੜੀ ਪੰਜਾਬ ਦੀ ਮਨ ਜੀ ਦੀਆਂ ਪਿਛਲੀਆਂ ਫ਼ਿਲਮਾਂ ਵਾਂਗ ਹੀ ਪਰਿਵਾਰਕ ਤੇ ਰੋਮਾਂਟਿਕ ਫ਼ਿਲਮ ਹੈ। ਫ਼ਿਲਮ ਨੂੰ ਹਰੇਕ ਪੱਖੋਂ ਬਹੁਤ ਮਿਹਨਤ ਨਾਲ ਬਣਾਇਆ ਗਿਆ ਹੈ। ਫ਼ਿਲਮ ਦੇ ਨਾਇਕ ਤੇ ਗਾਇਕ ਅਮਰਿੰਦਰ ਗਿੱਲ ਦੀ ਭੂਮਿਕਾ ਇਕ ਉਚੇ ਵਿਚਾਰਾਂ ਵਾਲੇ ਕਾਲਜੀਏਟ ਗੱਭਰੂ ਦੀ ਹੈ, ਜਿਸ ਨੇ ਪੂਰੀ ਫ਼ਿਲਮ ਚ ਜਾਨ ਪਾ ਦਿੱਤੀ ਹੈ।



## ਚੜ੍ਹਦੀਕਲਾ ਦੀ ਪੇਸ਼ਕਾਰੀ ਛੇਵਾਂ ਦਰਿਆ

ਅੱਜ ਪੰਜਾਬੀ ਸਿਨੇਮਾ ਉਸ ਮੁਕਾਮ ਤੇ ਪੁੱਜ ਚੁੱਕਿਆ ਹੈ ਕਿ ਵਿਦੇਸ਼ਾਂ ਚ ਵਸਦੇ ਪੰਜਾਬੀ ਵੀ ਆਪਣੀ ਮਾਤ ਭਾਸ਼ਾ ਚ ਫ਼ਿਲਮਾਂ ਦਾ ਨਿਰਮਾਣ ਕਰਨ ਚ ਮਾਣ ਮਹਿਸੂਸ ਕਰਨ ਲੱਗੇ ਹਨ। ਅਜਿਹੇ ਹੀ ਅਗਾਂਹਵਧੂ ਸੋਚ ਦੇ ਮਾਲਕਾਂ ਚ ਸ਼ਾਮਲ ਹੈ ਅਮਰੀਕਾ ਵਸਦੀ ਪੰਜਾਬਣ ਈਸ਼ ਅਮਿਤੋਜ ਸਿੰਘ, ਜਿਸ ਨੇ ਪੰਜਾਬੀਅਤ ਨਾਲ ਆਪਣੀ ਸਾਂਝ ਦਾ ਪ੍ਰਗਟਾਵਾ ਜਲਦੀ ਹੀ ਰਿਲੀਜ਼ ਹੋਣ ਵਾਲੀ ਫ਼ਿਲਮ ਛੇਵਾਂ ਦਰਿਆ ਰਾਹੀਂ ਕੀਤਾ ਹੈ। ਸ਼ਿਮਲਾ ਵਿਖੇ ਇਕ ਸਿੱਖ ਪਰਿਵਾਰ ਚ ਜਨਮੀ ਈਸ਼ ਕਾਫੀ ਅਰਸੇ ਤੋਂ ਅਮਰੀਕਾ ਰਹਿੰਦੀ ਹੈ ਪੰਤੂ ਉਸ ਨੂੰ ਹਮੇਸ਼ਾ ਹੀ ਆਪਣੀਆਂ ਜੜ੍ਹਾਂ ਨਾਲ ਗੂੜ੍ਹਾ ਪਿਆਰ ਰਿਹਾ ਹੈ। ਇਸ ਲਗਾਓ ਦਾ ਪ੍ਰਗਟਾਵਾ ਈਸ਼ ਨੇ ਪੰਜਾਬੀਅਤ ਦੇ ਮਾਣ-ਮੱਤੇ ਵਿਰਸੇ ਦੀ ਪੇਸ਼ਕਾਰੀ ਨਾਲ ਕਰਨ ਦਾ ਉਦਮ ਆਪਣੀ ਪਲੇਠੀ ਫ਼ਿਲਮ ਰਾਹੀਂ ਕੀਤਾ ਹੈ। ਨੂਰ ਨਿਸ਼ਾਨ ਪ੍ਰੋਡਕਸ਼ਨਜ਼ ਦੇ ਬੈਨਰ ਹੇਠ ਬਣੀ ਫ਼ਿਲਮ ਛੇਵਾਂ ਦਰਿਆ ਈਸ਼ ਨੇ ਖੁਦ ਲਿਖੀ, ਬਣਾਈ ਤੇ ਨਿਰਦੇਸ਼ਤ ਕੀਤੀ ਹੈ। ਇਸ ਫ਼ਿਲਮ ਚ ਜਿਥੇ ਚੋਟੀ ਦੇ ਅਦਾਕਾਰ, ਤਕਨੀਕੀ ਟੀਮ ਤੇ ਹੋਰ ਮਿਆਰੀ ਸਾਧਨ ਵਰਤੇ ਹਨ, ਉਥੇ ਇਹ ਫ਼ਿਲਮ ਵਿਸ਼ੇ ਪੱਖੋਂ ਵੀ ਨਿਵੇਕਲੀ ਗੱਲ ਤੋਰੇਗੀ। ਇਸ ਫ਼ਿਲਮ ਬਾਰੇ ਆਮ ਧਾਰਨਾ ਉਭਰੀ ਹੈ ਕਿ ਇਹ ਪੰਜਾਬ ਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਦੀ ਗੱਲ ਕਰੇਗੀ ਪਰ ਈਸ਼ ਅਨੁਸਾਰ ਫ਼ਿਲਮ ਇਸ ਵਿਸ਼ੇ ਨੂੰ ਛੂੰਹਦੀ ਜ਼ਰੂਰ ਹੈ ਪਰ ਪੂਰੀ ਤਰ੍ਹਾਂ ਨਸ਼ਿਆਂ ਦੀ ਗੱਲ ਨਹੀਂ ਕਰਦੀ। ਈਸ਼ ਅਨੁਸਾਰ ਪੰਜਾਬ ਚ ਵਸਦੇ ਪੰਜ ਦਰਿਆਵਾਂ ਤੋਂ ਇਲਾਵਾ ਇਕ ਹੋਰ ਦਰਿਆ ਸਦਾ ਹੀ ਵਗਦਾ ਰਿਹਾ ਹੈ ਅਤੇ ਵਗਦਾ ਰਹੇਗਾ। ਉਹ ਹੈ ਇਥੋਂ ਦੇ ਵਸਨੀਕਾਂ ਦੀ ਚੜ੍ਹਦੀ ਕਲਾ ਤੇ ਜਾਹੋ-ਜਲਾਲ ਚ ਰਹਿਣ ਦਾ ਸੁਭਾਅ। ਪੰਜਾਬੀ ਸੱਭਿਆਚਾਰ ਦੇ ਹਰੇਕ ਰੰਗ ਚੋਂ ਝਲਕਦੇ ਚੜ੍ਹਦੀ ਕਲਾ ਦੇ ਰੰਗ ਨੂੰ ਹੀ ਛੇਵੇਂ ਦਰਿਆ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਨਾ ਕਿ ਨਸ਼ਿਆਂ ਵਾਲੇ ਦਰਿਆ ਨੂੰ। ਫ਼ਿਲਮ ਚ ਬਾਬਾ ਪੰਜਾਬ ਦਾ ਅਹਿਮ ਕਿਰਦਾਰ ਨਿਭਾਉਣ ਵਾਲੇ ਰਾਣਾ ਰਣਬੀਰ ਨੇ ਦੱਸਿਆ ਕਿ ਅੱਜ ਪੰਜਾਬ ਚ ਨਸ਼ਿਆਂ ਰੂਪੀ ਛੇਵੇਂ ਦਰਿਆ ਦੇ ਵਗਣ ਦੀ ਗੱਲ ਕੀਤੀ ਜਾ ਰਹੀ ਹੈ ਪਰ ਇਸ ਦੇ ਕਾਰਨਾਂ ਤੇ ਹੱਲ ਦੀ ਗੱਲ ਕਿਸੇ ਪਾਸੇ ਤੁਰਦੀ ਨਜ਼ਰ ਨਹੀਂ ਆਉਂਦੀ। ਇਸ ਫ਼ਿਲਮ ਚ ਨਸ਼ਿਆਂ ਦਾ ਰੁਝਾਨ ਪੰਜਾਬ ਚ ਕਿਉਂ ਵਧਿਆ ਅਤੇ ਇਸ ਨੂੰ ਰੋਕਣ ਲਈ ਕੀ ਉਪਰਾਲੇ ਕਰਨੇ ਚਾਹੀਦੇ ਹਨ ? ਵੀ ਇਕ ਵਿਸ਼ੇ ਦੇ ਰੂਪ ਵਿਚ ਸ਼ਾਮਲ ਹਨ। ਇਸ ਫ਼ਿਲਮ ਚ ਪਾਲੀਵੁੱਡ ਤੇ ਬਾਲੀਵੁੱਡ ਦੇ ਨਾਮਵਰ ਅਦਾਕਾਰਾਂ ਨੇ ਕੰਮ ਕੀਤਾ ਹੈ। ਬਾਲੀਵੁੱਡ ਦਾ ਬੈਡਮੈਨ ਗੁਲਸ਼ਨ ਗਰੋਵਰ, ਨੀਨਾ ਗੁਪਤਾ ਤੇ ਦੀਪ ਢਿੱਲੋਂ ਜਿਥੇ ਅਹਿਮ ਕਿਰਦਾਰ ਨਿਭਾ ਰਹੇ ਹਨ, ਉਥੇ ਗਾਇਕ ਲਖਵਿੰਦਰ ਵਡਾਲੀ, ਮਨਪ੍ਰੀਤ ਸਿੰਘ, ਨਵਨੀਤ ਕੌਰ ਮੋਹਰੀ ਭੂਮਿਕਾਵਾਂ ਨਿਭਾ ਰਹੇ ਹਨ। ਇਸ ਦੇ ਨਾਲ ਹੀ ਰਾਣਾ ਰਣਬੀਰ ਤੇ ਬੀਨੂੰ ਢਿੱਲੋਂ ਤੋਂ ਇਲਾਵਾ ਪਰਵਾਸੀ ਅਦਾਕਾਰਾ ਕ੍ਰਿਸਟਾ ਕੈਨਨ ਵੀ ਫ਼ਿਲਮ ਚ ਇਕ ਖੋਜਾਰਥਣ ਦੀ ਭੂਮਿਕਾ ਨਿਭਾ ਰਹੀ ਹੈ। ਫ਼ਿਲਮ ਚ ਜਿਥੇ ਪ੍ਰੇਮ ਕਹਾਣੀ ਦਿਖਾਈ ਗਈ ਹੈ, ਉਥੇ ਇਹ ਉਸਾਰੂ ਸੰਦੇਸ਼ ਦੇਣ ਵਾਲੀ ਫ਼ਿਲਮ ਵੀ ਸਾਬਤ ਹੋਵੇਗੀ। ਫ਼ਿਲਮ ਦੇ ਗੀਤ ਕੁਮਾਰ, ਖੁਸ਼ਵੰਤ ਸਿੰਘ ਤੇ ਅਮਨ ਸਿੰਘ ਨੇ ਲਿਖੇ ਹਨ ਅਤੇ ਗਾਉਣ ਦੀ ਜ਼ਿੰਮੇਵਾਰੀ ਜੈ ਦੇਵ ਕੁਮਾਰ ਦੀ ਨਿਰਦੇਸ਼ਨਾ ਚ ਵਡਾਲੀ ਭਰਾਵਾਂ, ਮਨਪ੍ਰੀਤ ਅਖ਼ਤਰ, ਫਿਰੋਜ਼ ਖਾਨ, ਜਸਪਿੰਦਰ ਨਰੂਲਾ, ਸਿਮਰਜੀਤ ਕੌਰ, ਕ੍ਰਿਸਟਾ ਕੈਨਨ ਅਤੇ ਲਖਵਿੰਦਰ ਵਡਾਲੀ ਨੇ ਨਿਭਾਈ ਹੈ। ਫ਼ਿਲਮ ਦੀ ਸ਼ੂਟਿੰਗ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਤੇ ਸ਼ਹਿਰਾਂ ਚ ਹੋਈ ਹੈ। ਬਿਲਕੁਲ ਨਵੇਂ ਵਿਸ਼ੇ ਤੇ ਬਣੀ ਇਸ ਫ਼ਿਲਮ ਬਾਰੇ ਸੀਨੀਅਰ ਅਦਾਕਾਰ ਦੀਪ ਢਿੱਲੋਂ ਦਾ ਕਹਿਣਾ ਹੈ ਕਿ ਪੰਜਾਬੀ ਸਿਨੇਮੇ ਤੇ ਦਰਸ਼ਕਾਂ ਲਈ ਖੁਸ਼ੀ ਦੀ ਗੱਲ ਹੈ ਕਿ ਅੱਜ ਸਾਡੇ ਫ਼ਿਲਮਸਾਜ਼ ਵਿਸ਼ੇ ਪੱਖੋਂ ਵੀ ਸਮੇਂ ਦੇ ਹਾਣ ਦੇ ਹੋ ਰਹੇ ਹਨ ਅਤੇ ਨਵਿਆਂ ਵਿਸ਼ਿਆਂ ਤੇ ਫ਼ਿਲਮਾਂ ਬਣਾ ਰਹੇ ਹਨ।

## ਕਹਾਂ ਸ਼ੁਰੂ ਹੁਏ ਯਹ ਸਿਲਸਲੇ, ਕਹਾਂ ਟੂਟੇ



ਮੀਨਾ ਕੁਮਾਰੀ ਅਗਸਤ ਦੇ ਮਹੀਨੇ ਵਿਚ ਹੀ ਪੈਦਾ ਹੋਈ ਅਤੇ ਦੇਸ਼ ਦੀ ਤਰ੍ਹਾਂ 15 ਅਗਸਤ ਦੇ ਦਿਨ ਹੀ ਉਸਨੇ ਆਪਣੇ ਜ਼ਾਲਮ ਬਾਪ ਤੋਂ ਮੁਕਤੀ ਪਾਈ। ਮੀਨਾ ਕੁਮਾਰੀ 1933 ਵਿਚ ਜਨਮੀ ਤੇ 1954 ਵਿਚ ਮਾਰਕੁੱਟ ਅਤੇ ਗਾਲੀ-ਗਲੋਚ ਦੇ ਆਮ ਨੁਸਖੇ ਸਹਾਰੇ ਬੇਟੀ ਨੂੰ ਆਪਣੇ ਕੈਦ ਵਿਚ ਰੱਖ ਰਹੇ ਬਾਪ ਤੋਂ ਛੁੱਟੀ ਮਿਲੀ। ਬਾਪ-ਬੇਟੀ ਦਾ ਝਗੜਾ ਹੋਇਆ ਸੀ, ਪ੍ਰਸਿੱਧ ਫ਼ਿਲਮ ਡਾਇਰੈਕਟਰ ਮਹਿਬੂਬ ਖਾਨ ਦੀ ਫ਼ਿਲਮ ਅਮਰ ਵਿਚ ਕੰਮ ਕਰਨ ਤੇ। ਬਾਪ ਮਹਿਬੂਬ ਖਾਨ ਦੇ ਵੱਡੇਪਨ ਅਤੇ ਰੋਹਬ ਤੋਂ ਡਰਦਾ ਸੀ। ਬੇਟੀ ਮਹਿਬੂਬ ਦੇ ਮਾਤਹਿਤ ਕੰਮ ਕਰਕੇ ਖੁਸ਼ ਨਹੀਂ ਸੀ ਪਰ ਅਸਲ ਵਿਚ ਫ਼ਿਲਮ ਅਮਰ ਦੀ ਸ਼ੂਟਿੰਗ ਦੌਰਾਨ ਮਹਿਬੂਬ ਸਾਹਿਬ ਦੇ ਵਤੀਰੇ ਤੋਂ ਮੀਨਾ ਨਾਰਾਜ਼ ਹੋਈ। ਮਹਿਬੂਬ ਵਰਗਾ ਫ਼ਿਲਮੀ ਮੁਗਲ ਇਕ ਨਵੀਂ ਫ਼ਿਲਮੀ ਹੀਰੋਇਨ ਦਾ ਆਪਣੇ ਪ੍ਰਤੀ ਅਜਿਹਾ ਰਵੱਈਆ ਕਿਵੇਂ ਬਰਦਾਸ਼ਤ ਕਰ ਲੈਂਦਾ। ਉਸਨੇ ਆਪਣੀ ਫ਼ਿਲਮ ਅਮਰ ਵਿਚੋਂ ਮੀਨਾ ਨੂੰ ਕੱਢ ਕੇ ਮਧੂਬਾਲਾ ਨੂੰ ਲੈ ਲਿਆ। ਮੀਨਾ ਨੂੰ ਕੁਝ ਪਛਤਾਵਾ ਰਿਹਾ ਅਮਰ ਦੇ ਹੀਰੋ ਦਲੀਪ ਕੁਮਾਰ ਨਾਲ ਕੰਮ ਨਾ ਕਰ ਸਕਣ ਦਾ ਪਰ ਤੁਰੰਤ ਹੀ ਉਸ ਨੂੰ ਜਯਾ ਸਰਹੰਦੀ ਨੇ ਆਪਣੀ ਫ਼ਿਲਮ ਫੁੱਟਪਾਥ ਵਿਚ ਦਲੀਪ ਕੁਮਾਰ ਨਾਲ ਲੈ ਲਿਆ। ਦਲੀਪ ਕੁਮਾਰ ਨਾਲ ਕੰਮ ਕਰਨ ਦੀ ਖੁਸ਼ੀ ਵਿਚ ਮੀਨਾ ਨੇ ਫੁੱਟਪਾਥ ਦੇ ਇਕ ਸੀਨ ਵਿਚ ਘੱਟ ਕੱਪੜਿਆਂ ਨਾਲ ਨਹਾਉਣ ਦਾ ਸੈਕਸੀ ਰੋਲ ਵੀ ਮਨਜ਼ੂਰ ਕੀਤਾ। ਮਹਿਬੂਬ ਨਾਲ ਪੰਗਾ ਅਤੇ ਬਾਪ ਹੱਥੋਂ ਜ਼ਿੱਲਤ-ਇਹ ਦੋਵੇਂ ਘਟਨਾਵਾਂ ਹੋਣ ਤੋਂ ਪਹਿਲਾਂ ਹੀ ਮੀਨਾ ਕੁਮਾਰੀ ਨੇ ਆਪਣੀ ਉਮਰ ਤੋਂ ਦੁੱਗਣੇ 43 ਸਾਲ ਦੇ ਫ਼ਿਲਮ ਡਾਇਰੈਕਟਰ ਕਮਾਲ ਅਮਰੋਹੀ ਨਾਲ ਆਪਣੇ ਮਾਂ-ਬਾਪ ਦੀ ਰਜ਼ਾਮੰਦੀ ਦੇ ਬਗੈਰ ਲੁਕ ਕੇ ਵਿਆਹ ਵੀ ਕਰ ਲਿਆ ਸੀ। ਸੋ, 15 ਅਗਸਤ ਨੂੰ ਬਾਂਦਰਾ ਸਥਿਤ ਬਾਪ ਦਾ ਘਰ ਇਕਬਾਲ ਮੈਨਸ਼ਨ ਛੱਡ ਕੇ ਮੀਨਾ ਆਪਣੇ ਸ਼ੌਹਰ ਕਮਾਲ ਅਮਰੋਹੀ ਦੇ ਘਰ ਆ ਗਈ। ਅਸਲ ਜੀਵਨ ਵਿਚ ਇਸ ਮਹਾਨ ਅਦਾਕਾਰਾ ਦੀ ਸ਼ਖਸੀਅਤ ਇਨ੍ਹਾਂ ਭੂਮਿਕਾਵਾਂ ਤੋਂ ਉਲਟ ਸੀ। ਆਪਣੀ ਪਹਿਲੀ ਸਫਲ ਫ਼ਿਲਮ ਬੈਜੂ ਬਾਵਰਾ ਦੇ ਹੀਰੋ ਭਾਰਤ ਭੂਸ਼ਣ ਨਾਲ ਮੀਨਾ ਕੁਮਾਰੀ ਦਾ ਰੋਮਾਂਸ ਵਿਆਹ ਤੋਂ ਪਹਿਲਾਂ ਹੋ ਚੁੱਕਾ ਸੀ। ਬਾਅਦ ਵਿਚ ਉਸ ਨੇ ਕਮਾਲ ਵਰਗੇ ਜਾਬਰ ਪਤੀ ਨੂੰ ਆਪਣੇ ਸੁੱਖ ਵਿਚ ਰੁਕਾਵਟ ਨਹੀਂ ਬਣਨ ਦਿੱਤਾ। ਭਾਰਤ ਭੂਸ਼ਣ, ਪ੍ਰਦੀਪ ਕੁਮਾਰ ਤੇ ਬਾਅਦ ਵਿਚ ਧਰਮਿੰਦਰ ਵੀ। ਕਮਾਲ ਅਮਰੋਹੀ ਨੂੰ ਪਤਾ ਸੀ ਕਿ ਮੀਨਾ ਕੁਮਾਰੀ ਲੁਕ ਕੇ ਭਾਰਤ ਭੂਸ਼ਣ ਅਤੇ ਪ੍ਰਦੀਪ ਕੁਮਾਰ ਨੂੰ ਮਿਲ ਰਹੀ ਹੈ। ਕਾਫੀ ਝਗੜਿਆਂ ਅਤੇ ਮਾਰਕੁੱਟ ਤੋਂ ਬਾਅਦ ਕਮਾਲ ਨੇ ਭਾਰਤ ਭੂਸ਼ਣ ਅਤੇ ਪ੍ਰਦੀਪ ਨੂੰ ਆਪਣੇ ਬਾਹੂਬਲੀਆਂ ਰਾਹੀਂ ਧਮਕੀਆਂ ਦੁਆ ਕੇ ਭਜਾ ਦਿੱਤਾ। ਪਾਕੀਜ਼ਾ ਬਣਨ ਲੱਗੀ, ਨਾਲ ਹੀ ਨਾਲ ਕਮਾਲ ਦਾ ਸ਼ਿਕੰਜਾ ਵੀ ਮੀਨਾ ਤੇ ਕੱਸਣ ਲੱਗਾ। ਪਤੀ ਦੀ ਕੁੱਟਮਾਰ ਅਤੇ ਪਿਆਰ ਦੀ ਕਮੀ ਨੂੰ ਭੁਲਾਉਣ ਲਈ ਮੀਨਾ ਨੇ ਸ਼ਰਾਬ ਅਤੇ ਸਿਗਰਟ ਨੂੰ ਆਪਣੇ ਸਾਥੀ ਬਣਾਇਆ। ਮਰਦ ਦਾ ਸਾਥ ਵੀ ਕਿਸੇ ਨਾ ਕਿਸੇ ਰੂਪ ਵਿਚ ਮਿਲਦਾ ਰਿਹਾ। 13 ਸਾਲ ਦੇ ਵਿਆਹ ਤੋਂ ਬਾਅਦ ਮੀਨਾ ਨੇ ਕਮਾਲ ਨੂੰ ਛੱਡ ਦਿੱਤਾ। ਬਹੁਤ ਜ਼ਿਆਦਾ ਸ਼ਰਾਬ ਪੀਣ ਨਾਲ ਮੀਨਾ ਦਾ ਜਿਗਰ ਅਜਿਹਾ ਖਰਾਬ ਹੋਇਆ ਕਿ 31 ਮਾਰਚ 1972 ਨੂੰ ਪਾਕੀਜ਼ਾ ਦੀ ਰਿਲੀਜ਼ ਤੋਂ ਪਹਿਲਾਂ ਹੀ ਮੀਨਾ ਨੇ ਦੁਨੀਆਂ ਛੱਡ ਦਿੱਤੀ। ਮੀਨਾ ਕੁਮਾਰੀ ਇਕ ਮਹਾਨ ਕਲਾਕਾਰ ਤਾਂ ਸੀ ਹੀ। ਵੱਖ-ਵੱਖ ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾਉਣ ਵਿਚ ਵੀ ਉਸਨੂੰ ਕੋਈ ਦਿੱਕਤ ਨਹੀਂ ਸੀ। ਸ਼ਾਰਦਾ ਅਤੇ ਦਿਲ ਏਕ ਮੰਦਿਰ ਦੇ ਰੋਂਦੀ-ਵਿਲਕਦੀ ਪਤਨੀ ਦੇ ਰੋਲ ਪਿੱਛੇ ਛੱਡ ਫ਼ਿਲਮ ਆਜ਼ਾਦ , ਮਿਸ ਮੇਰੀ ਅਤੇ ਮੇਮ ਸਾਹਿਬ ਵਿਚ ਉਸਨੇ ਆਪਣੇ ਦਰਸ਼ਕਾਂ ਦਾ ਮਨੋਰੰਜਨ ਆਪਣੀ ਚੰਚਲ ਅਦਾਕਾਰੀ ਨਾਲ ਵੀ ਖੂਬ ਕੀਤਾ। ਮੀਨਾ ਇਕ ਉਚ ਪੱਧਰ ਦੀ ਕਵਿੱਤਰੀ ਵੀ ਸੀ। ਉਸ ਦੀ ਮੌਤ ਤੋਂ ਬਾਅਦ ਗੀਤਕਾਰ ਗੁਲਜ਼ਾਰ ਨੇ ਉਸ ਦੀਆਂ ਕਵਿਤਾਵਾਂ ਦਾ ਇਕ ਸੰਗ੍ਰਿਹ ਪ੍ਰਕਾਸ਼ਤ ਕਰਵਾਇਆ।

## ਵਿਦਿਆ ਬਾਲਨ ਦੀ ਬੱਲੇ-ਬੱਲੇ



ਕੈਰੀਅਰ ਦੀ ਸ਼ੁਰੂਆਤ 'ਚ ਵਿਦਿਆ ਬਾਲਨ ਨੇ ਸਾਊਥ ਦੀਆਂ ਕੁਝ ਫ਼ਿਲਮਾਂ ਹਾਸਲ ਕਰ ਲਈਆਂ ਸਨ ਪਰ ਇਕ-ਇਕ ਕਰਕੇ ਇਹ ਸਾਰੀਆਂ ਬੰਦ ਹੋ ਗਈਆਂ। ਕੋਈ ਮਹੂਰਤ ਤੋਂ ਅੱਗੇ ਨਹੀਂ ਵਧ ਸਕੀ ਤਾਂ ਕੋਈ ਫਲੋਰ ਤੇ ਜਾ ਕੇ ਅਟਕ ਗਈ। ਆਪਣੇ ਇਸ ਹਸ਼ਰ ਤੇ ਵਿਦਿਆ ਬਾਲਨ ਬੁਰੀ ਤਰ੍ਹਾਂ ਨਿਰਾਸ਼ ਸੀ।

ਪਰਿਣੀਤਾ ਵਿਦਿਆ ਬਾਲਨ ਦੀ ਸਭ ਤੋਂ ਪਹਿਲੀ ਪਰਦਰਸ਼ਿਤ ਹੋਣ ਵਾਲੀ ਹਿੰਦੀ ਫ਼ਿਲਮ ਸੀ ਜਿਸ ਲਈ ਵਿਦਿਆ ਨੂੰ ਢੇਰ ਸਾਰੀ ਪ੍ਰਸ਼ੰਸਾ ਅਤੇ ਕਈ ਐਵਾਰਡ ਹਾਸਲ ਹੋਏ। ਪਿਛਲੇ ਸਾਲ ਪਾ ਦੇ ਲਈ ਵੀ ਵਿਦਿਆ ਨੂੰ ਕਈ ਐਵਾਰਡ ਮਿਲੇ। ਇਸ ਤੋਂ ਬਾਅਦ ਵਿਦਿਆ ਦੀ ਗਿਣਤੀ ਤਜ਼ਰਬੇਕਾਰ ਅਭਿਨੇਤਰੀਆਂ ਚ ਕੀਤੀ ਜਾਣ ਲੱਗੀ ਹੈ। ਪਾ ਅਤੇ ਇਸ਼ਕੀਆ ਵਰਗੀਆਂ ਫ਼ਿਲਮਾਂ ਦੀ ਸਫਲਤਾ ਤੋਂ ਬਾਅਦ ਵਿਦਿਆ ਬਾਲਨ ਦੇ ਕੈਰੀਅਰ ਚ ਬਹਾਰ ਆ ਚੁੱਕੀ ਹੈ। ਇਸ਼ਕੀਆ ਚ ਜਿਸ ਤਰ੍ਹਾਂ ਨਾਲ ਵਿਦਿਆ ਨੇ ਬੋਲਡ ਦ੍ਰਿਸ਼ ਦੇ ਕੇ ਸਨਸਨੀ ਮਚਾ ਦਿੱਤੀ ਸੀ, ਉਸ ਤੋਂ ਬਾਅਦ ਤਾਂ ਉਸ ਦੀ ਮੰਗ ਕਾਫੀ ਵਧ ਗਈ। ਉਸ ਦੇ ਆਲੇ-ਦੁਆਲੇ ਪ੍ਰਸ਼ੰਸਕਾਂ ਦੀ ਭੀੜ ਨਜ਼ਰ ਆਉਣ ਲੱਗੀ ਹੈ।

ਮਸ਼ਹੂਰ ਚਿੱਤਰਕਾਰ ਐਮ. ਐਫ. ਹੁਸੈਨ ਨੇ ਵਿਦਿਆ ਬਾਲਨ ਨੂੰ ਲੈ ਕੇ ਕਾਮੇਡੀ ਡਾਟ ਕਾਮ ਬਣਾਉਣ ਦੀ ਇੱਛਾ ਜਤਾਈ। ਗੁਲਜ਼ਾਰ ਜਿਹੇ ਮੰਨੇ-ਪ੍ਰਮੰਨੇ ਸ਼ਾਇਰ ਅਤੇ ਫ਼ਿਲਮਕਾਰ ਵੀ ਵਿਦਿਆ ਬਾਲਨ ਦੇ ਮੁਰੀਦ ਬਣ ਚੁੱਕੇ ਹਨ, ਜੇਕਰ ਯੋਜਨਾ ਦੇ ਮੁਤਾਬਕ ਸਭ ਕੁਝ ਠੀਕ-ਠਾਕ ਚਲਦਾ ਰਿਹਾ ਤਾਂ ਜਲਦੀ ਹੀ ਵਿਦਿਆ ਬਾਲਨ ਕਰਨ ਜੌਹਰ ਅਤੇ ਪ੍ਰਿਯ ਦਰਸ਼ਨ ਦੀਆਂ ਫ਼ਿਲਮਾਂ ਚ ਵੀ ਨਜ਼ਰ ਆਵੇਗੀ।


ਪੰਜਾਬੀ ਪੈਕ ਦਾ ਜਵਾਬ ਨਹੀਂ!
PTC Punjabi, India's No. 1 Punjabi entertainment channel,
is now available only on DISH Network.
Exclusive
GURBANI FROM SRI HAZOOR SAHEB
PTC PUNJABI
MAJHA MALWA DOABA NEWS
Punjabi Pack - Complete Punjabi TV package
Punjabi Pack $19.99/mo.
jus punjabi
JUS one
punjjabi
9Punjab
PTC PUNJABI
+
Local Channels $9.99/mo.
abc CBS NBC FOX CW PBS
for only $29.98/mo.
• No equipment to buy • Free Standard Professional Installation
• Free DVR Upgrade ($6.00/mo. DVR Service fee applies) • No Additional Service Access fee
| | DISH Network | DIRECTV® | CABLE |
|---|---|---|---|
| Punjabi Channels | 7 | 0 | Limited number in limited areas |
| Award-Winning DVR | Yes | No | No |
| Most HD Channels Available | Yes, over 200 | No, over 140 | No |
| Installation in 6 Rooms | FREE | Up to $138 | Varies |
Source: directv.com, 8/02/10.
HD FREE FOR LIFE
Get America's Top 120 package
just $24.99/mo for 12 months
plus get HD Free for Life!
Call 1-888-242-2276
Source: TAM Peoplemeter system. Period Week 26-29, 2010
Digital Home Advantage plan requires 24-month agreement and credit qualification. If service is terminated before the end of agreement, a cancellation fee of $17.50/month remaining applies. Programming credits apply during first 12 months. $10/mo HD add-on fee waived for life of current account; requires Agreement, AutoPay with Paperless Billing. Free Standard Professional Installation only. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels may not be available in all areas. Offer is subject to the terms of applicable Promotional and Residential Customer Agreements. Additional restrictions may apply. First-time DISH Network customers only. Offer ends 9/28/10. (c) 2010. DISH Network L.L.C. All rights reserved.
dish world



PUNJABI SANGEET GROUP
Bakersfield Ca
ਬੜੇ ਮਾਣ ਨਾਲ ਪੇਸ਼ ਕਰਦੇ ਹਨ
Sunny babbar
Sarabjit Cheema
Satinder Satti
Feroz Khan
Jassi from Zee TV
Sunday, Sep 19, 2010 @ 7:00 pm
@ PARADISE PALACE
1440 Weedpatch Hwy, Bakersfield CA
EVENT SPONSORS
ਮਹਿੰਦਰ ਸਿੰਘ ਧਾਲੀਵਾਲ - 661.932.3772, ਕਿਸ਼ਨ ਬੱਬਰ - 661.808-1953
HONORABLE SPONSORS
ਦਲਜੀਤ ਸਿੰਘ ਭੰਗੂ
ਬਲਜਿੰਦਰ ਸਿੰਘ ਸਮਰਾ
ਗੁਰਦੀਪ ਸਿੰਘ
ਦਲਜੀਤ ਸਿੰਘ ਸੰਧੂ
ਮਹਿੰਦਰ ਸਿੰਘ ਢੁੱਡੀਕੇ
ਦੀਪ ਸਿੰਘ ਰਾਏ
ਦਵਿੰਦਰ ਸਿੰਘ ਰਾਣਾ (FBT)
ਗੁਰਮੀਤ ਸਿੰਘ ਗੈਰੀ
ਸਤਨਾਮ ਸਿੰਘ ਮਣਕੂ
ਮੇਜਰ ਸਿੰਘ ਬਰਾੜ
ਮੰਗਲ ਸਿੰਘ ਸਰਪੰਚ
ਤਰਮਿੰਦਰ ਸਿੰਘ
ਬੌਬ ਵਿਰਕ
ਬਲਦੇਵ ਸਿੰਘ ਜੱਸਲ
ਗੁਰਦੇਵ ਸਿੰਘ ਗਰੇਵਾਲ
ਭਜਨ ਸਿੰਘ ਸੰਧੂ
ਮੰਦਰ ਸਿੰਘ ਸਮਰਾ
ਜੋਬਨਜੀਤ ਸਿੰਘ ਬੌਬੀ
ਸੁਖਪਾਲ ਸਿੰਘ

# DR. HARMESH KUMAR OF SABH FOUNDATION PROUDLY PRESENTS

Tickets
$29, $39,
$49, $75,
VIP, VVIP

Tickets Available at
Ticketmaster.com

Bhangra King Gurdas Maan




GRAND SPONSORS

TAJ RANDHAWA
Commercial Realtor-RemaxGold
(for all your Commercial/Business
Needs to buy or sell
(LIC # 01495361)
559-259-4247

VOHRA BROTHERS
Fast n Esy Group
(Gas Station/Liquor Stores)
Viney Vohra
559-213-0462
Vikram Vohra
559-213-0459

SILVER SPONSORS

JASPREET SINGH
ATTORNY AT LAW
559-271-5511

SPONSORED & SUPPORTED BY:

Dr. Kuldip Thusu
Dr. Pedro Eva
Dr. Paramjit Sandhu
Valley Wide Beverages Distributors (Fresno, CA)
Donaghey Sales (Fresno, CA)
Coca Cola (Fresno, CA)
Pepsi Cola (Fresno, CA)
Narinder Sahota
(Central Valley Engg. & Surveying)
559-891-8811
Paul Dhaliwal
Amrit Dhaliwal
Mickey Sra
Taj Mahal Photography
Sukhbir Bhandal
Remax Gold
(for all kind of Real Estate needs)
Jim Mueller (Borrego Springs Bank)
for all kinds of commercial Loans needs
559-230-1311
TJ (Express Graphics)
Jaswinder Singh
(New India Sweets & Spices)
Paul Sihota (Royal Express)
Nijjar Brothers (Madera)
Pritam Pasla (Liquor King)
Avtar Gill & Harry Gill
(Gill Insurance)
Realty World
(Dany Singh & Harpreet Bali)
Sudarshan Sharma
Royal India Market &
Royal Fabrics
Pritam Gill (A-1 Realty)
Balraj Brar
Charanjit Bath
Ajit Kaushal

MARKETING CONSULTANT
Jai Singh

Moga Video & Photography
(Ajit Gill @ 559-217-3060)

Official Caterer
India's Oven Restaurant
559-229-1313

Tickets are available at all
Indian Groceries Stores
Fresno & Selma

## Saroyan Theatre
700 M Street · Fresno, CA 93721

## Saturday August 28, 2010 at 7:30 PM

Fundraiser show for South Asian Seniors Home

For Sponsorship, Tickets and other Info. Call:
Dr. Harmesh Kumar: 408-821-9325, Taj Randhawa: 559-259-4247,
Viney Vohra: 559-213-0462, Dilbag Banger: 559-940-2500,
Sukhi Gill: 559-472-8680, Aditi Khullar: 510-610-0750

Attorney Harjot Ginny Walia, Legal Advisor for Gurdas Maan, Tel: (800)-598-0716

**ਖੁਸ਼ਖਬਰੀ !**

ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।
ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।

**ਖੁਸ਼ਖਬਰੀ !**

# ਯੁਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2010'

## 25 ਸਤੰਬਰ, 2010

(ਦਿਨ ਸਨਿਚਰਵਾਰ)
ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)



ਨੋਟ:ਕਬੱਡੀ ਪ੍ਰੇਮੀਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਵਾਰ ਸਾਰੀਆਂ ਟੀਮਾਂ ਵਿਚ 5-5 ਖਿਡਾਰੀ ਦੁਨੀਆਂ ਦੇ ਕਿਸੇ ਵੀ ਕੋਨੇ (ਅਮਰੀਕਾ ਤੋਂ ਬਾਹਰੋ) ਸ਼ਾਮਲ ਕੀਤੇ ਜਾਣਗੇ।

ਇਸ ਟੂਰਨਾਮੈਂਟ ਵਿਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨੂੰ ਪੂਰਾ ਸਨਮਾਨ ਦਿੱਤਾ ਜਾਏਗਾ।

### ਹੋਰ ਜਾਣਕਾਰੀ ਲਈ ਕਾਲ ਕਰੋ:

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ ਯੁਨਾਈਟਿਡ ਕਲੱਬ |
|---|---|---|---|
| ਸ. ਅਮੋਲਕ ਸਿੰਘ ਗਾਖਲ | ਸ. ਬਲਬੀਰ ਸਿੰਘ ਭਾਟੀਆ | ਸ. ਗੁਰਦਾਵਰ ਸਿੰਘ ਮਹੇੜੂ | ਸ. ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼: ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ

**ਮੁੱਖ ਮਹਿਮਾਨ**



ਸ. ਸਰਵਣ ਸਿੰਘ ਬੱਲ


**ਵਿਸ਼ੇਸ਼ ਮਹਿਮਾਨ**



ਸ. ਸੁਰਿੰਦਰ ਸਿੰਘ ਸੋਢੀ



ਸ. ਕਸ਼ਮੀਰ ਸਿੰਘ ਸਹੋਤਾ



ਸ. ਸੋਹਣ ਸਿੰਘ



ਸ. ਬਿੱਕਰ ਸਿੰਘ

ਪਹਿਲਾ ਇਨਾਮ ਸ. ਨਰਿੰਦਰ ਸਿੰਘ ਸਹੋਤਾ ਅਤੇ ਸ. ਜੁਗਰਾਜ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ 7500 ਡਾਲਰ ਦਾ ਹੋਵੇਗਾ।

ਦੂਜਾ ਇਨਾਮ ਸ. ਕੁਲਦੀਪ ਸਿੰਘ ਬੂਟਾ ਅਤੇ ਸ. ਜੋਗਿੰਦਰ ਸਿੰਘ ਸਾਬਕਾ ਚੇਅਰਮੈਨ ਬਲਾਕ ਸਮਿਤੀ (ਕਪੂਰਥਲਾ) ਵਲੋਂ ਆਪਣੇ ਪਿਤਾ ਸਵਰਗੀ ਸੋਹਣ ਸਿੰਘ ਸਿੱਧਵਾਂ ਦੋਨਾ ਦੀ ਨਿੱਘੀ ਯਾਦ ਵਿਚ 5500 ਡਾਲਰ ਦਾ ਹੋਵੇਗਾ।

ਸ. ਕੁਲਦੀਪ ਸਿੰਘ ਧਾਲੀਵਾਲ ਆਪਣੇ ਪਿਤਾ ਸਵਰਗੀ ਬਿੱਕਰ ਸਿੰਘ ਦੀ ਯਾਦ ਵਿਚ 5100 ਡਾਲਰ ਨਾਲ ਕਲੱਬ ਦੀ ਮਾਲੀ ਮਦਦ ਕਰਨਗੇ

**ਵਿਸ਼ੇਸ਼ ਸਨਮਾਨ**

ਕਬੱਡੀ ਕੋਚ ਸਰਦੂਲ ਸਿੰਘ ਰੰਧਾਵਾ ਅਤੇ ਕਬੱਡੀ ਦੇ ਸਾਬਕਾ ਖਿਡਾਰੀਆਂ-ਅਜੀਤ ਸਿੰਘ ਬੱਲ, ਮੇਜਰ ਸਿੰਘ ਬੈਂਸ, ਇਕਬਾਲ ਸਿੰਘ ਮਾਨ, ਮੰਦਰ ਤੇ ਪਾਲੀ ਮਹੇ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।



ਜਗੀਰ ਸਿੰਘ ਸਬਜ਼ੀ ਮੰਡੀ ਵੀ ਪਹੁੰਚਣਗੇ

**ਕੁਮੈਂਟੇਟਰ**
ਸੁਰਜੀਤ ਸਿੰਘ ਕਕਰਾਲੀ, ਰਾਜਵਿੰਦਰ ਸਿੰਘ ਰੰਡਿਆਲਾ, ਪ੍ਰੋ. ਮੱਖਣ ਸਿੰਘ, ਬੀਬੀ ਆਸ਼ਾ ਸ਼ਰਮਾ

**ਮੀਡੀਆ ਸਪਾਂਸਰ**
ਪੰਜਾਬ ਟਾਈਮਜ਼ ਅਤੇ ਰੇਡੀਓ ਗੀਤ-ਸੰਗੀਤ
ਮਹਿੰਦਰ ਸਿੰਘ ਕੰਡਾ ਪ੍ਰੈਸ ਕਵਰੇਜ ਇੰਚਾਰਜ ਹੋਣਗੇ

**ਵੀਡੀਓ ਤੇ ਫੋਟੋਗ੍ਰਾਫੀ**
ਲੌਂਗਮੈਨ ਸਟੂਡੀਓ ਤੇ ਰਾਮਾ ਵੀਡੀਓ, ਫਰੀਮਾਂਟ

**ਕਬੱਡੀ ਦੇ ਸਟਾਰ ਪਲੇਅਰ**




# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।